# ਸਿੱਖ ਧਰਮ ਵਿਚ ਗੁਰੂ-ਸੰਸਥਾ

## ਸਿਧਾਂਤਕ ਤੇ ਇਤਿਹਾਸਕ ਪਰਿਪੇਖ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੋਸ਼ਲ ਸਾਇੰਸਿਜ਼ ਫੈਕਲਟੀ
ਅਧੀਨ ਪੀਐਚ. ਡੀ. (ਧਰਮ ਅਧਿਐਨ) ਦੀ
ਡਿਗਰੀ ਲਈ ਪੇਸ਼ ਕੀਤਾ

**ਖੋਜ-ਪ੍ਰਬੰਧ**

(2014)


**ਨਿਗਰਾਨ** :

ਡਾ. ਦਰਸ਼ਨ ਸਿੰਘ
(ਰਿਟਾ. ਪ੍ਰੋ.)

**ਖੋਜਾਰਥੀ** :

ਤੇਜਿੰਦਰ ਪਾਲ ਸਿੰਘ

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸਿੱਖ ਧਰਮ ਵਿਚ ਗੁਰੂ–ਸੰਸਥਾ

**ਸਿਧਾਂਤਕ ਤੇ ਇਤਿਹਾਸਕ ਪਰਿਪੇਖ**

**ਖੋਜਾਰਥੀ :** ਤੇਜਿੰਦਰ ਪਾਲ ਸਿੰਘ, ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਪਤਾ : ਮਕਾਨ ਨੰ. 463, ਗਲੀ ਨੰ. 8, ਘੁੰਮਣ ਨਗਰ, ਸਰਹਿੰਦ ਰੋਡ, ਪਟਿਆਲਾ – 147001. ਮੋ: 9988004733. **ਰਜਿਸਟ੍ਰੇਸ਼ਨ ਮਿਤੀ/ਨੰ. :** 04-09-09 ; 7413

**ਨਿਗਰਾਨ :** ਡਾ. ਦਰਸ਼ਨ ਸਿੰਘ, (ਰਿਟਾ. ਪ੍ਰੋ.), ਧਰਮ ਅਧਿਐਨ ਵਿਭਾਗ। ਮੋ: 9781253347

**ਕੁੰਜੀ ਸ਼ਬਦ :** ਗੁਰੂ-ਸੰਸਥਾ; ਗੁਰੂ; ਸਬਦ; ਬਾਣੀ; ਜੋਤਿ; ਜੁਗਤਿ; ਕਾਇਆ; ਗੁਰਬਾਣੀ; ਸ੍ਰੀ ਗੁਰੂ ਗ੍ਰੰਥ ਸਾਹਿਬ; ਪੰਥ; ਗੁਰਿਆਈ; ਦੈਵੀ।

ਸਿੱਖ ਧਰਮ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਸ਼ੁਰੂ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਆਪਣੇ ਸੰਪੂਰਨ ਵਿਗਾਸ ਵਿਚ ਆਇਆ, ਜਿਹੜਾ ਮੌਜੂਦਾ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੇਠ ਜਗਤ-ਜਲੰਦੇ ਨੂੰ 'ਗੁਰਬਾਣੀ' ਰਾਹੀਂ ਰੌਸ਼ਨੀ ਦੇ ਰਿਹਾ ਹੈ।

ਇਸ ਖੋਜ-ਕਾਰਜ ਵਿਚ 'ਗੁਰੂ' ਦੇ ਸੰਸਥਾਗਤ ਰੂਪ ਨੂੰ ਸਮਝਣ ਲਈ ਗੁਰਬਾਣੀ ਤੋਂ ਇਲਾਵਾ ਭਾਈ ਗੁਰਦਾਸ, ਸ੍ਰੀ ਦਸਮ ਗ੍ਰੰਥ ਸਾਹਿਬ, ਭਾਈ ਨੰਦ ਲਾਲ ਜੀ ਅਤੇ ਸਿੱਖ ਸਾਹਿਤ ਦੀਆਂ ਕੁਝ ਮੁਖ ਪਰੰਪਰਾਵਾਂ ਦੀਆਂ ਚੋਣਵੀਆਂ ਰਚਨਾਵਾਂ (**ਜਨਮਸਾਖੀ ਪਰੰਪਰਾ** : *ਪੁਰਾਤਨ, ਮਿਹਰਬਾਨ, ਗਿਆਨ ਰਤਨਾਵਲੀ ;* **ਗੁਰਬਿਲਾਸ ਪਰੰਪਰਾ** : *ਸ੍ਰੀ ਗੁਰ ਸੋਭਾ, ਗੁਰਬਿਲਾਸ ਪਾ: ੬, ਗੁਰਬਿਲਾਸ ਪਾ: ੧੦, ਬੰਸਾਵਲੀਨਾਮਾ*; **ਪੰਥ ਪ੍ਰਕਾਸ਼ ਪਰੰਪਰਾ** : *ਸ੍ਰੀ ਗੁਰ ਪੰਥ ਪ੍ਰਕਾਸ਼, ਪੰਥ ਪ੍ਰਕਾਸ਼* ਆਦਿ) ਨੂੰ ਅਧਿਐਨ-ਵਸਤੂ ਬਣਾਇਆ ਗਿਆ ਹੈ। ਜਿਥੇ ਗੁਰਬਾਣੀ ਨੇ ਦਸ ਗੁਰੂ ਸਾਹਿਬਾਨ ਵਿਚਲੀ ਜੋਤਿ ਦੀ ਏਕਤਾ ਦ੍ਰਿੜ ਕਰਵਾਈ ਹੈ, ਉਥੇ ਇਹ ਸਾਰੀਆਂ ਰਚਨਾਵਾਂ ਵੀ ਬੜੇ ਜ਼ੋਰਦਾਰ ਢੰਗ ਨਾਲ ਇਸ ਤਥ ਦੀ ਪੁਸ਼ਟੀ ਕਰਦੀਆਂ ਹਨ ਕਿ ਦਸ ਗੁਰੂ ਸਾਹਿਬਾਨ ਦਾ ਵਰਤਾਰਾ ਨਿਰੋਲ ਦੈਵੀ ਸੀ, ਜਿਨ੍ਹਾਂ ਵਿਚ ਇਕੋ ਜੋਤਿ-ਜੁਗਤਿ ਕਾਰਜਸ਼ੀਲ ਰਹੀ।

ਵਿਚਾਰਾਧੀਨ ਖੋਜ-ਕਾਰਜ ਵਿਚ ਉਕਤ ਵਰਣਿਤ ਸਾਹਿਤ ਨੂੰ ਸਿਧਾਂਤਕ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਅਧਿਐਨ-ਵਿਸ਼ਾ ਬਣਇਆ ਗਿਆ ਹੈ। ਇਸ ਖੋਜ-ਕਾਰਜ ਰਾਹੀਂ ਇਹ ਗਲ ਸਪਸ਼ਟ ਹੋਈ ਹੈ ਕਿ ਸਿੱਖ ਧਰਮ ਵਿਚ 'ਗੁਰੂ' ਦਾ ਕੇਂਦਰੀ ਸਥਾਨ ਹੈ। ਸਿੱਖ ਦੇ ਜੀਵਨ ਦਾ ਹਰੇਕ ਪਹਿਲੂ, ਕਿਸੇ ਨਾ ਕਿਸੇ ਰੂਪ ਵਿਚ ਗੁਰੂ ਨਾਲ ਜੁੜਿਆ ਹੋਇਆ ਹੈ। 'ਗੁਰੂ' ਮੂਲ ਰੂਪ ਵਿਚ ਅਬੁਝ ਅਤੇ ਦੈਵੀ ਵਰਤਾਰਾ ਹੈ, ਜਿਸ ਦੀ ਸਥਾਪਨਾ ਹਿਤ ਦਸ ਗੁਰੂ ਸਾਹਿਬਾਨ ਸੰਸਾਰ ਵਿਚ 'ਪ੍ਰਗਟ' ਹੋਏ। ਗੁਰਮਤਿ ਅਨੁਸਾਰ 'ਗੁਰੂ' ਕੋਈ ਸੰਸਾਰਕ ਵਿਅਕਤੀ ਨਹੀਂ, ਬਲਕਿ ਉਹ ਤਾਂ ਪਰਮਾਤਮਾ ਦੀ 'ਜੋਤਿ' ਦਾ ਪ੍ਰਗਟ ਰੂਪ ਹੈ, ਇਕ ਰਬੀ ਕਰਾਮਾਤ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਰੀਰਕ ਗੁਰਿਆਈ ਖਤਮ ਕਰ ਕੇ 'ਗ੍ਰੰਥ-ਪੰਥ' ਨੂੰ ਗੁਰਿਆਈ ਦੇ ਕੇ ਸੰਸਾਰ ਨੂੰ 'ਮੁਕਤੀ' ਦਾ ਇਕ ਨਵਾਂ, ਸਥਾਈ ਤੇ ਵਿਵਸਥਿਤ ਰਾਹ ਦਿਖਾਇਆ। ਗੁਰਿਆਈ ਸਿੱਖ ਧਰਮ ਵਿਚਲੀ ਨਿਰੰਤਰ ਪ੍ਰਕ੍ਰਿਆ ਹੈ।

ਵਿਚਾਰਾਧੀਨ ਖੋਜ-ਕਾਰਜ ਗੁਰੂ ਦੇ ਸੰਸਥਾਗਤ ਰੂਪ ਨੂੰ ਨਿਸ਼ਾਨਦੇਹ ਕਰਨ ਵਿਚ ਸਫਲ ਰਿਹਾ ਹੈ, ਜਿਸ ਰਾਹੀਂ ਦਰਸਾਇਆ ਗਿਆ ਹੈ ਕਿ ਗੁਰੂ-ਸੰਸਥਾ ਦੇ ਤਿੰਨ ਪਖ ਹਨ: ਜੋਤਿ, ਜੁਗਤਿ ਤੇ ਕਾਇਆ, ਜਿਹੜੇ ਗੁਰੂ ਸਾਹਿਬ ਦੇ ਫੁਰਮਾਣ *ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ* ਵਿਚ ਵਿਦਮਾਨ ਹਨ। ਜੋਤਿ ਤੋਂ ਭਾਵ ਸਚ ਦਾ ਪ੍ਰਕਾਸ਼ ਜਾਂ ਸਿਧਾਂਤ ਹੈ, ਜੁਗਤਿ ਉਹ ਰਹਿਤ ਤੇ ਨੀਤੀ ਹੈ, ਜਿਸ ਦੁਆਰਾ ਸਚ ਬਾਰੇ ਮਿਲੇ ਪ੍ਰਕਾਸ਼ ਜਾਂ ਸਿਧਾਂਤ ਨੂੰ ਜੀਵਨ ਵਿਚ ਜਿਉਣਾ ਹੈ ਅਤੇ ਕਾਇਆ ਉਹ ਮਾਧਿਅਮ ਹੈ, ਜਿਸ ਦੀ ਸਹਾਇਤਾ ਨਾਲ ਜੋਤਿ ਦੀ ਜੁਗਤਿ ਧਾਰਨ ਕੀਤੀ ਜਾਂਦੀ ਹੈ। ਗੁਰਿਆਈ ਦੇ ਉਕਤ ਤਿੰਨੇ ਪਖ ਸਦਾ ਕਾਇਮ ਰਹੇ ਹਨ, ਭਾਵੇਂ ਇਨ੍ਹਾਂ ਦੇ ਨਾਮ ਤੇ ਰੂਪ ਬਦਲਦੇ ਰਹੇ ਹਨ। ਗੁਰਬਾਣੀ ਜਾਂ ਸਬਦ, ਗੁਰੂ ਸਾਹਿਬਾਨ ਦੀ ਜੋਤਿ ਦਾ ਪ੍ਰਕਾਸ਼ ਹੈ, ਉਨ੍ਹਾਂ ਦੁਆਰਾ ਕੀਤੇ ਕਾਰਜ, ਉਨ੍ਹਾਂ ਦੀ ਜੁਗਤਿ ਦਾ ਅੰਗ ਹੈ ਅਤੇ ਉਨ੍ਹਾਂ ਦੀ ਕਾਇਆ ਪਲਟ ਕੇ, ਗੁਰੂ ਗ੍ਰੰਥ-ਪੰਥ, ਸੰਗਤ ਜਾਂ ਖਾਲਸਾ ਵਿਚ ਸਮਾਅ ਗਈ ਹੈ।

***ਨਿਗਰਾਨ:*** ***ਖੋਜਾਰਥੀ:***

ਡਾ. ਦਰਸ਼ਨ ਸਿੰਘ
(ਰਿਟਾ. ਪ੍ਰੋ.)

ਤੇਜਿੰਦਰ ਪਾਲ ਸਿੰਘ

# ਅੰਤਿਕਾ

## ਸਿੱਖ ਸਰੋਤਾਂ ਦੀ ਜਾਣ-ਪਛਾਣ

ਖੋਜ-ਕਾਰਜ ਵਿਚ ਵਰਤੇ ਗਏ ਮੁਢਲੇ ਸਿੱਖ ਸਰੋਤਾਂ ਦੀ ਜਾਣ-ਪਛਾਣ ਹੇਠ ਲਿਖੇ ਅਨੁਸਾਰ ਹੈ:

### ਭਾਈ ਗੁਰਦਾਸ

ਭਾਈ ਗੁਰਦਾਸ ਜੀ (1551-1636 ਈ.) ਦਾ ਸਿੱਖ ਧਰਮ ਵਿਚ ਮਹਤਵਪੂਰਨ ਸਥਾਨ ਹੈ। ਉਹ ਸਿੱਖ ਜਗਤ ਦੇ ਸ਼੍ਰੋਮਣੀ ਸਿੱਖ ਹਨ, ਜਿਨ੍ਹਾਂ ਨੂੰ ਚਾਰ ਗੁਰੂ ਸਾਹਿਬਾਨ (ਤੀਜੇ ਤੋਂ ਛੇਵੇਂ) ਦੀ ਪਵਿਤਰ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਸ਼ਾਇਦ ਇਸ ਕਰ ਕੇ ਹੀ ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਸੰਗਤ ਦੇ ਨਿਘ ਨੂੰ ਮਾਣਿਆ ਤੇ ਜਾਣਿਆ।

ਭਾਈ ਸਾਹਿਬ ਗੁਰਬਾਣੀ ਦੇ ਪਹਿਲੇ ਪ੍ਰਮਾਣਿਕ ਵਿਆਖਿਆਕਾਰ ਵਜੋਂ ਸਤਿਕਾਰੇ ਜਾਂਦੇ ਹਨ, ਜਿਨ੍ਹਾਂ ਦੁਆਰਾ ਰਚੀਆਂ 'ਵਾਰਾਂ' ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਂਦਾ ਹੈ। ਮੌਜੂਦਾ ਸਮੇਂ ਵਿਚ ਸਾਨੂੰ ਭਾਈ ਸਾਹਿਬ ਦੀਆਂ ਤਿੰਨ ਭਾਸ਼ਾਵਾਂ ਵਿਚ ਰਚਨਾਵਾਂ ਮਿਲਦੀਆਂ ਹਨ: 40 ਵਾਰਾਂ (ਪੰਜਾਬੀ ਵਿਚ), 675 ਕਬਿਤ ਸਵਈਏ (ਬ੍ਰਜ ਵਿਚ) ਅਤੇ 6 ਸਲੋਕ (ਸੰਸਕ੍ਰਿਤ ਵਿਚ)।

### ਦਸਮ ਗ੍ਰੰਥ ਸਾਹਿਬ

ਸਿੱਖ ਧਰਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਅਦ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਮਹਤਵਪੂਰਨ ਸਥਾਨ ਹੈ। ਇਸ ਗ੍ਰੰਥ ਦਾ ਪਹਿਲਾ ਨਾਂ 'ਬਚਿਤਰ ਨਾਟਕ' ਸੀ, ਪਰ ਬਾਅਦ ਵਿਚ ਇਸ ਨੂੰ 'ਦਸਵੇਂ ਪਾਤਸ਼ਾਹ ਕਾ ਗ੍ਰੰਥ' ਕਿਹਾ ਜਾਣ ਲਗਾ, ਪਰ ਹੁਣ ਇਸ ਨੂੰ 'ਸ੍ਰੀ ਦਸਮ ਗ੍ਰੰਥ ਸਾਹਿਬ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਵਿਚਲੀਆਂ ਸਾਰੀਆਂ ਰਚਨਾਵਾਂ ਗੁਰੂ ਸਾਹਿਬ ਦੇ ਜੀਵਨ ਕਾਲ ਤਕ ਹੋਂਦ ਵਿਚ ਆ ਗਈਆਂ ਸਨ। ਇਨ੍ਹਾਂ ਬਾਣੀਆਂ ਦੇ ਉਤਾਰੇ ਗੁਰੂ ਸਾਹਿਬ ਦੇ ਸ਼ਰਧਾਲੂਆਂ ਨੇ ਕੀਤੇ ਹੋਏ ਸਨ। ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਛਡਿਆ ਤਾਂ ਸਰਸਾ ਨਦੀ ਪਾਰ ਕਰਨ ਸਮੇਂ ਉਨ੍ਹਾਂ ਦਾ ਬਹੁਤ ਸਾਰਾ ਸਾਹਿਤ ਇਸ ਨਦੀ ਵਿਚ ਰੁੜ ਗਿਆ ਤੇ ਬਾਕੀ ਬਚੇ ਸਾਹਿਤ ਦੇ ਕੁਝ ਕੁ ਪਤਰੇ ਪੁਰਾਤਨ ਬੀੜਾਂ ਵਿਚ ਲਗੇ ਹੋਏ ਮਿਲਦੇ ਹਨ। ਗੁਰੂ ਸਾਹਿਬ ਤੋਂ ਬਾਅਦ ਮਹਾਨ ਵਿਦਵਾਨ ਭਾਈ ਮਨੀ ਸਿੰਘ ਜੀ ਨੇ ਇਨ੍ਹਾਂ ਰਚਨਾਵਾਂ ਨੂੰ ਇਕਤਰ ਕਰਕੇ ਇਸ ਗ੍ਰੰਥ ਦਾ ਸੰਕਲਨ 1726 ਈ. ਵਿਚ ਕੀਤਾ। ਉਨ੍ਹਾਂ ਤੋਂ ਬਾਅਦ ਇਸ ਗ੍ਰੰਥ ਦਾ ਸੰਕਲਨ ਕਈ ਵਿਦਵਾਨਾਂ ਨੇ ਵਖ-ਵਖ ਥਾਵਾਂ 'ਤੇ

ਸੁਤੰਤਰ ਰੂਪ ਵਿਚ ਕੀਤਾ। ਇਸ ਕਰ ਕੇ ਰਚਨਾਵਾਂ ਦੀ ਤਰਤੀਬ ਇਕ ਨਹੀਂ ਹੈ। ਅਨੇਕ ਉਤਾਰੇ ਹੋਣ ਕਰਕੇ ਹੀ ਇਸ ਗ੍ਰੰਥ ਵਿਚ ਕਈ ਵਾਧੇ ਘਾਟੇ ਵੀ ਹੁੰਦੇ ਰਹੇ।

ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਅਨੇਕ ਬੀੜਾਂ ਲਿਖੀਆਂ ਤੇ ਲਿਖਵਾਈਆਂ ਗਈਆਂ, ਜਿਨ੍ਹਾਂ ਵਿਚੋਂ ਕੁਝ ਕੁ ਬੀੜਾਂ ਇਤਿਹਾਸਕ ਦ੍ਰਿਸ਼ਟੀ ਤੋਂ ਪ੍ਰਮਾਣਿਕ ਹਨ ਜਿਵੇਂ, ਭਾਈ ਮਨੀ ਸਿੰਘ ਵਾਲੀ ਬੀੜ (ਨਵੀਂ ਦਿਲੀ), ਮੋਤੀ ਬਾਗ ਗੁਰਦੁਆਰੇ ਵਾਲੀ ਬੀੜ (ਪਟਿਆਲਾ), ਸੰਗਰੂਰ ਵਾਲੀ ਬੀੜ, ਪਟਨੇ ਵਾਲੀ ਬੀੜ। ਇਨ੍ਹਾਂ ਬੀੜਾਂ ਵਿਚ ਵੀ ਰਚਨਾਵਾਂ ਦੀ ਤਰਤੀਬ ਅਲਗ-ਅਲਗ ਹੈ। ਇਹ ਬੀੜਾਂ ਲਿਖਣ ਸਮੇਂ ਕਈ ਤਰ੍ਹਾਂ ਦੇ ਵਾਧੇ-ਘਾਟੇ ਹੁੰਦੇ ਰਹੇ। ਇਨ੍ਹਾਂ ਪਾਠਾਂ ਵਿਚ ਵੀ ਕਰਮ ਅਨੁਸਾਰ ਅੰਤਰ ਹਨ। ਇਨ੍ਹਾਂ ਭੁਲੇਖਿਆਂ ਨੂੰ ਦੂਰ ਕਰਨ ਲਈ 1897ਈ. ਨੂੰ ਗੁਰਮਤਿ ਗ੍ਰੰਥ ਪ੍ਰਚਾਰਕ ਸਭਾ, ਅੰਮ੍ਰਿਤਸਰ ਨੇ 32 ਬੀੜਾਂ ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਇਕਠੀਆਂ ਕਰਕੇ ਇਸ ਵਿਚ ਸੋਧ ਕਰ ਕੇ ਇਕ ਗ੍ਰੰਥ ਦਾ ਸੰਕਲਨ ਕੀਤਾ। ਇਸ ਗ੍ਰੰਥ ਦੇ 1428 ਪੰਨੇ ਹਨ।

**ਭਾਈ ਨੰਦ ਲਾਲ**

ਭਾਈ ਨੰਦ ਲਾਲ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸ਼ਰਧਾਲੂ ਸਿੱਖ ਸਨ। ਭਾਈ ਗੁਰਦਾਸ ਜੀ ਤੋਂ ਬਾਅਦ ਭਾਈ ਨੰਦ ਲਾਲ ਜੀ ਦੀ ਰਚਨਾ ਨੂੰ ਸਿੱਖ-ਜਗਤ ਵਿਚ ਸਤਿਕਾਰਤ ਸਥਾਨ ਮਿਲਿਆ ਹੈ, ਜਿਨ੍ਹਾਂ ਦੀ ਰਚਨਾ ਦਾ ਸੰਗਤ ਵਿਚ ਕੀਰਤਨ ਕੀਤਾ ਜਾਂਦਾ ਹੈ। ਭਾਈ ਨੰਦ ਲਾਲ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸਨ। 'ਗੋਯਾ' ਆਪ ਦਾ ਤਖੱਲਸ ਸੀ। ਉਨ੍ਹਾਂ ਦਾ ਜਨਮ ਮੁਨਸ਼ੀ ਛੱਜੂ ਮਲ ਦੇ ਘਰ ਸੰਨ 1633 ਈ. ਵਿਚ ਹੋਇਆ। ਆਪ ਦੇ ਪਿਤਾ ਫਾਰਸੀ ਦੇ ਬੜੇ ਡੂੰਘੇ ਵਿਦਵਾਨ ਸਨ, ਜਿਨ੍ਹਾਂ ਤੋਂ ਆਪ ਨੇ ਵੀ ਫਾਰਸੀ ਦੀ ਵਿਦਿਆ ਲਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਰਹਿੰਦੇ ਹੋਏ ਆਪ ਨੇ ਗੁਰੂ ਸਾਹਿਬਾਨ, ਸਿੱਖੀ ਮਾਰਗ ਅਤੇ ਅਧਿਆਤਮਕਤਾ ਬਾਰੇ ਫਾਰਸੀ ਭਾਸ਼ਾ ਵਿਚ ਵਡਮੁਲਾ ਸਾਹਿਤ ਸਿਰਜਿਆ। ਭਾਈ ਸਾਹਿਬ ਦੀਆਂ ਰਚਨਾਵਾਂ ਹਨ: *ਜ਼ਿੰਦਗੀਨਾਮਾ* (ਫਾਰਸੀ), *ਗਜ਼ਲੀਆਤ ਅਰਥਾਤ ਦੀਵਾਨਿ-ਗੋਯਾ* (ਫਾਰਸੀ), *ਤੌਸੀਫ-ਓ-ਸਨਾ ਅਤੇ ਖਾਤਿਮਾ* (ਫਾਰਸੀ), *ਗੰਜਨਾਮਾ* ਫਾਰਸੀ), *ਜੋਤਿ ਬਿਗਾਸ* (ਫਾਰਸੀ ਕਵਿਤਾ), *ਜੋਤਿ ਬਿਗਾਸ* (ਪੰਜਾਬੀ ਕਵਿਤਾ), *ਰਹਿਤਨਾਮਾ ਅਤੇ ਤਨਖਾਹਨਾਮਾ* (ਪੰਜਾਬੀ ਕਵਿਤਾ), *ਦਸਤੂਰੁਲ-ਇਨਸ਼ਾ* (ਫਾਰਸੀ ਵਾਰਤਕ) ਅਤੇ *ਅਰਜ਼ੁਲ-ਅਲਫਾਜ਼* (ਫਾਰਸੀ ਕਵਿਤਾ)।

## ਜਨਮਸਾਖੀ ਸਾਹਿਤ

ਗੁਰੂ ਨਾਨਕ ਦੇਵ ਜੀ ਆਪਣੇ ਜੀਵਨ-ਕਾਲ ਦੌਰਾਨ ਭਾਰਤ ਦੇ ਨਾਲ-ਨਾਲ ਕਈ ਹੋਰ ਦੇਸ਼ਾਂ ਦੇ ਨਗਰਾਂ ਵਿਚ ਵੀ ਗਏ। ਗੁਰੂ ਸਾਹਿਬ ਦੀਆਂ ਉਦਾਸੀਆਂ ਨਾਲ ਸੰਬੰਧਿਤ ਕਈ ਪਰੰਪਰਾਗਤ ਸਾਖੀਆਂ ਅਜ ਤਕ ਦੰਦ ਕਥਾਵਾਂ ਦੇ ਰੂਪ ਵਿਚ ਸੰਭਾਲੀਆਂ ਪਈਆਂ ਹਨ। ਇਨ੍ਹਾਂ ਨੂੰ *ਜਨਮਸਾਖੀਆਂ* ਦਾ ਨਾਂ ਦਿਤਾ ਗਿਆ ਹੈ। ਇਹ ਸਾਖੀਆਂ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਪਿਛੋਂ ਲਿਖੀਆਂ ਗਈਆਂ। *ਜਨਮਸਾਖੀ*, ਜਨਮ ਅਤੇ ਸਾਖੀ ਸ਼ਬਦਾਂ ਦਾ ਸਮਾਸ ਹੈ, ਜਿਸ ਦਾ ਸ਼ਾਬਦਿਕ ਅਰਥ: ਜਨਮ ਦੀ ਗਵਾਹੀ, ਸਾਖੀ (ਸ਼ਹਾਦਤ), ਕਹਾਣੀ, ਬਿਰਤਾਂਤ ਅਥਵਾ ਵਾਰਤਾ ਆਦਿ ਹੈ। ਸਿੱਖ ਪਰੰਪਰਾ ਵਿਚ ਇਹ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਬਿਰਤਾਂਤ ਲਈ ਰੂੜ ਹੋ ਗਿਆ ਹੈ।

ਸੰਸਾਰ ਦੇ ਸਮੁਚੇ ਧਾਰਮਿਕ-ਸਾਹਿਤ ਵਿਚ ਹਰੇਕ ਮਹਾਂਪੁਰਖ, ਅਵਤਾਰ, ਪੀਰ, ਪੈਗੰਬਰ ਆਦਿ ਦੇ ਜੀਵਨ ਘਟਨਾਵਾਂ ਦੀਆਂ ਮੌਖਿਕ-ਕਥਾਵਾਂ ਨੂੰ ਕਲਮਬਧ ਕਰਨ ਦੀ ਲੰਮੀ ਇਤਿਹਾਸਕ ਪਰੰਪਰਾ ਮੌਜੂਦ ਹੈ। ਇਸੇ ਤਰਜੀਹ ’ਤੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਘਟਨਾਵਾਂ ਬਾਰੇ ਮੌਖਿਕ-ਪਰੰਪਰਾਵਾਂ ਦੇ ਲਿਖਤੀ-ਸੰਗ੍ਰਹਿ ਨੂੰ ‘ਜਨਮਸਾਖੀ-ਪਰੰਪਰਾ’ ਦੀ ਸੰਗਿਆ ਦਿਤੀ ਗਈ ਹੈ।

ਗੁਰੂ ਨਾਨਕ ਦੇਵ ਜੀ ਬਾਰੇ ਸਭ ਤੋਂ ਪੁਰਾਣੀਆਂ ਲਿਖਤਾਂ *ਜਨਮਸਾਖੀਆਂ* ਹੀ ਹਨ। ਗੁਰਮੁਖੀ ਲਿਪੀ ਵਿਚ ਲਿਖੀਆਂ ਗਈਆਂ ਇਹ ਸਾਖੀਆਂ ਚਾਰ ਪ੍ਰਕਾਰ ਦੀਆਂ ਹਨ: *ਪੁਰਾਤਨ ਜਨਮਸਾਖੀ, ਜਨਮਸਾਖੀ ਭਾਈ ਬਾਲਾ, ਜਨਮਸਾਖੀ ਮਿਹਰਬਾਨ* ਅਤੇ *ਗਿਆਨ ਰਤਨਾਵਲੀ।* ਇਨ੍ਹਾਂ ਦੀ ਰਚਨਾ ਛੋਟੀਆਂ-ਛੋਟੀਆਂ ਅਤੇ ਵਖ-ਵਖ ਸਾਖੀਆਂ ਦੇ ਰੂਪ ਵਿਚ ਕੀਤੀ ਹੋਈ ਹੈ, ਜਿਨ੍ਹਾਂ ਦੇ ਲਿਖਾਰੀ ਵਧੇਰੇ ਕਰ ਕੇ ਗੁੰਮਨਾਮ ਹੀ ਹਨ। ਵਰਨਣਯੋਗ ਹੈ ਕਿ *ਜਨਮਸਾਖੀਆਂ* ਵਿਚ ਬਹੁਤ ਅਤਿ-ਕਥਨੀਆਂ ਹਨ, ਪਰੰਤੂ ਇਨ੍ਹਾਂ ਸਾਖੀਆਂ ਦਾ ਮੂਲ-ਉਦੇਸ਼ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ ਅਤੇ ਅਲੌਕਿਕ ਗੁਣਾਂ ਨੂੰ ਪ੍ਰਗਟ ਕਰਨਾ ਸੀ।

## ਸ੍ਰੀ ਗੁਰ ਸੋਭਾ

*ਸ੍ਰੀ ਗੁਰ ਸੋਭਾ* ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤਿ ਦੀ ਰਚਨਾ ਹੈ। ਬਾਬਾ ਸੁਮੇਰ ਸਿੰਘ ਪਟਨੇ ਵਾਲਿਆਂ ਅਨੁਸਾਰ ਸੈਨਾਪਤਿ 1699 ਈ. ਨੂੰ ਅੰਮ੍ਰਿਤ ਛਕ ਕੇ ਸੈਨਾ

ਸਿੰਘ ਬਣ ਗਿਆ ਸੀ। *ਸ੍ਰੀ ਗੁਰ ਸੋਭਾ* ਤੋਂ ਇਲਾਵਾ ਕਵੀ ਸੈਨਾਪਤਿ ਦੀਆਂ ਦੋ ਹੋਰ ਰਚਨਾਵਾਂ ਵੀ ਹਨ: 'ਚਾਣਿਕਿਆ ਸ਼ਾਸਤ੍ਰ ਭਾਖਾ' ਅਤੇ 'ਸੁਖਸੈਨ ਰਾਮ ਬਿਨੋਦ'। ਇਹ ਦੋਵੇਂ ਮੌਲਿਕ ਲਿਖਤਾਂ ਨਾ ਹੋ ਕੇ ਭਾਖਾ-ਅਨੁਵਾਦ ਹਨ। 'ਸੁਖਸੈਨ ਰਾਮ ਬਿਨੋਦ' ਗ੍ਰੰਥ ਵਿਚੋਂ ਕਵੀ ਸੈਨਾਪਤਿ ਦੇ ਆਪਣੇ ਸ਼ਬਦਾਂ ਵਿਚ ਉਸ ਦੀ ਵੰਸ਼-ਪਰੰਪਰਾ ਬਾਰੇ ਕੁਝ-ਕੁ ਪਤਾ ਲਗਦਾ ਹੈ ਕਿ ਸੈਨਾਪਤਿ ਦਾ ਪਹਿਲਾ ਨਾਂ ਚੰਦਰ ਸੈਨ ਸੀ ਅਤੇ ਉਸਦੀ ਮਾਨ ਗੋਤ ਸੀ। ਇਸ ਦੇ ਪਿਤਾ ਬਾਲ ਚੰਦ ਜੀ ਲਾਹੌਰ ਦੇ ਵਸਨੀਕ ਸਨ, ਜਿਨ੍ਹਾਂ ਦੀ ਪੜ੍ਹਨ-ਪੜ੍ਹਾਉਣ ਵਿਚ ਬਹੁਤ ਰੁਚੀ ਸੀ। ਸੈਨਾਪਤਿ ਦੇ ਵਿਦਿਆ ਗੁਰੂ ਦਾ ਨਾਂ ਦੇਵੀ ਦਾਸ (ਚੰਦਨ) ਸੀ। *ਸ੍ਰੀ ਗੁਰ ਸੋਭਾ* ਦੇ ਰਚਨਾਕਾਲ ਬਾਰੇ ਮੁਖ ਰੂਪ ਵਿਚ ਤਿੰਨ ਤਿਥੀਆਂ ਪ੍ਰਾਪਤ ਹੁੰਦੀਆਂ ਹਨ: ਸੰਮਤ 1758 ਬਿ./1701 ਈ., 1768 ਬਿ./1711 ਈ. ਅਤੇ 1798 ਬਿ./ 1741 ਈ.। ਬਾਬਾ ਸੁਮੇਰ ਸਿੰਘ *ਸ੍ਰੀ ਗੁਰ ਸੋਭਾ* ਦਾ ਰਚਨਾ ਕਾਲ 1768 ਬਿ./1711 ਈ. ਦਸਦੇ ਹਨ।

*ਸ੍ਰੀ ਗੁਰ ਸੋਭਾ,* ਜਿਵੇਂ ਕਿ ਇਸ ਦੇ ਨਾਂ ਤੋਂ ਹੀ ਸਿਧ ਹੁੰਦਾ ਹੈ, ਦਸ਼ਮੇਸ਼ ਗੁਰੂ ਜੀ ਦੀ ਉਸਤਤਿ ਵਿਚ ਲਿਖਿਆ ਗਿਆ ਇਹ ਗ੍ਰੰਥ ਹੈ। ਇਸ ਵਿਚ ਗੁਰੂ ਸਾਹਿਬ ਦੁਆਰਾ ਲੜੇ ਜੁਧਾਂ ਬਾਰੇ ਵੇਰਵਾ ਮਿਲਦਾ ਹੈ, ਇਹ ਗੁਰੂ ਮਹਿਮਾ ਦੀ ਇਤਿਹਾਸਕ ਜੁਧ-ਕਥਾ ਹੈ। ਇਸ ਵਿਚ ਕੁਲ 20 ਅਧਿਆਇ 934 ਬੰਦਾਂ ਵਿਚ ਕਾਵਿ-ਬਧ ਕੀਤੇ ਹੋਏ ਹਨ।

### ਗੁਰਬਿਲਾਸ ਪਾ: ੬

*ਗੁਰਬਿਲਾਸ ਪਾ: ੬*, ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੰਬੰਧੀ ਬਹੁਤ ਹੀ ਮਹਤਵਪੂਰਨ ਗ੍ਰੰਥ ਹੈ। ਇਸ ਦਾ ਰਚੈਤਾ ਭਾਈ ਭਗਤ ਸਿੰਘ ਹੈ, ਜਿਸ ਨੇ ਆਪਣੇ ਕਾਵਿ-ਗੁਰੂ ਧਰਮ ਸਿੰਘ ਦੀ ਪ੍ਰੇਰਨਾ ਤੇ ਅਗਵਾਈ ਹੇਠ ਇਸ ਗ੍ਰੰਥ ਦੀ ਰਚਨਾ ਕੀਤੀ। ਇਸ ਦੀ ਉਥਾਨਕਾ ਅਨੁਸਾਰ ਇਕ ਵਾਰ ਭਾਈ ਮਨੀ ਸਿੰਘ ਜੀ ਗੁਰਦੁਆਰਾ ਨਾਨਕਸਰ (ਨਨਕਾਣਾ ਸਾਹਿਬ) ਗਏ ਤਾਂ ਉਥੋਂ ਦੇ ਰਾਗੀ ਸਿੰਘ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਭਾਈ ਗੁਰਦਾਸ ਜੀ ਦੀ ਇਕ ਵਾਰ ਵਿਚਲੀ ਪਉੜੀ (*ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ॥...*) ਦਾ ਗਾਇਨ ਕਰ ਰਹੇ ਸਨ। ਕੀਰਤਨ ਸਮਾਪਤੀ ਉਪਰੰਤ ਸੰਗਤਾਂ ਨੇ ਭਾਈ ਮਨੀ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਛੇਵੇਂ ਪਾਤਿਸ਼ਾਹ ਦੀ ਜੀਵਨ ਕਥਾ ਵਿਸਤਾਰ ਸਹਿਤ ਸੰਗਤਾਂ ਨੂੰ ਸੁਣਾਓਨ। ਬੇਨਤੀ ਮੰਨ ਕੇ ਭਾਈ ਮਨੀ ਸਿੰਘ ਜੀ ਨੇ ਗੁਰਦੁਆਰਾ ਨਾਨਕਸਰ (ਨਨਕਾਣਾ ਸਾਹਿਬ) ਵਿਖੇ ਕਥਾ ਆਰੰਭ ਕਰ ਦਿਤੀ। ਗਿਆਨੀ

ਗਰਜਾ ਸਿੰਘ ਦਾ ਵਿਚਾਰ ਹੈ ਕਿ ਭਾਈ ਮਨੀ ਸਿੰਘ 1714-15 ਈ. ਦੇ ਕਰੀਬ ਗੁਰਦੁਆਰਾ ਨਾਨਕਸਰ (ਨਨਕਾਣਾ ਸਾਹਿਬ) ਪਹੁੰਚੇ ਸਨ ਤੇ ਭਗਤ ਸਿੰਘ ਆਦਿ ਸ਼ਰਧਾਲੂਆਂ ਦੇ ਕਹਿਣ ’ਤੇ ਛੇਵੇਂ ਗੁਰਾਂ ਦੀ ਕਥਾ ਸੁਣਾਈ ਸੀ, ਜਿਸ ਨੂੰ ਬਾਅਦ ਵਿਚ *ਗੁਰਬਿਲਾਸ ਪਾ. ੬* ਦੀ ਆਪਣੀ ਗਵਾਹੀ ਮੁਤਾਬਿਕ ਭਾਈ ਭਗਤ ਸਿੰਘ ਨੇ 1 ਜੇਠ 1774 ਬਿ./1717 ਈ. ਨੂੰ ਲਿਖਣਾ ਸ਼ੁਰੂ ਕੀਤਾ ਤੇ 22 ਸਾਵਣ, ਸੁਦੀ 5, 1775 ਬਿ./1718 ਈ. ਨੂੰ ਕਰੀਬਨ 15 ਕੁ ਮਹੀਨਿਆਂ ਵਿਚ ਪੂਰਾ ਕਰ ਦਿਤਾ। ਇਸ ਗ੍ਰੰਥ ਵਿਚ ਕੁਲ 21 ਅਧਿਆਇ ਹਨ, ਜਿਨ੍ਹਾਂ ਵਿਚ ਭਾਈ ਭਗਤ ਸਿੰਘ ਨੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਬਾਰੇ ਅਨੇਕਾਂ ਪਖਾਂ ਤੋਂ ਜਾਣਕਾਰੀ ਦਿਤੀ ਹੈ।

### ਗੁਰਬਿਲਾਸ ਪਾ: ੧੦

*ਗੁਰਬਿਲਾਸ ਪਾ: ੧੦* ਕੁਇਰ ਸਿੰਘ ਦੀ ਰਚਨਾ ਹੈ। ਕੁਇਰ ਸਿੰਘ ਦੇ ਜੀਵਨ ਬਿਰਤਾਂਤ ਆਦਿ ਬਾਰੇ ਕੋਈ ਅੰਦਰਲਾ ਜਾਂ ਬਾਹਰਲਾ ਪ੍ਰਮਾਣ ਨਹੀਂ ਮਿਲਦਾ। *ਗੁਰਬਿਲਾਸ* ਦੇ ਅੰਦਰਲੇ ਸੰਕੇਤ ਤੋਂ ਸਿਰਫ਼ ਐਨਾ ਹੀ ਪਤਾ ਲਗਦਾ ਹੈ ਕਿ ਉਹ ‘ਕਲਾਲ’ ਗੋਤ ਦਾ ਸੀ ਅਤੇ ਕਿਸੇ ਸ਼ਹਿਰ ਕੰਬੋਆਂ ਦੇ ਮੁਹਲੇ ਵਿਚ ਰਹਿੰਦਾ ਸੀ। ਕੁਇਰ ਸਿੰਘ ਨੌਕਰੀ ਵੀ ਕਰਦਾ ਸੀ, ਉਹ ਗੁਰੂ ਘਰ ਦਾ ਪਕਾ ਸ਼ਰਧਾਲੂ ਸੀ। ਉਸ ਨੇ ਵਧੇਰੇ ਸਮਾਂ ਭਾਈ ਮਨੀ ਸਿੰਘ ਸ਼ਹੀਦ ਦੀ ਸੰਗਤ ਵਿਚ ਬਤੀਤ ਕੀਤਾ। ਕੁਲ 21 ਅਧਿਆਇਆਂ ਤੇ ਲਗਪਗ 2938 ਬੰਦਾਂ ਦੀ ਇਹ ਕਾਵਿ ਰਚਨਾ ਪੰਜਾਬੀ ਤੇ ਬ੍ਰਜੀ ਦੀ ਰਲੀ-ਮਿਲੀ ਭਾਸ਼ਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਹੋਰ ਸਮਕਾਲੀ ਘਟਨਾਵਾਂ ਉਤੇ ਮਹਤਵਪੂਰਨ ਪ੍ਰਕਾਸ਼ ਪਾਉਂਦੀ ਹੈ।

### ਗੁਰਬਿਲਾਸ ਪਾ: ੧੦: ਸੁਖਾ ਸਿੰਘ

ਭਾਈ ਸੁਖਾ ਸਿੰਘ ਦੁਆਰਾ ਰਚਿਆ ਇਹ ਗ੍ਰੰਥ *ਗੁਰਬਿਲਾਸ ਪਾਤਸ਼ਾਹੀ ੧੦*, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਇਤਿਹਾਸਕ ਪ੍ਰਕਿਰਤੀ ਵਾਲਾ ਗ੍ਰੰਥ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਕਵਿ ਸੁਖਾ ਸਿੰਘ ਦਾ ਜਨਮ ਸੰਮਤ ੧੮੨੫ (1768 ਈ.) ਵਿਚ ਹੋਇਆ। ਇਹ ਕੇਸਗੜ੍ਹ ਸਾਹਿਬ ਦਾ ਗਿਆਨੀ ਸੀ, ਇਸ ਨੇ ਸੰਮਤ ੧੮੫੪ (1797 ਈ.) ਵਿਚ ਦਸਵੇਂ ਪਾਤਿਸ਼ਾਹ ਜੀ ਦਾ ਗੁਰੁਵਿਲਾਸ ਰਚਿਆ। ਇਸ ਦਾ ਦੇਹਾਂਤ ਸੰਮਤ ੧੮੯੫ ਵਿਚ ਹੋਇਆ। *ਗੁਰਬਿਲਾਸ ਪਾਤਸ਼ਾਹੀ ੧੦* ਦੀ ਅੰਦਰਲੀ ਗਵਾਹੀ ਅਨੁਸਾਰ ਇਹ ਸੰਮਤ ੧੮੫੪/1797 ਈ. ਦੀ ਰਚਨਾ ਹੈ। ਛੋਟੀ ਉਮਰੇ ਹੀ ਸੁਖਾ ਸਿੰਘ ਦੇ ਮਾਤਾ-ਪਿਤਾ ਦਾ ਦੇਹਾਂਤ ਹੋ ਗਿਆ। ਇਸ ਨੂੰ

ਵਡੇ ਭਰਾ ਨੇ ਪਿਆਰ ਨਾਲ ਪਾਲਿਆ ਅਤੇ ਪੜ੍ਹਨ ਵਲ ਰੁਚਿਤ ਕੀਤਾ। ਸੁਖਾ ਸਿੰਘ ਜਦੋਂ ਵਡੇ ਭਰਾ ਸਮੇਤ ਪੂਰਬ ਵਿਚ ਗੁਰਧਾਮਾਂ ਦੀ ਯਾਤਰਾ ’ਤੇ ਗਿਆ ਤਾਂ ਉਥੇ ਉਸ ਦੇ ਭਰਾ ਦਾ ਵੀ ਦੇਹਾਂਤ ਹੋ ਗਿਆ। ਮਰਨ ਵੇਲੇ ਭਰਾ ਨੇ ਸੁਖਾ ਸਿੰਘ ਨੂੰ ਗੁਰੂ-ਚਰਨਾਂ ਵਿਚ ਜਾਣ ਬਾਰੇ ਕਿਹਾ। ਇਸ ਤਰ੍ਹਾਂ ਉਹ ਗੁਰ-ਦਰਬਾਰ ਵਿਚ ਪਟਨਾ ਸਾਹਿਬ ਵਿਖੇ ਚਲਾ ਗਿਆ, ਜਿਥੇ ਉਸ ਨੇ ਲਗਪਗ 11 ਮਹੀਨੇ ਦਾ ਸਮਾਂ ਗੁਜਾਰਿਆ। ਇਸ ਦੌਰਾਨ ਉਸ ਨੇ ਵਿਦਿਆ ਪ੍ਰਾਪਤ ਕਰਨ ਦੇ ਨਾਲ-ਨਾਲ ਆਤਮਿਕ ਅਨੁਭਵ ਅਤੇ ‘ਸ਼ਾਸਤ੍ਰ ਨਾਮ ਮਾਲਾ’ ਆਦਿ ਦਾ ਗਿਆਨ ਪ੍ਰਾਪਤ ਕੀਤਾ। ਉਹ ਪਟਨੇ ਤੋਂ ਆਨੰਦਪੁਰ ਸਾਹਿਬ ਚਲਾ ਗਿਆ ਤੇ ਉਥੇ ਹੀ *ਗੁਰਬਿਲਾਸ* ਦੀ ਰਚਨਾ ਕੀਤੀ। ਸੁਖਾ ਸਿੰਘ ਦੀ ਗੁਰੂ ਗੋਬਿੰਦ ਸਿੰਘ ਪ੍ਰਤੀ ਅਥਾਹ ਸ਼ਰਧਾ ਸੀ। ਉਸ ਨੇ ਗੁਰੂ ਸਾਹਿਬ ਦੇ ਪ੍ਰੇਮਾ ਭਗਤੀ-ਭਾਵ ਤੋਂ ਪ੍ਰੇਰਿਤ ਹੋ ਕੇ ਇਹ ਰਚਨਾ ਰਚੀ।

ਇਸ ਗ੍ਰੰਥ ਦੀ ਆਧਾਰ-ਵਸਤੂ ਵਧੇਰੇ ਕਰਕੇ ਮੌਖਿਕ ਪਰੰਪਰਾ ਹੈ। ਗੁਰੂ ਸਾਹਿਬ ਪ੍ਰਤੀ ਘਟਨਾਵਾਂ ਦਾ ਵੇਰਵਾ ਉਹ ਬਾਬਾ ਰਾਮ ਕੁਇਰ (ਬਾਬਾ ਬੁਢਾ ਜੀ ਦੀ ਵੰਸ਼) ਆਦਿ ਵਿਅਕਤੀਆਂ ਤੋਂ ਸੁਣ ਕੇ ਲਿਖਦਾ ਹੈ। ਇਸ ਰਚਨਾ ਦੇ ਕੁਲ 31 ਅਧਿਆਇ ਹਨ।

### ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ

‘ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ’ ਭਾਈ ਕੇਸਰ ਸਿੰਘ ਦੀ ਕ੍ਰਿਤ ਹੈ, ਜੋ ਕਿ ਛਿਬਰ ਗੋਤ ਦਾ ਮੁਹੀਅਲ ਬ੍ਰਾਹਮਣ ਸੀ। ਇਸ ਗ੍ਰੰਥ ਵਿਚ ਉਹ ਥਾਂ-ਥਾਂ ਆਪਣੇ ਲਈ ‘ਦਿਜ’ ਸ਼ਬਦ ਵਰਤਦਾ ਹੈ, ਜਿਸ ਦਾ ਭਾਵ ਬ੍ਰਾਹਮਣ ਹੈ। ਇਸ ਦੀ ਆਪਣੀ ਗਵਾਹੀ ਅਨੁਸਾਰ ਕੇਸਰ ਸਿੰਘ ਛਿਬਰ ਦੇ ਪਿਤਾ ਦਾ ਨਾਂ ਗੁਰਬਖਸ਼ ਸਿੰਘ ਸੀ। ਇਹ ਗ੍ਰੰਥ ਦਸ ਗੁਰੂ ਸਾਹਿਬਾਨ ਦੀ ਬੰਸਾਵਲੀ ਹੈ। ਬੰਸਾਵਲੀ ਤੋਂ ਇਲਾਵਾ ਇਸ ਰਚਨਾ ਵਿਚ ਸਮਕਾਲੀ ਰਾਜੀਤਕ, ਸਮਾਜਕ ਅਤੇ ਧਾਰਮਕ ਪ੍ਰਸਥਿਤੀਆਂ ਬਾਰੇ ਮਹਤਵਪੂਰਨ ਜਾਣਕਾਰੀ ਉਪਲਬਧ ਹੈ। ਇਸ ਦੇ ਕੁਲ 14 ‘ਚਰਣ’ ਹਨ, ਜਿਨ੍ਹਾਂ ਵਿਚੋਂ ਪਹਿਲੇ 10, ਦਸ ਗੁਰੂ ਸਾਹਿਬਾਨ ਨਾਲ ਸੰਬੰਧਿਤ ਹਨ।

### ਮਹਿਮਾ ਪ੍ਰਕਾਸ਼ (ਕਵਿਤਾ)

ਸਿੱਖ ਧਰਮ ਅਤੇ ਇਤਿਹਾਸ ਦੇ ਗੁਰਮੁਖੀ ਸਰੋਤਾਂ ਵਿਚ *ਮਹਿਮਾ ਪ੍ਰਕਾਸ਼ (ਕਵਿਤਾ)* ਇਕ ਮਹਤਵਪੂਰਨ ਸਰੋਤ ਹੈ, ਜਿਸ ਦੇ ਕਰਤਾ ਬਾਵਾ ਸਰੂਪ ਦਾਸ ਭੱਲਾ ਜੀ ਹਨ। ਸਰੂਪ ਦਾਸ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੀ ਵੰਸ਼ ਵਿਚੋਂ ਸਨ। ਇਨ੍ਹਾਂ ਦੇ ਜੀਵਨ ਵੇਰਵਿਆਂ

ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। *ਮਹਿਮਾ ਪ੍ਰਕਾਸ਼* ਦੀ ਅੰਦਰਲੀ ਗਵਾਹੀ ਅਨੁਸਾਰ ਇਹ ਗ੍ਰੰਥ 1833 ਬਿ./1776 ਈ. ਵਿਚ ਰਚਿਆ ਗਿਆ। ਇਹ ਪਹਿਲਾ ਅਜਿਹਾ ਗੁਰਮੁਖੀ ਸਰੋਤ ਹੈ, ਜਿਸ ਵਿਚ ਵਿਸਤ੍ਰਿਤ ਰੂਪ ਵਿਚ ਦਸ ਗੁਰੂ ਸਾਹਿਬਾਨ ਦੇ ਜੀਵਨ ਵੇਰਵੇ ਮਿਲਦੇ ਹਨ। ਕੁਲ 237 ਸਾਖੀਆਂ ਵਿਚ ਦਸ ਗੁਰੂ ਸਾਹਿਬਾਨ ਤੋਂ ਇਲਾਵਾ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਵੀ ਭਰਵੇਂ ਵੇਰਵੇ ਪ੍ਰਾਪਤ ਹੁੰਦੇ ਹਨ। ਇਸ ਰਚਨਾ ਦਾ ਲਗਪਗ ਚੌਥਾ ਹਿਸਾ (65 ਸਾਖੀਆਂ) ਸਿਰਫ਼ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਹੋਣ ਕਰ ਕੇ ਇਸ ਦਾ ਨਾਂ 'ਗੁਰੂ ਨਾਨਕ ਮਹਿਮਾ' ਵੀ ਲਿਆ ਜਾਂਦਾ ਹੈ।

### ਮਹਿਮਾ ਪ੍ਰਕਾਸ਼ (ਵਾਰਤਕ)

*ਮਹਿਮਾ ਪ੍ਰਕਾਸ਼ (ਵਾਰਤਕ)* ਸਿੱਖ ਗੁਰੂ ਸਾਹਿਬਾਨ ਦੇ ਜੀਵਨ ਵੇਰਵਿਆਂ ਉਪਰ ਕੀਮਤੀ ਚਾਨਣਾ ਪਾਉਣ ਵਾਲਾ ਇਕ ਮਹਤਵਪੂਰਨ ਗ੍ਰੰਥ ਹੈ, ਜਿਸ ਦੇ ਰਚਨਾਕਾਲ ਅਤੇ ਰਚਨਾਕਾਰ ਬਾਰੇ ਵਿਦਵਾਨਾਂ ਦੇ ਵਖ ਵਖ ਵਿਚਾਰ ਹਨ। ਭਾਈ ਕਾਨ੍ਹ ਸਿੰਘ ਨਾਭਾ ਇਸ ਦਾ ਰਚੈਤਾ ਬਾਵਾ ਕ੍ਰਿਪਾਲ ਸਿੰਘ ਭੱਲਾ ਨੂੰ ਮੰਨਦੇ ਹਨ, ਜਦੋਂ ਕਿ ਡਾ. ਗੰਡਾ ਸਿੰਘ ਅਨੁਸਾਰ ਇਸ ਰਚਨਾ ਦਾ ਕਰਤਾ ਬਾਵਾ ਕ੍ਰਿਪਾਲ ਸਿੰਘ, ਕ੍ਰਿਪਾਲ ਦਾਸ, ਸਰੂਪ ਚੰਦ ਭੱਲਾ ਆਦਿ ਹਨ। ਰਚਨਾਕਾਰ ਵਾਂਗ ਰਚਨਾਕਾਲ ਬਾਰੇ ਵੀ ਵਿਦਵਾਨਾਂ ਦੀਆਂ ਵਿਭਿੰਨ ਰਾਵਾਂ ਹਨ। ਵਿਦਵਾਨ ਇਸ ਦਾ ਰਚਨਾਕਾਲ 1739/1741/1746 ਈ. ਆਦਿ ਮੰਨਦੇ ਹਨ। ਅਸਲ ਵਿਚ *ਮਹਿਮਾ ਪ੍ਰਕਾਸ਼ ਵਾਰਤਕ* ਦਾ ਮੂਲ ਖਰੜਾ ਉਪਲਬਧ ਨਾ ਹੋਣ ਕਾਰਨ, ਇਸ ਦਾ ਕਰਤਾ ਫਿਲਹਾਲ ਅਗਿਆਤ ਹੀ ਹੈ ਅਤੇ ਇਸ ਦਾ ਰਚਨਾ ਕਾਲ *ਮਹਿਮਾ ਪ੍ਰਕਾਸ਼ ਕਵਿਤਾ* ਤੋਂ ਕੁਝ ਸਾਲ ਪਹਿਲਾਂ ਦਾ ਹੈ। ਇਸ ਰਚਨਾ ਵਿਚ 170 ਸਾਖੀਆਂ ਹਨ।

### ਸ੍ਰੀ ਗੁਰ ਪੰਥ ਪ੍ਰਕਾਸ਼

ਇਹ ਗ੍ਰੰਥ ਗਿਆਨੀ ਗਿਆਨ ਸਿੰਘ ਦੁਆਰਾ ਰਚਿਆ ਗਿਆ ਪਹਿਲਾ ਸਿੱਖ ਇਤਿਹਾਸ ਦਾ ਮੁਕੰਮਲ ਗ੍ਰੰਥ ਹੈ, ਜਿਸ ਨੂੰ ਤਕਰੀਬਨ ਹਰੇਕ ਇਤਿਹਾਸਕਾਰ ਨੇ ਸਿੱਖ-ਸਰੋਤ ਵਜੋਂ ਵਰਤਿਆ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਅੰਤਿਮ ਸਮੇਂ (1839 ਈ.) ਤੋਂ ਬਾਅਦ ਤਕ ਦੀਆਂ ਘਟਨਾਵਾਂ ਸ਼ਾਮਿਲ ਹਨ। ਗਿਆਨੀ ਗਿਆਨ ਸਿੰਘ ਨੇ ਇਸ ਗ੍ਰੰਥ ਵਿਚ ਪਹਿਲੀ ਵਾਰ ਸਿੱਖ ਸੰਪਰਦਾਵਾਂ- ਉਦਾਸੀ ਅਤੇ ਨਿਰਮਲੇ ਆਦਿ ਨੂੰ ਇਤਿਹਾਸ ਦੇ ਅੰਗ ਵਜੋਂ ਸਥਾਨ ਦਿਤਾ। ਗਿਆਨੀ ਗਿਆਨ ਸਿੰਘ ਦਾ

ਜਨਮ 5 ਸੰਮਤ 1879 ਬਿ./17 ਅਪ੍ਰੈਲ, 1822 ਈ. ਨੂੰ ਸਰਦਾਰ ਭਾਗ ਸਿੰਘ ਦੇ ਘਰ ਮਾਤਾ ਦੇਸਾਂ ਦੀ ਕੁਖੋਂ ਪਿੰਡ ਲੌਂਗੋਵਾਲ (ਸੰਗਰੂਰ) ਵਿਖੇ ਹੋਇਆ। ਉਹ ਲਗਪਗ ਸੌ ਵਰ੍ਹੇ ਦੀ ਲੰਮੀ ਉਮਰ ਭੋਗ ਕੇ 24 ਸਤੰਬਰ, 1921 ਈ. ਨੂੰ ਪੂਰੇ ਹੋਏ। 'ਸ੍ਰੀ ਗੁਰ ਪੰਥ ਪ੍ਰਕਾਸ਼' ਕਾਵਿ-ਰੂਪ ਵਿਚ ਪੰਜਾਬੀ/ਬ੍ਰਜ ਭਾਸ਼ਾ ਦੀ ਰਚਨਾ ਹੈ, ਜਿਸ ਦੇ ਕੁਲ 131 ਅਧਿਆਇ, ਦੋ ਭਾਗਾਂ-ਪੂਰਬਾਰਧ (71) ਤੇ ਉਤਰਾਰਧ (60) ਵਿਚ ਵੰਡੇ ਹੋਏ ਹਨ।

### ਤਵਾਰੀਖ ਗੁਰੂ ਖਾਲਸਾ

'ਤਵਾਰੀਖ ਗੁਰੂ ਖਾਲਸਾ' ਗਿਆਨੀ ਗਿਆਨ ਸਿੰਘ ਦੁਆਰਾ ਰਚਿਤ ਸਿੱਖ ਇਤਿਹਾਸ ਦਾ ਮੁਕੰਮਲ ਗ੍ਰੰਥ ਹੈ, ਜਿਸ ਨੂੰ ਤਕਰੀਬਨ ਹਰੇਕ ਇਤਿਹਾਸਕਾਰ ਨੇ ਸਿੱਖ-ਸਰੋਤ ਵਜੋਂ ਵਰਤਿਆ ਹੈ। ਇਸ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਅੰਤਿਮ ਸਮੇਂ (1839 ਈ.) ਤੋਂ ਬਾਅਦ ਤਕ ਦੀਆਂ ਘਟਨਾਵਾਂ ਸ਼ਾਮਿਲ ਹਨ। ਇਸ ਦੇ ਕੁਲ ਪੰਜ ਭਾਗ (*ਤਵਾਰੀਖ ਗੁਰੂ ਖਾਲਸਾ, ਸ਼ਮਸ਼ੇਰ ਖਾਲਸਾ, ਰਾਜ ਖਾਲਸਾ, ਸਰਦਾਰ ਖਾਲਸਾ* ਤੇ *ਪੰਥ ਖਾਲਸਾ*) ਹਨ, ਜਿਸ ਦਾ ਪਹਿਲਾ ਭਾਗ ਗੁਰੂ ਸਾਹਿਬਾਨ ਨਾਲ ਸੰਬੰਧਿਤ ਹੈ।

### ਭਟ ਵਹੀਆਂ

'ਭਟ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, ਉਸਤਤਿ ਪੜ੍ਹਨ ਵਾਲਾ ਕਾਵਿ, ਅਥਵਾ ਰਾਜ ਦਰਬਾਰ ਵਿਚ ਰਾਜਾ ਅਤੇ ਯੋਧਿਆਂ ਦਾ ਯਸ਼ ਕਹਿਣ ਵਾਲਾ। ਭਟ, ਅਕਸਰ ਰਾਜ ਦਰਬਾਰਾਂ ਵਿਚ ਰਹਿੰਦੇ ਸਨ ਅਤੇ ਯੁਧਾਂ ਵਿਚ ਰਾਜਿਆਂ ਦੁਆਰਾ ਪ੍ਰਾਪਤ ਕੀਤੀਆਂ ਜਿਤਾਂ ਦੀਆਂ ਗਾਥਾਵਾਂ, ਉਨ੍ਹਾਂ ਦਿਆਂ ਪੂਰਵਜਾਂ ਅਤੇ ਪ੍ਰਜਾ ਨੂੰ ਸੁਣਾਉਂਦੇ ਸਨ। ਭਟਾਂ ਦੇ ਪਿਛੋਕੜ ਵਲ ਝਾਤ ਮਾਰਿਆਂ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਭਿਖਾ ਨਾਂ ਦੇ ਭਟ ਨੇ ਸਿੱਖੀ ਧਾਰਨ ਕੀਤੀ। ਉਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਉਹ ਆਪਣੇ ਨਾਲ ਕਈ ਭਟਾਂ ਨੂੰ ਲੈ ਕੇ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ। ਉਨ੍ਹਾਂ ਭਟਾਂ ਨੇ ਗੁਰੂ ਸਾਹਿਬਾਨ ਦੀ ਉਸਤਤਿ ਵਿਚ ਜਿਹੜੇ ਛੰਦ ਉਚਾਰੇ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ *ਭਟਾ ਕੇ ਸਵਈਏ* ਸਿਰਲੇਖ ਅਧੀਨ ਅੰਕਿਤ ਹਨ। ਜਿਕਰਯੋਗ ਹੈ ਕਿ ਭਟ ਵਹੀਆਂ ਵਿਚਲੇ ਭਟ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਭਟ ਇਕ ਨਹੀਂ ਸਨ।

ਭਟ, ਜਜਮਾਨਾਂ ਦੇ ਖੁਸ਼ੀ-ਗ਼ਮੀ ਦੇ ਮੌਕੇ 'ਤੇ ਹਾਜ਼ਰ ਹੋ ਕੇ ਵਧਾਈਆਂ ਦੇ ਕੇ ਆਪਣੀ ਲਾਗ-ਦਛਣਾ ਲੈਂਦੇ ਸਨ। ਇਹ ਉਨ੍ਹਾਂ ਦਾ ਇਕ ਤਰ੍ਹਾਂ ਨਾਲ ਰੁਜ਼ਗਾਰ ਦਾ ਸਾਧਨ ਵੀ ਸੀ।

ਇਸੇ ਕਰ ਕੇ ਇਹ ਭਟ ਲੋਕ ਆਪਣੇ ਕੋਲ ਵਹੀਆਂ ਰਖਦੇ ਸਨ ਅਤੇ ਜਿਥੇ-ਕਿਤੇ ਇਹ ਜਾਂਦੇ ਸਨ, ਜਜਮਾਨਾਂ ਦੇ ਨਾਂ, ਪਤੇ ਤੇ ਬੰਸਵਾਲੀਆਂ ਨਾਲੋ-ਨਾਲ ਦਰਜ ਕਰਦੇ ਰਹਿੰਦੇ ਸਨ। ਜੇਕਰ ਕੋਈ ਖ਼ਾਸ ਘਟਨਾ ਵਾਪਰਦੀ ਤਾਂ ਇਹ ਉਸਦਾ ਬਿਉਰਾ ਵੀ ਅੰਕਿਤ ਕਰ ਲੈਂਦੇ। ਇਸ ਦਾ ਲਾਭ ਇਹ ਹੁੰਦਾ ਕਿ ਜਦੋਂ ਕੋਈ ਜਜਮਾਨਾਂ ਦਾ ਖ਼ਾਸ ਸਮਾਗਮ ਹੁੰਦਾ ਤਾਂ ਇਹ ਪਿਛਲੇ ਕੁਰਸੀਨਾਮੇ ਅਤੇ ਕਾਰਨਾਮੇ ਪੜ੍ਹ-ਸੁਣਾ ਕੇ, ਵਡੇਰਿਆਂ ਦੀਆਂ ਖ਼ਾਸ ਬੀਰਤਾਂ ਦੇ ਦਾਨ ਦੇਣ ਦੀਆਂ ਉਭਰਵੀਆਂ ਗੱਲਾਂ ਦਸ ਕੇ, ਨਵੀਂ ਪੀੜ੍ਹੀ ਦੇ ਮਨ ਵਿਚ ਹੁਲਾਸ ਪੈਦਾ ਕਰ ਦਿੰਦੇ, ਜਿਸ ਸਦਕਾ ਉਨ੍ਹਾਂ ਨੂੰ ਚੰਗਾ ਦਾਨ/ਬਖਸ਼ਿਸ਼ ਪ੍ਰਾਪਤ ਹੁੰਦੀ ਸੀ। ਭਟ ਵਹੀਆਂ ਕਿਉਂਕਿ ਭਟਾਂ ਦੇ ਜੀਵਨ ਦਾ ਆਧਾਰ ਸਨ, ਇਸ ਲਈ ਇਨ੍ਹਾਂ ਦੀ ਬਹੁਤ ਸਾਂਭ-ਸੰਭਾਲ ਕੀਤੀ ਜਾਂਦੀ ਸੀ।ਵਰਨਣਯੋਗ ਹੈ ਕਿ ਇਹ ਭਟ, ਕੋਈ ਵਿਦਵਾਨ ਇਤਿਹਾਸਕਾਰ ਨਹੀਂ ਸਨ ਅਤੇ ਨਾ ਹੀ ਇਤਿਹਾਸ ਲਿਖਣਾ ਇਨ੍ਹਾਂ ਦਾ ਉਦੇਸ਼ ਸੀ।

ਇਹ ਭਟ ਇਕੱਲੇ-ਦੁਕੱਲੇ ਨਹੀਂ, ਬਲਕਿ ਟੋਲੀਆਂ ਦੇ ਰੂਪ ਵਿਚ ਵਿਚਰਦੇ ਸਨ। ਇਨ੍ਹਾਂ ਨੇ ਆਪਣੇ-ਆਪਣੇ ਇਲਾਕੇ ਵੀ ਵੰਡੇ ਹੋਏ ਸਨ ਅਤੇ ਆਪਣੇ ਹਲਕੇ ਦੇ ਜਜਮਾਨਾਂ ਕੋਲੋਂ ਹੀ ਦਾਨ ਬਖਸ਼ਿਸ਼ ਲੈਣ ਜਾਂਦੇ ਸਨ। ਇਸੇ ਕਰ ਕੇ ਇਨ੍ਹਾਂ ਵਹੀਆਂ ਦੇ ਨਾਮ ਇਲਾਕਿਆਂ, ਖਾਨਦਾਨਾਂ ਜਾਂ ਪਿੰਡਾਂ ਦੇ ਨਾਂ 'ਤੇ ਹਨ, ਜਿਵੇਂ ਕਿ *ਭਟ ਵਹੀ ਮੁਲਤਾਨੀ ਸਿੰਧੀ, ਭਟ ਵਹੀ ਤਲਉਂਢਾ, ਭਟ ਵਹੀ ਕਰਸਿੰਧੁ, ਭਟ ਵਹੀ ਭਾਦਸੋਂ, ਭਟ ਵਹੀ ਪੂਰਬੀ ਦਖਣੀ, ਭਟ ਵਹੀ ਜਾਦੋ ਬੰਸੀਆਂ ਕੀ* ਆਦਿ।

ਭਟ ਵਹੀਆਂ 'ਭਟ-ਅਛਰੀ' ਲਿਪੀ ਵਿਚ ਲਿਖੀਆਂ ਜਾਂਦੀਆਂ ਸਨ। ਅਠਾਰਵੀਂ ਸਦੀ ਦੇ ਅੰਤਲੇ ਦਹਾਕੇ ਦੌਰਾਨ ਭਾਈ ਛਜੂ ਸਿੰਘ ਭਟ ਨੇ ਗੁਰੂ ਸਾਹਿਬਾਨਾਂ ਬਾਰੇ ਮਿਲਦੀਆਂ ਸਾਖੀਆਂ ਦਾ ਗੁਰਮੁਖੀ ਵਿਚ ਲਿਪੀਅੰਤਰ ਕੀਤਾ। ਕੁਝ ਸਮੇਂ ਬਾਅਦ ਗਿਆਨੀ ਗਰਜਾ ਸਿੰਘ ਜੀ ਨੇ ਇਸ ਦੇ ਉਤਾਰੇ ਦੀ ਨਕਲ ਕਰਕੇ ਇਸ ਅਮੁਲਕ ਖਜ਼ਾਨੇ ਨੂੰ ਸਿੱਖ ਪੰਥ ਦੀ ਝੋਲੀਂ ਪਾਇਆ।

## ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼

ਇਹ ਗ੍ਰੰਥ ਬਾਬਾ ਸੁਮੇਰ ਸਿੰਘ ਭੱਲਾ (ਪਟਨਾ ਵਾਲੇ) ਦੀ ਰਚਨਾ ਹੈ। ਬਾਬਾ ਸੁਮੇਰ ਸਿੰਘ ਗੁਰੂ ਅਮਰਦਾਸ ਜੀ ਦੀ ਅੰਸ਼ ਵਿਚੋਂ ਸਨ।ਆਪ ਦੇ ਪਿਤਾ ਦਾ ਨਾਮ ਬਾਬਾ ਸਾਧੂ ਸਿੰਘ ਸੀ।ਆਪ ਦੇ ਵਡੇਰੇ ਗੋਇੰਦਵਾਲ ਛਡ ਕੇ (ਸੰਮਤ 1818,1761 ਈ.) ਨਿਜ਼ਾਮਾਬਾਦ (ਜ਼ਿਲਾ

ਆਜ਼ਮਗੜ੍ਹ, ਯੂ.ਪੀ.) ਜਾ ਵਸੇ ਸਨ। ਇਥੇ ਹੀ ਆਪ ਦੇ ਪਿਤਾ ਜੀ ਨੇ ਆਪ ਨੂੰ ਗੁਰੂ ਜਸ ਲਿਖਣ ਦੀ ਪ੍ਰੇਰਨਾ ਦਿਤੀ। ਆਪ ਦੇ ਜੀਵਨ-ਕਾਲ ਦੇ ਵੇਰਵਿਆਂ ਬਾਰੇ ਕੋਈ ਪੁਖਤਾ ਜਾਣਕਾਰੀ ਨਹੀਂ ਮਿਲਦੀ। 'ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼' ਦਾ ਰਚਨਾਕਾਲ 1882 ਈ. ਹੈ। 'ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼' ਦੇ ਕੁਲ 51 ਅਧਿਆਇ ਤੇ 400 ਦੇ ਕਰੀਬ ਸਾਖੀਆਂ ਹਨ। ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੋਰ ਰਚਨਾਵਾਂ ਵਿਚੋਂ ਕਿਸੇ ਇਕ ਵਿਚ ਵੀ ਐਨੀਆਂ ਸਾਖੀਆਂ ਨਹੀਂ ਮਿਲਦੀਆਂ।

ਇਸ ਗ੍ਰੰਥ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸਮਾਚਾਰ ਹਨ। 'ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼' ਦਾ ਮਹਤਵਪੂਰਨ ਪਹਿਲੂ ਇਹ ਹੈ ਕਿ ਇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਿਆਈ ਤੋਂ ਲੈ ਕੇ ਜੋਤੀ-ਜੋਤਿ ਸਮਾਉਣ ਤਕ ਦੇ ਸਾਰੇ ਵੇਰਵੇ ਤਰਤੀਬ ਅਨੁਸਾਰ ਬਿਆਨ ਕੀਤੇ ਹੋਏ ਹਨ।

### ਸ੍ਰੀ ਸਰਬਲੋਹ ਗ੍ਰੰਥ

ਸ੍ਰੀ ਸਰਬਲੋਹ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੈ, ਜਿਸ ਦਾ ਪ੍ਰਕਾਸ਼ਨ 'ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਪੰਜਾਬ' ਨੇ ਸੰਨ 2000 ਵਿਚ ਕਰਵਾਇਆ। ਇਸ ਗ੍ਰੰਥ ਦੇ ਰਚਨਾ ਕਾਲ ਅਤੇ ਰਚਨਹਾਰ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ। ਪੰਜ ਅਧਿਆਇਆਂ ਵਿਚ ਵੰਡੇ ਇਸ ਗ੍ਰੰਥ ਦੀ ਪ੍ਰਧਾਨ ਭਾਸ਼ਾ ਬ੍ਰਜ ਹੈ।

# ਪੁਸਤਕ-ਸੂਚੀ

1. **ਮੁਢਲੇ ਸ੍ਰੋਤ**
   ਗੁਰਮੁਖੀ
2. **ਗੌਣ ਸ੍ਰੋਤ**
   ਪੰਜਾਬੀ/ਅੰਗਰੇਜ਼ੀ
3. **ਹਵਾਲਾ ਗ੍ਰੰਥ**
   ਪੰਜਾਬੀ/ਹਿੰਦੀ/ਅੰਗਰੇਜ਼ੀ
4. **ਪਤ੍ਰਿਕਾਵਾਂ**
   ਪੰਜਾਬੀ/ਅੰਗਰੇਜ਼ੀ

# ਮੁਢਲੇ ਸ੍ਰੋਤ

## ਪੰਜਾਬੀ


ਅਮਰ ਸਿੰਘ ਚਾਕਰ (ਸੰਪਾ.), ***ਵਾਰਾਂ ਭਾਈ ਗੁਰਦਾਸ,*** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998 (ਸਤਵੀਂ ਵਾਰ)।

***ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*** (4-ਭਾਗ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, (ਕੋਈ ਵੀ ਸੰਸਕਰਨ)।

***ਸ਼ਬਦਾਰਥ ਦਸਮ ਗ੍ਰੰਥ ਸਾਹਿਬ*** (3 ਭਾਗ), (ਸੰਪਾ.), ਭਾਈ ਰਣਧੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995 (ਤੀਜਾ ਸੰਸਕਰਣ)।

ਸਰੂਪ ਦਾਸ ਭੱਲਾ, ***ਮਹਿਮਾ ਪ੍ਰਕਾਸ਼*** (3-ਭਾਗ), (ਸੰਪਾ.), ਡਾ. ਉਤਮ ਸਿੰਘ ਭਾਟੀਆ, ਭਾਸ਼ਾ ਵਿਭਾਗ ਪੰਜਾਬ, 1999; 1999 (ਤੀਜੀ ਵਾਰ); 2003 (ਦੂਜੀ ਵਾਰ)।

***ਸਿੱਖ ਰਹਿਤ ਮਰਯਾਦਾ,*** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010.

ਸੀਹਾਂ ਉਪਲ, ***ਸਾਖੀ ਮਹਲੁ ਪਹਿਲੇ ਕੀ,*** (ਸੰਪਾ.) ਸ.ਸ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2014.

ਸੁਖਾ ਸਿੰਘ, ***ਗੁਰਬਿਲਾਸ ਪਾਤਸ਼ਾਹੀ ੧੦***, (ਸੰਪਾ.), ਡਾ. ਗੁਰਸ਼ਰਨ ਕੌਰ ਜੱਗੀ, ਭਾਸ਼ਾ ਵਿਭਾਗ, ਪਟਿਆਲਾ, 1989 (ਦੂਜੀ ਵਾਰ)।

ਸੁਮੇਰ ਸਿੰਘ, ਬਾਵਾ, ***ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼,*** (ਸੰਪਾ.), ਡਾ. ਅੱਛਰ ਸਿੰਘ ਕਾਹਲੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਸੂਰਤ ਸਿੰਘ, ***ਸਿੱਖਾਂ ਦੀ ਭਗਤਮਾਲਾ,*** (ਸੰਪਾ.) ਸ.ਸ. ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2013.

ਸੇਵਾ ਸਿੰਘ (ਭਾਈ), ***ਕਬਿਤ ਸਵਯੇ ਭਾਈ ਗੁਰਦਾਸ ਜੀ ਸਟੀਕ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2001 (ਤੀਜੀ ਵਾਰ)।

ਸੈਨਾਪਤਿ ਕਵੀ, ***ਸ੍ਰੀ ਗੁਰ ਸੋਭਾ,*** (ਸੰਪਾ.), ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990 (ਚੌਥੀ ਵਾਰ)।

ਸੰਤੋਖ ਸਿੰਘ, ਭਾਈ, ***ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ*** (14-ਭਾਗ), (ਸੰਪਾ.), ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1929.

***ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ,*** ਸ਼੍ਰੋ. ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ, ਪੰਜਾਬ, 2000.

ਕਿਰਪਾਲ ਸਿੰਘ ਤੇ ਸ਼ਮਸ਼ੇਰ ਸਿੰਘ ਅਸ਼ੋਕ, (ਸੰਪਾ.), ***ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ: ਪੋਥੀ ਮਿਹਰਬਾਨ, ਹਰਿ ਜੀ ਤੇ ਚਤੁਰਭੁਜ*** (ਪਹਿਲੀ ਤੇ ਦੂਜੀ ਸੈਂਚੀ), ਸਿੱਖ ਇਤਿਹਾਸ ਖੋਜ ਵਿਭਾਗ, ਖਾਲਸਾ ਕਾਲਜ ਅੰਮ੍ਰਿਤਸਰ, 1966; 69.

ਕੁਇਰ ਸਿੰਘ, ***ਗੁਰਬਿਲਾਸ ਪਾਤਸ਼ਾਹੀ ੧੦,*** (ਸੰਪਾ.), ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999 (ਤੀਜੀ ਵਾਰ)।

ਕੁਲਵਿੰਦਰ ਸਿੰਘ ਬਾਜਵਾ (ਸੰਪਾ.), ***ਮਹਿਮਾ ਪ੍ਰਕਾਸ਼*** *(ਵਾਰਤਕ)*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਕੇਸਰ ਸਿੰਘ ਛਿਬਰ, ***ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,*** (ਸੰਪਾ.) ਰਾਇਜਸਬੀਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001.

ਕੰਕਣ, ***ਸੰਛੇਪ ਦਸ ਗੁਰ ਕਥਾ,*** (ਸੰਪਾ.), ਡਾ. ਗੁਰਮੁਖ ਸਿੰਘ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1991.

ਗਿਆਨ ਸਿੰਘ (ਗਿ.), ***ਤਵਾਰੀਖ ਗੁਰੂ ਖਾਲਸਾ*** (I), ਭਾਸ਼ਾ ਵਿਭਾਗ, ਪੰਜਾਬ, 2011 (ਪੰਜਵੀਂ ਵਾਰ)।

– ***ਪੰਥ ਪ੍ਰਕਾਸ਼,*** ਭਾਸ਼ਾ ਵਿਭਾਗ, ਪੰਜਾਬ,1987.

ਗੰਡਾ ਸਿੰਘ (ਸੰਪਾ.), ***ਭਾਈ ਨੰਦ ਲਾਲ ਗ੍ਰੰਥਾਵਲੀ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994 (ਦੂਜੀ ਵਾਰ)।

ਜਸਬੀਰ ਸਿੰਘ ਸਾਬਰ, ਡਾ., (ਸੰਪਾ.), ***ਗਿਆਨਰਤਨਾਵਲੀ : ਜਨਮਸਾਖ਼ੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ,*** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, 1993.

ਨਵਰਤਨ ਕਪੂਰ (ਸੰਪਾ.), ***ਕੇਸ਼ੋ ਦਾਸ ਅਤੇ ਕੁਸ਼ਲ ਦਾਸ ਦੀ ਪਦਾਵਲੀ,*** ਪੰਜਾਬੀ ਐਜੂਕੇਸ਼ਨਲ ਐਂਡ ਕਲਚਰਲ ਫਾਊਂਡੇਸ਼ਨ, ਕੈਲਿਫੋਰਨੀਆ, 2011.

ਪਿਆਰ ਸਿੰਘ (ਡਾ.), (ਸੰਪਾ.), ***ਆਦਿ ਸਾਖੀਆਂ,*** ਲੋਅਰ ਮਾਲ, ਪਟਿਆਲਾ, 1969.

ਪਿਆਰਾ ਸਿੰਘ ਪਦਮ (ਸੰਪਾ.), ***ਰਹਿਤਨਾਮੇ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995 (ਛੇਵੀਂ ਵਾਰ)।

– ***ਗੁਰੂ ਕੀਆਂ ਸਾਖੀਆਂ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995 (ਤੀਜੀ ਵਾਰ)।

ਪ੍ਰੀਤਮ ਸਿੰਘ (ਪ੍ਰੋ.), ***ਸਿੱਖਾਂ ਦਾ ਛੋਟਾ ਮੇਲ: ਇਤਿਹਾਸ ਤੇ ਸਰਵੇਖਣ***, ਪੰਜਾਬੀ ਐਜੂਕੇਸ਼ਨਲ ਐਂਡ ਕਲਚਰਲ ਫਾਊਂਡੇਸ਼ਨ, ਕੈਲਿਫੋਰਨੀਆ, 2009.

ਬਦਨ ਸਿੰਘ (ਗਿਆਨੀ), ***ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ*** (ਭਾਗ ਪਹਿਲਾ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989, (ਚੌਥੀ ਵਾਰ)।

ਭਗਤ ਸਿੰਘ (ਭਾਈ), ***ਗੁਰਬਿਲਾਸ ਪਾਤਸ਼ਾਹੀ ੬,*** (ਸੰਪਾ.), ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਡਾ. ਅਮਰਜੀਤ ਸਿੰਘ, ਧਰਮ ਪ੍ਰਚਾਰ ਕਮੇਟੀ (SGPC), ਸ੍ਰੀ ਅੰਮ੍ਰਿਤਸਰ, 1998.

ਰਣਧੀਰ ਸਿੰਘ (ਸੰਪਾ.), ***ਗੁਰੁ-ਪ੍ਰਣਾਲੀਆਂ,*** ਸਿੱਖ ਇਤਿਹਾਸ ਰਿਸਰਚ ਬੋਰਡ (ਸ਼੍ਰੋ.ਗੁ.ਪ੍ਰੰ. ਕਮੇਟੀ), ਸ੍ਰੀ ਅੰਮ੍ਰਿਤਸਰ, 1977.

ਰਣਧੀਰ ਸਿੰਘ (ਸੰਪਾ.), ***ਪ੍ਰੇਮ ਸੁਮਾਰਗ ਗ੍ਰੰਥ,*** ਨਿਊ ਬੁੱਕ ਕੰਪਨੀ, ਜਲੰਧਰ, 2000 (ਤੀਜੀ ਵਾਰ)।

ਰਤਨ ਸਿੰਘ ਭੰਗੂ, ***ਸ੍ਰੀ ਗੁਰ ਪੰਥ ਪ੍ਰਕਾਸ਼,*** (ਸੰਪਾ.), ਡਾ. ਬਲਵੰਤ ਸਿੰਘ ਢਿਲੋਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਵੀਰ ਸਿੰਘ ਬਲ, ***ਸਿੰਘ ਸਾਗਰ,*** (ਸੰਪਾ.) ਡਾ. ਕ੍ਰਿਸ਼ਨਾ ਕੁਮਾਰੀ ਬਾਂਸਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

– ***ਗੁਰਕੀਰਤ ਪ੍ਰਕਾਸ਼,*** (ਸੰਪਾ.) ਡਾ. ਗੁਰਬਚਨ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਵੀਰ ਸਿੰਘ, ਭਾਈ, (ਸੰਪਾ.), ***ਸਿਖਾਂ ਦੀ ਭਗਤਮਾਲਾ,*** ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1996 (ਛੇਵੀਂ ਵਾਰ)।

– ***ਪੁਰਾਤਨ ਜਨਮਸਾਖੀ;*** ਸਾਹਿਤ ਸਦਨ, ਨਵੀਂ ਦਿੱਲੀ, 1996 (ਛੇਵੀਂ ਵਾਰ)।

– ***ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*** (ਪੋਥੀ ਪਹਿਲੀ), (ਸੰਪਾ.) ਡਾ. ਬਲਬੀਰ ਸਿੰਘ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1993 (ਪੰਜਵੀਂ ਵਾਰ)।

## ਗੌਣ ਸ੍ਰੋਤ

ਊਧਮ ਸਿੰਘ (ਗਿਆਨੀ), ***ਸੱਚਾ ਗੁਰੂ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005 (ਸਤਵੀਂ ਵਾਰ)।

ਅਜਮੇਰ ਸਿੰਘ, ***ਕਿਸ ਬਿਧ ਰੁਲੀ ਪਾਤਸ਼ਾਹੀ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007.

ਇੰਦੂਭੂਸ਼ਨ ਬੈਨਰਜੀ, ***ਖਾਲਸੇ ਦੀ ਉਤਪਤੀ*** (ਪੰਜਾਬੀ ਅਨੁ.), (ਜਿਲਦ ਪਹਿਲੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਈਸ਼ਰ ਸਿੰਘ ਨਾਰਾ, ***ਪੰਥਕ ਮੁਕੱਦਮਾ,*** (ਲੇਖਕ ਖੁਦ), ਦਿੱਲੀ, 1984.

ਸਾਹਿਬ ਸਿੰਘ (ਪ੍ਰੋ.), ***ਗੁਰਬਾਣੀ ਤੇ ਇਤਿਹਾਸ ਬਾਰੇ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2002 (ਨੌਵੀਂ ਵਾਰ)।

– ***ਆਦਿ ਬੀੜ ਬਾਰੇ,*** ਭਾਸ਼ਾ ਵਿਭਾਗ, ਪੰਜਾਬ, 1999 (ਤੀਜੀ ਵਾਰ)।

– ***ਗੁਰ-ਇਤਿਹਾਸ (ਪਾਤਸ਼ਾਹੀ ੨ ਤੋਂ ੯),*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006 (ਚੌਥੀ ਵਾਰ)।

ਸੁਖਬੀਰ ਸਿੰਘ, ***ਤੇਜ ਧਾਰਕ ਗੁਰੂ ਖਾਲਸਾ ਪੰਥ,*** ਗੁਰੁਦੀਪਕੁ ਪ੍ਰਕਾਸ਼ਨ, ਪਟਿਆਲਾ, 1986.

ਸੁਰਿੰਦਰ ਸਿੰਘ ਕੋਹਲੀ (ਡਾ.), ***ਗੁਰਮਤਿ ਮਾਰਗ,*** ਅਕੈਡਮੀ ਆਫ ਸਿੱਖ ਰਿਲੈਜਨ ਐਂਡ ਕਲਚਰ, ਪਟਿਆਲਾ, 1988.

ਸੁਰਜੀਤ ਸਿੰਘ, ***ਪੰਜਾਬ ਦੇ ਸ਼ਹਿਰਾਂ ਦਾ ਵਿਕਾਸ,*** ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1986.

ਸਤਿਬੀਰ ਸਿੰਘ, ***ਗੁਰ ਭਾਰੀ: ਜੀਵਨੀ ਗੁਰੂ ਹਰਿਗੋਬਿੰਦ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998 (ਸਤਵੀਂ ਵਾਰ)।

***ਸਿਮ੍ਰਤੀ ਗ੍ਰੰਥ,*** ਅਦੁੱਤੀ ਗੁਰਮਤਿ ਸੰਮੇਲਨ, ਜਵੱਦੀ ਟਕਸਾਲ, ਲੁਧਿਆਣਾ, 2009.

ਸੇਵਾ ਸਿੰਘ (ਭਾਈ), ***ਗੁਰੂ ਪਦ ਨਿਰਣਯ,*** ਖਾਲਸਾ ਸਮਾਚਾਰ, ਅੰਮ੍ਰਿਤਸਰ, 1932 (ਤੀਜੀ ਵਾਰ)।

ਸ਼ੇਰ ਸਿੰਘ (ਡਾ.), ***ਜਪੁਜੀ ਦਰਸ਼ਨ,*** ਲਾਹੌਰ ਬੁਕ ਸ਼ਾਪ, ਲੁਧਿਆਣਾ, 1969.

– ***ਗੁਰਮਤਿ ਦਰਸ਼ਨ,*** ਧਰਮ ਪ੍ਰਚਾਰ ਦਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998.

ਹਰਚੰਦ ਸਿੰਘ ਬੇਦੀ (ਸੰਪਾ.), ***ਡਾ. ਗੰਡਾ ਸਿੰਘ ਦੀ ਸਿੱਖ ਇਤਿਹਾਸ ਸਰੋਤ ਪੁਸਤਕ,*** ਖਾਲਸਾ ਕਾਲਜ, ਅੰਮ੍ਰਿਤਸਰ, 2000.

ਹਰਿਬੰਸ ਸਿੰਘ (ਗਿ.), ***ਸਮਰਥ ਗੁਰੂ,*** ਗੁਰਬਾਣੀ ਸੇਵਾ ਪ੍ਰਕਾਸ਼ਨ, ਪਟਿਆਲਾ, 1998.

ਹਰਿੰਦਰ ਸਿੰਘ ਮਹਿਬੂਬ (ਪ੍ਰੋ.), ***ਸਹਿਜੇ ਰਚਿਓ ਖਾਲਸਾ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004 (ਤੀਜੀ ਵਾਰ)।

ਹਰਿਭਜਨ ਸਿੰਘ (ਡਾ.), ***ਅਧਿਐਨ ਅਤੇ ਅਧਿਆਪਨ,*** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2010 (ਦੂਜੀ ਵਾਰ)।

ਹਰਿਭਜਨ ਸਿੰਘ (ਪ੍ਰਿੰ.), ***ਗੁਰਬਾਣੀ ਸੰਪਾਦਨ ਨਿਰਣੈ,*** ਸਤਿਨਾਮ ਪ੍ਰਕਾਸ਼ਨ, ਚੰਡੀਗੜ੍ਹ, 1989.

– ***ਗੁਰਮਤਿ ਵਿਆਖਿਆਨ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1985 (ਤੀਜੀ ਵਾਰ)।

ਕਰਤਾਰ ਸਿੰਘ (ਡਾ.), ***ਗੁਰਬਾਣੀ ਗੁਰੂ ਕਿਵੇਂ ਹੈ?,*** ਗੁਰੂ ਨਾਨਕ ਪ੍ਰਚਾਰ ਸੈਂਟਰ, ਲਾਹੌਰ, (ਮਿਤੀਹੀਣ) (ਟ੍ਰੈਕਟ)।

ਕਾਲਾ ਸਿੰਘ ਬੇਦੀ (ਡਾ.), ***ਗੁਰੂ ਨਾਨਕ ਸ਼ਬਦ ਰਤਨਾਕਰ,*** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1920 (ਦੂਜੀ ਵਾਰ)।

ਕਿਰਪਾਲ ਸਿੰਘ (ਡਾ.), ***ਸਿੱਖ ਇਤਿਹਾਸ ਦੇ ਖੋਜ ਨਿਬੰਧ,*** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2002.

ਕ੍ਰਿਪਾਲ ਸਿੰਘ (ਗਿ.), ***ਸਿੱਖ ਮਤ ਦਰਸ਼ਨ,*** ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1998.

ਗੁਰਬਖਸ਼ ਸਿੰਘ (ਡਾ.) (ਅਨੁ. ਤੇ ਸੰਪਾ.), ***ਮਸਤੀ ਦਾ ਨਮਾਜ਼ੀ: ਗੁਰੂ ਬਾਬਾ ਨਾਨਕ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999 (ਦੂਜੀ ਵਾਰ)।

ਗੁਰਮੁਖ ਸਿੰਘ (ਸੰਪਾ.), ***ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.

ਗੁਰਦਿੱਤ ਸਿੰਘ (ਗਿ.), ***ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ*** (ਭਾਗ ਦੂਜਾ), ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ, 2002 (ਦੂਜੀ ਵਾਰ)।

ਗੁਲਜ਼ਾਰ ਸਿੰਘ ਕੰਗ, ***ਸ਼ਬਦ: ਅਨੁਭਵ ਤੇ ਦਰਸ਼ਨ,*** ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ, 2014 (ਦੂਜੀ ਵਾਰ)।

ਗੋਕਲ ਚੰਦ ਨਾਰੰਗ, ***ਸਿੱਖ ਮਤ ਦਾ ਪਰਿਵਰਤਨ*** (ਪੰਜਾਬੀ ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

ਗੰਗਾ ਸਿੰਘ (ਪ੍ਰਿੰ.), ***ਸਿੱਖ ਧਰਮ ਫਿਲਾਸਫੀ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1998 (ਦੂਜੀ ਵਾਰ)।

ਜਸਮੇਲ ਸਿੰਘ, ***ਗੁਰ ਦਾ ਸੰਕਲਪ,*** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011.

ਜਗਜੀਤ ਸਿੰਘ, ***ਸਿੱਖ ਇਨਕਲਾਬ,*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002.

ਜਗਬੀਰ ਸਿੰਘ (ਡਾ.), ***ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਜੇ. ਐਸ. ਗਰੇਵਾਲ ਅਤੇ ਇੰਦੂ ਬਾਂਗਾ (ਸੰਪਾ.), ***ਖਾਲਸਾ: ਇਤਿਹਾਸ ਅਤੇ ਵਿਚਾਰਧਾਰਾ,*** (ਅਨੁ.) ਡਾ. ਜਗਬੀਰ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002.

ਜੋਗਿੰਦਰ ਸਿੰਘ (ਪ੍ਰੋ.), ***ਗੁਰੂ ਪ੍ਰੰਪਰਾ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ,*** ਸੁੰਦਰ ਸਰੂਪ ਪ੍ਰਕਾਸ਼ਨ, ਨਵੀਂ ਦਿੱਲੀ, 2000.

ਜੋਗਿੰਦਰ ਸਿੰਘ ਤਲਵਾੜਾ, ***ਗੁਰੂ ਅੰਗਦ ਦੀਅਉ ਨਿਧਾਨੁ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਜੋਧ ਸਿੰਘ (ਭਾਈ), ***ਗੁਰਮਤਿ ਨਿਰਣਯ,*** (ਲੇਖਕ ਖੁਦ), ਅੰਮ੍ਰਿਤਸਰ, 1932.

– ***ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

ਤਾਰਨ ਸਿੰਘ (ਡਾ.), ***ਭਗਤੀ ਤੇ ਸ਼ਕਤੀ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1996 (ਦੂਜੀ ਵਾਰ)।

– ***ਸਿੱਖ, ਸਿੱਖੀ ਅਤੇ ਸਿਧਾਂਤ,*** (ਸੰਪਾ.) ਪ੍ਰਿੰ. ਸਤਿਬੀਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2007 (ਚੌਥੀ ਵਾਰ)।

– ***ਸ੍ਰੀ ਗੁਰੂ ਅੰਗਦ ਦੇਵ ਜੀ ਦਾ ਆਤਮਕ ਦਰਸ਼ਨ,*** ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013 (ਟ੍ਰੈਕਟ)।

ਦਰਸ਼ਨ ਸਿੰਘ, ***ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999 (ਤੀਜੀ ਵਾਰ)।

ਦਰਸ਼ਨ ਸਿੰਘ (ਡਾ.), ***ਭਾਈ ਗੁਰਦਾਸ: ਸਿੱਖੀ ਦੇ ਪਹਿਲੇ ਵਿਆਖਿਆਕਾਰ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997 (ਦੂਜੀ ਵਾਰ)।

ਦੇਵਿੰਦਰ ਸਿੰਘ ਵਿਦਿਆਰਥੀ (ਸੰਪਾ.), ***ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ,*** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1983.

ਨਰਿੰਦਰ ਕੌਰ ਭਾਟੀਆ (ਡਾ.) ਅਤੇ ਜਸਵਿੰਦਰ ਕੌਰ ਢਿਲੋਂ (ਡਾ.), ***ਪ੍ਰਮੁੱਖ ਸਿੱਖ ਸੰਸਥਾਵਾਂ,*** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2005.

ਨਰੈਣ ਸਿੰਘ, ***ਗੁਰਮਤ ਅਨੁਸਾਰ ਗੁਰੂ ਕੌਣ ਹੈ*** (ਅੰਕ ੳ), ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1966 (ਟ੍ਰੈਕਟ)।

– ***ਗੁਰੂ ਬਾਣੀ ਅਤੇ ਭਗਤ ਬਾਣੀ***, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1985 (ਟ੍ਰੈਕਟ)।

ਪਿਆਰ ਸਿੰਘ (ਸੰਪਾ.), ***ਭਾਈ ਜੋਧ ਸਿੰਘ ਗੱਦ ਸੌਰਭ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਪਿਆਰਾ ਸਿੰਘ ਪਦਮ, ***ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*** ਕਲਮ ਮੰਦਿਰ, ਪਟਿਆਲਾ, 1990 (ਦੂਜੀ ਵਾਰ)।

– ***ਗੁਰੂ ਨਾਨਕ ਸਾਗਰ,*** ਕਲਮ ਮੰਦਰ, ਪਟਿਆਲਾ, 1993.

ਪੂਰਨ ਸਿੰਘ (ਪ੍ਰੋ.), ***ਸਿੱਖੀ ਦੀ ਆਤਮਾ,*** (ਅਨੁ.) ਕਿਰਪਾਲ ਸਿੰਘ ਕਸੇਲ, ਲਾਹੌਰ ਬੁਕ ਸ਼ਾਪ, ਲੁਧਿਆਣਾ, 2002.

ਪ੍ਰੀਤਮ ਸਿੰਘ (ਡਾ.), ***ਗੁਰੂ ਨਾਨਕ ਵਿਚਾਰ ਅਧਿਐਨ,*** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੧੯੬੯.

– ***ਸਿੱਖ ਵਿਚਾਧਾਰਾ,*** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2003 (ਛੇਵੀਂ ਵਾਰ)।

ਬਲਕਾਰ ਸਿੰਘ (ਡਾ.) (ਸੰਪਾ.), ***ਗੁਰੂ ਨਾਨਕ ਚਿੰਤਨ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ 1985.

– ***ਸ਼ਬਦ-ਗੁਰੂ ਦਾ ਸਿੱਖ ਸਿਧਾਂਤ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਬਲਬੀਰ ਸਿੰਘ, ***ਸੁਰਤਿ ਸ਼ਬਦ ਵਿਚਾਰ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995 (ਤੀਜੀ ਵਾਰ)।

ਭਗਤ ਸਿੰਘ ਹੀਰਾ, ***ਗੁਰੂ ਮਾਨਿਯੋ ਗ੍ਰੰਥ,*** ਨੈਸ਼ਨਲ ਬੁਕ ਸ਼ਾਪ, ਦਿੱਲੀ, 1992 (ਦੂਜੀ ਵਾਰ)।

ਭਗਤ ਸਿੰਘ (ਗਿਆਨੀ), ***ਕਥਾ ਉਪਦੇਸ਼ ਸਾਗਰ,*** ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2002 (ਪੰਜਵੀਂ ਵਾਰ)।

ਰਣਧੀਰ ਸਿੰਘ (ਭਾਈ), ***ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤਪ੍ਰਸਤੀ ਹੈ?,*** ਭਾਈ ਸਾਹਿਬ ਭਾਈ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, 2004 (ਬਾਰਵੀਂ ਵਾਰ)।

ਰਤਨ ਸਿੰਘ ਜੱਗੀ (ਡਾ.), ***ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

– ***ਗੁਰੂ ਨਾਨਕ ਦੀ ਵਿਚਾਰਧਾਰਾ,*** ਨਵਯੁਗ ਪਬਲਿਸ਼ਰਜ਼, ਦਿੱਲੀ, 1969.

– ***ਸ੍ਰੀ ਗੁਰੂ ਗ੍ਰੰਥ ਸਾਹਿਬ: ਸਾਧਨਾ ਦਾ ਸਰੂਪ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਰਾਜਿੰਦਰ ਸਿੰਘ (ਡਾ.), ***ਸ੍ਰੀ ਗੁਰੂ ਗ੍ਰੰਥ ਸਾਹਿਬ ਜੀ: ਗੁਰਿਆਈ ਨਿਰਣਯ,*** ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, 2008.

ਰਾਜਿੰਦਰ ਕੌਰ ਰੋਹੀ (ਡਾ.), ***ਸ੍ਰੀ ਗੁਰੂ ਗ੍ਰੰਥ ਸਾਹਿਬ: ਅਧਿਆਤਮ ਤੇ ਵਿਵਹਾਰ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਵੀਰ ਸਿੰਘ (ਭਾਈ), ***ਅਮਰ ਲੇਖ*** (ਭਾਗ-1), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2011 (ਛੇਵੀਂ ਵਾਰ)।

**ਅੰਗਰੇਜ਼ੀ**

A.C. Banerjee, ***Guru Nanak to Guru Gobind Singh***, Rajesh Publishers, New Delhi, 1978.

Arnold Toynbee, ***An Historian's Approach to Religion***, OXFORD University Press, London, 1956.

Darshan Singh (Dr.), ***Western Perspective on the Sikh Religion,*** Singh Brothers, Amritsar, 2004 (II edition).

Denial Gold, ***The Lord as Guru***, Oxford University, Press, New York, 1987.

Ethne K Marenco, ***The Transformation of Sikh Society,*** Heritage Publishers, New Delhi, 1976.

Ganda Singh, ***Guru Gobind Singh's Death at Nanded: An Examination of Succession Theories,*** Guru Nanak Foundation, Bathinda, 1971.

Gurbachan Singh Talib, ***Guru Nanak : His Personality and Vision,*** Guru Das kapur & sons (P) Ltd., Delhi, (no date).

Gurdev Singh Justice (ed.), ***Perspectives on the Sikh Tradition,*** Singh Brothers. 1996 (II edition).

Harbans Singh, ***Guru Nanak and Origins of The Sikh Faith,*** Asia Publishing House, Bombay, 1969.

H.A. Rose, ***A Glossary of the Tribes and Castes of the Punjab and North West Frontier Province*** (Vol. III), Language Department, (Punjab.) Patiala, 1970.

H.S Soch & Madanjit Kaur, ***Guru Nanak: Ideals and Institutions,*** Guru Nanak Dev University, Amritsar, 1998.

Jasbir Singh Ahluwalia, ***The Sovereignty of the Sikh Doctrine,*** Singh Brothers, Amritsar, 2006 (II edition).

J.D. Cunnigham, ***A History of the Sikhs,*** S. Chand & Co., Delhi, 1975 (II edition).

Joachim Wach, ***Types of Religious Experience (Christian and Non-Christian),*** University Press, Chicago, 1951.

Joginder Singh Rekhi, ***A Study Of Sikh Institutions : Practices and Outlook*** (Unpublished Ph.D. Thesis), Department of History, Punjabi University, Patiala.

J.S. Grewal, ***Guru Nanak in History***, Punjab University, Chandigarh, 1969.

J.S. Grewal, ***The Sikhs of the Punjab,*** Foundation Books, New Delhi, 1997 (III edition).

J.S. Neki (ed.), ***Guru Granth Sahib and its Context,*** Bhai Vir Singh Sahitya Sadan, New Delhi, 2007.

Kapur Singh, ***Parasaraprasna : The Baisakhi of Guru Gobind Singh***, (eds.). Piar Singh and Madanjit Kaur, Guru Nanak Dev University, Amritsar, 2001 (III edition).

- ***Sikhism for Modern Man***, Guru Nanak Dev University, Amritsar, 2006 (V edition).

Niharanjan Ray, ***The Sikh Gurus and the Sikh Society,*** Punjabi University, Patiala, 1970.

Pashaura Singh and Louis E. Fenech (eds.), ***The Oxford Handbook of Sikh Studies,*** Oxford University Press, Delhi, 2014.

Puran Singh (Prof.), ***Spirit Of The Sikh*** (vol.II, part II), Punjabi University, Patiala, 2004.

Teja Singh, ***Growth of Responsibility in Sikhism,*** Forward Printers & Publishers, Bombay, 1948 (VI edition).

- ***Sikhism: Its Ideals and Institutions***, Khalsa Brothers, Amritsar, 1970 (V edition)

Wilfred Contwell Smith, ***What is Scripture?,*** Fortran, Minneapolis, 1993.

W.H Mcleod, ***The Evolution of the Sikh Community,*** Oxford University Press, Delhi, 1975.

W. Owen Cole, ***The Guru in Sikhism***, The Anchor Press Ltd., London,1981.

W. Owen Cole & Piara Singh Sambhi, ***The Sikhs : Their Religious Beliefs and Practices,*** Vikas Publishing House Pvt. Ltd., New Delhi, 1978.

## ਹਵਾਲਾ ਗ੍ਰੰਥ

ਅਮਰ ਸਿੰਘ (ਸੰਪਾ.), ***ਤੁਕ-ਤਤਕਰਾ: ਸ੍ਰੀ ਗੁਰੂ ਗ੍ਰੰਥ ਸਾਹਿਬ,*** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1999.

ਕਾਨ੍ਹ ਸਿੰਘ ਨਾਭਾ, ***ਗੁਰੁਮਤ ਮਾਰਤੰਡ*** (ਪੋਥੀ ਪਹਿਲੀ), ਸ਼੍ਰੋ.ਗੁ.ਪ੍ਰੰ.ਕਮੇਟੀ, 1995.

– ***ਮਹਾਨ ਕੋਸ਼,*** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1999 (ਛੇਵੀਂ ਵਾਰ)।

ਜੀ.ਐਸ. ਰਿਆਲ, (ਸੰਪਾ.), ***ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.

ਪਰਕਾਸ਼ ਸਿੰਘ ਜੰਮੂ (ਸੰਪਾ.), ***ਸਮਾਜ ਵਿਗਿਆਨ ਦਾ ਵਿਸ਼ਾ-ਕੋਸ਼,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.

ਭਗਵੰਤ ਸਿੰਘ ਹਰੀ ਜੀ ਨਾਭਾ (ਸੰਪਾ.), ***ਦਸਮ ਗ੍ਰੰਥ ਤੁਕ ਤਤਕਰਾ*** (ਦੋ ਭਾਗ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.

ਰਛਪਾਲ ਸਿੰਘ ਗਿਲ (ਸੰਪਾ.), ***ਪੰਜਾਬੀ ਵਿਸ਼ਵਕੋਸ਼,*** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989.

ਰਤਨ ਸਿੰਘ ਜੱਗੀ (ਸੰਪਾ.), ***ਸਾਹਿੱਤ ਕੋਸ਼: ਪਾਰਿਭਾਸ਼ਿਕ ਸ਼ਬਦਾਵਲੀ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.

– ***ਸਿੱਖ ਪੰਥ ਵਿਸ਼ਵਕੋਸ਼*** (ਦੋ ਭਾਗ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005.

ਵੀਰ ਸਿੰਘ (ਸੰਪਾ.), ***ਸ੍ਰੀ ਗੁਰੂ ਗ੍ਰੰਥ ਕੋਸ਼,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003 (ਸਤਵੀਂ ਵਾਰ)।

## ਅੰਗਰੇਜ਼ੀ

C.T. Oniens (ed.), ***The Oxford Universal Dictionary,*** Oxford University Press, London, 1955.

David B. Guralink (ed.), ***Webster's New World Dictionary,*** Amerind Publishing Co. Pvt. Ltd., New Delhi 1972.

David L. Siclls (ed.), ***International Encyclopedia of the Social Sciences*** (Vol.14), The Macmillan Company and The Free Press, USA, 1968.

Frederic Pincot , 'Sikhism', ***Dictionary of Islam,*** (ed.) Thomas Patrick Hugher, New Delhi, 1982.

Julius Gould, William L. Kollo (eds.), ***A Dictionary of Social Sciences,*** The Free Press, U.S.A., 1965.

## ਹਿੰਦੀ

रामचन्द्र वर्मा (आचार्य), (संपा.), ***लोकभारती बहुत प्रामाणिक हिन्दी कोश,*** लोकभारती, इलाहाबाद, 2004(दु.संस.)।

## ਪਤ੍ਰਿਕਾਵਾਂ

***ਨਾਨਕ ਪ੍ਰਕਾਸ਼ ਪਤ੍ਰਿੱਕਾ***

ਜਨਵਰੀ - ਜੂਨ 1983 ; ਦਸੰਬਰ 1988; ਜੂਨ 1990; ਦਸੰਬਰ 1991; ਦਸੰਬਰ 1999 ; ਜੂਨ 2003; ਜੂਨ 2004; ਜੂਨ 2006 ; ਦਸੰਬਰ 2007; ਜੂਨ 2008.

***ਖੋਜ ਪਤ੍ਰਿਕਾ***

ਨਵੰਬਰ 1969 ; ਸਤੰਬਰ 1985 ; ਸਤੰਬਰ 1998 ; ਮਾਰਚ 2004.

***ਪੰਜਾਬੀ ਦੁਨੀਆ***

ਜੂਨ-ਅਕਤੂਬਰ 2003.

***ਗੁਰਮਤਿ ਪ੍ਰਕਾਸ਼***

ਅਗਸਤ 1991; ਨਵੰਬਰ 1991; ਜੁਲਾਈ 1994 ; ਜੁਲਾਈ 1997 ; ਸਤੰਬਰ 2000 ; ਸਤੰਬਰ 2004 ; ਫਰਵਰੀ 2009 ; ਅਕਤੂਬਰ 2012.

***ਸਿੰਘ ਸਭਾ ਪਤ੍ਰਿਕਾ***

ਅਪ੍ਰੈਲ 1975; ਅਗਸਤ 1980; ਸਤੰਬਰ 2004.

***The Panjab Past and Present***

Vol.I, Part-I-II – 1967 ; Vol.III, 1969.

***Journal of Sikh Studies***

Feb. 1987

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਤੇਜਿੰਦਰ ਪਾਲ ਸਿੰਘ ਨੇ ***ਸਿੱਖ ਧਰਮ ਵਿਚ ਗੁਰੂ-ਸੰਸਥਾ : ਸਿਧਾਂਤਕ ਤੇ ਇਤਿਹਾਸਕ ਪਰਿਪੇਖ*** ਵਿਸ਼ੇ ਉਤੇ ਪੀਐਚ.ਡੀ. ਦਾ ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਖੋਜਾਰਥੀ ਨੇ ਆਪਣੀ ਮਿਹਨਤ ਸਦਕਾ ਇਹ ਮੌਲਿਕ ਰਚਨਾ ਕੀਤੀ ਹੈ। ਮੈਂ ਇਸ ਕਾਰਜ ਨੂੰ ਪੀਐਚ.ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦਾ ਹੋਇਆ ਮੁਲੰਕਣ ਲਈ ਪੇਸ਼ ਕਰਨ ਦੀ ਸਿਫਾਰਸ਼ ਕਰਦਾ ਹਾਂ।

ਅਗਸਤ, 2014

ਡਾ. ਦਰਸ਼ਨ ਸਿੰਘ
(ਰਿਟਾ. ਪ੍ਰੋ.)
ਧਰਮ ਅਧਿਐਨ ਵਿਭਾਗ

# ਅਧਿਆਇ ਪਹਿਲਾ

# ਸਿੱਖ ਧਰਮ ਵਿਚ ਗੁਰੂ: ਅਰਥ, ਪਰਿਭਾਸ਼ਾ ਅਤੇ ਸਰੂਪ


**ਗੁਰੂ: ਅਰਥ, ਪਰਿਭਾਸ਼ਾ ਤੇ ਸਰੂਪ**

**1.1 ਗੁਰੂ: ਅਰਥ** - 4-14

1.1.1 ਗੁਰੂ: ਵਿਆਕਰਨਕ ਰੂਪ

(ੳ) ਗੁਰੂ

(ਅ) ਸਤਿਗੁਰੂ

1.1.2 ਗੁਰੂ: ਸਮਾਨਰਥਕ ਸ਼ਬਦ

(ੳ) ਗੁਰੂ: ਵਿਵਿਧ ਰੂਪ

1.1.3 ਗੁਰੂ: ਸਮਾਸੀ ਤੇ ਵਿਆਕਰਨਕ ਰੂਪ

**1.2 ਗੁਰੂ: ਪਰਿਭਾਸ਼ਾ** - 14-19

**1.3 ਗੁਰੂ: ਸਰੂਪ** - 19-30

1.3.1 ਗੁਰੂ ਨਾਨਕ ਦੇਵ ਜੀ ਦਾ ਗੁਰੂ

1.3.2 ਗੁਰੂ ਨਾਨਕ ਦੇਵ: ਅਵਤਾਰ/ ਮਨੁਖ

ਧਰਮਾਂ ਦੇ ਇਤਿਹਾਸਕ ਅਧਿਐਨ ਤੋਂ ਸਿਧ ਹੁੰਦਾ ਹੈ ਕਿ ਲਗਪਗ ਹਰੇਕ ਧਰਮ ਦਾ ਆਰੰਭ ਕਿਸੇ 'ਵਿਅਕਤੀਗਤ ਸ਼ਖਸੀਅਤ' ਦੁਆਰਾ ਹੁੰਦਾ ਹੈ, ਜਿਹੜੀ ਕਿਸੇ ਸਥਾਪਿਤ ਧਰਮ ਦੇ ਸੁਧਾਰ ਜਾਂ ਫਿਰ ਮੌਲਿਕ ਅਨੁਭਵ ਅਤੇ ਉਦੇਸ਼ ਲੈ ਕੇ ਪ੍ਰਗਟ ਹੁੰਦੀ ਹੈ। ਇਹ 'ਸ਼ਖਸੀਅਤ' ਅਸਾਧਾਰਣ ਹੋਣ ਕਾਰਨ ਲੋਕ-ਮਾਨਸਿਕਤਾ ਉਤੇ ਬਹੁਤ ਪ੍ਰਭਾਵ ਪਾਉਂਦੀ ਹੈ। ਧਾਰਮਿਕ ਚਿੰਤਨ ਵਿਚ ਇਸ 'ਸ਼ਖਸੀਅਤ' ਨੂੰ ਅਨੇਕ ਨਾਮ ਦਿਤੇ ਗਏ ਹਨ, ਮਿਸਾਲ ਵਜੋਂ, ਮੈਕਸ ਵੈਬਰ ਇਸ ਨੂੰ 'ਕਰਿਜ਼ਮੈਟਿਕ' (Charismatic) ਕਹਿੰਦਾ ਹੈ, ਐਮਿਲ ਦੁਰਖੀਮ ਇਸ ਨੂੰ 'ਪਵਿੱਤਰ' (Sacred) ਦੀ ਸੰਗਿਆ ਦਿੰਦਾ ਹੈ ਅਤੇ ਰੁਡਾਲਫ ਆਟੋ ਇਸ ਨੂੰ 'ਪਾਵਨ' (Holy) ਵਜੋਂ ਸਵੀਕਾਰ ਕਰਦਾ ਹੈ। ਮੈਕਸ ਵੈਬਰ ਅਨੁਸਾਰ ਇਹ ਇਕ ਅਜਿਹੀ ਸ਼ਖਸੀਅਤ ਹੈ, ਜਿਸ ਨੂੰ ਸਾਧਾਰਨ ਲੋਕਾਂ ਨਾਲੋਂ ਵਖਰਾ ਦਰਸਾਇਆ ਜਾ ਸਕਦਾ ਹੈ। ਇਹ ਸ਼ਖਸੀਅਤ ਦੈਵੀ ਗੁਣਾਂ ਨਾਲ ਭਰਪੂਰ ਹੁੰਦੀ ਹੈ, ਜਿਸ ਕਾਰਨ ਇਸ ਨੂੰ ਆਦਰਸ਼/ਆਗੂ ਵਜੋਂ ਪ੍ਰਵਾਨ ਕੀਤਾ ਜਾਂਦਾ ਹੈ।

ਉਕਤ ਸੰਦਰਭ ਵਿਚ ਹਰੇਕ ਧਰਮ ਦਾ ਆਪਣਾ ਆਗੂ ਹੁੰਦਾ ਹੈ, ਜਿਵੇਂ ਜੈਨ ਧਰਮ ਵਿਚ ਇਹ ਸਥਾਨ ਤੀਰਥੰਕਰ ਨੂੰ ਪ੍ਰਾਪਤ ਹੈ, ਹਿੰਦੂ ਧਰਮ ਵਿਚ ਅਵਤਾਰਾਂ ਦੀ ਮਾਣਤਾ ਹੈ, ਬੁਧ ਧਰਮ ਵਿਚ ਮਹਾਤਮਾ ਬੁਧ ਹਨ, ਸਾਮੀ ਪਰੰਪਰਾ ਵਿਚ ਪੈਗੰਬਰ ਹੋਏ ਹਨ, ਇਸੇ ਤਰ੍ਹਾਂ ਸਿੱਖ ਧਰਮ ਵਿਚ ਅਜਿਹਾ ਪਦ ਗੁਰੂ ਸਾਹਿਬਾਨ ਲਈ ਰਾਖਵਾਂ ਹੈ।

ਸਿੱਖ ਪਰੰਪਰਾ ਵਿਚ ਸਿੱਖ ਪੰਥ ਨੂੰ 'ਤੀਸਰ ਪੰਥ'[1] ਦੀ ਸੰਗਿਆ ਦਿਤੀ ਗਈ ਹੈ। ਸਿੱਖ ਧਰਮ, ਦਸ ਗੁਰੂ ਸਾਹਿਬਾਨ ਦੇ ਅਧਿਆਤਮਿਕ ਅਨੁਭਵ ਦੁਆਰਾ ਸਥਾਪਿਤ ਹੋਇਆ ਧਰਮ ਹੈ, ਜਿਸ ਦਾ ਉਦੇਸ਼ ਮਨੁਖਤਾ ਨੂੰ ਸੰਸਾਰ ਸਾਗਰ ਤੋਂ ਪਾਰ ਉਤਾਰਨਾ ਹੈ।[2] ਗੁਰਬਾਣੀ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਰਹਸਮਈ ਅਨੁਭਵ ਵਿਚੋਂ ਸਿੱਖ ਧਰਮ ਪ੍ਰਗਟ ਹੁੰਦਾ ਹੈ:

*ਹਉ ਢਾਢੀ ਵੇਕਾਰੁ ਕਾਰੈ ਲਾਇਆ॥*
*ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥*

---

[1] *ਗੁਰਬਰ ਅਕਾਲ ਕੇ ਹੁਕਮ ਸਿਓ ਉਪਜਿਓ ਬਿਗਿਆਨਾ। ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ।...*
*ਇਉਂ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ। 'ਭਾਈ ਗੁਰਦਾਸ ਦੂਜੇ ਦੀ ਵਾਰ'.*

[2] *ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮਹਲਾ ੧, ੪੬੫.

*ਢਾਢੀ ਸਚੈ ਮਹਲਿ ਖਸਮਿ ਬੁਲਾਇਆ॥*

*ਸਚੀ ਸਿਫਤਿ ਸਾਲਾਹ ਕਪੜਾ ਪਾਇਆ॥*

*ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥*

*ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥*

*ਢਾਢੀ ਕਰੇ ਪਸਾਉ ਸਬਦੁ ਵਜਾਇਆ॥*

*ਨਾਨਕ ਸਚੁ ਸਾਲਾਹਿ ਪੂਰਾ ਪਾਇਆ॥*[3]

ਭਾਈ ਗੁਰਦਾਸ ਜੀ 'ਸਿੱਖ ਧਰਮ' ਦਾ ਆਗਮਨ ਪਰਮਾਤਮਾ ਦੀ 'ਬਖਸ਼ਿਸ਼' ਸਮਝਦੇ ਹਨ:

*ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਂ ਦੇ ਫਿਰਿ ਘਾਲਿ ਕਮਾਈ॥*[4]

ਸਿੱਖ ਧਰਮ ਵਿਚ 'ਗੁਰੂ' ਦਾ ਕੇਂਦਰੀ ਸਥਾਨ ਹੈ। ਇਸ ਦੇ ਸਿਧਾਂਤਕ ਅਤੇ ਵਿਹਾਰਕ ਪਖ ਦਾ ਮਹਤਵਪੂਰਨ ਅੰਗ 'ਗੁਰੂ' ਹੈ। ਇਸ ਤੋਂ ਬਿਨਾਂ ਸਿੱਖ ਧਰਮ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗੁਰਮਤਿ ਅਨੁਸਾਰ 'ਗੁਰੂ', ਸਮੇਂ-ਸਥਾਨ ਅਤੇ ਕਾਰਨ-ਕਾਰਜ ਵਿਚ ਬਝਾ ਕੋਈ ਸੰਸਾਰਕ ਵਿਅਕਤੀ ਨਹੀਂ, ਬਲਕਿ ਉਹ ਤਾਂ ਪਰਮਾਤਮਾ ਦੀ 'ਜੋਤਿ' ਦਾ ਪ੍ਰਗਟ ਰੂਪ ਹੈ, ਇਕ ਰਬੀ ਕਰਾਮਾਤ ਹੈ। 'ਗੁਰੂ' ਐਨਾ ਮਹਾਨ ਹੈ ਕਿ ਪਰਮਾਤਮਾ ਦੀਆਂ ਸਾਰੀਆਂ ਦੈਵੀ ਸ਼ਕਤੀਆਂ ਇਸ ਵਿਚ ਸ਼ਾਮਿਲ ਹਨ। ਇਸੇ ਲਈ ਸਿੱਖ ਵਿਚਾਰਧਾਰਾ ਅਨੁਸਾਰ ਸਭ ਸ਼ਕਤੀਆਂ ਦਾ ਪ੍ਰਤੀਨਿਧ 'ਗੁਰੂ' ਹੀ ਹੈ।[5] 'ਗੁਰੂ' ਪਰਮਾਤਮਾ ਵਲੋਂ ਸੰਸਾਰ ਦੇ ਕਲਿਆਣ ਹਿਤ ਨਿਯਤ ਕੀਤਾ ਹੋਇਆ ਇਕ 'ਬਸੀਠ' (ਵਕੀਲ) ਹੈ, ਜਿਹੜਾ ਸੰਸਾਰ ਵਿਚ ਵਿਛੜਿਆਂ ਨੂੰ ਮਿਲਾਉਂਦਾ ਹੈ।[6] 'ਗੁਰੂ' ਰਬੀ ਅਜ਼ਮਤ ਹੋਣ ਕਾਰਨ, ਇਸ ਨੂੰ ਸਮਝਣਾ ਬਹੁਤ ਮੁਸ਼ਕਿਲ ਕਾਰਜ ਹੈ।

---

[3] ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰ ਮਾਝ ਮਹਲਾ ੧,੧੫੦.
[4] *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ – ੧/੨੪.
[5] *ਗੁਰਮੁਖਿ ਨਾਦੰ ਗੁਰਮਖਿ ਵੇਦੰ ਗੁਰਮੁਖਿ ਰਹਿਆ ਸਮਾਈ॥*
*ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ੨.
[6] *ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥* ਉਹੀ, ਰਾਮਕਲੀ ਕੀ ਵਾਰ ਮਹਲਾ ੫, ੯੫੭.

ਭਾਰਤੀ ਪਰੰਪਰਾ ਵਿਚ ਵਿਚਾਰ ਪ੍ਰਚਲਤ ਹੈ ਕਿ ਜਦੋਂ-ਜਦੋਂ ਧਰਤੀ ਉਤੇ ਧਰਮ ਦੀ ਹਾਨੀ ਹੁੰਦੀ ਹੈ, ਉਸ ਸਮੇਂ ਭਟਕੀ ਲੋਕਾਈ ਨੂੰ ਮੁੜ ਰਸਤਾ ਦਿਖਾ ਕੇ ਧਰਮ ਪ੍ਰਗਟ ਕਰਨ ਲਈ ਪਰਮਾਤਮਾ ਅਵਤਾਰ ਧਾਰਦਾ ਹੈ:

*यदा यदा हि धर्मस्य ग्लानिर्भवति भारत।*
*अभ्युत्थानमधर्मस्य तदात्मानं सृजाम्यहम्।।७।।*[7]

ਉਕਤ ਪ੍ਰਸੰਗ ਵਿਚ ਗੁਰਮਤਿ ਦਾ ਦ੍ਰਿਸ਼ਟੀਕੋਣ ਪੂਰੀ ਤਰ੍ਹਾਂ ਵਖਰਾ ਹੈ। ਗੁਰਮਤਿ ਅਨੁਸਾਰ ਅਕਾਲਪੁਰਖ 'ਅਜੂਨੀ' ਹੈ, ਜਿਹੜਾ ਕੋਈ ਅਵਤਾਰ ਨਹੀਂ ਧਾਰਦਾ। ਅਜਿਹੇ ਸਮੇਂ ਜਦੋਂ ਲੋਕ ਧਰਮ ਦਾ ਰਾਹ ਛਡ ਦਿੰਦੇ ਹਨ, ਤਾਂ ਪਰਮਾਤਮਾ ਦੇ 'ਹੁਕਮ' ਵਿਚ 'ਗੁਰੂ' ਪ੍ਰਗਟ ਹੁੰਦਾ ਹੈ। ਇਸ ਪ੍ਰਥਾਇ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜਗਤ ਵਿਚ ਜਿਸ ਸਮੇਂ ਪਾਪ ਵਰਤ ਗਿਆ, ਦਇਆ ਮੁਕ ਗਈ ਅਤੇ ਧਰਮ ਦੀ ਹਾਨੀ ਹੋ ਗਈ[8] ਤਾਂ ਦਾਤਾਰ ਪ੍ਰਭੂ ਨੇ ਦੀਨ-ਦੁਖੀਆਂ ਦੀ ਪੁਕਾਰ ਸੁਣ ਕੇ ਗੁਰੂ ਨਾਨਕ ਦੇਵ ਜੀ ਨੂੰ ਧਰਤੀ ਉਤੇ ਭੇਜਿਆ:

*ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ॥*[9]

ਗੁਰੂ ਨਾਨਕ ਦੇਵ ਜੀ 'ਆਦਿ ਗੁਰੂ' ਦੇ ਰੂਪ ਵਿਚ 'ਪਾਰਬ੍ਰਹਮ ਪਰਮੇਸਰ' ਤੋਂ 'ਗੁਰ ਪਰਮੇਸਰ' ਹੋ ਕੇ ਅਵਤ੍ਰਿਤ ਹੁੰਦੇ ਹਨ। ਗੁਰਬਾਣੀ ਵਿਚ 'ਗੁਰੂ' ਸ਼ਬਦ ਦੀ ਵਰਤੋਂ ਗੁਰੂ ਅਤੇ ਪਰਮਾਤਮਾ ਲਈ, ਵਖੋ-ਵਖਰੀ ਅਤੇ ਸਾਂਝੇ ਰੂਪ ਵਿਚ ਵੀ ਹੋਈ ਹੈ।[10] ਗੁਰੂ ਸਾਹਿਬਾਨ ਨਿਰਗੁਣ ਰੂਪ ਵਿਚ ਅਕਾਲਪੁਰਖ ਪਰਮਾਤਮਾ ਨਾਲ ਇਕ-ਮਿਕ ਹਨ, ਪਰੰਤੂ ਉਨ੍ਹਾਂ ਦਾ ਇਤਿਹਾਸਕ ਪ੍ਰਗਟਾਅ ਸਰਗੁਣ ਸਰੂਪ ਦਾ ਲਖਾਇਕ ਹੈ।

---

[7] *श्रीमद्भगवदगीता,* अध्या. ४.

[8] *ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ॥*
*ਵਰਤਿਆ ਪਾਪੁ ਜਗਤ੍ਰਿ ਤੇ ਧਉਲੁ ਉਡੀਣਾ ਨਿਸਿਦਿਨਿ ਰੋਆ॥*
*ਬਾਝੁ ਦਇਆ ਬਲਹੀਣ ਹੋਉ ਨਿਘਰੁ ਚਲੌ ਰਸਾਤਲਿ ਟੋਆ॥*
*ਖੜਾ ਇਕਤੇ ਪੈਰਿ ਤੇ ਪਾਪ ਸੰਗਿ ਬਹੁ ਭਾਰਾ ਹੋਆ॥*
*ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ॥...ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ - ੧/੨੨.

[9] *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ - ੧/੨੩ ; ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਜਗਤ ਵਿਚ ਆਉਣ ਦਾ ਪ੍ਰਯੋਜਨ ਦਸਿਆ ਹੈ: *ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥ ਜਹਾ ਤਹਾ ਤੁਮ ਧਰਮ ਬਿਥਾਰੋ॥ ਦੁਸਟ ਦੋਖਯਨਿ ਪਕਰਿ ਪਛਾਰੋ॥ ਸ਼ਬਦਾਰਥ ਦਸਮ ਗ੍ਰੰਥ ਸਾਹਿਬ*, ਪੰਨਾ 74.

[10] *ਗੁਰੁ ਪਰਮੇਸਰੁ ਏਕੋ ਜਾਣੁ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਮਹਲਾ ੫, ੮੬੪.

ਮਨੁਖ ਦੀ ਇਸ ਧਰਤੀ ਉਤੇ ਆਮਦ ਕਿਸੇ ਖਾਸ ਮੰਤਵ ਦੀ ਪ੍ਰਾਪਤੀ ਹਿਤ ਹੋਈ ਹੈ[11], ਜਿਸ ਲਈ ਗੁਰੂ ਦੀ ਲੋੜ ਉਤੇ ਬਹੁਤ ਜ਼ੋਰ ਦਿਤਾ ਗਿਆ ਹੈ।[12] ਗੁਰੂ ਦੀ ਸੁਯੋਗ ਅਗਵਾਈ ਵਿਚ ਸਿੱਖ ਆਪਣੀ ਮੰਜ਼ਿਲ ਤਕ ਸਹਿਜੇ ਹੀ ਪਹੁੰਚ ਸਕਦਾ ਹੈ।

ਹਥਲਾ ਅਧਿਆਇ ਸਮੁਚੇ ਖੋਜ-ਕਾਰਜ ਦੀ ਪਿਠ-ਭੂਮੀ ਵਜੋਂ ਹੈ। ਇਸ ਵਿਚ ਉਨ੍ਹਾਂ ਕੁਝ ਸਿਧਾਂਤਕ ਪਖਾਂ ਨੂੰ ਨਿਸ਼ਾਨਦੇਹ ਕਰਨ ਦਾ ਜਤਨ ਕੀਤਾ ਗਿਆ ਹੈ, ਜਿਨ੍ਹਾਂ ਦੇ ਅਧਾਰ ਉਤੇ ਗੁਰੂ-ਸੰਸਥਾ ਦੇ ਸਿਧਾਂਤ ਤੇ ਇਤਿਹਾਸ ਨੂੰ ਸਮਝਣ ਵਿਚ ਮਦਦ ਮਿਲੇਗੀ। ਇਸ ਵਿਚ ਗੁਰੂ ਦੇ ਵਿਆਕਰਨਕ ਰੂਪਾਂ, ਸ਼ਾਬਦਿਕ ਅਰਥਾਂ ਅਤੇ ਇਸ ਖੇਤਰ ਦੇ ਸੰਬੰਧਿਤ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਦੇ ਹਵਾਲੇ ਨਾਲ ਸਿੱਖ ਧਰਮ ਦੇ ਕੇਂਦਰੀ ਤਤ ਗੁਰੂ-ਸਰੂਪ ਦੇ ਬੁਨਿਆਦੀ ਪਹਿਲੂਆਂ ਨੂੰ ਪਛਾਣਨ ਦੀ ਕੋਸ਼ਿਸ਼ ਕੀਤੀ ਗਈ ਹੈ।

## 1.1 ਗੁਰੂ: ਅਰਥ

ਭਾਈ ਕਾਨ੍ਹ ਸਿੰਘ ਅਨੁਸਾਰ 'ਗੁਰੂ' ਪਦ ਦੇ ਅਰਥ ਹਨ: ਹਨੇ੍ਰਾ ਦੂਰ ਕਰਕੇ ਰੌਸ਼ਨੀ (ਪ੍ਰਕਾਸ਼) ਕਰਨ ਵਾਲਾ। ਭਾਈ ਸਾਹਿਬ ਅਨੁਸਾਰ, "ਗੁਰੂ ਸ਼ਬਦ ਗ੍ਰੀ (ਗ੍ਰ) ਧਾਤੂ ਤੋਂ ਬਣਿਆ ਹੈ, ਜਿਸ ਦੇ ਅਰਥ ਹਨ: ਨਿਗਲਣਾ ਅਤੇ ਸਮਝਾਉਣਾ। ਜੋ ਅਗਯਾਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤਗਯਾਨ ਸਮਝਾਉਂਦਾ ਹੈ, ਉਹ ਗੁਰੂ ਹੈ।"[13] ਉਨ੍ਹਾਂ ਦਾ ਮਤ ਹੈ ਕਿ ਗੁਰਬਾਣੀ ਵਿਚ ਗੁਰ, ਗੁਰੁ ਅਤੇ ਗੁਰੂ ਸ਼ਬਦ ਇਕੋ ਹੀ ਅਰਥ ਵਿਚ ਆਏ ਹਨ।[14]

### 1.1.1 ਗੁਰੂ: ਵਿਆਕਰਨਕ ਰੂਪ

ਭਾਈ ਕਾਨ੍ਹ ਸਿੰਘ ਦੇ ਉਕਤ ਇਸ਼ਾਰੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਗੁਰੂ' ਪਦ ਦੋ ਰੂਪਾਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ- ਗੁਰੂ ਅਤੇ ਸਤਿਗੁਰੂ। ਇਨ੍ਹਾਂ ਦੋਹਾਂ ਰੂਪਾਂ ਵਿਚਾਲੇ ਕੀ ਕੋਈ ਅਰਥ-ਭੇਦ ਹੈ?, ਇਸ ਤਥ ਦਾ ਨਿਰਨਾ ਕਰਨ ਲਈ ਸਾਨੂੰ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ 'ਗੁਰੂ' ਪਦ ਦੇ ਵਖੋ-ਵਖ ਵਿਆਕਰਨਕ ਰੂਪਾਂ ਨੂੰ ਵੇਖਣ ਦੀ ਲੋੜ ਹੈ:

---

[11] *ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮਹਲਾ ੫, ੩੭੮.

[12] *ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥*
*ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥* ਉਹੀ, ਆਸਾ ਮਹਲਾ ੧, ੪੬੬.

[13] *ਮਹਾਨ ਕੋਸ਼*, ਪੰਨਾ 415.

[14] *ਉਹੀ.*

**(ੳ) ਗੁਰੂ:** ਗੁਰ[15], ਗੁਰਾ[16], ਗੁਰਿ[17], ਗੁਰੁ[18], ਗੁਰੂ[19], ਗੁਰਏ[20], ਗੁਰਹਿ[21], ਗੁਰੰ[22], ਗੁਰ ਸਤਿਗੁਰ[23], ਆਦਿ।

**(ਅ) ਸਤਿਗੁਰੂ:** ਸਤਗੁਰ[24], ਸਤਗੁਰੁ[25], ਸਤਗੁਰੂ[26], ਸਤਗੁਰੈ[27], ਸਤਿਗੁਰ[28], ਸਤਿਗੁਰਿ[29], ਸਤਿਗੁਰੁ[30], ਸਤਿਗੁਰੂ[31], ਆਦਿ।

### 1.1.2 ਗੁਰੂ: ਸਮਾਨਰਥਕ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਗੁਰੂ' ਪਦ ਦੇ ਅਨੇਕ ਸਮਾਨਰਥੀ ਸ਼ਬਦ ਮਿਲਦੇ ਹਨ, ਜਿਵੇਂ: ਗੁਰਦੇਵ[32], ਗੋਬਿੰਦ[33], ਗੋਵਿੰਦ[34], ਗੋਪਾਲ[35], ਗੁਰਦੇਉ[36], ਭਗਵੰਤੁ[37], ਨਾਰਾਇਣੁ[38], ਪੁਰਖੁ ਪੂਰਾ[39], ਗੋਸਾਈ[40], ਭਗਵਾਨੁ[41], ਪੀਰ[42], ਪਰਮੇਸਰੁ[43], ਪਾਰਬ੍ਰਹਮ[44], ਆਦਿ।

---

[15] *ਨਾਨਕ ਸੋਧੇ ਸਿੰਮ੍ਰਿਤਿ ਬੇਦ॥ ਪਾਰਬ੍ਰਹਮ **ਗੁਰ** ਨਾਹੀ ਭੇਦ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੁ ਭੈਰਉ ਮਹਲਾ ੫, ੧੧੪੨.
[16] ***ਗੁਰਾ** ਇਕ ਦੇਹਿ ਬੁਝਾਈ॥* ਉਹੀ, ਜਪੁ, ੨.
[17] *ਤੀਰਥੁ ਹਮਰਾ ਹਰਿ ਕੋ ਨਾਮੁ॥ **ਗੁਰਿ** ਉਪਦੇਸਿਆ ਤਤੁ ਗਿਆਨ॥* ਉਹੀ, ਭੈਰਉ ਮਹਲਾ ੫, ੧੧੪੨.
[18] *ਸੁਖ ਸਾਗਰੁ **ਗੁਰੁ** ਪਾਇਆ॥ ਤਾ ਸਹਸਾ ਸਗਲ ਮਿਟਾਇਆ॥* ਉਹੀ, ਸੋਰਠਿ ਮਹਲਾ ੫, ੬੨੬.
[19] *ਅਪਨਾ **ਗੁਰੂ** ਧਿਆਏ॥ ਮਿਲਿ ਕੁਸਲ ਸੇਤੀ ਘਰਿ ਆਏ॥* ਉਹੀ, ੬੨੭.
[20] *ਆਦਿ **ਗੁਰਏ** ਨਮਹ॥* ਉਹੀ, ਗਉੜੀ ਸੁਖਮਨੀ ਮਹਲਾ ੫, ੨੬੨.
[21] ***ਗੁਰਹਿ** ਦਿਖਾਇਓ ਲੋਇਨਾ॥* ਉਹੀ, ਸਲੋਕ ਸਹਸਕ੍ਰਿਤੀ ਮਹਲਾ ੫, ੪੦੭.
[22] *ਤਵ ਪ੍ਰਸਾਦਿ ਸਿਮਰਤੇ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ **ਗੁਰੰ**॥* ਉਹੀ, ਗਉੜੀ ਕੀ ਵਾਰ ਮਹਲਾ ੪, ੧੩੫੬.
[23] ***ਗੁਰ ਸਤਿਗੁਰ** ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥* ਉਹੀ, ਸਿਰੀਰਾਗੁ ਮਹਲਾ ੩, ੩੦੫.
[24] ***ਸਤਗੁਰ** ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥* ਉਹੀ, ਸਿਰੀਰਾਗੁ ਮਹਲਾ ੧, ੨੭.
[25] ***ਸਤਗੁਰੁ** ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ॥* ਉਹੀ, ਸਿਰੀਰਾਗੁ ਮਹਲਾ ੧, ੨੧.
[26] ***ਸਤਗੁਰੂ** ਕਿਆ ਫਿਟਕਿਆ ਮੰਗਿ ਥਕੇ ਸੰਸਾਰਿ॥* ਉਹੀ, ਸਿਰੀਰਾਗੁ ਮਹਲਾ ੩, ੨੯.
[27] *ਹਉ ਜਾਇ ਪੁਛਾ ਅਪਨੇ **ਸਤਗੁਰੈ** ਗੁਰ ਪੁਛਿ ਮਨੁ ਮੁਗਧੁ ਸਮਝਾਵਾ॥* ਉਹੀ, ਵਡਹੰਸ ਮਹਲਾ ੪, ੫੬੧.
[28] ***ਸਤਿਗੁਰ** ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ॥* ਉਹੀ, ਆਸਾ ਮਹਲਾ ੩, ੪੪੦.
[29] ***ਸਤਿਗੁਰਿ** ਮਿਲਿਐ ਵਡੀ ਵਡਿਆਈ॥* ਉਹੀ, ਬਿਲਾਵਲੁ ਮਹਲਾ ੩, ੮੩੩.
[30] ***ਸਤਿਗੁਰੁ** ਮੇਰਾ ਸਰਬ ਪ੍ਰਤਿਪਾਲੈ॥ ਸਤਿਗੁਰੁ ਮੇਰਾ ਮਾਰਿ ਜੀਵਾਲੈ॥* ਉਹੀ, ਭੈਰਉ ਮਹਲਾ ੫, ੧੧੪੨.
[31] *ਹੋਹੁ ਨਿਮਾਣਾ **ਸਤਿਗੁਰੂ** ਅਗੈ ਮਤ ਕਿਛੁ ਆਪੁ ਲਖਾਵਹੇ॥* ਉਹੀ, ਆਸਾ ਮਹਲਾ ੩, ੪੪੦-੪੧.
[32] *ਮੇਰੇ ਮੀਤ **ਗੁਰਦੇਵ** ਮੋਕਉ ਰਾਮ ਨਾਮੁ ਪਰਗਾਸਿ॥* ਉਹੀ, ਰਾਗੁ ਗੁਜਰੀ ਮਹਲਾ ੪, ੧੦.
[33] *ਗੁਰ **ਗੋਬਿੰਦ** ਗੋਪਾਲ ਗੁਰ ਗੁਰ ਪੂਰਨ ਨਾਰਾਇਣਹ॥* ਉਹੀ, ਜੈਤਸਰੀ ਮਹਲਾ ੫, ੭੧੦.
[34] *ਇਹ ਪਰਤੀਤਿ **ਗੋਵਿੰਦ** ਕੀ ਜਪਿ ਹਰਿ ਸੁਖੁ ਪਾਇਆ॥* ਉਹੀ, ਰਾਗੁ ਬਿਲਾਵਲ ਮਹਲਾ ੫, ੮੧੨.
[35] *ਗੁਰੁ ਗੋਬਿੰਦ ਗੁਰੁ **ਗੋਪਾਲ**॥* ਉਹੀ, ਰਾਗੁ ਗੋਂਡ ਮਹਲਾ ੫, ੮੬੯.
[36] *ਸਫਲ ਮੂਰਤਿ **ਗੁਰਦੇਉ** ਸੁਆਮੀ ਸਰਬ ਕਲਾ ਭਰਪੂਰੇ॥* ਉਹੀ, ਰਾਗੁ ਬਿਲਾਵਲ ਮਹਲਾ ੫, ੮੦੨.
[37] *ਗੁਰੁ ਮੇਰਾ ਪਾਰਬ੍ਰਹਮੁ ਗੁਰੁ **ਭਗਵੰਤੁ**॥* ਉਹੀ, ਰਾਗੁ ਗੋਂਡ ਮਹਲਾ ੫, ੮੬੪.
[38] *ਗੁਰੁ **ਨਾਰਾਇਣੁ** ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ॥* ਉਹੀ, ਰਾਗੁ ਗਉੜੀ ਮਾਝ ਮਹਲਾ ੫, ੨੧੮.
[39] *ਗੁਰੁ **ਪੁਰਖੁ ਪੂਰਾ** ਭੇਟਿਆ ਹਰਿ ਸਜਣੁ ਲਧੜਾ ਨਾਲਿ॥* ਉਹੀ, ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ, ੨੩੫.
[40] *ਹੁਣਿ ਪਾਇਆ ਗੁਰੁ **ਗੋਸਾਈ**॥* ਉਹੀ, ਰਾਗੁ ਰਾਮਕਲੀ ਮਹਲਾ ੫, ੮੮੬.
[41] *ਗੁਰੁ ਗੋਪਾਲ ਪੁਰਖੁ **ਭਗਵਾਨੁ**॥* ਉਹੀ, ਰਾਗੁ ਗੋਂਡ ਮਹਲਾ ੫, ੮੬੪.
[42] *ਗੁਰੁ **ਪੀਰ** ਮਿਲਿ ਖੁਦਿ ਖਸਮੁ ਪਛਾਨਾ॥* ਉਹੀ, ਭੈਰਉ ਮਹਲਾ ੫, ੧੧੩੬.
[43] *ਸਤਿ ਪੁਰਖੁ ਸਤਿਗੁਰੁ **ਪਰਮੇਸਰੁ** ਜਿਸੁ ਭੇਟਤ ਪਾਰਿ ਪਰਾਇਣਾ॥* ਉਹੀ, ਮਾਰੂ ਸੋਲਹੇ ਮਹਲਾ ੫, ੧੦੭੮.
[44] *ਗੁਰੁ **ਪਾਰਬ੍ਰਹਮ** ਅਗੋਚਰੁ ਸੋਈ॥* ਉਹੀ, ੧੦੭੮.

### (ੳ) ਗੁਰੂ: ਵਿਵਿਧ ਰੂਪ

ਗੁਰਬਾਣੀ ਵਿਚ 'ਗੁਰੂ' ਪਦ ਦੇ ਅਨੇਕ ਪ੍ਰਤੀਕਾਤਮਿਕ ਵਿਵਿਧ ਰੂਪ ਮਿਲਦੇ ਹਨ, ਜਿਵੇਂ: ਸਿਰੰਦਾ[45], ਸਰਵਰੁ[46], ਦਾਤਾ[47], ਬੋਹਿਥੁ/ ਬੇੜੀ/ ਤੁਲਹਾ[48], ਰਖਵਾਲਾ[49], ਸਮੁੰਦੁ[50], ਅੰਮ੍ਰਿਤ ਸਰਿ[51], ਪਉੜੀ[52], ਗਿਆਨੁ ਰਤਨੁ[53], ਪਾਰਸੁ[54], ਗਿਆਨ ਅੰਜਨਿ[55], ਤੀਰਥੁ[56], ਸਾਇਰੁ[57], ਕੁੰਜੀ[58], ਧਰਤੀ[59], ਹਿਵੈ/ਦੀਪਕ[60], ਦਰੀਆਉ[61], ਜਹਾਜੁ[62], ਦੇਵਾ[63], ਸਰਾਫੁ[64] ਅਤੇ ਸਾਜਨੁ[65], ਆਦਿ।

## 1.1.3 ਗੁਰੂ: ਸਮਾਸੀ ਤੇ ਵਿਆਕਰਨਕ ਰੂਪ

ਗੁਰਬਾਣੀ ਵਿਚ ਕਈ ਪ੍ਰਕਾਰ ਦੇ ਗੁਰੂ ਸ਼ਬਦ ਤੋਂ ਬਣੇ ਸਮਾਸੀ ਅਤੇ ਵਿਆਕਰਨਕ ਰੂਪਾਂ ਦੀ ਵਰਤੋਂ ਹੋਈ ਹੈ, ਜਿਵੇਂ: ਗੁਰ ਉਪਦੇਸਿ [66], ਗੁਰ ਸੰਗਤਿ[67], ਗੁਰ ਸਬਦ[68], ਗੁਰ ਸਬਦਿ[69], ਗੁਰ ਸਬਦੀ [70], ਗੁਰ ਸਬਦੀਂ [71],

---

[45] *ਸਤਿਗੁਰੁ ਵੇਪਰਵਾਹੁ **ਸਿਰੰਦਾ**॥ ਨਾ ਜਮ ਕਾਣਿ ਨਾ ਛੰਦਾ ਬੰਦਾ॥* ਉਹੀ, ਮਾਰੂ ਸੋਲਹੇ ਮਹਲਾ ੫, ੧੦੨੪.

[46] *ਗੁਰੁ **ਸਰਵਰੁ** ਹਮ ਹੰਸ ਪਿਆਰੇ॥* ਉਹੀ, ਮਾਰੂ ਸੋਲਹੇ ਮਹਲਾ ੧, ੧੦੨੭.

[47] *ਸਤਿਗੁਰੁ **ਦਾਤਾ** ਮੁਕਤਿ ਕਰਾਏ॥* ਉਹੀ, ਮਾਰੂ ਸੋਲਹੇ ਮਹਲਾ ੧, ੧੦੨੮.

[48] *ਗੁਰੁ **ਬੋਹਿਥੁ** ਗੁਰੁ **ਬੇੜੀ ਤੁਲਹਾ** ਮਨ ਹਰਿ ਜਪਿ ਪਾਰਿ ਲੰਘਾਇਆ॥* ਉਹੀ, ਮਾਰੂ ਸੋਲਹੇ ਮਹਲਾ ੧, ੧੦੪੦.

[49] *ਨਿਰਭਉ ਸਤਿਗੁਰੁ ਹੈ **ਰਖਵਾਲਾ**॥* ਉਹੀ, ਮਾਰੂ ਸੋਲਹੇ ਮਹਲਾ ੧, ੧੦੪੨.

[50] *ਸੇਵਹੁ ਸਤਿਗੁਰ **ਸਮੁੰਦੁ** ਅਥਾਹਾ॥* ਉਹੀ, ਮਾਰੂ ਸੋਲਹੇ ਮਹਲਾ ੧, ੧੦੪੩.

[51] *ਬਿਖਿਆ ਮਲੁ ਜਾਇ **ਅੰਮ੍ਰਿਤ ਸਰਿ** ਨਾਵਹੁ ਗੁਰ ਸਰ ਸੰਤੋਖੁ ਪਾਇਆ॥* ਉਹੀ, ਮਾਰੂ ਸੋਲਹੇ ਮਹਲਾ ੧ ੧੦੪੩.

[52] *ਹੇਕੋ ਪਾਧਰੁ ਹੇਕੁ ਦਰੁ ਗੁਰ **ਪਉੜੀ** ਨਿਜ ਥਾਨੁ॥* ਉਹੀ, ਵਾਰ ਮਲਾਰ ਕੀ ਮਹਲਾ ੧, ੧੨੭੯.

[53] *ਸਤਿਗੁਰ **ਗਿਆਨੁ ਰਤਨੁ** ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ॥* ਉਹੀ, ਮਾਰੂ ਸੋਲਹੇ ਮਹਲਾ ੫, ੧੦੬੯.

[54] *ਪਾਰਸੁ ਜਬ ਭੇਟੈ ਗੁਰੁ ਪੂਰਾ ਤਾ **ਪਾਰਸੁ** ਪਰਸਿ ਦਿਖਾਇਣਾ॥* ਉਹੀ, ਮਾਰੂ ਸੋਲਹੇ ਮਹਲਾ ੫,  ੧੦੭੮.

[55] *ਗੁਰ **ਗਿਆਨ ਅੰਜਨਿ** ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ॥* ਉਹੀ, ਮਾਰੂ ਸੋਲਹੇ ਮਹਲਾ ੫, ੧੦੭੯.

[56] *ਗੁਰੁ ਸਰੁ ਸਾਗਰੁ ਬੋਹਿਥੋ ਗੁਰੁ **ਤੀਰਥੁ** ਦਰੀਆਉ॥* ਉਹੀ, ਰਾਗੁ ਸਿਰੀਰਾਗੁ ਮਹਲਾ ੧, ੧੭.

[57] *ਗੁਰੁ **ਸਾਇਰੁ** ਸਤਿਗੁਰੁ ਸਚੁ ਸੋਇ॥* ਉਹੀ, ਰਾਗੁ ਆਸਾ ਮਹਲਾ ੩, ੩੬੩.

[58] *ਗੁਰੁ **ਕੁੰਜੀ** ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥* ਉਹੀ, ਸਲੋਕ ਮਹਲਾ ੨ ਸਾਰੰਗ ਕੀ ਵਾਰ, ੧੨੩੭.

[59] *ਸਤਿਗੁਰੁ **ਧਰਤੀ** ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ॥* ਉਹੀ, ਸਲੋਕ ਮ:੪ ਗਉੜੀ ਕੀ ਵਾਰ, ੩੦੨.

[60] *ਗੁਰੁ ਦਾਤਾ ਗੁਰੁ **ਹਿਵੈ** ਘਰੁ ਗੁਰੁ **ਦੀਪਕ** ਤਿਹ ਲੋਇ॥* ਉਹੀ, ਵਾਰ ਮਾਝ ਕੀ ਤਥਾ ਸਲੋਕ ਮਹਲਾ ੧, ੧੩੭.

[61] *ਗੁਰੁ **ਦਰੀਆਉ** ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ॥* ਉਹੀ, ਰਾਗੁ ਪ੍ਰਭਾਤੀ ਮਹਲਾ ੧, ੧੩੨੯.

[62] *ਗੁਰੁ **ਜਹਾਜੁ** ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ॥* ਉਹੀ, ਸਵਈਏ ਮਹਲੇ ਚਉਥੇ ਕੇ, ੧੪੦੧.

[63] *ਗੁਰੁ **ਦੇਵਾ** ਗੁਰੁ ਅਲਖ ਅਭੇਵਾ ਤ੍ਰਿਭਵਣ ਸੋਝੀ ਗੁਰ ਕੀ ਸੇਵਾ॥* ਉਹੀ, ਰਾਗੁ ਭੈਰਉ ਮਹਲਾ ੧, ੧੧੨੫.

[64] *ਸਤਿਗੁਰੁ **ਸਰਾਫੁ** ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ॥* ਉਹੀ, ਰਾਮਕਲੀ ਕੀ ਵਾਰ ਮਹਲਾ ੫, ੯੬੦.

[65] *ਸਤਿਗੁਰੁ **ਸਾਜਨੁ** ਪੁਰਖੁ ਵਡ ਪਾਇਆ ਹਰਿ ਰਸਕਿ ਰਸਕਿ ਫਲਿ ਲਾਗਿਬਾ॥* ਉਹੀ, ਜੈਤਸਰੀ ਮਹਲਾ ੪, ੬੯੭.

[66] ***ਗੁਰ ਉਪਦੇਸਿ** ਜਪੀਐ ਮਨਿ ਸਾਚਾ॥ ਗੁਰ ਉਪਦੇਸਿ ਰਾਮ ਰੰਗ ਰਾਚਾ॥* ਉਹੀ, ਮਾਰੂ ਸੋਲਹੇ ਮਹਲਾ ੫, ੧੦੭੭.

[67] *ਆਤਮੁ ਚੀਨਿ ਪਰਾਤਮੁ ਚੀਨਹੁ **ਗੁਰ ਸੰਗਤਿ** ਇਹੁ ਨਿਸਤਾਰਾ ਹੇ॥* ਉਹੀ, ਮਾਰੂ ਸੋਲਹੇ ਮਹਲਾ ੫, ੧੦੩੦.

[68] *ਸਚਿ ਰਤੇ **ਗੁਰ ਸਬਦ** ਸਿਉ ਤਿਨ ਸਚੀ ਸਦਾ ਲਿਵ ਹੋਇ॥* ਉਹੀ, ਸਿਰੀਰਾਗੁ ਕੀ ਵਾਰ ਮਹਲਾ ੪, ੮੮.

[69] *ਦੂਜਾ ਭਰਮੁ **ਗੁਰ ਸਬਦਿ** ਜਲਾਏ॥* ਉਹੀ, ਰਾਗੁ ਮਾਝ ਮਹਲਾ ੩, ੧੧੫.

[70] *ਗੁਰਮੁਖਾ ਕੇ ਮੁਖ ਉਜਲੇ **ਗੁਰ ਸਬਦੀ** ਬੀਚਾਰਿ॥* ਉਹੀ, ਸਿਰੀਰਾਗੁ ਮਹਲਾ ੩, ੩0.

[71] *ਜਗੁ ਖੋਟੌ ਸਚੁ ਨਿਰਮਲੌ **ਗੁਰ ਸਬਦੀਂ** ਵੀਚਾਰਿ॥* ਉਹੀ, ਰਾਗੁ ਪ੍ਰਭਾਤੀ ਬਿਭਾਸ ਮਹਲਾ ੧, ੧੩੩੧.

ਗੁਰ ਸਬਦੁ,[72] ਗੁਰ ਸਬਦੇ,[73] ਗੁਰ ਸਬਦੈ,[74] ਗੁਰ ਸਭਾ,[75] ਗੁਰ ਸਰਣਾਈ,[76] ਗੁਰ ਸਰਣੀ,[77] ਗੁਰ ਸਾਖੀ,[78] ਗੁਰਸਿਖ,[79] ਗੁਰਸਿਖਹੁ,[80] ਗੁਰਸਿਖਾ,[81] ਗੁਰਸਿਖਾਂ,[82] ਗੁਰਸਿਖੀ,[83] ਗੁਰਸਿਖੀਂ,[84] ਗੁਰਸਿਖੁ,[85] ਗੁਰ ਸੇਵਕ,[86] ਗੁਰਹ,[87] ਗੁਰ ਹਰਿ,[88] ਗੁਰ ਹਾਈ,[89] ਗੁਰ ਕਥਾ,[90] ਗੁਰ ਕਰਣੀ,[91] ਗੁਰ ਚਰਣ,[92] ਗੁਰ ਚਰਣਿ,[93] ਗੁਰ ਕੀ ਚਰਣੀ,[94] ਗੁਰ ਚਰਨ,[95] ਗੁਰ ਚਰਨਨ,[96] ਗੁਰ ਚਰਨਾ,[97] ਗੁਰ ਚਰਨੀ[98], ਗੁਰ ਜੋਤਿ[99], ਗੁਰ ਦਰਸਨੁ[100], ਗੁਰ ਦਰਸੁ[101], ਗੁਰੁ ਦਾਤਾ[102], ਗੁਰਦੁਆਰਿ[103],

---

72 ***ਗੁਰ ਸਬਦੁ*** *ਵੀਚਾਰਹਿ ਰਹਹਿ ਨਿਰਾਰੇ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਸੋਲਹੇ ਮਹਲਾ ੧, ੧੦੩੯.

73 ***ਗੁਰ ਸਬਦੇ*** *ਰਾਤਾ ਸਹਜੇ ਮਾਤਾ ਨਾਮੁ ਮਨਿ ਵਸਾਏ॥* ਉਹੀ, ਰਾਗੁ ਸੂਹੀ ਮਹਲਾ ੩, ੭੭੧.

74 *ਬਿਨੁ* ***ਗੁਰ ਸਬਦੈ*** *ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ॥* ਉਹੀ, ਮਾਰੂ ਸੋਲਹੇ ਮਹਲਾ ੧, ੧੦੨੪.

75 ***ਗੁਰ ਸਭਾ*** *ਏਵ ਨ ਪਾਈਐ ਨਾ ਨੇੜੈ ਨਾ ਦੂਰਿ॥* ਉਹੀ, ਮ:੩ ਸਿਰੀਰਾਗੁ ਕੀ ਵਾਰ ਮਹਲਾ ੪ ਸਲੋਕਾ ਨਾਲਿ, ੮੪.

76 *ਹਰਿ* ***ਗੁਰ ਸਰਣਾਈ*** *ਪਾਈਐ ਵਣਜਾਰਿਆ ਮਿਤ੍ਰਾ ਵਡਭਾਗਿ ਪਰਾਪਤਿ ਹੋਇ॥* ਉਹੀ, ਸਿਰੀਰਾਗ ਮਹਲਾ ੪, ੮੧.

77 *ਸਗਲ ਤਿਆਗਿ* ***ਗੁਰ ਸਰਣੀ*** *ਆਇਆ ਰਾਖਹੁ ਰਾਖਨਹਾਰੇ॥* ਉਹੀ, ਸੂਹੀ ਮਹਲਾ ੫, ੭੫੦.

78 ***ਗੁਰ ਸਾਖੀ*** *ਜੋਤਿ ਪਰਗਟੁ ਹੋਇ॥* ਉਹੀ, ਰਾਗੁ ਧਨਾਸਰੀ ਮਹਲਾ ੧, ੬੬੩.

79 *ਸਤਿਗੁਰ ਪ੍ਰੀਤਿ* ***ਗੁਰਸਿਖ*** *ਮੁਖਿ ਪਾਇ॥* ਉਹੀ, ਗਉੜੀ ਗੁਆਰੇਰੀ ਮਹਲਾ ੪, ੧੬੪.

80 *ਅਨਦਿਨੁ ਨਾਮ ਜਪਹੁ* ***ਗੁਰਸਿਖਹੁ*** *ਹਰਿ ਕਰਤਾ ਸਤਿਗੁਰ ਘਰੀ ਵਸਾਏ॥* ਉਹੀ, ਗਉੜੀ ਕੀ ਵਾਰ ਮਹਲਾ ੪, ੩੦੮.

81 ***ਗੁਰਸਿਖਾ*** *ਲਹਦਾ ਭਾਲਿ ਕੈ॥* ਉਹੀ, ਸਿਰੀਰਾਗੁ ਮਹਲਾ ੫, ੭੩.

82 ***ਗੁਰਸਿਖਾਂ*** *ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥* ਉਹੀ, ਗਉੜੀ ਕੀ ਵਾਰ ਮਹਲਾ ੪, ੩੧੭.

83 ***ਗੁਰਸਿਖੀ*** *ਅੰਮ੍ਰਿਤ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ॥* ਉਹੀ, ਗਉੜੀ ਕੀ ਵਾਰ ਮਹਲਾ ੪, ੩੦੨.

84 ***ਗੁਰਸਿਖੀ*** *ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ॥* ਉਹੀ, ਆਸਾ ਮਹਲਾ ੪, ੪੫੦.

85 *ਪਾਲਾ ਕਕਰੁ ਵਰਫ ਵਰਸੈ* ***ਗੁਰਸਿਖੁ*** *ਗੁਰ ਦੇਖਣ ਜਾਈ॥* ਉਹੀ, ਰਾਗ ਸੂਹੀ ਅਸਟਪਦੀ ਮਹਲਾ ੪, ੭੫੮.

86 ***ਗੁਰ ਸੇਵਕ*** *ਕਉ ਬਿਘਨੁ ਨ ਭਗਤੀ ਹਰਿ ਪੂਰ ਦ੍ਰਿੜਾਇਆ ਗਿਆਨਾਂ ਹੇ॥* ਉਹੀ, ਮਾਰੂ ਮਹਲਾ ੫ ਸੋਲਹੇ, ੧੦੭੫.

87 *ਤੈਸੇ ਉਧਾਰਨ* ***ਗੁਰਹ*** *ਪੀਰ॥* ਉਹੀ, ਬਸੰਤੁ ਮਹਲਾ ੫, ੧੧੮੧.

88 ***ਗੁਰ ਹਰਿ*** *ਮਿਲਿਆ ਭਗਤਿ ਦ੍ਰਿੜਾਈ॥* ਉਹੀ, ਰਾਗ ਆਸਾ ਮਹਲਾ ੧, ੩੫੬.

89 *ਗਿਆਨੀ ਧਿਆਨੀ ਗੁਰ* ***ਗੁਰ ਹਾਈ*** *॥* ਉਹੀ, ੩੪੯.

90 *ਨਾਮੁ ਦਾਨੁ ਇਸਨਾਨੁ ਦਿੜੁ ਸਦਾ ਕਰਹੁ* ***ਗੁਰ ਕਥਾ*** *॥* ਉਹੀ, ਮ: ੫ ਪਉੜੀ, ੧੧੦੧.

91 *ਨਾਮੁ ਭੈ ਭਾਇ ਰਿਦੈ ਵਸਾਹੀ* ***ਗੁਰ ਕਰਣੀ*** *ਸਚੁ ਬਾਣੀ॥* ਉਹੀ, ਮਲਾਰ ਮਹਲਾ ੧, ੧੨੭੫.

92 *ਭਗਤਿ ਹੇਤੁ* ***ਗੁਰ ਚਰਣ*** *ਨਿਵਾਸਾ॥* ਉਹੀ, ਰਾਗ ਆਸਾ ਮਹਲਾ ੧, ੪੧੫.

93 *ਨਾਨਕੁ* ***ਗੁਰ ਚਰਣਿ*** *ਪਰਾਤਾ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮਹਲਾ ੫, ੭੧.

94 *ਕਾਰਜ ਸਭਿ ਸਵਾਰੀਅਹਿ* ***ਗੁਰ ਕੀ ਚਰਣੀ*** *ਲਾਗੁ॥* ਉਹੀ, ੪੭.

95 *ਸੋਵਤ ਜਾਗਿ ਹਰਿ ਹਰਿ ਹਰਿ ਗਾਇਆ ਨਾਨਕ* ***ਗੁਰ ਚਰਨ*** *ਪਰਾਤੇ॥* ਉਹੀ, ਦੇਵਗੰਧਾਰੀ ਮਹਲਾ ੫, ੫੩੦.

96 *ਇਹ ਚਿੰਤਾ ਉਪਜੀ ਘਟ ਮਹਿ ਜਬ* ***ਗੁਰ ਚਰਨਨ*** *ਅਨੁਰਾਗਿਓ॥* ਉਹੀ, ਮਾਰੂ ਮਹਲਾ ੯, ੧੦੦੮.

97 *ਸਰਬ ਸੁਖਾ* ***ਗੁਰ ਚਰਨਾ*** *॥* ਉਹੀ, ਦੇਵਗੰਧਾਰੀ ਮਹਲਾ ੫, ੫੩੧.

98 *ਆਇ ਪਇਓ ਨਾਨਕ* ***ਗੁਰ ਚਰਨੀ*** *ਤਉ ਉਤਰੀ ਸਗਲ ਦੁਰਾਛੈ॥* ਉਹੀ, ੫੩੪.

99 *ਰਾਮਦਾਸਿ ਗੁਰੂ ਜਗ ਤਾਰਨ ਕਉ* ***ਗੁਰ ਜੋਤਿ*** *ਅਰਜੁਨ ਮਾਹਿ ਧਰੀ॥* ਉਹੀ, ਸਵਈਏ ਮਹਲੇ ਪੰਜਵੇ ਕੇ, ੧੪੦੯.

100 *ਜਨਮ ਮਰਣ ਕੀ ਮਲੁ ਕਟੀਐ* ***ਗੁਰ ਦਰਸਨੁ*** *ਦੇਖਿ ਨਿਹਾਲ॥* ਉਹੀ, ਸਿਰੀਰਾਗੁ ਮਹਲਾ ੫, ੪੫.

101 *ਅਠਸਠਿ ਤੀਰਥ ਮਜਨਾ* ***ਗੁਰ ਦਰਸੁ*** *ਪਰਾਪਤਿ ਹੋਇ॥* ਉਹੀ, ਸੋਰਠਿ ਮਹਲਾ ੧, ੫੯੭.

102 *ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ* ***ਗੁਰੁ ਦਾਤਾ*** *ਦੇਵਣਹਾਰੁ॥* ਉਹੀ, ਰਾਗੁ ਮਲਾਰ ਚਉਪਦੇ ਮਹਲਾ ੧, ੧੨੫੬.

103 *ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ* ***ਗੁਰਦੁਆਰਿ*** *॥* ਉਹੀ, ਰਾਗੁ ਸਿਰੀਰਾਗੁ ਮਹਲਾ ਪਹਿਲਾ, ੧੯.

ਗੁਰਦੁਆਰੈ,[104] ਗੁਰ ਦੁਆਰੋ,[105] ਗੁਰਦੇਉ,[106] ਗੁਰਦੇਵਾ,[107] ਗੁਰਦੇਵਿ,[108] ਗੁਰ ਪਰਸਾਦਿ,[109] ਗੁਰ ਪਰਸਾਦੀ,[110] ਗੁਰ ਪਰਸਾਦੁ,[111] ਗੁਰ ਪ੍ਰਸਾਦਿ,[112] ਗੁਰ ਬਚਨ,[113] ਗੁਰ ਬਚਨਿ,[114] ਗੁਰਬਚਨੀ,[115] ਗੁਰ ਬੁਧਿ,[116] ਗੁਰ ਭਗਤਿ,[117] ਗੁਰ ਭਗਤੀ,[118] ਗੁਰ ਭਾਣਾ,[119] ਗੁਰਮੰਤ,[120] ਗੁਰ ਮੰਤਾ,[121] ਗੁਰਮਤਿ,[122] ਗੁਰਮਤੀ,[123] ਗੁਰਮੰਤੁ,[124] ਗੁਰਮਤੇ,[125] ਗੁਰਮੰਤ੍ਰ,[126] ਗੁਰਮੁਖ,[127] ਗੁਰਮੁਖਹਿ,[128] ਗੁਰ ਮੁਖਹੁ,[129] ਗੁਰਮੁਖਾ,[130] ਗੁਰਮੁਖਿ,[131] ਗੁਰਮੁਖੀਆ,[132] ਗੁਰਮੁਖੇ,[133] ਗੁਰ

---

104 *ਜਿਸ ਨੋ ਕਥਾ ਸੁਣਾਇਹਿ ਆਪਣੀ ਸਿ* ***ਗੁਰਦੁਆਰੈ*** *ਸੁਖੁ ਪਾਵਹੇ॥* ਉਹੀ, ਰਾਮਕਲੀ ਮਹਲਾ ੩, ੯੧੯

105 *ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ* ***ਗੁਰ ਦੁਆਰੋ****॥* ਉਹੀ, ਰਾਮਕਲੀ ਮਹਲਾ ੧ ਸਿਧ ਗੋਸਟਿ, ੯੩੮.

106 *ਭੇਟੈ ਤਾਸੁ ਪਰਮ* ***ਗੁਰਦੇਉ****॥* ਉਹੀ, ਰਾਮਕਲੀ ਬਾਣੀ ਬੇਣੀ ਜੀਉ ਕੀ, ੯੭੪.

107 *ਕਰਿ ਪੂਜਾ ਹੋਮਿ ਇਹੁ ਮਨੂਆ ਅਕਾਲ ਮੂਰਤਿ* ***ਗੁਰਦੇਵਾ****॥* ਉਹੀ, ਸੋਰਠਿ ਮਹਲਾ ੫, ੬੧੪.

108 *ਬਾਲਕ ਰਾਖਿ ਲੀਏ* ***ਗੁਰਦੇਵਿ****॥* ਉਹੀ, ਰਾਗੁ ਗੋਂਡ ਮਹਲਾ ੫, ੮੬੬.

109 ***ਤਿਨੀ ਗੁਰ ਪਰਸਾਦਿ*** *ਪਰਮ ਪਦੁ ਪਾਇਆ॥* ਉਹੀ, ਮਾਰੂ ਸੋਲਹੇ ਮਹਲਾ ੪, ੧੦੭੧.

110 ***ਗੁਰ ਪਰਸਾਦੀ*** *ਮਨਿ ਵਸੈ ਹਉਮੈ ਦੂਰਿ ਕਰੇਇ॥* ਉਹੀ, ਸਿਰੀਰਾਗ ਮਹਲਾ ੩, ੩੦.

111 ***ਗੁਰ ਪਰਸਾਦੁ*** *ਕਿਨੈ ਵਿਰਲੈ ਜਾਣੀ॥* ਉਹੀ, ਮਾਝ ਮਹਲਾ ੫, ੧੦੩.

112 ***ਗੁਰ ਪ੍ਰਸਾਦਿ*** *ਅੰਤਰਿ ਲਿਵ ਲਾਗੈ॥* ਉਹੀ, ਸਿਰੀਰਾਗੁ ਕਬੀਰ ਜੀਉ ਕਾ, ੯੨.

113 *ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ* ***ਗੁਰ ਬਚਨ*** *ਮਨਿ ਤੀਰ ਲਗਈਆ॥* ਉਹੀ, ਬਿਲਾਵਲੁ ਮਹਲਾ ੪ ਅਸਟਪਦੀ, ੮੩੫.

114 *ਅਦਿਸਟੁ ਅਗੋਚਰੁ* ***ਗੁਰ ਬਚਨਿ*** *ਧਿਆਇਆ ਪਵਿਤ੍ਰ ਪਰਮ ਪਦੁ ਪਾਇਆ॥* ਉਹੀ, ਰਾਗੁ ਆਸਾ ਛੰਤ ਮਹਲਾ ੪, ੪੪੨.

115 ***ਗੁਰਬਚਨੀ*** *ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ॥* ਉਹੀ, ਸੂਹੀ ਮਹਲਾ ੪, ੭੩੫.

116 *ਸਭੁ ਆਤਮ ਰਾਮੁ ਪਸਾਰਿਆ* ***ਗੁਰ ਬੁਧਿ*** *ਬੀਚਾਰੀ॥* ਉਹੀ, ਮ: ੩ ਗਉੜੀ, ੫੮੯.

117 *ਮਾਨਸ ਜਨਮਿ* ***ਗੁਰ ਭਗਤਿ*** *ਦ੍ਰਿੜਾਏ॥* ਉਹੀ, ਮਾਰੂ ਸੋਲਹੇ ਮਹਲੇ ੩, ੧੦੬੧.

118 *ਹਰਿ ਸਚਾ* ***ਗੁਰ ਭਗਤੀ*** *ਪਾਈਐ ਸਹਜੇ ਮੰਨਿ ਵਸਾਵਣਿਆ॥* ਉਹੀ, ਮਾਝ ਮਹਲਾ ੩, ੧੧੬.

119 *ਧੁਰਿ ਪੂਰਬਿ ਹੋਵੈ ਲਿਖਿਆ* ***ਗੁਰ ਭਾਣਾ*** *ਮੰਨਿ ਲਏਨਿ੍॥* ਉਹੀ, ਰਾਗੁ ਸੂਹੀ ਮਹਲਾ ੩, ੭੫੭.

120 *ਹੁਕਮੇ ਜਪੈ ਨਿਰੋਧਰ* ***ਗੁਰਮੰਤ****॥* ਉਹੀ, ਰਾਮਕਲੀ ਕੀ ਵਾਰ ਮਹਲਾ ੫, ੯੬੨.

121 *ਤਿਸੁ ਬਾਹੁੜਿ ਗਰਭਿ ਨ ਪਾਵਹੀ ਜਿਸੁ ਦੇਵਹਿ* ***ਗੁਰ ਮੰਤਾ****॥* ਉਹੀ, ਮ: ੫ ਪਉੜੀ, ੧੦੯੫.

122 ***ਗੁਰਮਤਿ*** *ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ॥* ਉਹੀ, ਗੂਜਰੀ ਮਹਲਾ ੪, ੧੦.

123 ***ਗੁਰਮਤੀ*** *ਸਲਾਹਿ ਸਚੁ ਹਰਿ ਪਾਇਆ ਗੁਣਤਾਸੁ॥* ਉਹੀ, ਸਿਰੀਰਾਗੁ ਮਹਲਾ ੩, ੨੭.

124 *ਹਰਿ ਮਾਰਗੁ ਸਾਧੂ ਦਸਿਆ ਜਪੀਐ* ***ਗੁਰਮੰਤੁ****॥* ਉਹੀ, ਮ: ੫ ਪਉੜੀ, ੩੨੧.

125 *ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ* ***ਗੁਰਮਤੇ****॥* ਉਹੀ, ਸਿਰੀਰਾਗੁ ਮਹਲਾ ੪, ੮੨.

126 *ਦੁਖੁ ਕਲੇਸ ਨ ਭਉ ਬਿਆਪੈ* ***ਗੁਰ ਮੰਤ੍ਰ*** *ਹਿਰਦੈ ਹੋਇ॥* ਉਹੀ, ਸਿਰੀਰਾਗੁ ਮਹਲਾ ੫, ੫੧.

127 ***ਗੁਰਮੁਖ*** *ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ॥* ਉਹੀ, ਸਲੋਕ ਮਹਲਾ ੨, ੧੪੮.

128 *ਫੁਨਿ ਪ੍ਰੇਮ ਰੰਗ ਪਾਈਐ* ***ਗੁਰਮੁਖਹਿ*** *ਧਿਆਈਐ ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯ੍ਯਾਨੀਅਹੁ॥* ਉਹੀ, ਸਵਈਏ ਮਹਲੇ ੪ ਕੇ, ੧੪੦੦.

129 ***ਗੁਰੁ ਮੁਖਹੁ*** *ਅਲਾਏ ਤਾ ਸੋਭਾ ਪਾਏ ਤਿਸੁ ਜਮ ਕੈ ਪੰਥਿ ਨ ਪਾਇਣਾ॥* ਉਹੀ, ਮਾਰੂ ਸੋਲਹੇ ਮਹਲਾ ੫, ੧੦੭੮.

130 ***ਗੁਰਮੁਖਾ*** *ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ॥* ਉਹੀ, ਸਿਰੀਰਾਗੁ ਮਹਲਾ ੩, ੩੦.

131 ***ਗੁਰਮੁਖਿ*** *ਲਾਧਾ ਮਨਮੁਖਿ ਗਵਾਇਆ॥* ਉਹੀ, ਰਾਗੁ ਆਸਾ ਮਹਲਾ ੪, ੧੧.

132 ***ਗੁਰਮੁਖੀਆ*** *ਸੋਹਾਗਣੀ ਤਿਨ ਦਇਆ ਪਈ ਮਨਿ ਆਇ॥* ਉਹੀ, ਸਿਰੀਰਾਗੁ ਮਹਲਾ ੪, ੪੧.

133 *ਵੀਆਹੁ ਹੋਆ ਮੇਰੇ ਬਾਬੁਲਾ* ***ਗੁਰਮੁਖੇ*** *ਹਰਿ ਪਾਇਆ॥* ਉਹੀ, ੭੮.

ਰਸਨਾ,[134] ਗੁਰ ਰਤਨਿ,[135] ਗੁਰ ਵਾਕ,[136] ਗੁਰਵਾਕਿ,[137] ਗੁਰਵਾਕੁ,[138] ਗੁਰੁ ਭਗਤਿ,[139] ਗੁਰੂ ਦੁਆਰੈ[140], ਆਦਿ।

'ਗੁਰੂ' ਪਦ ਦੇ ਵਿਆਕਰਨਕ ਰੂਪ, ਸਮਾਨਰਥਕ ਸ਼ਬਦ ਅਤੇ ਸਮਾਸੀ ਰੂਪ ਦੇਖਣ ਉਪਰੰਤ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਦੇ ਬਦਲਣ ਨਾਲ ਮੂਲ ਰੂਪ ਵਿਚ 'ਗੁਰੂ' ਦੇ ਭਾਵਅਰਥ ਨਹੀਂ ਬਦਲਦੇ। ਇਸ ਪ੍ਰਸੰਗ ਵਿਚ ਗੁਰੂ ਦੇ ਅਰਥ ਵਿਸਤ੍ਰਿਤ ਰੂਪ ਵਿਚ ਹੇਠ ਲਿਖੇ ਅਨੁਸਾਰ ਹਨ:

'ਗੁਰੂ' ਪਦ ਦੇ ਅਰਥ ਸਿੱਖ ਪਰੰਪਰਾ ਅਨੁਸਾਰ ਹਨੇਰੇ ਤੋਂ ਪ੍ਰਕਾਸ਼ ਕਰਨ ਵਾਲਾ ਹੀ ਹਨ। ਇਸ ਪ੍ਰਥਾਇ ਗੁਰਬਾਣੀ ਵਿਚ ਅਨੇਕ ਥਾਈਂ ਪੁਸ਼ਟੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਭਾਵੇਂ ਸੈਂਕੜੇ ਚੰਦਰਮਾ ਚੜ੍ਹ ਜਾਣ, ਹਜਾਰਾਂ ਸੂਰਜਾਂ ਦਾ ਪ੍ਰਕਾਸ਼ ਹੋ ਜਾਵੇ, ਐਨੇ ਚਾਨਣ ਹੋਣ ਦੇ ਬਾਵਜੂਦ ਵੀ ਗੁਰੂ ਤੋਂ ਬਿਨਾਂ ਘੋਰ ਹਨੇਰਾ ਹੀ ਹੈ:

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥*[141]

ਵਿਕਾਰਾਂ ਰੂਪੀ ਭੜਕਦੀ ਅਗਨੀ ਨੂੰ ਠੰਢੀ ਕਰ ਦੇਣ ਵਾਲੇ ਤੇ ਅਗਿਆਨ ਦਾ ਨਾਸ ਕਰ ਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਗੁਰੂ ਹੈ:

*ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ॥*
*ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ॥*[142]

ਭਟ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹਨੇਰੇ ਵਿਚ ਪ੍ਰਕਾਸ਼ ਕਰਨ ਵਾਲਾ ਚਿਰਾਗ (ਦੀਪਕ) ਰੂਪ ਵਿਚ ਦੇਖਦੇ ਹਨ:

---

[134] ***ਗੁਰ ਰਸਨਾ*** *ਅੰਮ੍ਰਿਤ ਬੋਲਦੀ ਹਰਿ ਨਾਮਿ ਸੁਹਾਵੀ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਤਿਲੰਗ ਮਹਲਾ ੧, ੭੨੬.
[135] *ਅਗਿਆਨੁ ਮਿਟਿਆ* ***ਗੁਰ ਰਤਨਿ*** *ਅਪਾਰਾ॥* ਉਹੀ, ਮਾਰੂ ਸੋਲਹੇ ਮਹਲਾ ੪, ੧੦੬੯.
[136] *ਮੇਰੈ ਮਨਿ ਰਾਮ ਨਾਮੁ ਜਪਿਓ* ***ਗੁਰ ਵਾਕ****॥* ਉਹੀ, ਕਾਨੜਾ ਮਹਲਾ ੪, ੧੨੯੫.
[137] ***ਗੁਰਵਾਕਿ*** *ਸਤਿਗੁਰ ਜੋ ਭਾਇ ਚਲੇ ਤਿਨ ਹਰਿ ਹਰਿ ਆਪਿ ਮਿਲਾਇਆ॥* ਉਹੀ, ਤੁਖਾਰੀ ਮਹਲਾ ੪, ੧੧੧੪.
[138] ***ਗੁਰਵਾਕੁ*** *ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥* ਉਹੀ, ਧਨਾਸਰੀ ਮਹਲਾ ੧, ੬੮੭.
[139] *ਕਰਮੁ ਹੋਵੈ* ***ਗੁਰੁ ਭਗਤਿ*** *ਦ੍ਰਿੜਾਏ॥* ਉਹੀ, ਮਾਰੂ ਮਹਲਾ ੩, ੧੦੬੧.
[140] ***ਗੁਰੂ ਦੁਆਰੈ*** *ਹੋਇ ਕੈ ਸਾਹਿਬੁ ਸੰਮਾਲੇਹੁ॥* ਉਹੀ, ਮ: ੩ ਬਿਹਾਗੜੇ ਕੀ ਵਾਰ, ੫੫੪.
[141] ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ ੨, ੪੬੩.
[142] ਉਹੀ, ਗਉੜੀ ਮਹਲਾ ੫, ੨੪੧.

*ਬਲਿਓ ਚਰਾਗੁ ਅੰਧ੍ਯਾਰੁ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥*

*ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮੁ॥*[143]

ਉਕਤ ਸੰਦਰਭ ਵਿਚ ਗੁਰਬਾਣੀ ਵਿਚੋਂ ਗੁਰੂ ਪਦ ਦੇ ਅਰਥ ਇਉਂ ਪ੍ਰਗਟ ਹੁੰਦੇ ਹਨ:

*ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ॥*

*ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ॥*[144]

ਭਾਈ ਗੁਰਦਾਸ ਜੀ ਉਕਤ ਅਰਥਾਂ ਦੀ ਵਿਆਖਿਆ ਕਰਦੇ ਹਨ ਕਿ ਗੁਰਬਾਣੀ ਮੁਖੋਂ ਉਚਾਰਨ ਕਰਨ ਨਾਲ ਹਿਰਦੇ ਵਿਚੋਂ ਹਨੇਰਾ ਦੂਰ ਹੋ ਕੇ ਰੌਸ਼ਨੀ ਹੋ ਜਾਂਦੀ ਹੈ:

*ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ॥*[145]

ਭਾਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਦੇਉ' ਸ਼ਬਦ ਨਾਲ ਸੰਬੋਧਿਤ ਕਰਦੇ ਹਨ।[146] 'ਦੇਉ' ਦਾ ਭਾਵ ਵੀ ਪ੍ਰਕਾਸ਼ ਹੈ। ਇਸ ਅਧਾਰ 'ਤੇ ਉਹ ਗੁਰੂ ਨਾਨਕ ਦੇਵ ਜੀ ਨੂੰ ਪ੍ਰਕਾਸ਼ ਰੂਪ ਮੰਨਦੇ ਹਨ:

*ਰਾਤਿ ਅਨ੍ਹੇਰੀ ਅੰਧਕਾਰੁ ਲਖ ਕਰੋੜੀ ਚਮਕਨ ਤਾਰੇ॥*

*ਘਰ ਘਰ ਦੀਵੇ ਬਾਲੀਅਨਿ ਪਰ ਘਰ ਤਕਨਿ ਚੋਰ ਚਗਾਰੇ॥*

*ਹਟ ਪਟਣ ਘਰਬਾਰੀਆ ਦੇ ਦੇ ਤਾਕ ਸਵਨਿ ਨਰ ਨਾਰੇ॥*

*ਸੂਰਜ ਜੋਤਿ ਉਦੋਤੁ ਕਰਿ ਤਾਰੇ ਤਾਰਿ ਅਨ੍ਹੇਰ ਨਿਵਾਰੇ॥*

*ਬੰਧਨ ਮੁਕਤਿ ਕਰਾਇਦਾ ਨਾਮੁ ਦਾਨੁ ਇਸਨਾਨੁ ਵਿਚਾਰੇ॥*

*ਗੁਰਮੁਖਿ ਸੁਖ ਫਲੁ ਸਾਧਸੰਗੁ ਪਸੂ ਪਰੇਤ ਪਤਿਤ ਨਿਸਤਾਰੇ॥*

*ਪਰਉਪਕਾਰੀ ਗੁਰੂ ਪਿਆਰੇ॥*[147]

*ਮਿਹਰਬਾਨ ਜਨਮਸਾਖੀ* ਵਿਚ 'ਗੁਰੂ' ਪਦ ਦੇ ਅਰਥ ਇਸੇ ਸੰਦਰਭ ਵਿਚ ਹੀ ਕੀਤੇ ਗਏ ਹਨ:

*ਸਤਿਗੁਰੂ ਮਾਨੁਖ ਕਉ ਮਿਲੈ ਤਬ ਮਿਲਣੇ ਸਾਥਿ ਉਸ ਕੇ ਭਰਮ ਕੇ*

*ਬੰਧਨ ਤੋੜ ਕਰ ਸੈਂਸਾਰ ਤੇ ਉਸ ਕੰਉ ਐਸਾ ਨਿਰਮਾਇਲੁ ਕਰੈ*

---

143 ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫, ੧੩੮੭.

144 ਉਹੀ, ਮਾਰੂ ਸੋਲਹੇ ਮਹਲਾ ੪, ੧੦੬੯.

145 *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ – ੧/੩੮.

146 *ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ॥ ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ – ੩/੧੨.

147 *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ – ੧੬/੭.

*ਜਿਸ ਤੇ ਓਹੁ ਫਿਰਿ ਗਰਭ ਕੈ ਬਿਖੈ ਨ ਆਵੈ। ਅਗਿਆਨ ਕਾ ਜਿ ਅੰਧੇਰ ਹੈ ਸਿ ਕਾਟਿ ਦੂਰਿ ਕਰੈ।...*[148]

ਭਾਈ ਮਨੀ ਸਿੰਘ ਅਨੁਸਾਰ 'ਗੋ' ਨਾਮ ਅੰਧਕਾਰ ਦਾ ਹੈ, ਤੇ 'ਰੋ' ਨਾਮ ਪ੍ਰਕਾਸ਼ ਦਾ ਹੈ, ਜੋ ਐਸੇ ਜੜ੍ਹ ਅਨਿਤ ਦੇਹ ਨੂੰ ਪ੍ਰਕਾਸ਼ ਦੇ ਰਿਹਾ ਹੈ, ਓਸ ਦਾ ਨਾਮੁ ਵਾਹਿਗੁਰੂ ਹੈ।[149]
ਭਾਈ ਸੰਤੋਖ ਸਿੰਘ ਵੀ 'ਗੁਰੂ' ਦੇ ਅਰਥ ਹਨੇਰਾ ਦੂਰ ਕਰ ਕੇ ਪ੍ਰਕਾਸ਼ ਕਰਨ ਵਾਲਾ ਕਰਦੇ ਹਨ:

*ਗੋ ਤਮ ਨਾਮ ਅਗਯਾਨ ਅਨਿਤ॥ ਰੋ ਪਰਕਾਸ ਕਿਯੋ ਜਿਨ ਚਿਤੁ॥*[150]

ਭਾਈ ਸੰਤੋਖ ਸਿੰਘ ਦਾ ਖਿਆਲ ਹੈ ਕਿ ਸਿੱਖ ਧਰਮ ਵਿਚ 'ਗੁਰੂ' ਅਤੇ 'ਵਾਹਿਗੁਰੂ' ਪਦ ਦੇ ਅਰਥ ਨਿਰਧਾਰਿਤ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਆਪ ਹੀ ਹਨ। ਦੂਜੇ ਸ਼ਬਦਾਂ ਵਿਚ ਗੁਰੂ ਸਾਹਿਬ ਵਲੋਂ ਪ੍ਰਦਾਨ ਕੀਤੇ 'ਗੁਰੂ' ਪਦ ਦੇ ਅਰਥ ਹੋਰ ਪਰੰਪਰਾਵਾਂ ਨਾਲੋਂ ਵਖਰੇ ਹਨ। 'ਗੁਰੂ' ਪਦ ਸਿੱਖ ਧਰਮ ਵਿਚ ਵਿਲਖਣ ਅਤੇ ਨਿਵੇਕਲੇ ਭਾਵ ਰਖਦਾ ਹੈ, ਜਿਸ ਨੂੰ ਗੁਰਬਾਣੀ ਰਾਹੀਂ ਹੀ ਠੀਕ ਤਰ੍ਹਾਂ ਸਮਝਿਆ ਜਾ ਸਕਦਾ ਹੈ।[151]

ਭਾਈ ਵੀਰ ਸਿੰਘ ਜੀ ਪਰੰਪਰਾ ਅਨੁਸਾਰ 'ਗੁਰੂ' ਪਦ ਦੀ ਵਿਆਖਿਆ ਕਰਦੇ ਹਨ। ਉਨ੍ਹਾਂ ਨੇ ਸੰਸਕ੍ਰਿਤ ਦੇ ਸਲੋਕ ***'गु' शबस्त्वन्धकारः स्याद्र 'रू' शब्दस्तन्निरोधकः अन्धकारनि रोधित्वात गुरू रित्यमिधीयते*** ਦੇ ਅਧਾਰ ਉਤੇ ਗੁਰੂ ਸ਼ਬਦ ਦੇ ਅਰਥ ਇਸ ਤਰ੍ਹਾਂ ਕੀਤੇ ਹਨ:

*'ਗੁ' ਦਾ ਅਰਥ ਹੈ ਅਨ੍ਹੇਰਾ ਤੇ 'ਰੂ' ਦਾ ਅਰਥ ਹੈ 'ਅਨ੍ਹੇਰੇ ਨੂੰ ਦੂਰ ਕਰਨ ਵਾਲਾ' (ਪ੍ਰਕਾਸ਼) ਤਾਂ ਤੇ ਅਨ੍ਹੇਰੇ ਨੂੰ ਜੋ ਦੂਰ ਕਰੇ ਉਸਨੂੰ ਗੁਰੂ ਆਖੀਦਾ ਹੈ।... 'ਗੁਰੂ' ਪਦ ਉਸ ਦਾ ਵਾਚਕ ਸਰੂਪ ਹੈ ਜੋ ਪ੍ਰਕਾਸ਼ ਕਰ ਦੇਣ ਵਾਲਾ ਹੈ। ਅਭਿਯਾਸੀਆਂ ਦੇ ਤਜ਼ਰਬੇ ਵਿਚ ਆਈ ਇਕ ਗਲ ਇਹ ਵੀ ਹੈ ਕਿ ਜਿਸ ਕਿਸੇ ਨੇ ਸਾਈਂ ਦੇ ਰਸ ਵਿਚ ਲਿਵ ਪਾਈ ਹੈ, ਉਸ ਨੂੰ ਐਉਂ ਭਾਸਦਾ ਹੈ ਕਿ ਮੈਂ ਅੰਧਕਾਰ ਵਿਚ ਸਾਂ, ਮੈਨੂੰ ਇਕ*

---

[148] *ਮਿਹਰਬਾਨ ਜਨਮਸਾਖੀ*, ਸਾਖੀ/ਪੰਨਾ – ੬੪/੩੧੧.
[149] *ਸਿਖਾਂ ਦੀ ਭਗਤਮਾਲਾ*, ਪੰਨਾ 37.
[150] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦੂਜੀ), ਪੂਰਬਾਰਧ ਅਧਯਾਯ ੧, ਪੰਨਾ ੯੨.
[151] *ਉਹੀ*, ਪੰਨੇ ੯੨-੯.

*ਜਾਗ੍ਰਤ ਆ ਗਈ ਹੈ। ਇਕ ਪ੍ਰਕਾਸ਼ ਆਯਾ ਹੈ। ਸੋ, ਗੁਰੂ ਪਦ ਦਾ ਅਰਥ ਹੈ ਅੰਧਕਾਰ ਤੋਂ ਪ੍ਰਕਾਸ਼ ਦੇਣ ਵਾਲਾ, ਪ੍ਰਕਾਸ਼ ਸਰੂਪ।*[152]

ਭਾਈ ਵੀਰ ਸਿੰਘ ਨੇ 'ਗੁਰੂ' ਦੇ ਅਰਥ 'ਸਬਦ' ਤੇ 'ਧਾਰਮਿਕ ਉਸਤਾਦ' ਵੀ ਕੀਤੇ ਹਨ। ਇਸ ਤੋਂ ਬਿਨਾਂ ਉਹ ਗੁਰੂ ਦੇ ਅਰਥ: ਉਸਤਾਦ, ਅਵਤਾਰ, ਪੈਗੰਬਰ ਆਦਿ ਵੀ ਕਰਦੇ ਹਨ।[153] ਭਾਈ ਵੀਰ ਸਿੰਘ ਜੀ ਦਾ ਵਿਚਾਰ ਹੈ ਕਿ 'ਗੁਰੂ', ਸਿਖਯਾ ਦਾਤਾ ਅਤੇ ਗੁਰ ਮੰਤ੍ਰ ਦਾਤਾ (ਦੀਖਯਤ ਕਰਨ ਵਾਲਾ) ਵੀ ਹੈ।[154] ਉਨ੍ਹਾਂ ਅਨੁਸਾਰ, "ਗੁਰਸਿਖੀ ਵਿਚ ਇਹ ਪਦ [ਗੁਰੂ] ਦਸੋਂ ਗੁਰੂ ਸਾਹਿਬਾਨ ਵਾਸਤੇ ਮਖਸੂਸ [ਰਾਖਵਾਂ] ਹੈ। ਦਸੋਂ ਗੁਰੂ ਸਾਹਿਬ 'ਇਨਸਾਨ ਗੁਰੂ' ਨਹੀਂ, ਪਰ 'ਦੈਵ ਗੁਰੂ' ਮੰਨੇ ਗਏ ਹਨ। ਉਨ੍ਹਾਂ ਦਾ ਖਿਆਲ ਹੈ ਕਿ 'ਗੁਰੂ' ਕੇਵਲ ਉਸਤਾਦ ਮਾਤ੍ਰ ਯਾ ਦੀਖਯਾਦਾਤਾ ਮਾਤ੍ਰ ਨਹੀਂ, ਬਲਕਿ ਉਹ ਵਾਹਿਗੁਰੂ ਦੀ 'ਜਯੋਤੀ' ਹੈ।"[155]

ਭਾਈ ਵੀਰ ਸਿੰਘ ਦਾ ਵਿਚਾਰ ਹੈ ਕਿ, "ਗੁਰੂ ਪਦ ਦੇ ਅਰਥ ਉਸਤਾਦ, ਅਵਤਾਰ, ਪੈਗੰਬਰ ਤੋਂ ਉਪਰਲੇ ਦਰਜੇ ਦੀ ਉਸ ਮਹਾਂ ਸ਼ਕਤੀ ਤੇ ਜਯੋਤੀਮਯ ਸੱਤਯਾ ਦੇ ਹਨ, ਜੋ ਵਾਹਿਗੁਰੂ ਦੀ ਆਪਣੀ ਹੈ ਤੇ ਉਸ ਨੇ ਇਨ੍ਹਾਂ ਮਹਾਂ ਪ੍ਰਕਾਸ਼ ਵਾਲੀਆਂ ਪੂਰਨ ਨਿਰਮਲ ਜਯੋਤੀਮਯ ਵਿਚ ਰਖ ਕੇ ਇਨ੍ਹਾਂ ਨੂੰ ਜਗਤ ਦੇ ਗੁਰੂ ਬਣਾ ਕੇ ਘਲਿਆ।... ਦਸਾਂ ਗੁਰਾਂ ਦੇ ਇਸ ਦਰਜੇ ਯਾ ਪਦ ਦੀ ਗੌਰਵਤਾ ਇਨ੍ਹਾਂ ਦਸਾਂ ਹੀ ਵਿਅਕਤੀਆਂ ਲਈ ਸੰਕੇਤਕ ਮੰਨੀ ਜਾਂਦੀ ਹੈ। ਹੋਰ ਸਿੱਖਸਾ ਦਾਤੇ, ਪ੍ਰੇਰਕ, ਸਤਸੰਗੀ ਨਾਮ ਦਾਤੇ, ਨਾਮ ਰਸ ਲਿਵ, ਜੀਅ ਦਾਨ ਦਾਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰਮੁਖ, ਸੰਤ, ਹਰਿ ਜਨ, ਭਗਤ, ਸਾਧੂ, ਗੁਰਸਿਖ ਆਦਿ ਕਈ ਨਾਵਾਂ ਨਾਲ ਬੀ ਵਰਣਨ ਹੋਏ ਹਨ। ਐਸੇ ਗੁਰਮੁਖ ਲੋਕ ਗੁਰੂ ਸਾਹਿਬਾਂ ਦੇ ਸਮੇਂ ਬੀ ਹੋਏ ਹਨ, ਜਿਨ੍ਹਾਂ ਨੂੰ ਮੰਜੀਆਂ, ਪੰਘੂੜੇ, ਪੀੜ੍ਹੇ ਪਦਵੀਆਂ ਨਾਲ ਸੁਸ਼ੋਭਿਤ ਕੀਤਾ ਗਿਆ ਸੀ। ਉਹ ਸਾਰੇ ਗੁਰਮੁਖ ਮਹਾਂ ਪੁਰਖ ਗੁਰੂ ਪਦ ਦੀ ਤਾਬਿਆ ਸਿਖਯਾ ਤੇ ਜੀਅ-ਦਾਨ ਦੇਂਦੇ ਸੀ। ਇਸੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹੇ ਭਗਤ ਭਟ ਆਦਿ ਮਹਾਂ-ਪੁਰਖ ਸਨ, ਜਿਨ੍ਹਾਂ ਦੀ ਬਾਣੀ ਦੀ ਬਾਬਤ ਲਿਖਯਾ ਹੈ *ਸੁਰਿ ਨਰ ਤਿਨ ਕੀ ਬਾਣੀ*

---

[152] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦੂਜੀ), ਪੂਰਬਾਰਧ ਅਧਯਾਯ ੧, ਪੰਨੇ ੯੨-੫.
[153] *ਸ੍ਰੀ ਗੁਰੂ ਗ੍ਰੰਥ ਕੋਸ਼*, ਪੰਨਾ 221.
[154] *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ 31.
[155] *ਉਹੀ*, ਪੰਨਾ 33.

*ਗਾਵਹਿ* [156] ਤੇ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹੀ। ਇਹ ਬਾਣੀ ਪ੍ਰਮਾਣੀਕ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ, ਪਰ ਇਹ ਸਾਰੇ ਗੁਰੂ ਪਦ ਦੀ ਤਾਬਿਆ ਸਨ, ਉਨ੍ਹਾਂ ਨੂੰ ਗੁਰਮਤਿ ਵਿਚ ਭਗਤ ਦਾ ਦਰਜਾ ਦਿਤਾ ਗਿਆ ਹੈ, ਉਨ੍ਹਾਂ ਨੇ ਸਿਖਯਾ, ਜੀਅ ਦਾਨ ਦਾ ਕੰਮ ਗੁਰੂ ਜਯੋਤਿ (ਜੋ ਅਰਥਾਂ ਵਿਚ ਆਦਿ ਤੋਂ ਹੈ) ਦੇ ਤਾਬਿਆਂ ਕੀਤਾ ਹੈ।..."[157]

ਗਿਆਨੀ ਬਦਨ ਸਿੰਘ 'ਗੁਰੂ' ਪ੍ਰਥਾਇ ਲਿਖਦੇ ਹਨ, "ਗੁਰੁ ਪੂਜਜ ਹੈ ਅਰੁ ਵਡਾ ਹੈ। ਯਾਂ ਤੇ ਸਿਧ ਹੂਆ ਪਰ ਪੁਰਖੁ ਹੀ ਗੁਰੂ ਰੂਪ ਧਾਰ ਕੇ ਸਭ ਕੋ ਮੁਕਤੀ ਕੇ ਮਾਰਗ ਕਾ ਉਪਦੇਸ ਕਰਤਾ ਹੈ।''[158] ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ, "ਗੁਰੂ ਅਧਿਆਪਕ ਜਾਂ ਸਿੱਖਿਆ ਦਾਤਾ ਦਾ ਨਾਮ ਹੈ, ਜੋ ਸਬਦ-ਬ੍ਰਹਮ ਦਾ ਸਰੂਪ ਹੈ, ਜਿਸ ਦੇ ਵਿਅਕਤਿਤ ਵਿਚ 'ਅਨੰਤ' ਵਿਦਮਾਨ ਹੈ।''[159]

ਭਾਈ ਕਾਨ੍ਹ ਸਿੰਘ ਅਨੁਸਾਰ, "ਧਰਮ ਉਪਦੇਸ੍ਟਾ ਧਾਰਮਿਕ ਸਿਖਯਾ ਦੇਣ ਵਾਲਾ ਆਚਾਰਯ[160], ਕਿਸੇ ਮਤ ਦਾ ਚਲਾਉਣ ਵਾਲਾ[161], ਪਤਿ (ਭਰਤਾ)[162], ਵ੍ਰਿਹਸਪਤਿ (ਦੇਵਗੁਰੁ)[163], ਅੰਤਹਕਰਣ (ਮਨ)[164], ਪੂਜਜ [165] ਤੇ ਵੱਡਾ (ਪ੍ਰਧਾਨ)[166] ਗੁਰੂ ਹੈ।''[167] ਇਸੇ ਪ੍ਰਕਾਰ 'ਗੁਰੂ' ਦੇ ਅਰਥ ਹੋਰ ਖੋਲ੍ਹਦੇ ਹੋਏ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ, ''ਦੋ ਮਾਤ੍ਰਾ ਵਾਲਾ ਅੱਖਰ ਲਘੁ ਨਾਲੋਂ ਦੂਣਾ ਸਮਾਂ ਜਿਸ ਦੇ ਉਚਾਰਣ ਵਾਸਤੇ ਲੱਗੇ ਉਹ 'ਗੁਰੂ' ਹੈ। ਕੰਨਾ, ਬਿਹਾਰੀ, ਦੋਲੈਂਕੇ, ਏਲਾਂ, ਦੁਲਾਈਆਂ, ਹੋੜਾ, ਕਨੌੜਾ, ਬਿੰਦੀ (ਅਨੁਸ੍ਵਾਰ ਅਥਵਾ ਟਿੱਪੀ) ਵਿਸਰਗ, ਇਜਾਫਤ ਅਤੇ

---

156 ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮਹਲਾ ੩, ੬੭.
157 *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਪੰਨਾ 221.
158 *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ* (ਫਰੀਦਕੋਟ ਵਾਲਾ ਟੀਕਾ-ਭਾਗ ੧), ਪੰਨਾ ੩.
159 ਕਿਰਪਾਲ ਸਿੰਘ ਕਸੇਲ (ਅਨੁ.), *ਸਿੱਖੀ ਦੀ ਆਤਮਾ*, ਪੰਨਾ 369.
160 -*ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ੨.
-*ਤਿਨ ਕਉ ਕਿਆ ਉਪਦੇਸੀਐ ਜਿਨਿ ਗੁਰੁ ਨਾਨਕ ਦੇਉ॥* ਉਹੀ, ਸਲੋਕ ਮ: ੨ ਵਾਰ ਮਾਝ, ੧੫0.
161 *ਛਿਅ ਘਰ ਛਿਅ ਗੁਰ ਛਿਅ ਉਪਦੇਸ॥* ਉਹੀ, ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧, ੧੨.
162 *ਸੋਭਾਵੰਤੀ ਸੋਹਾਗਣੀ ਜਿਨਿ ਗੁਰ ਕਾ ਹੇਤ ਅਪਾਰੁ॥* ਉਹੀ, ਸਿਰੀਰਾਗੁ ਮਹਲਾ ੩, ੩੧.
163 *ਕਹੁ ਗੁਰ ਗਜ ਸਿਵ ਸਭ ਕੋ ਜਾਨੈ॥* ਉਹੀ, ਗਉੜੀ ਕਬੀਰ ਜੀ, ੩੨੬.
164 *ਕੁੰਭੇ ਬਧਾ ਜਲੁ ਰਹੈ ਜਲੁ ਬਿਨੁ ਕੁੰਭ ਨ ਹੋਇ॥ ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨ ਨ ਹੋਇ॥* ਉਹੀ, ਆਸਾ ਮ: ੧, ੪੬੯.
165 *ਨਾਨਕ ਗੁਰ ਤੇ ਗੁਰੁ ਹੋਇਆ॥* ਉਹੀ, ਰਾਗੁ ਗੂਜਰੀ ਮਹਲਾ ੩, ੪੯0.
166 *ਕਉਨ ਨਾਮ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ॥* ਉਹੀ, ਸੋਰਠਿ ਮਹਲਾ ੯, ੬੩੨.
167 *ਮਹਾਨ ਕੋਸ਼,* ਪੰਨਾ 415.

ਅਧਿਕ ਅੱਖਰ 'ਗੁਰੁ' ਹੁੰਦਾ ਹੈ। ਪਦ ਵਿਚ ਦੁੱਤ (ਦ੍ਵਿਤ੍ਵ) ਅੱਖਰ ਦੇ ਆਦਿ ਦਾ ਅੱਖਰ ਲਘੁ ਭੀ 'ਗੁਰੁ' ਮੰਨਿਆ ਜਾਂਦਾ ਹੈ।"[168] ਉਹ 'ਗੁਰੂ' ਦੇ ਅਰਥ: ਪਿਤਾ, ਰਾਜਾ, ਪਾਰਬ੍ਰਹਮ (ਕਰਤਾਰ), ਵਜ਼ਨਦਾਰ (ਭਾਰੀ), ਲੰਮਾ ਚੌੜਾ ਆਦਿ ਵੀ ਕਰਦੇ ਹਨ।[169] ਕਈ ਇਤਿਹਾਸਕਾਰਾਂ ਨੇ 'ਗੁਰੂ' ਸ਼ਬਦ ਦੀ ਉਕਤੀ 'ਗ੍ਰੋਹ' ਧਾਤੂ ਤੋਂ ਦਸੀ ਹੈ, ਜਿਸ ਦਾ ਭਾਵ ਹੈ: ਵਖਰੀਆਂ-ਵਖਰੀਆਂ ਜਾਤਾਂ ਦੇ ਲੋਕਾਂ ਦਾ ਇੱਕਠ।[170]

## 1.2 ਗੁਰੂ: ਪਰਿਭਾਸ਼ਾ

'ਗੁਰੂ' ਨੂੰ ਪਰਿਭਾਸ਼ਿਤ ਕਰਨਾ ਬਹੁਤ ਬਿਖਮ ਕਾਰਜ ਹੈ, ਪਰੰਤੂ ਫਿਰ ਵੀ ਗੁਰਬਾਣੀ ਵਿਚਲੇ ਕੁਝ ਪ੍ਰਵਚਨਾਂ ਦੀ ਰੌਸ਼ਨੀ ਵਿਚ ਅਸੀਂ ਕੁਝ ਲਛਣ ਪਛਾਣ ਕੇ 'ਗੁਰੂ' ਨੂੰ ਪਰਿਭਾਸ਼ਿਤ ਕਰਨ ਦਾ ਜਤਨ ਕਰ ਸਕਦੇ ਹਾਂ। ਗੁਰੂ ਨਾਨਕ ਦੇਵ ਜੀ ਅਨੁਸਾਰ ਉਹ ਸੁਜਾਨ ਪੁਰਖ ਗੁਰੂ ਹੈ ਜਿਹੜਾ ਸਾਰਿਆਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ:

*ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥*[171]

ਗੁਰੂ ਉਹ ਹੈ ਜਿਸ ਦਾ ਹਿਰਦਾ ਤਹਿ ਤਕ ਸਤਿ ਸਰੂਪ ਪਰਮਾਤਮਾ ਦੇ ਨਾਮ ਵਿਚ ਰਤਾ ਹੈ ਅਤੇ ਜਿਸ ਦੀ ਸੁਗੰਧ ਨਾਲ ਸੰਸਾਰਿਕ ਪ੍ਰਾਣੀਆਂ ਰੂਪੀ ਬਨਸਪਤੀ ਸੰਵਰ ਜਾਂਦੀ ਹੈ:

*ਰਤਾ ਸਚਿ ਨਾਮਿ ਤਲ ਹੀਅਲੁ ਸੋ ਗੁਰੁ ਪਰਮਲੁ ਕਹੀਐ॥*

*ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸ ਚਰਣ ਲਿਵ ਰਹੀਐ॥*[172]

ਉਹ ਸਤਿਗੁਰੂ ਹੈ, ਜਿਸ ਨੂੰ ਸਤਿ ਪੁਰਖੁ ਵਾਹਿਗੁਰੂ ਦੀ ਪਛਾਣ ਹੋ ਗਈ ਹੈ, ਜਿਸ ਦੇ ਅੰਦਰ ਵਾਹਿਗੁਰੂ ਦਾ ਗਿਆਨ ਆ ਗਿਆ ਹੈ। ਉਸ ਦੀ ਸੰਗਤ ਕਰਨ ਵਾਲਾ ਸਿੱਖ ਆਪਣੀ ਸੰਸਾਰਕ ਯਾਤਰਾ, ਨਾਮ ਜਪ ਕੇ ਸਫਲਤਾ ਪੂਰਵਕ ਸੰਪੂਰਨ ਕਰ ਲੈਂਦਾ ਹੈ:

---

[168] *ਮਹਾਨ ਕੋਸ਼,* ਪੰਨਾ 419.

[169] *ਉਹੀ.*

[170] " Some native historians explain the word Gooroo to be derived from Giroh, a crowd or assemblage of people of different castes." W.L.M Gregor, 'History of Gooroo Nanuk', *Sources on the Life and Teachings of Guru Nanak, The Panjab Past And Present* (Vol.III), p.122.

[171] ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮਹਲਾ ੧, ੭੨.

[172] ਉਹੀ, ਪ੍ਰਭਾਤੀ ਮਹਲਾ ੧, ੧੩੨੯.

*ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸੁ ਕਾ ਨਾਉ॥*

*ਤਿਸੁ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥*[173]

ਗੁਰੂ ਉਹ ਹੈ ਜਿਸ ਦੇ ਮਿਲਣ 'ਤੇ ਮਨ ਅਨੰਦਿਤ ਹੋ ਜਾਵੇ ਤੇ ਮਨ ਵਿਚੋਂ ਹਰ ਪ੍ਰਕਾਰ ਦੀ ਦ੍ਵੈਸ਼ ਖਤਮ ਹੋਣ ਨਾਲ ਪਰਮ ਪਦ ਦੀ ਪ੍ਰਾਪਤੀ ਹੋਵੇ:

*ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰ ਕਹੀਐ॥*

*ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥*[174]

ਗੁਰਬਾਣੀ ਦੀ ਲੋਅ ਵਿਚ ਹੀ ਵਿਦਵਾਨਾਂ ਨੇ ਵੀ 'ਗੁਰੂ' ਪਦ ਨੂੰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲੜੀ ਵਿਚ ਭਾਈ ਵੀਰ ਸਿੰਘ ਕਹਿੰਦੇ ਹਨ, "ਸਿੱਖ ਧਰਮ ਵਿਚ ਗੁਰੂ ਪਦ ਕੇਵਲ ਦਸੋਂ ਹੀ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਲਈ ਵਰਤਿਆ ਜਾਂਦਾ ਹੈ, ਕਿਸੇ ਹੋਰ ਵਾਸਤੇ ਨਹੀਂ।"[175] ਪ੍ਰੋ. ਪੂਰਨ ਸਿੰਘ ਅਨੁਸਾਰ ਗੁਰੂ, ਜਿਹੜਾ ਮਨੁਖੀ ਜੀਵਨ ਨੂੰ ਊਰਜਾ ਦੇਣ ਵਾਲਾ ਕੇਂਦਰ ਹੈ, ਨੂੰ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ। ਗੁਰੂ ਨੂੰ ਉਹ ਮਨੁਖ ਹੀ ਸਮਝ ਸਕਦਾ ਹੈ, ਜਿਹੜਾ ਆਪਣੀ ਸਮੁਚੀ ਜ਼ਿੰਦਗੀ ਦੌਰਾਨ 'ਨਾਮ' ਦਾ ਅਭਿਆਸ ਕਰ ਕੇ ਸਿੱਖੀ ਦੀ ਰੂਹ ਨਾਲ ਇਕਮਿਕ ਹੋਇਆ ਹੋਵੇ।[176]

ਸ. ਕਪੂਰ ਸਿੰਘ ਦਾ ਵਿਚਾਰ ਹੈ ਕਿ, "ਗੁਰੂ ਉਹ ਦੈਵੀ ਪ੍ਰਕਾਸ਼ ਹੈ ਜਿਹੜਾ ਹਰ ਮਨੁਖੀ ਹਿਰਦੇ ਵਿਚ ਪ੍ਰਕਾਸ਼ਮਾਨ ਹੈ। ਇਹ ਪ੍ਰਕਾਸ਼ ਮਨੁਖ ਨੂੰ ਕਿਸੇ ਖਾਸ ਧਾਰਮਿਕ ਸਾਧਨਾ ਰਾਹੀਂ ਪ੍ਰਤਖ ਹੁੰਦਾ ਹੈ।"[177] ਪ੍ਰਿੰ. ਤੇਜਾ ਸਿੰਘ ਨੇ 'ਗੁਰੂ' ਨੂੰ ਸਿੱਖ ਦੇ ਅਧਿਆਤਮਕ ਜੀਵਨ ਦਾ ਚਾਲਕ, ਸ਼ਿਲਪੀ ਅਤੇ

---

[173] ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕੁ ਗਉੜੀ ਸੁਖਮਨੀ ਮ: ੫, ੨੮੬.

[174] ਉਹੀ, ਗਉੜੀ ਬੈਰਾਗਣ ਮਹਲਾ ੪, ੧੬੮; ਹੋਰ ਵੇਖੋ: ੧੨੬੪; ੨੮੭; ੩੦੪; ੫੫੨; ੭੫੯.

[175] *ਅਮਰ ਲੇਖ,* (ਭਾਗ-1), ਪੰਨੇ 41-2.

[176] "Guru, thus in Sikhism, is an indefinable system of inspiring life, which in its comprehensive can be understood only by a life long practice of Nam and deep personal intimacy with the spirit of the Sikh life." *Spirit of the Sikh* (vol.II, part II), p. 220.

[177] "Guru, therefore, means nothing less than the Divine Light implicit in every human heart progressively revealed to him through a proper cultivation of his religious intuition." *Sikhism for Modern Man, p*.34.

ਨਿਰਮਾਤਾ ਮੰਨਿਆ ਹੈ।[178] ਗਿ. ਭਗਤ ਸਿੰਘ ਜੀ ਗੁਰੂ ਉਸ ਨੂੰ ਕਹਿੰਦੇ ਹਨ ਜਿਸ ਤੋਂ ਸਿਖਿਆ ਲੈ ਕੇ 'ਸਿਖ' ਬਣੀਏ।[179] ਉਨ੍ਹਾਂ ਅਨੁਸਾਰ:

*'ਗੋ' ਨਾਮ ਪ੍ਰਿਥਵੀ ਦਾ 'ਰੂ' ਨਾਮ ਪਾਲਨਾ ਕਰਨ ਵਾਲੇ ਦਾ ਹੈ,*
*ਜੋ ਸਰਬ ਸ੍ਰਿਸ਼ਟੀ ਦੀ ਪਾਲਨਾ ਕਰਨੇ ਵਾਲਾ ਹੋਵੇ, ਸੋ ਕਹੀਏ ਗੁਰੂ।*[180]

*'ਗੋ' ਨਾਮ ਇੰਦਰੀਆਂ ਦਾ ਹੈ ਤੇ 'ਰੂ' ਨਾਮ ਪਾਲਨਾ ਕਰਨ*
*ਵਾਲੇ ਦਾ ਹੈ, ਜੋ ਇੰਦਰੀਆਂ ਦੇ ਸਹਿਤ ਸਰੀਰ*
*ਦੀ ਪਾਲਨਾ ਕਰ ਰਿਹਾ ਹੋਵੇ ਸੋ ਕਹੀਏ ਗੁਰੂ।*[181]

ਭਾਈ ਜੋਧ ਸਿੰਘ ਅਨੁਸਾਰ, "ਗੁਰੂ ਤੋਂ ਭਾਵ ਉਨ੍ਹਾਂ ਖਾਸ ਹਸਤੀਆਂ ਤੋਂ ਹੈ ਜੋ ਨਿਰੰਕਾਰ ਵਲੋਂ ਧਰਮ ਨੂੰ ਮੁੜ ਪਰਗਟ ਕਰਨ ਲਈ ਘਲੀਆਂ ਗਈਆਂ।''[182] ਕਰਤਾ ਦਸਦਾ ਹੈ ਕਿ ਗੁਰੂ ਰਬ ਵਲੋਂ ਘਲਿਆ ਰਸੂਲ ਹੈ, ਜਿਹੜਾ ਖ਼ਲਕਤ ਨੂੰ ਰਬ ਨਾਲ ਜੋੜਨ ਲਈ ਆਉਂਦਾ ਹੈ।[183] ਡਾ. ਸ਼ੇਰ ਸਿੰਘ ਇਸ ਸੰਦਰਭ ਵਿਚ ਭਾਈ ਕਾਨ੍ਹ ਸਿੰਘ ਦੁਆਰਾ ਕੀਤੇ ਅਰਥ ਹੀ ਪ੍ਰਵਾਨ ਕਰਦੇ ਹੋਏ ਕਹਿੰਦੇ ਹਨ ਕਿ, "ਗੁਰੂ ਬ੍ਰਹਮ ਆਪ ਹੈ, ਜਿਸ ਦੇ ਅਰਥ ਹਨ– ਗਿਆਨ ਦਾ ਸੋਮਾ, ਗਿਆਨ ਦਾਤਾ, ਵੱਡਾ, ਮਹਾਨ, ਸਤਿਕਾਰਯੋਗ। ਉਹ [ਗੁਰੂ] ਆਪ 'ਗਿਆਨ ਭੰਡਾਰ', 'ਮਹਾਨ ਗਿਆਨ' ਹੈ।[184] ਡਾ. ਤਾਰਨ ਸਿੰਘ ਅਨੁਸਾਰ, "ਅਕਾਲਪੁਰਖ ਆਪਣੀ ਵਿਸ਼ੇਸ਼ ਗਿਆਨ ਸ਼ਕਤੀ ਕਿਸੇ ਸਿਧ ਆਤਮਾ ਵਿਚ ਸੰਸਾਰ ਕਲਿਆਨ ਹਿੱਤ ਰਖਦਾ ਹੈ। ਇਹ ਆਤਮਾ ਮਨੁਖੀ ਸਰੀਰ ਵਿਚ ਗੁਰੂ ਅਖਵਾਂਦੀ ਹੈ, ਜਿਸ ਦਾ ਵਿਸ਼ੇਸ਼ ਬਲ 'ਬਾਣੀ' ਹੁੰਦੀ ਹੈ ਤੇ ਜਿਹੋ ਜਿਹੀ ਤੇ ਜਿਵੇਂ-ਜਿਵੇਂ ਉਸ ਨੂੰ ਬਾਣੀ ਅਕਾਲ ਪੁਰਖ ਵਲੋਂ ਪ੍ਰਾਪਤ ਹੁੰਦੀ ਹੈ, ਗੁਰੂ ਉਸ ਦਾ ਪਾਸਾਰ ਕਰਦਾ ਹੈ। ਸੋ,

---

178 "It is Guru who removes the barriers of caste and position set up by men among themselves, and gathering them all unto himself unites them with God. In this way are laid the foundations of a society of the purified who as an organized force strive for the good of the whole human race. *Sikhism : Its Ideals and Institutions,* p. 17.

179 *ਕਥਾ ਉਪਦੇਸ਼ ਸਾਗਰ*, ਪੰਨਾ 18.

180 *ਉਹੀ*, ਪੰਨਾ 19.

181 *ਉਹੀ.*

182 *ਗੁਰਮਤਿ ਨਿਰਣਯ*, ਪੰਨਾ 108.

183 *ਭਾਈ ਜੋਧ ਸਿੰਘ ਗੱਦ ਸੋਰਭ*, ਪੰਨਾ 121.

184 *ਜਪੁਜੀ ਦਰਸ਼ਨ*, ਪੰਨਾ 88.

ਗੁਰੂ ਪਰਮਾਤਮਾ ਦਾ ਇਕ ਵਿਸ਼ੇਸ਼ ਸਰੂਪ ਹੈ।''[185] ਪਿਆਰਾ ਸਿੰਘ ਪਦਮ ਅਨੁਸਾਰ, "ਮਨ ਦੇ ਦਵੈਤ ਦਾ ਨਾਸ ਤੇ ਅਨੰਦ ਦਾ ਪ੍ਰਕਾਸ਼ ਕੇਵਲ ਆਤਮ-ਪਰਮਾਤਮਾ ਦੇ ਮੇਲ ਨਾਲ ਹੀ ਸੰਭਵ ਹੈ, ਇਸ ਲਈ ਪਰਮੇਸਰ ਦੀ ਪ੍ਰਕਾਸ਼ਕ ਗਿਆਨ ਸ਼ਕਤੀ ਨੂੰ 'ਗੁਰੂ' ਕਿਹਾ ਹੈ ਤੇ ਇਹੋ ਅਧਿਆਤਮ ਗਿਆਨ, ਬਾਣੀ ਯਾਂ ਸ਼ਬਦ ਰੂਪ ਵਿਚ 'ਗੁਰੂ' ਅਖਵਾਉਂਦਾ ਹੈ। ਉਨ੍ਹਾਂ ਅਨੁਸਾਰ 'ਗੁਰ ਪਰਮੇਸਰ ਏਕੋ ਜਾਣ' ਕਹਿਣ ਦਾ ਭਾਵ ਵੀ ਇਹੋ ਹੀ ਹੈ। ਸੋ, ਗੁਰੂ ਇਕ ਵਿਅਕਤੀ ਮਾਤਰ ਨਹੀਂ, ਸਗੋਂ ਜੋਤਿ ਰੂਪ ਹੈ।[186]

ਗਿਆਨੀ ਊਧਮ ਸਿੰਘ ਗੁਰੂ ਨੂੰ 'ਸੱਚਾ ਸਤਿਗੁਰੂ' ਦਸਦੇ ਹੋਏ ਲਿਖਦੇ ਹਨ, "ਸੱਚਾ ਸਤਿਗੁਰੂ [ਉਹ ਹੈ] ਜੋ ਆਪਣੀ ਰੂਹਾਨੀਅਤ (ਗਿਆਨ-ਸ਼ਕਤੀ) ਦੁਆਰਾ ਬੁਝੇ ਹੋਏ ਦੀਵੇ ਵਰਗੇ ਪਰਮਾਤਮਾ ਤੋਂ ਵਿਛੜੇ ਜੀਵ ਨੂੰ ਬ੍ਰਹਮ ਗਿਆਨ ਦੀ ਦਾਤ ਬਖਸ਼ ਕੇ ਉਸ ਦੇ ਹਿਰਦੇ ਵਿਚ ਸਦੀਵ-ਕਾਲ ਲਈ ਨਾਮ ਦਾ ਪ੍ਰਕਾਸ਼ ਕਰ ਸਕੇ।''[187] ਪ੍ਰੋ. ਪ੍ਰੀਤਮ ਸਿੰਘ ਅਕਾਦਮਿਕ ਘੇਰੇ ਵਿਚ ਰਹਿੰਦੇ ਹੋਏ ਗੁਰੂ ਪਦ ਦੇ ਅਰਥ ਗਿਆਨ (Knowledge) ਦੇ ਸੰਦਰਭ ਵਿਚ ਕਰਦੇ ਹਨ। ਉਨ੍ਹਾਂ ਅਨੁਸਾਰ, "ਗੁਰੂ ਉਹ ਹੁੰਦਾ ਹੈ ਜਿਸ ਨੂੰ ਅਨੁਭਵ ਅਤੇ ਅਨੁਮਾਨ ਦੋਹਾਂ ਰਾਹੀਂ ਸਤ ਦਾ ਗਿਆਨ ਪ੍ਰਾਪਤ ਹੋਵੇ।''[188]

ਦਰਸ਼ਨ ਸਿੰਘ, ਡਾ. ਤਾਰਨ ਸਿੰਘ ਦੁਆਰਾ ਕੀਤੇ ਅਰਥਾਂ ਨਾਲ ਸਹਿਮਤ ਹੁੰਦੇ ਕਹਿੰਦੇ ਹਨ, "ਗੁਰੂ ਪਰਮਾਤਮਾ ਦਾ ਇਕ ਵਿਸ਼ੇਸ਼ ਰੂਪ ਹੈ। ਅਕਾਲ ਪੁਰਖ ਆਪਣੀ ਗਿਆਨ ਸ਼ਕਤੀ ਨੂੰ ਕਿਸੇ ਸਿੱਧ ਆਤਮਾ ਵਿਚ ਜਗਤ ਕਲਿਆਨ ਲਈ ਰਖਦਾ ਹੈ। ਇਹੀ ਆਤਮਾ ਮਨੁਖੀ ਸਰੀਰ ਵਿਚ 'ਗੁਰੂ' ਅਖਵਾਉਂਦੀ ਹੈ।''[189]

ਡਾ. ਹਰਿਭਜਨ ਸਿੰਘ (ਦਿੱਲੀ) ਅਨੁਸਾਰ, "ਗੁਰੂ ਸੱਚ ਦਾ ਉਪਦੇਸ਼ਕ ਹੈ। ਉਹ ਧੁਰੋਂ ਮਨੁਖ ਦੀ ਥਾਵੇਂ ਕਰਮ ਕਰਨ ਲਈ ਨਹੀਂ ਆਇਆ, ਮਨੁਖ ਦੀ ਧੁਰ ਨਾਲ ਜਾਣ-ਪਛਾਣ ਕਰਾਉਣ

---

[185] *ਗੁਰੂ ਨਾਨਕ ਚਿੰਤਨ ਤੇ ਕਲਾ*, ਪੰਨਾ 185.
[186] *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਨਾ 59.
[187] *ਸੱਚਾ ਗੁਰੂ*, ਪੰਨੇ ੨੮-੯.
[188] *ਗੁਰੂ ਨਾਨਕ ਵਿਚਾਰ ਅਧਿਐਨ*, ਪੰਨਾ ੧੭੧.
[189] *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ*, ਪੰਨਾ 'vii'.

ਆਇਆ ਹੈ।''[190] ਗੁਰੂ ਲਈ 'ਗੁਰਮਖ' ਪਦ ਵਰਤਦੇ ਹੋਏ ਡਾ. ਸਾਹਿਬ ਕਹਿੰਦੇ ਹਨ ਕਿ, "ਗੁਰਮੁਖ ਸ਼ਬਦ ਇਕੋ ਵੇਲੇ ਗੁਰੂ ਅਤੇ ਸਿੱਖ ਨਾਲ ਸੰਬੰਧਿਤ ਹੈ। ਬਾਣੀ [ਗੁਰੂ ਗ੍ਰੰਥ ਸਾਹਿਬ] ਗੁਰਮੁਖ ਹੈ, ਕਿਉਂਕਿ ਉਹ ਗੁਰੂ ਦੇ ਮੁਖ ਤੋਂ ਨਿਕਲੀ ਹੈ, ਸਰੋਤਾ ਗੁਰਮੁਖ ਹੈ, ਕਿਉਂਕਿ ਉਹ ਗੁਰੂ ਦੇ ਮੁਖ ਵਲ ਇਕਾਗਰ ਹੈ ਅਤੇ ਗੁਰਮੁਖ ਆਪ ਗੁਰੂ ਜਾਂ ਬਾਣੀਕਾਰ ਦਾ ਹੀ ਮੁਖ ਹੈ। ਇਹ ਸਮਾਸ ਗੁਰੂ ਦਾ ਮੁਖ (ਗੁਰੂ), ਗੁਰੂ ਦੇ ਮੁਖ ਤੋਂ (ਬਾਣੀ) ਅਤੇ ਗੁਰੂ ਦੇ ਮੁਖ ਵਲ (ਸਿੱਖ) ਤਿੰਨਾਂ ਨਾਲ ਸੰਬੰਧਿਤ ਹੈ।"[191]

ਡਾ. ਕਾਲਾ ਸਿੰਘ ਬੇਦੀ ਗੁਰੂ ਨੂੰ ਗੁਰਦੇਵ ਕਹਿੰਦੇ ਹਨ। ਉਨ੍ਹਾਂ ਅਨੁਸਾਰ ਦੇਵ ਸ਼ਬਦ ਸੰਸਕ੍ਰਿਤ ਦੇ ਦਿਵ ਧਾਤੂ ਤੋਂ ਨਿਕਲਿਆ ਹੈ, ਜਿਸ ਦੇ ਅਰਥ ਹਨ ਪ੍ਰਕਾਸ਼, ਨੂਰ। ਇਸ ਤਰਜੀਹ 'ਤੇ ਗੁਰਦੇਵ ਤੋਂ ਭਾਵ ਹੈ ਅਧਿਆਤਮਿਕ ਆਗੂ, ਜੋ ਅਗਿਆਨ ਅੰਧਕਾਰ ਨੂੰ ਗਿਆਨ ਪ੍ਰਕਾਸ਼ ਨਾਲ ਦੂਰ ਕਰ ਦੇਵੇ।[192] ਡਾ. ਜੇ. ਐਸ. ਗਰੇਵਾਲ ਅੰਦਰਲੀ ਆਵਾਜ਼ ਨੂੰ 'ਗੁਰੂ' ਮੰਨਦੇ ਹਨ।[193] ਉਨ੍ਹਾਂ ਦਾ ਇਹ ਵਿਚਾਰ ਮੈਕਲੋਡ ਨਾਲ ਮਿਲਦਾ ਹੈ। ਮੈਕਲੋਡ ਅਨੁਸਾਰ 'ਗੁਰੂ' ਅੰਦਰਲੀ ਆਵਾਜ਼ ਹੈ, ਜਿਸ ਨੂੰ ਉਹ ਰਹਸਵਾਦੀ ਸਿਧਾਂਤ (Mystical Principle) ਦਸਦਾ ਹੈ।[194] ਡਾ. ਜਗਬੀਰ ਸਿੰਘ ਦੀ ਧਾਰਨਾ, ਤਾਰਨ ਸਿੰਘ ਦੀ ਉਕਤ ਪਰਿਭਾਸ਼ਾ ਨਾਲ ਮਿਲਦੀ ਹੈ। ਉਨ੍ਹਾਂ ਅਨੁਸਾਰ ਗੁਰੂ ਈਸ਼ਵਰ ਦੇ ਹੁਕਮ ਨੂੰ ਮਨੁਖ ਜਾਤੀ ਤਕ ਪਹੁੰਚਾਣ ਦਾ ਵਸੀਲਾ ਹੈ।[195]

ਜਸਵੰਤ ਸਿੰਘ ਨੇਕੀ ਅਨੁਸਾਰ, "ਜਦੋਂ ਵੀ ਦੁਨੀਆ ਵਿਚ ਸੱਚ ਦੀ ਦੁਹਾਈ ਦੇਣ ਦਾ ਅਉਸਰ ਬਣਦਾ ਹੈ, ਗੁਰੂ ਦਾ ਆਗਮਨ ਹੁੰਦਾ ਹੈ।... ਗੁਰੂ ਅਨਾਦੀ ਸ਼ਬਦ ਹੀ ਤਾਂ ਹੈ ਜੋ ਸਰੀਰਕ ਜਾਮੇ ਵਿਚ ਰੂਪਮਾਨ ਹੁੰਦਾ ਹੈ। ਸੰਸਾਰ ਦੇ ਕਲਿਆਣ ਦਾ ਅਉਸਰ ਬਣਨ ਖਾਤਰ ਸ਼ਬਦ ਦੀ ਅਨੰਤਤਾ

---

[190] *ਅਧਿਐਨ ਅਤੇ ਅਧਿਆਪਨ*, ਪੰਨਾ 53.

[191] *ਗੁਰੂ ਤੇਗ ਬਹਾਦਰ ਜੀ ਦੀ ਬਾਣੀ: ਜੀਵਨ, ਦਰਸ਼ਨ ਤੇ ਸੰਦੇਸ਼,* ਪੰਨਾ 2.

[192] *ਗੁਰੂ ਨਾਨਕ ਸ਼ਬਦ ਰਤਨਾਕਰ,* ਪੰਨੇ 155-56.

[193] "As the expression of God's Truth, the Word is the instruction imparted to man by the Guru, who in the last analysis is the voice of God." *Guru Nanak in History*, p. 243.

[194] ਭਗਤ ਕਬੀਰ ਜੀ ਦੇ ਹਵਾਲੇ ਨਾਲ ਮੈਕਲੋਡ ਦਸਦਾ ਹੈ ਕਿ ਕਬੀਰ ਜੀ ਦੀ ਅੰਦਰਲੀ ਆਵਾਜ਼ ਹੀ ਉਨ੍ਹਾਂ ਦਾ ਗੁਰੂ ਸੀ। "…Satguru represented the inner voice, the mystical movement of God in the depths of the Individual beings, the light of God shed abroad in the inmost recesses of the human soul." *Guru Nanak and the Sikh Religion*, p.197.

[195] *ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ*, ਪੰਨਾ 90.

ਮਨੁਖੀ ਜੀਵਨ ਦੀਆਂ ਸੀਮਾਵਾਂ ਕਬੂਲ ਕਰਦੀ ਹੈ। ਇਉਂ ਗੁਰੂ ਇਕ ਸਦ-ਨੂਤਨ, ਸਦ-ਹਰਿਆਲਾ ਅਉਸਰ ਹੈ ਲੋਕਾਈ ਦੇ ਕਲਿਆਣ ਦਾ ਤੇ ਇਸ ਦੀ ਕਲਿਆਣਕਾਰੀ ਸ਼ਰਨ, ਲੋਕਾਈ ਦੀ ਕਲਿਆਣ-ਯਾਚਨਾ ਤੋਂ ਕਿਤੇ ਵਧੇਰੇ ਉਤਾਵਲੀ ਹੁੰਦੀ ਹੈ।"[196]

## 1.3 ਗੁਰੂ: ਸਰੂਪ

'ਗੁਰੂ' ਸਦੀਵ ਕਾਲ ਰਹਿਣ ਵਾਲੀ ਹਸਤੀ ਦਾ ਨਾਮ ਹੈ, ਜਿਹੜਾ ਕਦੇ ਜਨਮਦਾ-ਮਰਦਾ ਨਹੀਂ। ਦੂਜੇ ਪਾਸੇ ਸਦਾ ਥਿਰ ਰਹਿਣ ਵਾਲੀ ਹੋਂਦ ਤਾਂ ਇਕੋ-ਇਕ ਵਾਹਿਗੁਰੂ ਦੀ ਹੈ। ਇਸ ਪਖੋਂ ਸਤਿਗੁਰੂ ਅਤੇ ਵਾਹਿਗੁਰੂ ਇਕੋ ਹੋਂਦ ਦੇ ਦੋ ਵਖ-ਵਖ ਨਾਮ ਤੇ ਰੂਪ ਹਨ। ਦੂਜੇ ਸ਼ਬਦਾਂ ਵਿਚ ਵਾਹਿਗੁਰੂ ਦੀ ਅਦ੍ਰਿਸ਼ਟ ਹੋਂਦ ਦਾ ਪ੍ਰਤਖ ਜਾਂ ਦ੍ਰਿਸ਼ਟਮਾਨ ਰੂਪ ਗੁਰੂ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ ਸਤਿਗੁਰੂ ਨੂੰ ਮਨੁਖੀ ਦੇਹ ਵਾਲਾ ਨਾ ਸਮਝਦੇ ਹੋਏ ਨਿਰੰਜਨ ਅਤੇ ਨਿਰੰਕਾਰ ਸਮਝਣਾ ਚਾਹੀਦਾ ਹੈ:

*ਦੂਜਾ ਨਹੀ ਜਾਨੈ ਕੋਇ॥ ਸਤਿਗੁਰੁ ਨਿਰੰਜਨੁ ਸੋਇ॥*
*ਮਾਨੁਖ ਕਾ ਕਰਿ ਰੂਪੁ ਨ ਜਾਨੁ॥ ਮਿਲੀ ਨਿਮਾਨੇ ਮਾਨੁ॥*[197]

ਗੁਰੂ ਦੀ ਪ੍ਰਤਖ ਦਿਸਦੀ ਹੋਂਦ ਰਾਹੀਂ ਵਾਹਿਗੁਰੂ ਨੇ ਆਪਣਾ ਹੁਕਮ ਵਰਤਾਇਆ ਹੋਇਆ ਹੈ:

- *ਗੁਰ ਮਹਿ ਆਪੁ ਸਮੋਇ ਸਬਦ ਵਰਤਾਇਆ॥*[198]
- *ਗੁਰ ਮਹਿ ਆਪੁ ਰਖਿਆ ਕਰਤਾਰੇ॥*
  *ਗੁਰਮੁਖਿ ਕੋਟਿ ਅਸੰਖ ਉਧਾਰੇ॥*[199]

ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ-ਜੋਤਿ ਅਤੇ ਵਾਹਿਗੁਰੂ ਵਿਚਲੀ ਅਭੇਦਤਾ ਦਾ ਵਰਨਣ ਇਉਂ ਕਰਦੇ ਹਨ:

*ਨਾ ਓਹੁ ਮਰਤਾ ਨਾ ਹਮ ਡਰਿਆ॥ ਨਾ ਓਹੁ ਬਿਨਸੈ ਨਾ ਹਮ ਕੜਿਆ॥*
*ਨਾ ਓਹੁ ਨਿਰਧਨੁ ਨ ਹਮ ਭੂਖੇ॥ ਨਾ ਓਸੁ ਦੂਖੁ ਨ ਹਮ ਕਉ ਦੂਖੇ॥*
*ਅਵਰੁ ਨ ਕੋਊ ਮਾਰਨਵਾਰਾ॥ ਜੀਅਉ ਹਮਾਰਾ ਜੀਉ ਦੇਨਹਾਰਾ॥ ਰਹਾਉ॥*
*ਨਾ ਉਸੁ ਬੰਧਨ ਨਾ ਹਮ ਬਾਧੇ॥ ਨਾ ਉਸੁ ਧੰਧਾ ਨਾ ਹਮ ਧਾਧੇ॥*

---

[196] *ਸਦਾ ਵਿਗਾਸ,* ਪੰਨਾ 60.
[197] ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮਹਲਾ ੫, ੮੯੫.
[198] ਉਹੀ, ਮ: ੧ ਪਉੜੀ ਵਾਰ ਮਲਾਰ ਕੀ, ੧੨੭੯.
[199] ਉਹੀ, ਮਾਰੂ ਮਹਲਾ ੧, ੧੦੨੪.

*ਨਾ ਉਸੁ ਮੈਲੁ ਨਾ ਹਮ ਕਉ ਮੈਲਾ॥ ਓਸੁ ਅਨੰਦੁ ਤ ਹਮ ਸਦ ਕੇਲਾ॥*
*ਨਾ ਉਸੁ ਸੋਚ ਨ ਹਮ ਕੋ ਸੋਚਾ॥ ਨਾ ਉਸੁ ਲੇਪੁ ਨ ਹਮ ਕਉ ਪੋਚਾ॥*
*ਨਾ ਉਸੁ ਭੂਖ ਨਾ ਹਮ ਕਉ ਤ੍ਰਿਸਨਾ॥ ਜਾ ਉਹੁ ਨਿਰਮਲੁ ਤਾਂ ਹਮ ਜਚਨਾ॥*
*ਹਮ ਕਿਛੁ ਨਾਹੀ ਏਕੈ ਓਹੀ॥ ਆਗੈ ਪਾਛੈ ਏਕੋ ਸੋਈ॥*
*ਨਾਨਕ ਗੁਰਿ ਖੋਇ ਭ੍ਰਮ ਭੰਗਾ॥ ਹਮ ਓਇ ਮਿਲਿ ਹੋਇ ਇਕ ਰੰਗਾ॥*[200]

### 1.3.1 ਗੁਰੂ ਨਾਨਕ ਦੇਵ ਜੀ ਦਾ ਗੁਰੂ

ਇਤਿਹਾਸਿਕ ਦ੍ਰਿਸ਼ਟੀ ਤੋਂ ਸੰਸਾਰ ਵਿਚ ਜਿੰਨੇ ਵੀ ਅਵਤਾਰ, ਰਿਸ਼ੀ-ਮੁਨੀ, ਪੀਰ, ਪੈਗੰਬਰ, ਰਸੂਲ, ਮਹਾਂਪੁਰਖ ਆਦਿ ਹੋਏ ਹਨ, ਸਾਰੇ ਹੀ ਕਿਸੇ ਨਾ ਕਿਸੇ ਨੂੰ ਗੁਰੂ ਧਾਰ ਕੇ ਗਿਆਨ ਪ੍ਰਾਪਤ ਕਰਦੇ ਰਹੇ ਹਨ। ਇਸ ਦੇ ਵਿਪਰੀਤ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਧਾਰਨ ਦੀ ਕੋਈ ਲੋੜ ਨਹੀਂ ਪਈ, ਕਿਉਂਕਿ ਅਕਾਲਪੁਰਖ ਵਾਹਿਗੁਰੂ ਦੀ ਗੁਰੂ-ਸਰੂਪ ਜੋਤਿ ਹੀ ਮੂਰਤੀਮਾਨ ਹੋ ਕੇ 'ਨਾਨਕ' ਨਾਮ ਧਾਰ, ਮਾਤ ਲੋਕ ਵਿਚ ਪ੍ਰਗਟ ਹੋਈ।[201] *ਪੁਰਾਤਨ ਜਨਮਸਾਖੀ* ਨੇ ਇਸ ਦ੍ਰਿਸ਼ ਦਾ ਇਉਂ ਵਰਨਣ ਕੀਤਾ ਹੈ:

> *...ਆਗਿਆ ਪਰਮੇਸਰ ਕੀ ਹੋਈ, ਜੋ ਨਾਨਕ ਭਗਤੁ ਹਾਜਰੁ ਹੋਆ, ਤਾਂ ਅੰਮ੍ਰਿਤ ਦਾ ਕਟੋਰਾ ਭਰਿ ਕਰਿ ਆਗਿਆ ਨਾਲ ਮਿਲਿਆ। ਹੁਕਮੁ ਹੋਆ: 'ਨਾਨਕ! ਇਹੁ ਅੰਮ੍ਰਿਤੁ ਮੇਰੇ ਨਾਮ ਕਾ ਪਿਆਲਾ ਹੈ, ਤੂ ਪੀਉ'। ਤਬ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ, ਸਾਹਿਬੁ ਮਿਹਰਵਾਨੁ ਹੋਆ: 'ਨਾਨਕ ਮੈ ਤੇਰੇ ਨਾਲ ਹਾਂ। ਮੈ ਤੇਰੇ ਤਾਈ ਨਿਹਾਲੁ ਕੀਆ ਹੈ, ਅਰੁ ਜੋ ਤੇਰਾ ਨਾਉ ਲੇਵੇਗਾ ਸੋ ਸਭ ਮੈ ਨਿਹਾਲੁ ਕੀਤੇ ਹੈਨਿ।... ਤਬਿ ਫਿਰਿ ਆਗਿਆ ਆਈ, ਹੁਕਮ ਹੋਆ: 'ਨਾਨਕੁ ਜਿਸੁ ਉਪਰਿ ਤੇਰੀ ਨਦਰਿ, ਤਿਸੁ ਉਪਰਿ ਮੇਰੀ ਨਦਰਿ॥ ਜਿਸੁ ਉਪਰਿ ਤੇਰਾ ਕਰਮੁ, ਤਿਸੁ ਉਪਰਿ ਮੇਰਾ ਕਰਮੁ॥ ਮੇਰਾ ਨਾਉ ਪਾਰਬ੍ਰਹਮੁ ਪਰਮੇਸਰੁ,*

[200] ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮਹਲਾ ੫, ੩੯੧.
[201] *ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸਵੀਏ ਮਹਲੇ ਪੰਜਵੇ ਕੇ, ੧੪੦੮.

*ਅਰ ਤੇਰਾ ਨਾਉਂ ਗੁਰੂ ਪਰਮੇਸਰੁ': ਤਬ ਗੁਰੂ ਨਾਨਕ ਪੈਰੀ ਪਇਆ, ਸਿਰੁਪਾਉ ਦਰਗਾਹੋਂ ਬਾਬੇ ਨੂੰ ਮਿਲਿਆ।...*[202]

ਗੁਰੂ ਨਾਨਕ ਦੇਵ ਜੀ ਦੇ 'ਗੁਰੂ' ਬਾਰੇ *ਜਨਮਸਾਖੀ* ਸਾਹਿਤ ਵਿਚੋਂ ਭਰਪੂਰ ਜਾਣਕਾਰੀ ਮਿਲਦੀ ਹੈ। ਗੁਰੂ ਨਾਨਕ ਦੇਵ ਜੀ 'ਆਦਿ ਗੁਰੂ' ਕਿਵੇਂ ਹੋਏ?, ਉਨ੍ਹਾਂ ਨੂੰ 'ਗੁਰੂ' ਪਦ ਕਿਸ ਨੇ ਬਖਸ਼ਿਆ?, ਆਦਿ ਬਾਰੇ *ਜਨਮਸਾਖੀਆਂ* ਵਧੇਰੇ ਸਪਸ਼ਟ ਕਰਦੀਆਂ ਹਨ। *ਪੁਰਾਤਨ ਜਨਮਸਾਖੀ* ਨੇ ਗੁਰੂ ਨਾਨਕ ਦੇਵ ਜੀ ਬਾਰੇ ਵਿਸਤ੍ਰਿਤ ਜਾਣਕਾਰੀ ਮੁਹਈਆ ਕਰਵਾਈ ਹੈ। ਸਾਖੀਕਾਰ ਅਨੁਸਾਰ ਗੁਰੂ ਨਾਨਕ ਦੇਵ ਜੀ ਪਾਰਬ੍ਰਹਮ ਦੇ 'ਭਗਤ'[203] ਸਨ। ਸੋਢੀ ਹਰਿ ਜੀ ਕ੍ਰਿਤ *ਜਨਮਸਾਖੀ* ਵਿਚ ਗੁਰੂ ਨਾਨਕ ਦੇਵ ਜੀ ਤੇ ਸਿਧਾਂ ਵਿਚ ਹੋਏ ਸੰਵਾਦ ਦੌਰਾਨ ਗੁਰੂ ਨਾਨਕ ਦੇਵ ਜੀ ਦੇ 'ਗੁਰੂ' ਬਾਰੇ ਸਿਧ ਪੁਛਦੇ ਹਨ:

*ਤੈਂ ਦਰਸਨੁ ਲੀਆ ਸੁ ਕਿਸੁ ਕਾ ਲੀਆ ਹੈ? ਅਰੁ ਤੂ ਸਿਖੁ ਕਿਸੁ ਕਾ ਹੂਆ ਹੈ?*[204]

ਜਵਾਬ ਵਜੋਂ ਗੁਰੂ ਨਾਨਕ ਦੇਵ ਜੀ ਉਤਰ ਦਿੰਦੇ ਹਨ:

*ਮੈ ਸਿਖੁ ਸਚੁ ਕਾ ਹੂਆ ਹੋਂ।*[205]

*ਆਦਿ ਸਾਖੀਆਂ* ਅਨੁਸਾਰ ਪਰਮਾਤਮਾ ਨੇ ਗੁਰੂ ਸਾਹਿਬ ਨੂੰ ਗੁਰੂ ਪਦ ਦੀ ਉਪਾਧੀ ਦਿਤੀ :

*ਜੋ ਮੇਰਾ ਰੂਪੁ ਸੋ ਤੇਰਾ ਰੂਪ ਹੋਇਆ॥*
*ਮੈ ਤੈਨੂੰ ਆਪਣਾ ਨਾਉ ਦਿਤਾ ਅਤੇ ਆਪਣੀ ਮਿਹਰ ਦਿਤੀ॥...*[206]

*ਮਿਹਰਬਾਨ ਜਨਮਸਾਖੀ* ਅਨੁਸਾਰ ਪਰਮਾਤਮਾ ਨੇ ਗੁਰੂ ਸਾਹਿਬ ਨੂੰ 'ਪੂਰਾ ਗੁਰੂ' ਕਿਹਾ ਹੈ:

*ਸ੍ਰੀ ਪਾਰਬ੍ਰਹਮ ਕਹਿਆ ਜਿ ਜਾਹਿ ਨਾਨਕ !*
*ਹਉ ਪੂਰਾ ਪਰਮੇਸੁਰੁ ਹਾ ਤੂ ਪੂਰਾ ਗੁਰੂ ਹੂਆ॥*[207]

*ਮਿਹਰਬਾਨ ਜਨਮਸਾਖੀ* ਵਿਚ ਗੁਰੂ ਸਾਹਿਬ ਨੂੰ ਪਰਮੇਸਰ 'ਸਤਿਗੁਰੂ' ਦੀ ਉਪਾਧੀ ਦਿੰਦਾ ਹੈ:

---

202 *ਪੁਰਾਤਨ ਜਨਮਸਾਖੀ*, ਸਾਖੀ/ਪੰਨੇ – ੧੦/40–1.
203 *... ਜੋ ਵਡਾ ਭਗਤ ਜਗਤ ਨਿਸਤਾਰਣ ਕਉ ਆਇਆ...॥* *ਪੁਰਾਤਨ ਜਨਮਸਾਖੀ*, ਸਾਖੀ/ਪੰਨਾ – ੧/17.
204 *ਸੋਢੀ ਹਰਿ ਜੀ ਜਨਮਸਾਖੀ* (ਭਾਗ–2), ਗੋਸ਼ਟਿ/ਪੰਨਾ – ੪੨/੨੬੧.
205 *ਉਹੀ.*
206 ਪਿਆਰ ਸਿੰਘ (ਡਾ.), *ਆਦਿ ਸਾਖੀਆਂ*, ਸਾਖੀ/ਪੰਨਾ – ੭/16.
207 *ਮਿਹਰਬਾਨ ਜਨਮਸਾਖੀ*, ਗੋਸ਼ਟਿ/ਪੰਨਾ – ੫੩/173.

*ਹੇ ਨਾਨਕ! ਸੁ ਸਤਿਗੁਰੂ ਤੂ ਹੀ ਹੂਆ ਜਿਨਿ ਸਤਿਗੁਰੂ ਬੂਝਿਆ ਹੈ। ਸਤਿਗੁਰੂ ਕਿਸ ਕਾ ਨਾਮੁ ਹੈ ਨਾਨਕ? ਸਤਿਗੁਰ ਸਤਿਪੁਰਖ ਕਾ ਨਾਮੁ ਹੈ, ਸੁ ਸਤਿ ਪੁਰਖੁ ਮੈ ਹਉ ਅਵਰੁ ਕੋਈ ਨਾਹੀ। ਮੈ ਰਚਿਆ ਸਤਿ ਕੈ ਸਮਾਨਿ ਸਤਿਗੁਰੂ ਮੇਰਾ ਰੂਪ ਹੈ... ਤਬ ਸ੍ਰੀ ਪਾਰਬ੍ਰਹਮ ਜੀ ਕਹਿਆ ਜਿ ਏ ਨਾਨਕ! ਤੇਰਾ ਜੇ ਕੋਈ ਨਾਮੁ ਲੇਗਾ, ਮੈਂ ਤਿਸੁ ਕਉ ਭੀ ਨਿਹਾਲ ਕਰੰਉਗਾ, ਦੀਨ ਦੁਨੀਆ ਮਹਿ ਮੈਂ ਬਕਸਉਗਾ। ਜਗਤ੍ਰ ਤਾਰਨ ਕਉ ਸ੍ਰੀ ਪਾਰਬ੍ਰਹਮ ਬਡਾਈ ਦੀਨੀ। ਤਬ ਬਡਾਈ ਨਾਮ ਭਗਤਿ ਕੀ ਲੈ ਜਗਤ੍ਰ ਤਾਰਨ ਕਉ ਜਗਿ ਆਇਆ... ਜਗਤ੍ਰ ਮਹਿ ਪਰਮੇਸੁਰ ਕੀ ਭਗਤਿ ਦਿੜਾਈ।* [208]

*ਗਿਆਨ ਰਤਨਾਵਲੀ* ਦਾ ਕਰਤਾ ਵੀ ਗੁਰੂ ਨਾਨਕ ਦੇਵ ਜੀ ਨੂੰ 'ਗੁਰੂ' ਪਦਵੀ ਪਰਮਾਤਮਾ ਪਾਸੋਂ ਪ੍ਰਾਪਤ ਹੋਈ ਦਰਸਾਉਂਦਾ ਹੈ:

*...ਤਾਂ ਗੁਰੂ ਨਾਨਕ ਜੀ ਮਥਾ ਟੇਕਿਆ ਜੋ ਮੈ ਤੁਝੇ ਗੁਰੂ ਕੀਆ ਹੈ॥ ਬਚਨ ਹੋਆ ਮੈ ਤੇਰਾ ਗੁਰੂ ਤੂੰ ਜਗਤ ਦਾ ਗੁਰੂ ਜਾਇਕੈ ਤੂੰ ਕਲਜੁਗ ਮੈ ਅਵਤਾਰ ਲੈ ਅਰ ਮੇਰੀ ਭਗਤ ਦ੍ਰਿੜਾਇ॥*[209]

ਗੁਰੂ ਨਾਨਕ ਦੇਵ ਜੀ ਆਪ ਆਪਣੀ ਬਾਣੀ ਵਿਚ ਪਰਮਾਤਮਾ ਦੀ ਸਰਬ ਵਿਆਪਕ ਹਸਤੀ ਦਾ ਵਰਨਣ ਕਰਦੇ ਹੋਏ ਕਹਿੰਦੇ ਹਨ ਕਿ ਉਹ ਪਰਮਾਤਮਾ ਜਿਹੜਾ ਅਲਖ, ਨਿਰੰਜਨ, ਪ੍ਰਕਾਸ਼ ਰੂਪ, ਅਪਰੰਪਰ ਅਤੇ ਪਾਰਬ੍ਰਹਮ ਪਰਮੇਸਰ ਹੈ, ਉਨ੍ਹਾਂ ਨੂੰ ਗੁਰੂ ਰੂਪ ਵਿਚ ਪ੍ਰਾਪਤ ਹੋਇਆ ਹੈ:

*ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥*
*ਅਪਰੰਪਰ ਪਾਰਬ੍ਰਹਮ ਪਰਮੇਸਰੁ ਨਾਨਕੁ ਗੁਰੁ ਮਿਲਿਆ ਸੋਈ ਜੀਉ॥*[210]

*ਮਹਿਮਾ ਪ੍ਰਕਾਸ਼* ਦਾ ਕਰਤਾ ਗੁਰੂ ਨਾਨਕ ਦੇਵ ਜੀ ਦਾ ਚਾਰ ਇਮਾਮਾਂ ਨਾਲ ਸੰਵਾਦ ਰਚਾਉਂਦਾ ਹੋਇਆ ਗੁਰੂ ਸਾਹਿਬ ਦੀ ਜ਼ੁਬਾਨੀ ਦਸਦਾ ਹੈ ਕਿ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਜੋ

---

[208] *ਮਿਹਰਬਾਨ ਜਨਮਸਾਖੀ*, ਗੋਸ਼ਟਿ/ਪੰਨਾ – ੯੫/੩੧੧-੧੨.
[209] *ਗਿਆਨ ਰਤਨਾਵਲੀ*, ਸਾਖੀ/ਪੰਨਾ – ੨੬/235.
[210] ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮਹਲਾ ੧, ਪ੯੯.

ਕਮਜ਼ੋਰੀਆਂ ਆ ਗਈਆਂ ਸਨ, ਉਨ੍ਹਾਂ ਨੂੰ ਦੂਰ ਕਰਨ ਲਈ ਈਸ਼ਵਰ ਦਾ ਪੁਤਰ ਗੁਰੂ ਨਾਨਕ ਅਵਤ੍ਰਿਤ ਹੋਇਆ ਹੈ :

*ਨਾਨਕ ਪੁਤਰ ਖੁਦਾਇ ਦਾ ਆਇਆ ਵਿਚ ਜਹਾਨ।*
*ਕਾਨ ਉਠਾਵਨ ਮਜਬ ਦੇ ਹਿੰਦੂ ਮੁਸਲਮਾਨ॥*[211]

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਅਨੇਕ ਅਜਿਹੇ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਉਨ੍ਹਾਂ ਦਾ ਗੁਰੂ ਕੋਈ ਦੇਹਧਾਰੀ ਨਹੀਂ ਸੀ, ਬਲਕਿ ਪਰਮਾਤਮਾ ਆਪ ਸੀ:

*ਨਾਨਕ ਜੁਗਿ ਜੁਗਿ ਗੁਰ ਗੋਪਾਲਾ॥*[212]

ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਹੋਰ ਗੁਰੂ ਸਾਹਿਬਾਨ ਨੇ ਵੀ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਚਲਤ ਗੁਰੂ ਸਿਧਾਂਤ ਨੂੰ ਗ੍ਰਹਿਣ ਕਰਦੇ ਹੋਏ ਫੁਰਮਾਇਆ ਹੈ:

*ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥*
*ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥*[213]
*ਹਮ ਚਾਕਰ ਗੋਬਿੰਦ ਕੇ ਠਾਕੁਰੁ ਮੇਰਾ ਭਾਰਾ॥*
*ਕਰਨ ਕਰਾਵਨ ਸਗਲ ਬਿਧਿ ਸੋ ਸਤਿਗੁਰੂ ਹਮਾਰਾ॥*[214]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਵਈਆਂ ਵਿਚ ਇਕ ਥਾਂ ’ਤੇ ਬਿਲਕੁਲ ਸਪਸ਼ਟ ਸ਼ਬਦਾਂ ਵਿਚ ਲਿਖਦੇ ਹਨ ਕਿ ਮੇਰੇ ਗੁਰੂ ਨੇ ਮੈਨੂੰ ਇਸ ਗਲ ਦਾ ਨਿਸਚਾ ਕਰਵਾ ਦਿਤਾ ਹੈ ਕਿ ਸਾਡਾ ਗੁਰੂ ਉਹ ਅਕਾਲਪੁਰਖ ਹੀ ਹੈ, ਜਿਸ ਦੀ ਅਰਾਧਨਾ ਕਰੋੜਾਂ ਇੰਦਰ, ਉਪਇੰਦਰ, ਦਾਨਵ, ਦੇਵ, ਫਨਿੰਦ, ਧਰਾਧਰ, ਮਛ, ਕਛ, ਪਸੂ, ਸਿਵ, ਬ੍ਰਹਮਾ, ਬੇਦ ਅਤੇ ਕਤੇਬ ਆਦਿ ਜੁਗਾਂ–ਜੁਗਾਂਤਰਾਂ ਤੋਂ ਕਰਦੇ ਆ ਰਹੇ ਹਨ:

*ਕੋਟਕ ਇੰਦ੍ਰ ਕਰੇ ਜਿਹ ਕੇ ਕਈ ਕੋਟਿ ਉਪਿੰਦ੍ਰ ਬਨਾਇ ਖਪਾਯੋ॥*
*ਦਾਨਵ ਦੇਵ ਫਨਿੰਦ੍ਰ ਧਰਾਧਰ ਪਛ ਪਸੂ ਨਹਿ ਜਾਤਿ ਗਨਾਯੋ॥*
*ਆਜ ਲਗੇ ਤਪੁ ਸਾਧਤ ਹੈ ਸਿਵ ਊ ਬ੍ਰਹਮਾ ਕਛੁ ਪਾਰ ਨਾ ਪਾਯੋ॥*
*ਬੇਦ ਕਤੇਬ ਨ ਭੇਦ ਲਖਯੋ ਜਿਹ ਸੋਊ ਗੁਰੂ ਗੁਰ ਮੋਹਿ ਬਤਾਯੋ॥*[215]

---

[211] *ਮਹਿਮਾ ਪ੍ਰਕਾਸ਼* (ਭਾਗ ਪਹਿਲਾ), ਸਾਖੀ/ਪੰਨਾ – ੪੬/੩੬੧.
[212] ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮਹਲਾ ੧ ਸਿਧ ਗੋਸਟਿ, ੯੪੩ ; ਹੋਰ ਵੇਖੋ: ੮੭੯; ੧੦੩੧; ੮੭੮.
[213] ਉਹੀ, ਰਾਗੁ ਸੂਹੀ ਮਹਲਾ ੪, ੭੫੯.
[214] ਉਹੀ, ਆਸਾ ਮਹਲਾ ੫, ੩੯੯.
[215] *ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਤੀਜੀ), ਪੰਨਾ 1220.

ਗੁਰੂ ਨਾਨਕ ਦੇਵ ਜੀ ਨੇ ਭਾਵੇਂ ਆਪਣੇ ਆਪ ਨੂੰ ਗੁਰੂ ਕਿਤੇ ਨਹੀਂ ਕਿਹਾ ਪਰੰਤੂ ਗੁਰੂ ਦੇ ਗੁਣ, ਜਿਹੜੇ ਉਨ੍ਹਾਂ ਨੇ ਆਪਣੀ ਬਾਣੀ ਵਿਚ ਦਸੇ ਹਨ, ਉਹ ਸਾਰੇ ਹੀ ਉਨ੍ਹਾਂ ਵਿਚੋਂ ਰੂਪਮਾਨ ਹੁੰਦੇ ਹਨ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਅਨੇਕ ਥਾਂ ਗੁਰੂ ਨਾਨਕ ਦੇਵ ਜੀ ਨੂੰ 'ਗੁਰੂ' ਅਤੇ 'ਬ੍ਰਹਮ' ਕਿਹਾ ਹੈ:

*ਗੁਰੁ ਨਾਨਕੁ ਨਾਨਕੁ ਹਰਿ ਸੋਇ॥*[216]

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਪਾਰਬ੍ਰਹਮ ਅਸਲ ਵਿਚ ਇਕ ਹੀ ਹੈ, ਉਸ ਦੇ ਨਾਮ ਅਥਵਾ ਰੂਪ ਦੋ (ਗੁਰੂ ਅਤੇ ਗੋਵਿੰਦ) ਹਨ:

*ਪੂਰਨ ਬ੍ਰਹਮ ਬਿਬੇਕ ਆਪਾ ਆਪ ਪ੍ਰਗਾਸ ਹੁਇ॥*
*ਨਾਮ ਦੋਇ ਪ੍ਰਭ ਏਕ ਗੁਰ ਗੋਬਿੰਦ ਬਖਾਨੀਐ॥*[217]

ਬਾਣੀ ਤੋਂ ਇਲਾਵਾ ਪੰਥ-ਪ੍ਰਸਿਧ ਇਤਿਹਾਸਕਾਰਾਂ ਨੇ ਵੀ ਆਪਣੀਆਂ ਰਚਨਾਵਾਂ ਵਿਚ ਗੁਰੂ ਨਾਨਕ ਦੇਵ ਜੀ ਦਾ ਗੁਰੂ ਅਕਾਲਪੁਰਖ ਹੀ ਦਸਿਆ ਹੈ।

ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਸਚਖੰਡ ਵਿਚ ਸਤਿਗੁਰੂ ਨਾਨਕ ਦੇਵ ਜੀ ਨੂੰ ਅਕਾਲਪੁਰਖ ਨੇ ਗੁਰੂ ਰੂਪ ਹੋ ਕੇ ਮੰਤ੍ਰ ਬਖਸ਼ਿਆ:

*ਜੀਵ ਉਧਾਰਣ ਕਾਰਣ ਕਲਿ ਮੈ ਪ੍ਰਗਟੇ ਦੋਈ ਮੰਤ੍ਰ ਗੁਰ ਦੁਆਰ।*
*ਤਬ ਤੇ ਗੁਰ ਨਾਨਕ ਕਾ ਸਤਿਗੁਰ ਹੋਯੋ ਆਪ ਹਰੀ ਕਰਤਾਰ।*
*ਯਾਹੀ ਤੈ ਗੁਰ ਆਦਿ ਆਪ ਬਾਨੀ ਮੈ ਆਪਨਾ ਗੁਰ ਹਰਿ ਗਾਯਾ।*
*ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ॥*[218]

ਗੁਰੂ ਨਾਨਕ ਦੇਵ ਜੀ ਨੂੰ ਕੰਧਾਰ ਦੇ ਸਫਰ ਦੌਰਾਨ ਇਕ ਅਲੀਯਾਰ ਮੁਸਲਮਾਨ ਨੇ ਪ੍ਰਸ਼ਨ ਕੀਤਾ, 'ਰਹਨੁਮਾਇ ਤੋ ਕੀਸ੍ਤ'? (ਅਰਥਾਤ, ਤੁਸੀਂ ਕਿਸ ਦੀ ਰਹਿਨੁਮਾਈ ਵਿਚ ਹੋ, ਭਾਵ ਆਪ ਦਾ ਗੁਰੂ ਕੌਣ ਹੈ?) ਗੁਰੂ ਸਾਹਿਬ ਨੇ ਉਤਰ ਵਜੋਂ ਕਿਹਾ, 'ਖੁਦਾਇ ਮਨ'। ਭਾਵ, ਖੁਦਾ ਹੀ ਮੇਰਾ ਗੁਰੂ ਹੈ।[219]

---

[216] ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਮਹਲਾ ੫, ੮੬੫; ਹੋਰ ਵੇਖੋ: ੧੩੮੯; ੧੩੮੭; ੭੧੦; ੩੯੭; ੮੮੪; ੧੩੯੫; ੧੧੯੨; ੧੩੧੦.

[217] *ਕਬਿਤ ਸਵਯੇ ਭਾਈ ਗੁਰਦਾਸ*, ੧੯.

[218] *ਪੰਥ ਪ੍ਰਕਾਸ਼*, ਪੰਨੇ ੬੧-੨.

[219] ਉਧਰਿਤ: ਊਧਮ ਸਿੰਘ (ਗਿ.), *ਸੱਚਾ ਗੁਰੂ*, ਪੰਨਾ ੪੨.

## 1.3.2 ਗੁਰੂ ਨਾਨਕ ਦੇਵ: ਅਵਤਾਰ/ ਮਨੁਖ

ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਨੌਂ ਉਤਰਾਧਿਕਾਰੀ ਅਵਤਾਰ ਸਨ ਜਾਂ ਮਨੁਖ? ਜਾਂ ਫਿਰ ਕੀ ਗੁਰੂ ਨਾਨਕ ਦੇਵ ਜੀ ਦਾ ਸਰੀਰ 'ਗੁਰੂ' ਸੀ ਜਾਂ ਉਨ੍ਹਾਂ ਦੁਆਰਾ ਦਿਤਾ ਉਪਦੇਸ਼ ਗੁਰੂ ਸੀ? ਇਹ ਵਿਚਾਰਨਯੋਗ ਸਵਾਲ ਹਨ। ਜ਼ਿਕਰਯੋਗ ਹੈ ਕਿ 'ਗੁਰੂ' ਇਕ ਰਹਸਦਵਾਦੀ ਵਰਤਾਰਾ ਹੈ। ਇਹ ਮਨੁਖੀ ਗਿਆਨ-ਇੰਦਰੀਆਂ ਦੀ ਪਹੁੰਚ ਤੋਂ ਪਰੇ ਦੀ ਖੇਡ ਹੈ। ਵਿਦਵਾਨ ਲੋਕ ਆਪੋ-ਆਪਣੀ ਬੁਧ ਅਨੁਸਾਰ ਉਕਤ ਸਵਾਲਾਂ ਦੇ ਜਵਾਬ ਤਾਂ ਦਿੰਦੇ ਹਨ, ਪਰੰਤੂ ਉਹ 'ਗੁਰੂ' ਦੇ 'ਅਸਲੇ' ਦੀ ਥਾਹ ਨਹੀਂ ਪਾ ਸਕਦੇ।

ਭਾਰਤ ਵਿਚ ਸਮੇਂ-ਸਮੇਂ 'ਤੇ ਹੋਏ ਦੇਵੀ-ਦੇਵਤਿਆਂ ਨੂੰ ਭਾਵੇਂ ਲੋਕਾਂ ਨੇ ਅਵਤਾਰ ਮੰਨ ਕੇ ਪੂਜਿਆ ਹੈ, ਪਰ ਗੁਰਮਤਿ ਅਨੁਸਾਰ ਉਨ੍ਹਾਂ ਨੂੰ ਅਵਤਾਰ ਨਹੀਂ ਕਿਹਾ ਜਾ ਸਕਦਾ। ਇਹ ਦੈਵੀ ਸ਼ਕਤੀਆਂ ਪਾਰਬ੍ਰਹਮ ਦਾ ਪ੍ਰਕਾਸ਼ ਗੁਣ ਲੈ ਕੇ ਉਸ ਦੇ ਹੁਕਮ ਵਿਚ ਮਨੁਖੀ ਕਲਿਆਣ ਦਾ ਪ੍ਰਯੋਜਨ ਲੈ ਕੇ ਇਸ ਸੰਸਾਰ ਵਿਚ ਪ੍ਰਗਟ ਹੋਈਆਂ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ *ਚੰਡੀ ਦੀ ਵਾਰ* ਵਿਚ ਇਸ ਪ੍ਰਥਾਇ ਸਪਸ਼ਟ ਕੀਤਾ ਹੈ ਕਿ ਪਾਰਬ੍ਰਹਮ ਤੋਂ ਹੀ ਬਲ ਲੈ ਕੇ ਦੁਰਗਾ (ਪਰਮੇਸ਼ਰੀ ਸ਼ਕਤੀ) ਨੇ ਦੈਂਤਾਂ ਦਾ, ਰਾਮ ਨੇ ਰਾਵਣ ਦਾ ਅਤੇ ਕ੍ਰਿਸ਼ਨ ਨੇ ਕੰਸ ਦਾ ਸੰਘਾਰ ਕੀਤਾ।[220] ਪਰਮੇਸਰ ਦੀ ਇਸ ਪ੍ਰਕਾਸ਼ ਸ਼ਕਤੀ ਦੇ ਅਵਤ੍ਰਣ ਸੰਬੰਧੀ ਭਟ ਬਾਣੀ ਵਿਚ ਇਸ ਤਰ੍ਹਾਂ ਅੰਕਿਤ ਹੈ:

*ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥*
*ਕਲਿਜੁਗਿ ਪ੍ਰਮਾਣੁ ਨਾਨਕ ਗੁਰ ਅੰਗਦੁ ਅਮਰੁ ਕਹਾਇਓ॥*
*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥*[221]

---

[220] *ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਰਾਵਣੁ ਘਾਇਆ॥ ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸ ਕੇਸੀ ਪਕੜਿ ਗਿਰਾਇਆ॥ ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ 154.

[221] ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਈਏ ਮਹਲੇ ਪਹਿਲੇ ਕੇ, ੧੩੯੦.

ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਰਾਮ, ਕ੍ਰਿਸ਼ਨ ਜਾਂ ਦੂਜੇ ਅਵਤਾਰਾਂ ਦੀ ਤਰ੍ਹਾਂ ਪਰਮਾਤਮਾ ਦਾ ਅਵਤਾਰ ਨਹੀਂ:

*ਜਾ ਕੋ ਨਾਮੁ ਹੈ ਅਜੋਨੀ ਕੈਸੇ ਕੈ ਜਨਮੁ ਲੈ*
*ਕਹਾ ਜਾਨ ਬ੍ਰਤ ਜਨਮਾਸਟਮੀ ਕੋ ਕੀਨੋ ਹੈ॥*
*ਜਾ ਕੋ ਜਗਜੀਵਨ ਅਕਾਲ ਅਬਿਨਾਸੀ*
*ਨਾਮੁ ਕੈਸੇ ਕੈ ਬਧਿਕ ਮਾਰਓ ਅਪਜਸੁ ਲੀਨੋ ਹੈ॥*
*ਨਿਰਮਲ ਨਿਰਦੋਖ ਮੋਖ ਪਦੁ ਜਾ ਕੇ ਨਾਮਿ ਗੋਪੀਨਾਥ*
*ਕੈਸੇ ਹੁਇ ਬਿਰਹ ਦੁਖ ਦੀਨੋ ਹੈ॥*
*ਪਾਹਨ ਕੀ ਪ੍ਰਤਿਮਾ ਕੋ ਅੰਧ ਕੰਧ ਹੈ ਪੂਜਾਰੀ*
*ਅੰਤਰਿ ਅਗਿਆਨ ਮਤਿ ਗਿਆਨ ਗੁਰ ਹੀਨੋ ਹੈ॥*[222]

ਡਾ. ਸ਼ੇਰ ਸਿੰਘ ਨੇ ਉਕਤ ਪ੍ਰਸ਼ਨ ਦੇ ਸੰਦਰਭ ਵਿਚ ਵਿਦਵਾਨਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੈ। ਇਕ ਸ਼੍ਰੇਣੀ ਤਾਂ ਉਨ੍ਹਾਂ ਧਰਮ-ਵੇਤਿਆਂ (theologians) ਦੀ ਹੈ, ਜਿਹੜੇ ਕਹਿੰਦੇ ਹਨ ਕਿ ਗੁਰੂ ਸਾਹਿਬ ਅਵਤਾਰ ਸਨ। ਹਿੰਦੂ ਮਤ ਅਨੁਸਾਰ ਅਵਤਾਰਾਂ ਦੇ ਕਈ ਦਰਜੇ ਹਨ। ਇਹ ਦਰਜੇ ਉਨ੍ਹਾਂ ਅਵਤਾਰਾਂ ਅੰਦਰ ਪਾਏ ਜਾਂਦੇ ਗੁਣ ਅਥਵਾ ਕਲਾਂ ਦੇ ਆਧਾਰ ਉਤੇ ਸਨ। ਇਸ ਤਰ੍ਹਾਂ ਨਾਲ 12, 14, 16 ਕਲਾਂ ਸੰਪੂਰਨ ਅਵਤਾਰਾਂ ਦਾ ਜਿਕਰ ਹਿੰਦੂ ਗ੍ਰੰਥਾਂ ਵਿਚ ਆਮ ਮਿਲਦਾ ਹੈ। ਇਸ ਪਰੰਪਰਾ ਅਧੀਨ ਨਿਰਮਲੇ ਸਾਧੂਆਂ ਨੇ ਗੁਰੂ ਨਾਨਕ ਦੇਵ ਜੀ ਤੇ ਬਾਕੀ ਨੌਂ ਗੁਰੂ ਸਾਹਿਬਾਨ ਨੂੰ 16 ਕਲਾਂ ਸੰਪੂਰਨ ਸਿਧ ਕੀਤਾ ਹੈ। ਦੂਜੀ ਸ਼੍ਰੇਣੀ ਵਿਚ ਉਹ ਵਿਦਵਾਨ ਹਨ ਜਿਹੜੇ ਵਿਗਿਆਨ ਦੇ ਅਸਰ ਹੇਠ ਕਾਰਨ-ਕਾਰਜ ਦੇ ਸਿਧਾਂਤ ਨੂੰ ਰੂਹਾਨੀ ਮੰਡਲਾਂ ’ਤੇ ਲਾਗੂ ਕਰਦੇ ਹਨ। ਇਨ੍ਹਾਂ ਅਨੁਸਾਰ ਗੁਰੂ ਸਾਹਿਬਾਨ ਨੇ ਮਿਹਨਤ ਕਰਕੇ ਰੂਹਾਨੀ ਮੰਜ਼ਿਲਾਂ ਪ੍ਰਾਪਤ ਕੀਤੀਆਂ। ਤੀਜੀ ਸ਼੍ਰੇਣੀ ਦੇ ਵਿਦਵਾਨ ਕਹਿੰਦੇ ਹਨ ਕਿ ਗੁਰੂ ਸਾਹਿਬਾਨ ਸਨ ਤਾਂ ਮਨੁਖ ਹੀ, ਪਰੰਤੂ ਉਹ ਜਮਾਂਦਰੂ ਹੀ ਮਾਨਸਿਕ ਤੇ ਆਤਮਿਕ ਤੌਰ ਉਤੇ ਪੂਰਨ ਸਨ। ਉਨ੍ਹਾਂ ਅੰਦਰ ਰਬੀ ਅੰਸ਼ ਬਿਨਾਂ ਕਿਸੇ ਸਥੂਲ ਰੂਪ ਦੇ ਸੀ, ਪਰੰਤੂ ਉਹ ਰਬ ਨਹੀਂ ਸਨ। ਰਬ ਤੋਂ ਵਖ ਵੀ ਨਹੀਂ ਸਨ।[223] ਇਸ ਪ੍ਰਥਾਇ ਡਾ. ਜਗਬੀਰ ਸਿੰਘ ਦਾ ਮਤ ਹੈ ਕਿ ਅਵਤਾਰ ਅਤੇ ਗੁਰੂ ਵਿਚਕਾਰ ਮੌਲਿਕ ਭੇਦ ਹੈ ਕਿ

---

[222] *ਕਬਿਤ ਸਵਯੇ ਭਾਈ ਗੁਰਦਾਸ*, ੪੮੫.
[223] *ਗੁਰਮਤਿ ਦਰਸ਼ਨ,* ਪੰਨੇ ੫੧-੩.

ਅਵਤਾਰ ਆਪਣੇ ਬਲ ਅਤੇ ਪ੍ਰਾਕ੍ਰਮ ਨਾਲ ਮਨੁਖ ਜਾਤੀ ਦਾ ਭਲਾ ਕਰਦਾ ਹੈ ਅਤੇ ਗੁਰੂ ਕੇਵਲ ਗਿਆਨ ਅਗਵਾਈ ਕਰਦਾ ਹੈ।[224]

ਵਰਨਣਯੋਗ ਹੈ ਕਿ ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਅਵਤਾਰੀ ਖਿਆਲ ਦਾ ਵਿਰੋਧ ਕੀਤਾ ਹੈ।[225] ਇਸੇ ਲਈ ਉਹ ਆਪਣੇ ਆਪ ਨੂੰ ਕਿਸੇ ਵੀ ਤਰ੍ਹਾਂ ਦਾ ਵੈਦਿਕ ਅਵਤਾਰ, ਇਲਾਮਿਕ ਪੈਗੰਬਰ ਜਾਂ ਰਬ ਦਾ ਈਸਾਈ ਪੁਤਰ ਨਹੀਂ ਅਖਵਾਉਂਦੇ। ਗੁਰਬਾਣੀ ਵਿਚ ਕਈ ਥਾਈਂ ਸਤਿਗੁਰਾਂ ਨੇ ਪੈਗੰਬਰਾਂ ਤੇ ਅਵਤਾਰਾਂ ਨੂੰ ਆਮ ਮਨੁਖਾਂ ਵਾਂਗ ਹੀ ਦਰਸਾਇਆ ਹੈ।[226] ਗੁਰਬਾਣੀ ਵਿਚ ਇਹ ਵੀ ਸਿਧ ਹੁੰਦਾ ਹੈ ਕਿ ਗੁਰੂ ਸਾਹਿਬਾਨ ਅਕਾਲਪੁਰਖ ਦਾ ਹੀ ਰੂਪ ਹਨ। ਇਹ ਅਭੇਦਤਾ ਚਿੰਨ੍ਹਾਤਮਕ ਹੋਣ ਦੇ ਨਾਲ-ਨਾਲ ਯਥਾਰਥਕ ਵੀ ਹੈ:

*ਗੁਰੁ ਅਰਜੁਨੁ ਪਰਤਖ੍ਹ ਹਰਿ॥*[227]

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬਾਨ ਅਵਤਾਰਾਂ ਤੋਂ ਵਡੀ ਹਸਤੀ ਹਨ, ਪਰੰਤੂ ਇਹ ਵਡਤ ਉਨ੍ਹਾਂ ਨੂੰ ਗੈਰ-ਮਨੁਖ ਨਹੀਂ ਬਣਾਉਂਦੀ। ਗੁਰੂ ਸਾਹਿਬਾਨ ਤੇ ਆਮ ਮਨੁਖਾਂ ਵਿਚ ਜਾਤੀ ਦਾ ਭੇਦ ਨਹੀਂ, ਬਲਕਿ ਦਰਜੇ (ਉਚਾ-ਨੀਵਾਂ) ਦਾ ਭੇਦ ਜਰੂਰ ਹੈ। *ਜਨਮਸਾਖੀਆਂ* ਦੇ ਅਧਿਐਨ ਉਪਰੰਤ ਪਤਾ ਚਲਦਾ ਹੈ ਕਿ ਸਾਖੀਕਾਰਾਂ ਨੇ ਗੁਰੂ ਸਾਹਿਬਾਨ ਨੂੰ ਆਮ ਪੈਗੰਬਰਾਂ, ਅਵਤਾਰਾਂ ਆਦਿ ਤੋਂ ਘਟ ਨਹੀਂ ਰਖਿਆ, ਵਾਹ ਲਗਦੀ ਉਨ੍ਹਾਂ ਨੂੰ ਵੀ ਅਵਤਾਰਾਂ ਦੇ ਰਾਹਾਂ ਤੇ ਲੀਹਾਂ ਉਤੇ ਤੁਰਦੇ ਪੇਸ਼ ਕੀਤਾ ਹੈ। ਅਜਿਹਾ ਉਨ੍ਹਾਂ ਨੇ ਅਗਿਆਨ ਵਸ ਨਹੀਂ ਕੀਤਾ, ਬਲਕਿ ਗੁਰੂ ਪ੍ਰੇਮ ਵਿਚ ਭਿਜੇ ਸਾਖੀਕਾਰ ਸਰੀਰ ਨਾਲੋਂ ਗੁਰੂ ਦੇ ਦਿਬ-ਰੂਪ ਦੀ ਵਿਆਖਿਆ ਵਧੇਰੇ ਕਰਦੇ ਹਨ। ਜ਼ਿਕਰਯੋਗ ਹੈ ਕਿ ਸਾਖੀਕਾਰਾਂ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਭਟ ਸਾਹਿਬਾਨ ਨੇ ਵੀ ਇਸੇ ਤਰ੍ਹਾਂ ਦੀ ਵਿਆਖਿਆ ਕੀਤੀ ਹੈ।

ਗੁਰੂ ਸਾਹਿਬਾਨ ਦੇ ਮਨੁਖਾ ਰੂਪ ਹੋਣ ਕਰ ਕੇ ਅਸੀਂ ਉਨ੍ਹਾਂ ਨੂੰ ਅਵਤਾਰ ਨਹੀਂ ਕਹਿ ਸਕਦੇ, ਪਰੰਤੂ ਨਾਲ ਹੀ ਉਨ੍ਹਾਂ ਦੁਆਰਾ ਮਨੁਖਾ ਰੂਪ ਧਾਰਨ ਕਰਨ ਨਾਲ, ਉਨ੍ਹਾਂ ਨੂੰ ਇਕ ਭੌਤਿਕ

---

[224] *ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਪੰਨਾ 89.

[225] *ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮਹਲਾ ੫, ੧੧੩੬.

[226] *ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥* ਉਹੀ, ਆਸਾ ਮਹਲਾ ੩, ੪੨੩.

[227] ਉਹੀ, ਸਵਈਏ ਮਹਲੇ ਪੰਜਵੇ ਕੇ, ੧੪੦੯; ਹੋਰ ਵੇਖੋ: ੮੯੭; ੮੦੨; ੭੭; ੭੧੦; ੧੧੪੨; ੧੧੫੨; ੧੨੭੧.

ਦਾਇਰਿਆਂ ਵਿਚ ਵਿਚਰਦਾ ਮਨੁਖ ਵੀ ਨਹੀਂ ਕਿਹਾ ਜਾ ਸਕਦਾ। ਇਸ ਦਾ ਇਕ ਕਾਰਨ ਇਹ ਹੈ ਕਿ ਸਰੀਰ ਤਾਂ ਗੁਰੂ-ਜੋਤਿ ਦੀ ਤਰ੍ਹਾਂ ਇਕ ਬਾਹਰੀ ਪੋਸ਼ਾਕ ਹੈ। ਇਸ ਤੋਂ ਬਿਨਾਂ ਜਿਵੇਂ ਇਹ ਪਰਮੇਸਰੀ-ਜੋਤਿ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਪ੍ਰਵੇਸ਼ ਕਰਦੀ ਹੋਈ ਗ੍ਰੰਥ-ਪੰਥ ਤਕ ਪੁਜਦੀ ਹੈ, ਇਹ ਅਵਤਾਰਵਾਦੀ ਪਰੰਪਰਾ ਅਨੁਸਾਰੀ ਨਹੀਂ।

*ਗੁਰਬਿਲਾਸ ਪਾ:੬* ਅਨੁਸਾਰ ਗੁਰੂ-ਸਰੂਪ ਵਰਨਣ ਕਰਨਾ ਆਮ ਮਨੁਖ ਦੇ ਵਸ ਦੀ ਗਲ ਨਹੀਂ:

*ਸ੍ਰੀ ਗੁਰੂ ਨਾਨਕ ਕੀ ਉਪਮਾ ਸਮ ਸਿੰਧੁ ਕੋਊ ਕਵਿ ਪਾਰ ਨ ਪਾਵੈ॥*
*ਨੇਤਿ ਹੀ ਨੇਤਿ ਸੁ ਬੇਦ ਰਰੈ ਸਦ ਸਿਧ ਸਭੀ ਜਿਨ ਕੈ ਬਲਿ ਜਾਵੈ॥*[228]

*ਜਨਮਸਾਖੀ* ਸਾਹਿਤ ਨੇ ਗੁਰੂ ਨੂੰ ਗੁਰ-ਪਰਮੇਸਰ ਅਤੇ ਪਰਮਸਤਾ ਨੂੰ ਪਾਰਬ੍ਰਹਮ-ਪਰਮੇਸਰ ਕਹਿ ਕੇ ਗੁਰੂ ਅਤੇ ਪਰਮੇਸਰ ਦੀ ਵਖਰੀ ਪਛਾਣ ਸਥਾਪਿਤ ਕਰ ਕੇ ਗੁਰੂ ਨੂੰ ਅਵਤਾਰਵਾਦ ਨਾਲੋਂ ਨਿਖੇੜਿਆ ਹੈ। ਦਸ ਸਰੀਰਾਂ ਤੋਂ ਗੁਰ-ਪਰਮੇਸਰ ਦੀ ਜੋਤਿ, ਜਿਸ ਪ੍ਰਕਾਰ ਗ੍ਰੰਥ-ਪੰਥ ਤਕ ਪਹੁੰਚਦੀ ਹੈ, ਇਹ ਮਨੁਖੀ ਸੀਮਾਵਾਂ ਅਧੀਨ ਮੰਨਣਾ ਮੁਸ਼ਕਿਲ ਹੈ। ਸੋ, ਸਰੀਰ ਵਿਚ ਹੁੰਦਿਆਂ ਵੀ ਗੁਰੂ-ਜੋਤਿ ਬੰਧਨਾਂ ਤੋਂ ਮੁਕਤ ਹੈ।

ਭਾਈ ਗੁਰਦਾਸ, ਜਿਨ੍ਹਾਂ ਦੀ ਰਚਨਾ ਨੂੰ 'ਗੁਰਬਾਣੀ ਦੀ ਕੂੰਜੀ' ਦਾ ਮਾਣ ਪ੍ਰਾਪਤ ਹੋਣ ਦੇ ਨਾਲ-ਨਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਅਦ 'ਬਾਣੀ' ਦਾ ਦਰਜਾ ਦਿਤਾ ਗਿਆ ਹੈ, ਨੇ ਗੁਰੂ-ਸਰੂਪ ਬਾਰੇ ਵਿਸਤਾਰ ਵਿਚ ਵਰਨਣ ਕੀਤਾ ਹੈ। ਭਾਈ ਸਾਹਿਬ ਦੀਆਂ ਨਜ਼ਰਾਂ ਵਿਚ ਗੁਰੂ ਤੇ ਪਰਮੇਸਰ ਇਕ ਹਨ:

- *ਗੁਰ ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਬਣਜਾਰਾ॥*[229]
- *ਪਾਰਬ੍ਰਹਮੁ ਪੂਰਨ ਬ੍ਰਹਮੁ ਨਿਰੰਕਾਰਿ ਆਕਾਰੁ ਬਣਾਇਆ॥*
  *ਅਬਿਗਤਿ ਗਤਿ ਆਗਾਧਿ ਬੋਧ ਗੁਰ ਮੂਰਤਿ ਹੋਇ ਅਲਖੁ ਲਖਾਇਆ॥....*[230]

---

[228] *ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ - ੧/੬/੨.
[229] *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ - ੧/੧੭.
[230] *ਉਹੀ*, ੧੬/੧੮; ਹੋਰ ਵੇਖੋ: ੨੪/੧; ੨੬/੫; ੨੩/੧.

– *ਪੂਰਨ ਬ੍ਰਹਮ ਸਮਸਰਿ ਦੁਤੀਆ ਨਾਸਤਿ ਪ੍ਰਤਿਮਾ*
*ਅਨੇਕ ਹੋਇ ਕੈਸੇ ਬਨਿ ਆਵਈ॥*
*ਘਟਿ ਘਟਿ ਪੂਰਨ ਬ੍ਰਹਮੁ ਦੇਖੈ ਸੁਨੈ ਬੋਲੈ ਪ੍ਰਤਿਮਾ*
*ਮੈ ਕਾਹੇ ਨ ਪ੍ਰਗਟੁ ਹੁਇ ਦਿਖਾਵਈ॥*
*ਘਰ ਘਰ ਘਰਨਿ ਅਨੇਕ ਏਕ ਰੂਪ ਹੁਤੇ ਪ੍ਰਤਿਮਾ*
*ਸਕਲ ਦੇਵ-ਸਥਲ ਹੁਇ ਨ ਸੁਹਾਵਈ॥*
*ਸਤਿਗੁਰ ਪੂਰਨ ਬ੍ਰਹਮ ਸਾਵਧਾਨ ਸੋਈ*
*ਏਕ ਜੋਤਿ ਮੂਰਤਿ ਜੁਗਲ ਹੁਇ ਪੁਜਾਵਈ॥*[231]

ਗੁਰੂ-ਜੋਤਿ ਅਤੇ ਪਾਰਬ੍ਰਹਮ ਵਿਚਾਲੇ ਕਿਸੇ ਪ੍ਰਕਾਰ ਦਾ ਕੋਈ ਭਰਮ-ਭੇਦ ਨਹੀਂ ਹੈ। ਜਦੋਂ ਗੁਰੂ-ਜੋਤਿ ਅੰਦਰੋਂ ਵਖਰੀ ਹੋਂਦ ਰਖਣ ਦੀ ਅਨੁਭਵਤਾ ਹੀ ਖਤਮ ਹੋ ਗਈ ਅਤੇ ਉਸ ਦੀ ਥਾਂ 'ਹਮ ਕਿਛੁ ਨਾਹੀ ਏਕੈ ਓਹੀ'[232] ਨੇ ਲੈ ਲਈ, ਤਾਂ ਫਿਰ ਉਸ ਜੋਤਿ ਦੇ ਮਨੁਖਾ ਦੇਹੀ ਵਿਚ ਨਿਵਾਸ ਰਖਦਿਆਂ ਹੋਇਆਂ ਵੀ ਇਹੋ ਕਹਿਣਾ ਬਣਦਾ ਹੈ:

*ਮਾਨੁਖ ਕਾ ਕਰਿ ਰੂਪੁ ਨਾ ਜਾਨੁ॥*[233]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਭਟ ਸਾਹਿਬਾਨ ਦੇ ਸਵਈਆਂ ਵਿਚ 'ਗੁਰੂ' ਦੇ ਨਿਰਗੁਣ, ਸਰਗੁਣ, ਸ਼ਬਦ ਰੂਪ ਅਤੇ ਇਨ੍ਹਾਂ ਤਿੰਨਾਂ ਰੂਪਾਂ ਦੀ ਇਕ ਰੂਪਤਾ ਬਾਰੇ ਵਿਸਤਾਰ ਸਹਿਤ ਵਰਨਣ ਹੋਇਆ ਹੈ, ਕਿਉਂਕਿ ਭਟ ਬਾਣੀ ਦਾ ਮੂਲ ਵਿਸ਼ਾ ਹੀ ਗੁਰੂ-ਸਰੂਪ ਨੂੰ ਬਿਆਨ ਕਰਨਾ ਹੈ। ਭਟ ਸਲ੍ਹ 'ਗੁਰੂ' ਦੇ ਆਦਿ-ਜੁਗਾਦਿ ਸਰੂਪ ਨੂੰ ਬਿਆਨ ਕਰਦੇ ਹੋਏ ਫੁਰਮਾਉਂਦੇ ਹਨ:

*ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥*
*ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰ॥*
*ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ॥*

---

[231] *ਕਬਿਤ ਸਵਯੇ ਭਾਈ ਗੁਰਦਾਸ,* ੪੬੨.
[232] ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮਹਲਾ ੫, ੩੯੧.
[233] ਉਹੀ, ਰਾਮਕਲੀ ਮਹਾਲਾ ੫, ੮੯੫.

*ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ॥*

*ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ॥*

*ਅਘ ਅੰਤਕ ਬਦੈ ਨ ਸਲ੍ਯ ਕਵਿ ਗੁਰ ਰਾਮਦਾਸ ਤੇਰੀ ਸਰਣ॥*[234]

ਗੁਰੂ ਦੇ ਅਰਥ ਅਤੇ ਸਰੂਪ ਸੰਬੰਧੀ ਉਪਰੋਕਤ ਚਰਚਾ ਦੇ ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਲਗਪਗ ਸਾਰੇ ਵਿਦਵਾਨਾਂ ਨੇ ਗੁਰਬਾਣੀ ਦੀ ਰੌਸ਼ਨੀ ਵਿਚ ਗੁਰੂ ਸ਼ਬਦ ਦੇ ਅਰਥ 'ਹਨ੍ੇਰਾ ਦੂਰ ਕਰ ਕੇ ਪ੍ਰਕਾਸ਼ ਕਰਨ ਵਾਲਾ' ਕੀਤੇ ਹਨ। ਵਿਦਵਾਨਾਂ ਦੁਆਰਾ ਕੀਤੇ 'ਗੁਰੂ' ਪਦ ਦੇ ਇਹ ਅਰਥ ਕੇਵਲ ਅੰਸ਼ਕ ਮਾਤਰ ਹਨ। ਉਨ੍ਹਾਂ ਨੇ 'ਗੁਰੂ' ਦੇ ਨਿਰੁਕਤੀ-ਮੂਲਕ ('ਗੁ' ਤੇ 'ਰੂ'- ਗੁਰੂ) ਅਰਥਾਂ ਨੂੰ ਮੁਖ ਰਖ ਕੇ 'ਗੁਰੂ' ਪਦ ਨੂੰ ਸਮਝਣ ਦਾ ਜਤਨ ਕੀਤਾ ਹੈ। ਸਾਡੀ ਸਮਝ ਅਨੁਸਾਰ 'ਗੁਰੂ', ਕਿਉਂਕਿ ਅਧਿਆਤਮਿਕ/ ਦੈਵੀ ਵਰਤਾਰਾ ਹੈ, ਇਸ ਲਈ ਅਖਰਾਂ ਤੋਂ ਪਰ੍ਹੇ ਦੀ ਖੇਡ ਹੈ, ਜਿਸ ਬਾਰੇ ਕਥਨ ਕਰਨਾ ਮੁਸ਼ਕਿਲ ਕਾਰਜ ਹੈ।

'ਗੁਰੂ' ਸੰਬੰਧੀ ਵਿਦਵਾਨਾਂ ਦੁਆਰਾ ਕੀਤੇ ਉਕਤ ਅਰਥਾਂ ਦੀ ਰੌਸ਼ਨੀ ਵਿਚ ਸਾਡਾ ਮਤ ਇਹ ਹੈ ਕਿ 'ਗੁਰੂ' ਜੇਕਰ ਮਨੁਖ ਨੂੰ ਗਿਆਨ ਕਰਵਾਉਣ ਵਾਲਾ ਹੈ, ਤਾਂ ਇਹ ਗਿਆਨ ਉਸ ਨੂੰ ਅੰਤਰ-ਆਤਮੇ ਹੁੰਦਾ ਹੈ। ਇਸ ਦਾ ਬੋਧ ਮਨੁਖ ਦੀ ਅੰਦਰਲੀ ਆਵਾਜ਼ ਰਾਹੀਂ ਹੁੰਦਾ ਹੈ। ਇਸ ਹਵਾਲੇ ਵਿਚ 'ਗੁਰੂ' ਕਿਸੇ ਬਾਹਰੀ ਸਰੂਪ ਦਾ ਨਾਮ ਨਹੀਂ, ਬਲਕਿ ਇਹ ਮਨੁਖ ਦਾ ਅੰਦਰਲਾ 'ਆਪਾ' ਹੈ।

ਸੋ, ਇਸ ਪ੍ਰਕਾਰ ਪਹਿਲੇ ਅਧਿਆਇ ਵਿਚ ਅਸੀਂ ਗੁਰੂ ਦੇ ਸਰੂਪ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕੀਤੀ ਹੈ। ਅਗਲੇ ਅਧਿਆਇਆਂ ਵਿਚ ਅਸੀਂ ਦੇਖਾਂਗੇ ਕਿ ਕਿਵੇਂ ਗੁਰੂ-ਜੋਤਿ ਦਸ ਜਾਮੇ ਧਾਰ ਕੇ ਗ੍ਰੰਥ-ਪੰਥ ਵਿਚ ਸਮਾਉਂਦੀ ਹੋਈ ਗੁਰੂ-ਸੰਸਥਾ ਦਾ ਨਿਸ਼ਚਿਤ ਰੂਪ ਧਾਰਦੀ ਹੈ।

---

[234] ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਈਏ ਮਹਲੇ ਚਉਥੇ ਕੇ, ੧੪੦੯.

# ਅਧਿਆਇ ਦੂਜਾ

# ਸਿੱਖ ਧਰਮ ਵਿਚ ਗੁਰੂ-ਸੰਸਥਾ: ਅਰਥ ਤੇ ਸਰੂਪ


**2.1 ਗੁਰੂ-ਸੰਸਥਾ: ਅਰਥ** - 31-38

2.1.1 ਸੰਸਥਾ: ਅਰਥ

2.1.2 ਸੰਸਥਾ: ਪਰਿਭਾਸ਼ਾ

(ੳ) ਸੰਪਰਦਾਇ

(ਅ) ਵਿਸ਼ਵਾਸ ਤੇ ਸਿਧਾਂਤ

(ੲ) ਸੰਗਠਨ

2.1.3 ਗੁਰੂ-ਸੰਸਥਾ

2.1.4 ਗੁਰੂ-ਸੰਸਥਾ: ਅਰਥ

**2.2 ਗੁਰੂ-ਸੰਸਥਾ: ਸਰੂਪ** - 38-63

2.2.1 ਗੁਰੂ-ਸੰਸਥਾ: ਉਦੇਸ਼

2.2.2 ਗੁਰਿਆਈ: ਨੈਤਿਕ ਅਧਾਰ

2.2.3 ਗੁਰਿਆਈ: ਅਧਿਕਾਰੀ

2.2.4 ਗੁਰਿਆਈ: ਕਸਵਟੀ

2.2.5 ਗੁਰਿਆਈ: ਪ੍ਰਕ੍ਰਿਆ

2.2.6 ਗੁਰੂ-ਸੰਸਥਾ ਦੀ ਕੜੀ: ਜੋਤਿ

2.2.7 ਗੁਰੂ-ਜੋਤਿ ਦਾ ਅੰਗ: 'ਨਾਨਕ' ਪਦ

2.2.8 ਗੁਰੂ-ਜੋਤਿ ਦਾ ਅੰਗ: 'ਮਹਲ'

(ੳ) ਮਹਲ: ਰੂਪ

(ਅ) ਮਹਲ: ਗੁਰੂ-ਸਰੂਪ

ਧਰਮ ਦੇ ਵਿਗਾਸ ਵਿਚ ਦੈਵੀ ਅਨੁਭਵ ਉਤੇ ਅਧਾਰਿਤ ਸਿਧਾਂਤਕ ਪਖਾਂ ਦੇ ਨਾਲ-ਨਾਲ ਸੰਸਥਾਵਾਂ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਸਿੱਖ ਧਰਮ ਕੇਵਲ ਵਿਅਕਤੀਗਤ ਮੁਕਤੀ ਹਾਸਲ ਕਰਨ ਨੂੰ ਤਰਜੀਹ ਨਹੀਂ ਦਿੰਦਾ, ਬਲਕਿ ਇਸ ਦਾ ਉਦੇਸ਼ ਅਧਿਆਤਮਿਕਤਾ ਨਾਲ ਸਮਾਜਿਕ ਉਨਤੀ ਕਰਨਾ ਹੈ।[1] ਸਿੱਖ ਸੰਸਥਾਵਾਂ ਨੇ ਸਿੱਖ ਕਦਰਾਂ-ਕੀਮਤਾਂ ਦੀ ਨਿਸ਼ਾਨਦੇਹੀ ਕਰਦਿਆਂ ਉਨ੍ਹਾਂ ਨੂੰ ਅਮਲੀ ਰੂਪ ਵਿਚ ਪ੍ਰਗਟ ਕੀਤਾ ਹੈ। ਸਿੱਖ ਧਰਮ ਦੀਆਂ ਸਮੁਚੀਆਂ ਸੰਸਥਾਵਾਂ ਵਿਚੋਂ ਸਿਰਮੌਰ ਸੰਸਥਾ 'ਗੁਰੂ-ਸੰਸਥਾ' ਹੈ, ਜਿਸ ਨੂੰ ਕੇਂਦਰੀ, ਬੁਨਿਆਦੀ, ਮੂਲ ਜਾਂ ਅਧਾਰਸ਼ਿਲਾ ਵੀ ਕਿਹਾ ਜਾ ਸਕਦਾ ਹੈ। ਸਿੱਖ ਧਰਮ ਦਾ ਸਮੁਚਾ ਦਰਸ਼ਨ, ਆਸਥਾ, ਇਤਿਹਾਸ, ਰਹਿਤ, ਸਭਿਆਚਾਰ, ਭਾਵ ਹਰੇਕ ਸੰਕਲਪ, ਸਿਧਾਂਤ ਅਤੇ ਵਿਹਾਰ ਗੁਰੂ-ਸੰਸਥਾ 'ਤੇ ਹੀ ਅਧਾਰਿਤ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਇਤਿਹਾਸ ਦੇ ਇਕ ਵਿਸ਼ੇਸ਼ ਕਾਲ-ਖੰਡ (1469 ਤੋਂ 1708 ਈ.) ਵਿਚ ਵਾਪਰਿਆ ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ-ਪੰਥ ਦਾ ਵਰਤਾਰਾ ਗੁਰੂ-ਸੰਸਥਾ ਦਾ ਹੀ ਅੰਗ ਹੈ।

## 2.1 ਗੁਰੂ-ਸੰਸਥਾ: ਅਰਥ

ਇਸ ਅਧਿਆਇ ਵਿਚ ਅਸੀਂ ਗੁਰੂ-ਸੰਸਥਾ ਦਾ ਅਰਥ ਅਤੇ ਸਰੂਪ ਸਮਝਣ ਤੋਂ ਪਹਿਲਾਂ ਇਸ ਦੀ ਪਿਠ-ਭੂਮੀ ਵਜੋਂ 'ਸੰਸਥਾ' ਸ਼ਬਦ ਦੇ ਅਰਥ ਅਤੇ ਪਰਿਭਾਸ਼ਾ ਸਮਝ ਕੇ ਗੁਰੂ-ਸੰਸਥਾ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕਰਾਂਗੇ ਤਾਂ ਜੋ ਵਿਸ਼ੇ ਦਾ ਭਾਵ-ਜਗਤ ਸਪਸ਼ਟ ਹੋ ਸਕੇ। ਇਸ ਕਾਰਜ ਲਈ ਅਸੀਂ ਗੁਰਬਾਣੀ ਤੋਂ ਇਲਾਵਾ *ਵਾਰਾਂ ਭਾਈ ਗੁਰਦਾਸ* ਅਤੇ ਮੁਢਲੇ ਸਿੱਖ ਸਾਹਿਤ ਤੋਂ ਵੀ ਖੁਲ੍ਹੀ ਮਦਦ ਲਈ ਹੈ।

### 2.1.1 ਸੰਸਥਾ: ਅਰਥ

'ਸੰਸਥਾ' ਬੁਨਿਆਦੀ ਰੂਪ ਵਿਚ ਸਮਾਜ ਵਿਗਿਆਨ ਦੇ ਮੁਢਲੇ ਸੰਕਲਪਾਂ ਵਿਚੋਂ ਇਕ ਹੈ। 'ਸੰਸਥਾ' ਆਮ ਭਾਸ਼ਾ ਵਿਚ ਵਰਤਿਆ ਜਾਂਦਾ ਸ਼ਬਦ ਹੈ, ਜਿਸ ਦਾ ਅਰਥ ਕਿਸੇ ਵਿਸ਼ੇਸ਼ ਉਦੇਸ਼ ਦੀ ਪ੍ਰਾਪਤੀ ਲਈ ਬਣਾਈਆਂ ਗਈਆਂ ਇਮਾਰਤਾਂ ਤੋਂ ਹੈ। ਸਮਾਜ ਵਿਗਿਆਨ ਵਿਚ 'ਸੰਸਥਾ', ਵਿਸ਼ੇਸ਼ ਮਨੁਖੀ ਲੋੜ ਪੂਰੀ ਕਰਨ ਲਈ ਨਿਯਮਾਂ, ਕਾਰਜ ਪ੍ਰਣਾਲੀਆਂ ਅਤੇ ਕਾਰਜ-ਵਿਧੀਆਂ ਦਾ ਸੰਗਠਨ ਹੈ।

---

[1] *ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ੮.

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਸੰਸਥਾ' ਤੋਂ ਭਾਵ ਹੈ ਟਿਕਾਉ/ਇਸਥਿਤੀ।[2] *ਨਿਰੁਕਤ ਕੋਸ਼* ਵਿਚ ਇਸ ਦੇ ਅਰਥ: ਸਮੂਹ, ਸਭਾ, ਖੜ੍ਹਾ ਕਰਨਾ, ਧਰਨਾ, ਬਨਾਉਣਾ ਆਦਿ ਕੀਤੇ ਗਏ ਹਨ।[3] *ਹਿੰਦੀ ਕੋਸ਼* ਅਨੁਸਾਰ ਸੰਸਥਾ' ਦੇ ਅਰਥ ਹਨ: ठहरने की क्रिया या भाव, स्थिति; व्यवस्था, विधि; मर्यादा, जत्था, गिरोह; किसी धार्मिक, सामाजिक या लोकोपकारी विशेष कार्य का उदेश्य के लिए संघटित समाज या मंडल।[4]

## 2.1.2 ਸੰਸਥਾ: ਪਰਿਭਾਸ਼ਾ

*ਵੈਬਸਟਰਸ ਨਿਊ ਵਰਲਡ ਡਿਕਸ਼ਨਰੀ* ਅਨੁਸਾਰ, 'ਸੰਸਥਾ' ਸ਼ਬਦ ਬੜੇ ਆਸਾਨ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। ਇਹ ਇਕ ਸਥਾਪਿਤ ਕਾਨੂੰਨ, ਰਿਵਾਜ਼, ਅਭਿਆਸ ਪ੍ਰਬੰਧ ਆਦਿ ਹੁੰਦਾ ਹੈ। ਅਥਵਾ, ਇਹ ਇਕ ਸਮਾਜਿਕ, ਧਾਰਮਿਕ ਅਤੇ ਸਿਖਿਅਕ ਉਦੇਸ਼ ਵਾਲਾ ਇਕ ਸੰਗਠਨ ਹੈ, ਜਿਹੜਾ ਕਿ ਇਕ ਹਸਪਤਾਲ, ਗਿਰਜਾਘਰ, ਸਕੂਲ ਜਾਂ ਸੁਧਾਰਕ ਦੇ ਰੂਪ ਵਿਚ ਹੋ ਸਕਦਾ ਹੈ।"[5] *ਆਕਸਫੋਰਡ ਯੂਨੀਵਰਸਲ ਡਿਕਸ਼ਨਰੀ* ਅਨੁਸਾਰ, "ਸੰਸਥਾ ਦਾ ਸੰਬੰਧ ਇਕ ਸਥਾਪਿਤ ਸੰਗਠਨ ਨਾਲ ਹੈ, ਜਿਹੜਾ ਕਿਸੇ ਚੀਜ਼ ਦੀ ਤਰੱਕੀ ਲਈ ਸਥਾਪਿਤ ਕੀਤਾ ਗਿਆ ਹੋਵੇ, ਖਾਸ ਤੌਰ 'ਤੇ ਆਮ ਜਨਤਾ ਲਈ ਬਣੇ ਧਾਰਮਿਕ ਦਾਨ-ਪਾਤਰ ਤੇ ਸਿਖਿਅਕ ਸੰਗਠਨ ਆਦਿ।"[6]

ਸੰਸਥਾ ਸ਼ਬਦ ਸਮਾਜਿਕ ਜੀਵਨ ਦੇ ਇਕ ਪਹਿਲੂ ਵਲ ਵੀ ਇਸ਼ਾਰਾ ਕਰਦਾ ਹੈ ਜਿਸ ਵਿਚ ਵਿਲਖਣ ਕੀਮਤ ਮੁਖੀ ਅਤੇ ਰੁਝਾਣ ਜਰੂਰੀ ਸਮਾਜਿਕ ਸੰਬੰਧਾਂ (ਜਿਵੇਂ ਕਿ ਸਿਖਿਆ, ਵਿਆਹ, ਜਾਇਦਾਦ ਆਦਿ) 'ਤੇ ਕੇਂਦਰਿਤ ਹੋ ਕੇ ਸਪਸ਼ਟ ਤਰੀਕੇ ਨਾਲ ਇਕ ਦੂਜੇ ਦੇ ਸਮਾਜਿਕ ਅਸਰ ਨਾਲ ਸਾਥ ਦਿੰਦੇ ਹਨ।[7] *ਪੰਜਾਬੀ ਵਿਸ਼ਵਕੋਸ਼* ਅਨੁਸਾਰ, "ਸੰਸਥਾਵਾਂ ਆਧੁਨਿਕ ਸੰਗਠਿਤ ਸਮਾਜ ਦਾ ਇਕ ਬੁਨਿਆਦੀ

---

[2] *ਮਹਾਨ ਕੋਸ਼,* ਪੰਨਾ 245.

[3] ਜੀ. ਐਸ ਰਿਆਲ (ਸੰਪਾ.), *ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼*, ਪੰਨਾ 75.

[4] **रामचन्द्र वर्मा (आचार्य), (संपा.), *लोकभारती बहुत प्रामाणिक हिन्दी कोश,* पृ. 900.**

[5] "The word institution may be understood in a more or less inclusive sense. It is mere organization having a social, educational or religious purpose, as a school, church, hospital, reforming etc." *Webster's New World Dictionary,* p. 730.

[6] Institution refers to "an established organization or association, instituted for the promotion or some object especially one of public utility, religions, charitable, educational etc." *The Oxford Universal Dictionary,* p. 1018.

[7] The term 'institution' denotes also "an aspect of social life in which distinctive value-orientations and interests, centering upon large and social concerns (e.g. education, marriage, property) generate or are accompanied by distinctive models of social interaction." *A Dictionary of Social Sciences,* p. 338.

ਅੰਗ ਹਨ। ਸੰਸਥਾ ਦੀ ਪਰਿਭਾਸ਼ਾ ਵਖ-ਵਖ ਸਮਾਜ ਵਿਗਿਆਨੀਆਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਅਨੁਸਾਰ ਦਿਤੀ ਹੈ। ਕੁਝ ਵਿਦਵਾਨ ਇਸ ਨੂੰ 'ਆਦਰਸ਼ ਦਾ ਇਕਠ' ਕਹਿੰਦੇ ਹਨ, ਜਿਸ ਦੁਆਰਾ ਵਿਅਕਤੀਆਂ ਦੇ ਪਰਸਪਰ ਸਮਾਜਿਕ ਸੰਬੰਧਾਂ ਨੂੰ ਨਿਯਮਬਧ ਕੀਤਾ ਜਾਂਦਾ ਹੈ। ਕੁਝ ਵਿਦਵਾਨਾਂ ਅਨੁਸਾਰ 'ਸੰਸਥਾ' ਸ਼ਬਦ ਵਡੇ-ਵਡੇ ਰਸਮੀ ਇਕਠਾਂ ਲਈ ਵਰਤਿਆ ਜਾਂਦਾ ਹੈ, ਜਿਸ ਅਨੁਸਾਰ ਵਿਸ਼ਵ ਵਿਦਿਆਲਾ, ਸਕੂਲ, ਹਸਪਤਾਲ ਅਤੇ ਫੌਜ ਆਦਿ ਸੰਸਥਾਵਾਂ ਹਨ।"[8] ਏ.ਸੀ. ਦਾਸ ਅਨੁਸਾਰ, "ਸੰਸਥਾ ਨੂੰ ਇਕ ਸਮਾਜਿਕ ਕੀਮਤ ਵਜੋਂ ਸਮਝਿਆ ਜਾ ਸਕਦਾ ਹੈ, ਕਿਉਂਕਿ ਇਹ ਆਮ ਆਦਮੀਆਂ ਅਤੇ ਸਮਾਜਿਕ ਇਕੱਠ ਵਿਚਲੇ ਵਿਅਕਤੀਆਂ ਦਰਮਿਆਨ ਕੋਈ ਰਿਸ਼ਤਾ ਨਿਯਮਤ ਕਰਦੀ ਹੈ ਤਾਂ ਜੋ ਉਨ੍ਹਾਂ ਅੰਦਰ ਨੈਤਿਕ ਕੀਮਤਾਂ ਦੀ ਉਸਾਰੀ ਕੀਤੀ ਜਾ ਸਕੇ।"[9]

ਸਮਾਜ ਸ਼ਾਸਤਰੀਆਂ ਅਨੁਸਾਰ ਸੰਸਥਾਵਾਂ ਕਿਸੇ ਇਕ ਵਿਅਕਤੀ ਦੇ ਜਤਨਾਂ ਨਾਲ ਪੈਦਾ ਨਹੀਂ ਹੁੰਦੀਆਂ, ਬਲਕਿ ਇਨ੍ਹਾਂ ਦੀ ਉਤਪਤੀ ਲਈ ਪੀੜ੍ਹੀਆਂ ਦਾ ਯੋਗਦਾਨ ਹੁੰਦਾ ਹੈ। ਸੰਸਥਾਵਾਂ ਮਨੁਖੀ ਜੀਵਨ ਵਿਚਲੀਆਂ ਜ਼ਰੂਰਤਾਂ ਦੀ ਉਪਜ ਹਨ। ਇਹ ਨਾ ਤਾਂ ਇਤਫਾਕਨ ਬਣਦੀਆਂ ਹਨ, ਨਾ ਹੀ ਆਪਣੇ ਆਪ ਹੋਂਦ ਵਿਚ ਆਉਂਦੀਆਂ ਹਨ। ਸੋ ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਕਿ ਸੰਸਥਾਵਾਂ ਕਿਸੇ ਕੁਦਰਤੀ ਨਿਯਮ ਤਹਿਤ ਨਹੀਂ ਬਣਦੀਆਂ, ਸਗੋਂ ਇਨ੍ਹਾਂ ਪਿਛੇ ਕੋਈ ਠੋਸ ਆਧਾਰ ਹੁੰਦਾ ਹੈ।

ਸੰਖੇਪ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸੰਸਥਾ ਮਨੁਖੀ ਵਿਵਹਾਰ ਨੂੰ ਸੰਚਾਲਿਤ ਕਰਦੀ ਹੈ। ਇਸ ਸੰਚਾਲਨ ਪਿਛੇ ਕੋਈ ਨਾ ਕੋਈ ਸਿਧਾਂਤ ਜ਼ਰੂਰ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਸੰਸਥਾ ਸਿਧਾਂਤ ਦੇ ਵਿਵਹਾਰਿਕ ਰੂਪ ਨੂੰ ਅਮਲ ਵਿਚ ਪ੍ਰਗਟ ਕਰਦੀ ਹੈ। ਇਸ ਲਈ ਸਿਧਾਂਤ ਨੂੰ ਅਮਲ ਵਿਚ ਪ੍ਰਸਤੁਤ ਕਰਨ ਲਈ ਬਣਾਈ ਗਈ ਮਰਯਾਦਾ ਨੂੰ ਵੀ ਸੰਸਥਾ ਕਿਹਾ ਜਾ ਸਕਦਾ ਹੈ।

ਸੰਸਥਾਵਾਂ ਮਨੁਖੀ ਵਿਕਾਸ ਵਿਚ ਪ੍ਰਮੁਖ ਭੂਮਿਕਾ ਨਿਭਾਉਂਦੀਆਂ ਹਨ। ਇਨ੍ਹਾਂ ਦਾ ਵਿਕਾਸ, ਵਿਗਾਸ ਅਤੇ ਵਿਸਮਾਦ ਨਿਜ ਨਾਲ ਜੁੜਿਆ ਹੁੰਦਾ ਹੈ, ਪਰ ਇਸ ਦੀ ਪ੍ਰਕਿਰਤੀ ਹਮੇਸ਼ਾਂ ਸਮਾਜਿਕ ਤੇ ਸਮੂਹਿਕ ਹੀ ਹੁੰਦੀ ਹੈ। ਇਨ੍ਹਾਂ ਸੰਸਥਾਵਾਂ 'ਚੋਂ ਧਰਮ ਇਕ ਮੁਢਲੀ ਸੰਸਥਾ ਹੈ।

---

[8] *ਪੰਜਾਬੀ ਵਿਸ਼ਵਕੋਸ਼,* ਪੰਨਾ 301.

[9] "An Institution is indeed regarded as a social value since it regulates some relationship between the individuals and individual in a social group so as to promote ethical development in them" *An Introduction to the Study of Society,* p. 35.

ਧਰਮ ਅਧੀਨ ਹੀ ਮਨੁਖ ਆਦਰਸ਼ ਸਮਾਜ ਬਾਰੇ ਸੋਚ ਸਕਦਾ ਹੈ। ਸਮਾਜ ਵਿਗਿਆਨ ਦੀ ਦ੍ਰਿਸ਼ਟੀ ਤੋਂ ਲਗਪਗ ਸਾਰੀਆਂ ਸਮਾਜਿਕ ਸੰਸਥਾਵਾਂ ਧਰਮ ਵਿਚੋਂ ਹੀ ਉਤਪੰਨ ਹੋਈਆਂ ਹਨ। 'ਸੰਸਥਾ' ਦਾ ਸੰਬੰਧ ਮੁਖ ਰੂਪ ਵਿਚ ਸਮਾਜ ਨਾਲ ਹੁੰਦਾ ਹੈ। ਇਸ ਸੰਦਰਭ ਵਿਚ ਪਛਮੀ ਵਿਦਵਾਨ ਜੋਖਿਮ ਵਾਕ ਦਸਦਾ ਹੈ ਕਿ ਕਿਸੇ ਵੀ ਦੈਵੀ ਸ਼ਖਸੀਅਤ ਦਾ ਆਪਣਾ ਇਕ ਨਿਜੀ ਧਾਰਮਿਕ ਅਨੁਭਵ ਹੁੰਦਾ ਹੈ, ਜਿਸ ਦੇ ਤਿੰਨ ਪ੍ਰਗਟਾਅ ਹੁੰਦੇ ਹਨ: ਸਿਧਾਂਤਕ (Theoretical), ਪੂਜਾਚਾਰ (Cultic) ਅਤੇ ਸਮਾਜਿਕ (Social)।[10]

ਸਮਾਜ ਲਗਪਗ ਹਰੇਕ ਧਰਮ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਿਤ ਕਰਦਾ ਹੈ। ਇਸ ਸੰਬੰਧ ਵਿਚ 'ਪਵਿਤਰ' ਸ਼ਖਸੀਅਤ/ ਧਰਮ-ਸੰਸਥਾਪਕ (ਗੁਰੂ) ਦਾ ਮਹਤਵਪੂਰਨ ਯੋਗਦਾਨ ਹੁੰਦਾ ਹੈ, ਕਿਉਂਕਿ ਆਪਣੇ 'ਦੈਵੀ' ਗੁਣਾਂ ਕਾਰਨ ਅਜਿਹੀ ਸ਼ਖਸੀਅਤ ਸਮਾਜ ਵਿਚ ਪਰਿਵਰਤਨ ਲਿਆਉਣ ਦੇ ਸਮਰਥ ਹੁੰਦੀ ਹੈ, ਜਿਸ ਨੂੰ ਲੋਕ ਪ੍ਰਵਾਨ ਕਰ ਕੇ ਉਸ ਦਾ ਸਤਿਕਾਰ ਵੀ ਕਰਦੇ ਹਨ। ਅਜਿਹੀ 'ਪਵਿਤਰ' ਸ਼ਖਸੀਅਤ ਦਾ ਸੰਸਾਰ ਵਿਚ ਆਉਣ ਦਾ ਕੋਈ ਪਰਮ ਉਦੇਸ਼ ਹੁੰਦਾ ਹੈ। ਸੰਸਾਰ ਵਿਚ ਪ੍ਰਗਟ ਹੋਣ ਉਪਰੰਤ ਉਹ ਐਲਾਨ ਕਰਦਾ ਹੈ ਕਿ ਉਸ ਨੂੰ ਪਰਮਾਤਮਾ ਵਲੋਂ ਕੋਈ ਵਿਸ਼ੇਸ਼ ਕਾਰਜ ਸੌਂਪਿਆ ਗਿਆ ਹੈ, ਜਿਸ ਦੀ ਪੂਰਤੀ ਲਈ ਉਹ ਪ੍ਰਗਟ ਹੋਇਆ ਹੈ।

ਅਜਿਹੀ ਸ਼ਖਸੀਅਤ ਸਮਾਜ ਵਿਚ ਸੰਸਥਾਗਤ ਰੂਪ ਧਾਰਨ ਕਰ ਕੇ ਸਮਾਜ ਨੂੰ ਕਾਬੂ ਵਿਚ ਰਖਦੀ ਹੈ, ਜਿਸ ਦੇ ਸਮਾਜ ਵਿਚੋਂ ਅਲੋਪ ਹੋਣ ਕਾਰਨ (ਜੋਤੀ-ਜੋਤਿ ਸਮਾਉਣ ਉਪਰੰਤ) ਸ਼ਰਧਾਲੂਆਂ ਵਿਚ ਉਦਾਸੀ ਦਾ ਆਲਮ ਛਾ ਜਾਂਦਾ ਹੈ। ਇਸ ਅਵਸਥਾ ਵਿਚ ਉਨ੍ਹਾਂ ਅੰਦਰ ਨਿਰੰਤਰਤਾ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਭਾਵਨਾ ਤਹਿਤ 'ਪਵਿਤਰ ਸ਼ਖਸੀਅਤ' (ਧਰਮ-ਸੰਸਥਾਪਕ) ਨੂੰ ਸਥਾਪਿਤ ਕਰਨ ਲਈ ਧਰਮ-ਅਨੁਯਾਈਆਂ ਅੰਦਰ ਇਕ 'ਸੰਸਥਾ' ਹੋਂਦ ਵਿਚ ਆਉਂਦੀ ਹੈ। ਨਿਰੰਤਰਤਾ ਨੂੰ ਕਾਇਮ ਰਖਣ ਲਈ, ਧਰਮ ਦੇ ਮੂਲ-ਅਨੁਭਵ ਦੀ ਨਵੇਂ ਹਲਾਤ ਅਨੁਸਾਰ ਵਿਆਖਿਆ ਕੀਤੀ ਜਾਂਦੀ ਹੈ। ਅਸਲ ਵਿਚ ਇਹ ਨਿਰੰਤਰਤਾ ਉਤਰਾਧਿਕਾਰਤਾ (succession) ਦੀ ਲੋੜ ਵਿਚੋਂ ਉਪਜਦੀ ਹੁੰਦੀ, ਜਿਸ ਅਧੀਨ 'ਸੰਸਥਾਪਿਤ ਸ਼ਖਸੀਅਤ' ਦੀ ਥਾਂ ਉਸ ਦਾ ਅਧਿਕਾਰੀ ਬਣਾਇਆ ਜਾਂਦਾ ਹੈ। ਇਸ ਅਵਸਥਾ ਵਿਚ ਧਰਮ

---

[10] Joachim Wach, *Types of Religious Experience (Christian and Non-Christian)*, pp. 30-36.

ਦਾ ਸਮਾਜਿਕ ਪਹਿਲੂ ਸਾਹਮਣੇ ਆਉਂਦਾ ਹੈ, ਜਿਸ ਨਾਲ ਧਰਮ ਦਾ ਸੰਸਥਾਈਕਰਨ ਹੁੰਦਾ ਹੈ।[11] ਸੰਸਥਾਈਕਰਨ ਦੁਆਰਾ ਧਰਮ ਦਾ ਪ੍ਰਬੰਧਕੀ ਰੂਪ ਸਾਹਮਣੇ ਆਉਂਦਾ ਹੈ, ਜਿਸ ਅਧੀਨ 'ਪਵਿਤਰ ਸ਼ਖਸੀਅਤ' ਦੇ ਉਤਰਾਧਿਕਾਰੀ ਨੂੰ ਕਈ ਪ੍ਰਕਾਰ ਦੀਆਂ ਜ਼ੁੰਮੇਵਾਰੀਆਂ ਸੌਂਪੀਆਂ ਜਾਂਦੀਆਂ ਹਨ। ਧਰਮ ਦੇ ਸੰਸਥਾਈਕਰਨ ਦੀ ਪ੍ਰਕ੍ਰਿਆ ਤਿੰਨ ਅਵਸਥਾਵਾਂ ਵਿਚੋਂ ਲੰਘਦੀ ਹੈ: ਸੰਪਰਦਾਇ (Cult), ਵਿਸ਼ਵਾਸ ਤੇ ਸਿਧਾਂਤ (Belief and Dogma) ਅਤੇ ਸੰਗਠਨ (Organization)।[12] ਇਨ੍ਹਾਂ ਦੀ ਚਰਚਾ ਹੇਠ ਲਿਖੇ ਅਨੁਸਾਰ ਹੈ:

### (ੳ) ਸੰਪਰਦਾਇ

ਕਿਸੇ ਵੀ ਧਰਮ ਦੇ ਸੰਸਥਾਪਕ ਨੂੰ ਮੰਨਣ ਵਾਲੇ ਪੈਰੋਕਾਰਾਂ ਦੀਆਂ ਸਾਂਝੀਆਂ ਭਾਵਨਾਵਾਂ ਅਤੇ ਰੁਚੀਆਂ ਹੋਣ ਕਾਰਨ, ਇਨ੍ਹਾਂ ਵਿਚ ਇਕ ਆਪਸੀ ਰਿਸ਼ਤਾ ਬਝਦਾ ਹੈ, ਜਿਸ ਨਾਲ ਇਹ ਇਕ ਸੰਪਰਦਾਇ (Cult) ਦਾ ਰੂਪ ਧਾਰਨ ਕਰ ਲੈਂਦੇ ਹਨ। ਇਨ੍ਹਾਂ ਪੈਰੋਕਾਰਾਂ ਵਿਚਲੀਆਂ ਧਾਰਮਿਕ ਪੂਜਾ-ਵਿਧੀਆਂ ਤੇ ਭਗਤੀ ਭਾਵਨਾ ਸੰਪਰਦਾਇ ਨੂੰ ਸਮਾਜਿਕ ਸੰਸਥਾ ਦੀ ਸਥਾਪਤੀ, ਏਕਤਾ ਤੇ ਸਮਰੂਪਤਾ ਪ੍ਰਦਾਨ ਕਰਦੀ ਹੈ। ਇਸ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਸੰਪਰਦਾਇ ਅੰਦਰ ਪ੍ਰਤਿਯੋਗਤਾ ਦੀ ਭਾਵਨਾ ਵੀ ਨਾਲ ਹੀ ਉਜਾਗਰ ਹੋ ਜਾਂਦੀ ਹੈ, ਜਿਸ ਅਧੀਨ ਇਕ ਸੰਪਰਦਾਇ ਦੇ ਪੈਰੋਕਾਰ ਦੂਜਿਆਂ ਨਾਲੋਂ ਵਖਰੇਵਾਂ ਪ੍ਰਗਟ ਕਰਦੇ ਹਨ।

### (ਅ) ਵਿਸ਼ਵਾਸ ਤੇ ਸਿਧਾਂਤ

ਸੰਸਥਾ-ਸਥਾਪਨ ਦੀ ਦੂਜੀ ਅਵਸਥਾ ਮਨੁਖੀ ਮਾਨਸਿਕਤਾ ਨਾਲ ਸੰਬੰਧਿਤ ਹੈ। ਸੰਸਥਾ ਦੀ ਸਥਾਪਤੀ ਲਈ ਵਿਸ਼ਵਾਸਾਂ ਦੀ ਸਿਰਜਣਾ ਹੁੰਦੀ ਹੈ। ਇਸ ਸੰਬੰਧ ਵਿਚ 'ਪਵਿਤਰ' ਸ਼ਖਸੀਅਤ ਦੇ ਸੰਦਰਭ ਵਿਚ ਅਨੇਕ ਮਿਥ ਕਥਾਵਾਂ ਘੜੀਆਂ/ਜੋੜੀਆਂ ਜਾਂਦੀਆਂ ਹਨ, ਜਿਨ੍ਹਾਂ ਦੇ ਆਸਰੇ ਧਰਮ ਖੜ੍ਹਾ ਹੁੰਦਾ ਹੈ। ਇਸ ਉਪਰੰਤ ਧਰਮ ਦਾ ਦਾਰਸ਼ਨਿਕ ਪਹਿਲੂ ਵੀ ਸਾਹਮਣੇ ਆਉਂਦਾ ਹੈ।

### (ੲ) ਸੰਗਠਨ

ਧਾਰਮਿਕ ਸੰਗਠਨ ਦਾ ਜਨਮ ਧਾਰਮਿਕ ਅਨੁਭਵ ਦੇ ਅਧਾਰ 'ਤੇ ਹੁੰਦਾ ਹੈ। ਇਸ ਅਨੁਭਵ ਨੂੰ ਸਥਾਪਿਤ ਕਰਨ ਲਈ ਸਮਕਾਲੀ ਪ੍ਰਸਥਿਤੀਆਂ ਨੂੰ ਨਿਯੰਤਰਨ ਕਰਨਾ ਪੈਂਦਾ ਹੈ, ਜਿਸ ਲਈ ਧਾਰਮਿਕ ਰਸਮਾਂ ਨਿਭਾਉਣ ਲਈ ਪੁਜਾਰੀ ਸ਼੍ਰੇਣੀ ਹੋਂਦ ਵਿਚ ਆਉਂਦੀ ਹੈ। ਸਮੇਂ ਦੇ ਬੀਤਣ ਨਾਲ ਸੰਸਥਾਵਾਂ

---

[11] Thomas F. O' Dea, *The Sociology of Religion,* pp. 37-8.
[12] *The Sociology of Religion*, pp. 37-8.

ਅਧੀਨ ਅਨੇਕ ਨਵੇਂ ਨਿਯਮ ਹੋਂਦ ਵਿਚ ਆਉਣ ਨਾਲ ਮੂਲ ਅਨੁਭਵ ਦੂਰ ਹੋਣ ਲਗ ਜਾਂਦਾ ਹੈ। ਇਸ ਕਾਰਨ ਪੁਨਰ-ਵਿਆਖਿਆ ਕਰ ਕੇ ਸਥਾਪਿਤ ਸੰਸਥਾ ਨੂੰ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਸ ਹਵਾਲੇ ਵਿਚ ਗੁਰੂ-ਸੰਸਥਾ ਦੀ ਵਿਸਤ੍ਰਿਤ ਚਰਚਾ ਅਗਲੇ ਪੰਨਿਆਂ ਉਤੇ ਕੀਤੀ ਜਾ ਰਹੀ ਹੈ:

### 2.1.3 ਗੁਰੂ-ਸੰਸਥਾ

'ਸੰਸਥਾ' ਬੇਸ਼ਕ ਸਮਾਜ ਤੇ ਰਾਜਨੀਤਕ ਵਿਗਿਆਨ ਦਾ ਇਕ ਮੁਢਲਾ ਲੋਕਤੰਤਰੀ ਸੰਕਲਪ ਹੈ, ਪਰੰਤੂ ਸਿੱਖ ਧਰਮ ਵਿਚ 'ਸੰਸਥਾ' ਸ਼ਬਦ ਨੇ (ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ) 'ਅੰਮ੍ਰਿਤ ਪਾਨ' ਕਰ ਲਿਆ ਹੈ, ਭਾਵ ਸਿੱਖ ਧਰਮ ਵਿਚ ਸੰਸਥਾ ਦਾ ਮੁਹਾਂਦਰਾ ਬਦਲ ਗਿਆ ਹੈ। ਇਹ ਇਕ ਮਹਿਜ਼ ਸਮਾਜ ਦਾ ਹਿਸਾ ਨਾ ਰਹਿ ਕੇ 'ਸਿੱਖਾਂ ਦਾ ਜੀਵਨ ਅਧਾਰ' ਬਣ ਗਈ ਹੈ। ਸਿੱਖ ਸੰਸਥਾਵਾਂ, ਸਿੱਖ ਗੁਰੂਆਂ ਦੁਆਰਾ ਸਿੱਖੀ ਜੀਵਨ-ਜਾਚ ਨੂੰ ਪ੍ਰਫੁਲਤ ਕਰਨ ਲਈ ਬਣਾਏ ਗਏ ਸੰਗਠਨ ਅਤੇ ਯੋਜਨਾਵਾਂ ਆਦਿ ਹਨ। ਗੁਰੂ ਨਾਨਕ ਦੇਵ ਜੀ ਦੇ ਜੀਵਨ-ਕਾਲ ਵਿਚ ਜੋ ਨਵੀਆਂ ਪਿਰਤਾਂ ਪਈਆਂ ਅਤੇ ਗੁਰਬਾਣੀ ਆਸ਼ਿਆਂ ਅਨੁਸਾਰ ਨਵੀਆਂ ਸੇਧਾਂ ਅਪਨਾਈਆਂ ਗਈਆਂ, ਉਨ੍ਹਾਂ ਦੇ ਅਧਾਰ 'ਤੇ ਸਿੱਖ ਸੰਸਥਾਵਾਂ ਦੀ ਉਸਾਰੀ ਆਰੰਭ ਹੋਈ। ਇਨ੍ਹਾਂ ਸੰਸਥਾਵਾਂ ਨੇ ਵਡਮੁਲੇ ਸਮਾਜਿਕ ਢਾਂਚੇ ਉਸਾਰੇ, ਜਿਨ੍ਹਾਂ ਨੇ ਅਗੋਂ ਸਿੱਖ ਪੰਥ ਦੀ ਏਕਤਾ ਅਤੇ ਸਮਾਜਿਕ ਮੇਲ-ਮਿਲਾਪ ਦਾ ਰਾਹ ਪਧਰਾ ਕੀਤਾ। ਸੰਸਥਾਵਾਂ ਨੇ ਸਿੱਖ ਧਰਮ ਦੇ ਵਿਗਾਸ ਦੀ ਨੀਂਹ ਰਖੀ ਅਤੇ ਇਸ ਨੂੰ ਤਰੱਕੀ ਦੇ ਰਾਹ 'ਤੇ ਤੋਰਿਆ, ਸਿਟੇ ਵਜੋਂ ਸਿੱਖਾਂ ਨੂੰ ਆਪਣੀ ਵਖਰੀ ਪਛਾਣ ਸਥਾਪਿਤ ਕਰਨ ਵਿਚ ਮਦਦ ਮਿਲੀ।

ਸਿੱਖ ਧਰਮ ਦੀ ਬੁਨਿਆਦੀ ਸੰਸਥਾ 'ਗੁਰੂ-ਸੰਸਥਾ' ਹੈ, ਜਿਸ ਦੇ ਅਧਾਰ 'ਤੇ ਗੁਰਦੁਆਰਾ, ਲੰਗਰ, ਅਕਾਲ ਤਖਤ, ਗੁਰਮਤਾ/ਸਰਬਤ ਖਾਲਸਾ ਆਦਿ ਸੰਸਥਾਵਾਂ ਦੀ ਉਸਾਰੀ ਹੋਈ। ਇਨ੍ਹਾਂ ਵਿਚੋਂ ਬਹੁਤੀਆਂ ਸੰਸਥਾਵਾਂ ਦੀ ਸ਼ੁਰੂਆਤ ਗੁਰੂ ਸਾਹਿਬਾਨ ਨੇ ਆਪ ਕੀਤੀ ਅਤੇ ਕੁਝ ਇਕ ਦੀ 'ਗੁਰੂ ਪੰਥ' ਨੇ।[13]

### 2.1.4 ਗੁਰੂ-ਸੰਸਥਾ: ਅਰਥ

ਗੁਰੂ-ਸੰਸਥਾ ਤੋਂ ਭਾਵ ਹੈ ਜਿਥੇ ਗੁਰੂ ਟਿਕਿਆ ਹੋਵੇ ਅਥਵਾ ਜਿਥੇ ਗੁਰੂ ਦੀ ਇਸਥਿਤੀ ਹੋਈ ਹੋਵੇ। ਗੁਰੂ-ਸੰਸਥਾ, ਦਸ ਗੁਰੂ ਸਾਹਿਬਾਨ ਦਾ, ਕਰੀਬ ਢਾਈ-ਕੁ ਸੌ ਸਾਲ, ਧਰਤੀ ਉਤੇ ਵਰਤਿਆ ਇਕ ਰਹਸਮਈ ਅਤੇ ਇਤਿਹਾਸਕ ਵਰਤਾਰਾ ਹੈ, ਜਿਹੜਾ ਕਿ ਸਮੇਂ-ਸਥਾਨ ਦੀਆਂ

---

[13] ਮਿਸਾਲ ਵਜੋਂ ਗੁਰਮਤਾ ਸੰਸਥਾ, ਸਰਬਤ ਖਾਲਸਾ ਆਦਿ।

ਸੀਮਾਵਾਂ ਤੋਂ ਪਾਰ, ਭਾਵ ਸਰਬਕਾਲੀ, ਸਰਬਦੇਸੀ ਤੇ ਸਰਬਸਾਂਝੇ ਹਨ। ਗੁਰੂ ਨਾਨਕ ਦੇਵ ਜੀ ਨੂੰ 'ਗੁਰਿਆਈ' ਅਕਾਲਪੁਰਖ ਨੇ ਆਪ ਬਖਸ਼ੀ ਤੇ ਗੁਰੂ ਨਾਨਕ ਦੇਵ ਜੀ ਨੇ ਇਹੀ 'ਗੁਰਿਆਈ' ਬਖਸ਼ਿਸ਼ ਰੂਪ ਵਿਚ ਗੁਰੂ ਅੰਗਦ ਦੇਵ ਜੀ ਨੂੰ ਦਿਤੀ। ਗੁਰੂ ਨਾਨਕ ਅਤੇ ਗੁਰੂ ਅੰਗਦ ਦੇਵ ਜੀ ਵਿਚ ਅੰਤਰ ਕੇਵਲ ਸਰੀਰ ਦਾ ਸੀ, 'ਜੋਤਿ' ਦੋਵਾਂ ਦੀ ਇਕ ਸੀ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦਸਵੇਂ ਪਾਤਿਸ਼ਾਹ (ਗੁਰੂ ਗੋਬਿੰਦ ਸਿੰਘ ਜੀ) ਤਕ 'ਸਰੀਰਕ ਗੁਰੂ' ਦੀ ਹੋਂਦ ਬਰਕਰਾਰ ਰਹੀ। ਇਸ ਤਰ੍ਹਾਂ 'ਗੁਰੂ-ਸੰਸਥਾ' ਦਾ ਆਰੰਭ ਗੁਰੂ ਨਾਨਕ ਦੇਵ ਜੀ ਦੁਆਰਾ ਗੁਰੂ ਅੰਗਦ ਜੀ ਨੂੰ ਗੁਰੂ ਥਾਪਣ ਨਾਲ ਹੁੰਦਾ ਹੈ।[14] ਗੁਰੂ ਅੰਗਦ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ ਇਹ ਸਿਲਸਿਲਾ ਨਿਰੰਤਰ ਤੇ ਨਿਰਵਿਘਨ ਜਾਰੀ ਰਹਿੰਦਾ ਹੋਇਆ ਅੰਤ ਗ੍ਰੰਥ-ਪੰਥ ਨੂੰ ਗੁਰਿਆਈ[15] ਮਿਲਣ 'ਤੇ ਸਮਾਪਤ ਅਤੇ ਸਥਾਪਿਤ ਹੁੰਦਾ ਹੈ। ਵਰਨਣਯੋਗ ਹੈ ਕਿ ਗੁਰੂ ਸਾਹਿਬਾਨ ਕੋਲ ਆਪਣੇ 'ਸੇਵਕ' ਨੂੰ ਦੈਵੀ ਗਿਆਨ ਬਖਸ਼ ਕੇ ਗੁਰਿਆਈ ਦੇਣ ਦੀ ਸਮਰਥਾ ਸੀ।[16]

ਗੁਰੂ-ਸੰਸਥਾ ਤੋਂ ਕੇਵਲ ਕਿਸੇ ਵਿਸ਼ੇਸ਼ ਇਲਾਕੇ ਜਾਂ ਸਮੇਂ ਵਿਚ ਹੋਏ ਸਿੱਖ ਗੁਰੂਆਂ ਦਾ ਭਾਵ ਨਹੀਂ ਲਿਆ ਜਾਂਦਾ; ਸਗੋਂ ਇਸ ਤੋਂ ਮੁਰਾਦ ਇਕ ਦੈਵੀ ਸੰਸਥਾ ਜਾਂ ਦੈਵੀ ਜੋਤਿ ਦੀ ਉਸ ਸਦੀਵੀਂ ਪ੍ਰਕਾਸ਼ ਕਿਰਨ ਤੋਂ ਹੈ ਜੋ ਅਨੰਤ ਤੌਰ ਉਤੇ, ਇਲਾਹੀ ਸ਼ਬਦ ਦੇ ਰੂਪ ਵਿਚ, ਵਖ-ਵਖ ਇਲਾਕਿਆਂ ਤੇ ਸਮਿਆਂ ਵਿਚ, ਜਨਸਾਧਾਰਨ ਨੂੰ ਪ੍ਰੇਰਨ ਅਤੇ ਉਨ੍ਹਾਂ ਦੀ ਤਕਦੀਰ ਦੀ ਰਹਿਨੁਮਾਈ ਲਈ ਸਦਾ ਭਖਦੀ ਹੈ।[17]

ਸਿੱਖ ਧਰਮ ਵਿਚ 'ਗੁਰੂ-ਸਿਧਾਂਤ' ਦੋ ਰੂਪਾਂ ਵਿਚ ਪ੍ਰਾਪਤ ਹੁੰਦਾ ਹੈ, ਪਹਿਲਾ ਗੁਰੂ 'ਸੰਕਲਪ' ਵਜੋਂ ਅਤੇ ਦੂਜਾ, ਗੁਰੂ 'ਸੰਸਥਾ' ਵਜੋਂ। ਸੰਕਲਪ ਦੇ ਘੇਰੇ ਵਿਚ ਗੁਰੂ ਦੀ ਮਹਿਮਾ, ਲੋੜ, ਗੁਣ ਅਤੇ

---

[14] *Guru in Sikhism,* p. 24 ; ਜ਼ਿਕਰਯੋਗ ਹੈ ਕਿ ਅਧਿਆਤਮਕ ਦ੍ਰਿਸ਼ਟੀ ਤੋਂ ਗੁਰੂ-ਸੰਸਥਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੂੰ ਅਕਾਲਪੁਰਖ ਪਾਸੋਂ ਗੁਰੂ ਥਾਪੇ ਜਾਣ ਤੋਂ ਹੁੰਦਾ ਹੈ, ਅਤੇ ਇਤਿਹਾਸਕ ਦ੍ਰਿਸ਼ਟੀ ਤੋਂ ਇਸ ਦੀ ਸ਼ੁਰੂਆਤ ਉਕਤ ਸੰਦਰਭ ਤੋਂ ਹੋਈ ਹੈ।

[15] ਗੁਰਿਆਈ ਤੋਂ ਭਾਵ ਹੈ ਗੁਰੂ ਪਦਵੀ; ਗੁਰੁਤਾ, *ਮਹਾਨ ਕੋਸ਼*, ਪੰਨਾ 419; ਗੁਰਿਆਈ ਸ਼ਬਦ ਗੁਰਗੱਦੀ ਦਾ ਸਮਾਨਰਥਕ ਹੈ, ਪਰੰਤੂ ਗੁਰਗੱਦੀ ਸ਼ਬਦ ਗੁਰਿਆਈ ਦੇ ਪ੍ਰਸੰਗ ਵਿਚ ਨਹੀਂ ਢੁਕਦਾ। ਗੱਦੀ ਦੇਣਾ ਸੰਸਾਰੀ ਰੀਤ ਹੈ, ਜਦੋਂ ਕਿ ਗੁਰਿਆਈ ਨਿਰੋਲ ਅਧਿਆਤਮਕ ਖੇਡ ਹੈ।

[16] "The Guru has the necessary ability to transfer his knowledge and to transform his disciple." *The Lord as Guru*, p. 23.

[17] ਤਾਰਨ ਸਿੰਘ, 'ਸਿੱਖ ਧਰਮ ਤੇ ਦਰਸ਼ਨ ਦੇ ਬੁਨਿਆਦੀ ਸਿਧਾਂਤ', *ਗੁਰੂ ਨਾਨਕ: ਜੀਵਨ, ਯੁਗ ਅਤੇ ਉਪਦੇਸ਼*, (ਸੰਪਾ.) ਗੁਰਮੁਖ ਨਿਹਾਲ ਸਿੰਘ, ਗੁਰੂ ਨਾਨਕ ਫਾਊਂਡੇਸ਼ਨ, ਨਵੀਂ ਦਿੱਲੀ, 1969, ਪੰਨਾ 69.

ਸ਼ਖਸੀਅਤ, ਆਦਿ ਆਉਂਦੇ ਹਨ।[18] 'ਸੰਸਥਾ' ਵਜੋਂ ਗੁਰੂ ਨਾਨਕ ਦੇਵ ਜੀ ਦਾ ਪਰਮਾਤਮਾ ਦੇ 'ਜੋਤਿ-ਰੂਪ' ਵਿਚ ਆਉਣਾ ਅਤੇ ਉਨ੍ਹਾਂ ਦੁਆਰਾ ਭਾਈ ਲਹਣਾ ਜੀ ਨੂੰ ਗੁਰੂ ਥਾਪਣ ਦਾ ਪਖ ਵਿਚਾਰਿਆ ਜਾਂਦਾ ਹੈ। ਗੁਰੂ-ਸੰਸਥਾ, ਨਿਰਸੰਦੇਹ ਇਕ ਲੜੀ ਵਿਚ ਹੈ, ਪਰੰਤੂ ਇਸ ਦਾ ਜਹੂਰ ਵਖ-ਵਖ ਸਮੇਂ 'ਤੇ ਸਾਹਮਣੇ ਆਇਆ, ਜਿਸ ਨੂੰ ਅਸੀਂ ਤਿੰਨ ਪਖਾਂ ਤੋਂ ਸਮਝ ਸਕਦੇ ਹਾਂ:

1. ਗੁਰੂ ਸਾਹਿਬਾਨ ਦਾ ਇਤਿਹਾਸਕ ਪ੍ਰਕਾਸ਼ (ਦਸ ਗੁਰੂ ਸਾਹਿਬਾਨ)।
2. ਗੁਰੂ ਦਾ ਸਬਦ/ਬਾਣੀ ਪ੍ਰਕਾਸ਼ (ਸ੍ਰੀ ਗੁਰੂ ਗ੍ਰੰਥ ਸਾਹਿਬ)।
3. ਗੁਰੂ ਦਾ ਪੰਥਕ ਪ੍ਰਕਾਸ਼ (ਖਾਲਸਾ ਪੰਥ)।

ਗੁਰੂ-ਸੰਸਥਾ ਦਾ ਮਿਸ਼ਨ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁਤਰਾਂ ਨੂੰ ਛਡ ਕੇ ਭਾਈ ਲਹਣਾ ਜੀ ਨੂੰ ਗੁਰਿਆਈ ਦੇ ਕੇ ਸ਼ੁਰੂ ਕਰ ਦਿਤਾ ਸੀ। ਇਸ ਦੇ ਨਾਲ ਹੀ 'ਸਬਦ-ਗੁਰੂ' ਦਾ ਸਿਧਾਂਤ ਵੀ ਪ੍ਰਗਟ ਹੋ ਗਿਆ ਸੀ, ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਣਾ ਜੀ ਨੂੰ ਗੁਰਿਆਈ ਦੇਣ ਸਮੇਂ 'ਬਾਣੀ' ਦੀ ਇਕ ਪੋਥੀ ਵੀ ਭੇਂਟ ਕੀਤੀ ਸੀ।[19] ਗੁਰੂ-ਪੰਥ ਨੂੰ ਵੀ ਬੀਜ ਰੂਪ ਵਿਚ ਗੁਰੂ ਨਾਨਕ ਦੇਵ ਜੀ ਨੇ ਹੀ ਸ਼ੁਰੂ ਕਰ ਦਿਤਾ ਸੀ, ਪ੍ਰੰਤੂ ਪ੍ਰਤਖ ਰੂਪ ਵਿਚ ਇਹ ਖਾਲਸੇ ਦੀ ਸਿਰਜਣਾ ਤੋਂ ਬਾਅਦ ਸਾਹਮਣੇ ਆਉਂਦਾ ਹੈ।

## 2.2 ਗੁਰੂ-ਸੰਸਥਾ: ਸਰੂਪ

ਸਿੱਖ ਧਰਮ ਵਿਚਲੀ ਗੁਰੂ-ਸੰਸਥਾ ਦਾ ਸਰੂਪ ਦੈਵੀ ਹੈ। ਗੁਰੂ ਸਾਹਿਬ ਦੀ ਚੋਣ ਨਹੀਂ ਸੀ ਹੁੰਦੀ, ਬਲਕਿ ਉਨ੍ਹਾਂ ਦਾ ਪ੍ਰਕਾਸ਼ ਹੁੰਦਾ ਸੀ। ਗੁਰਿਆਈ ਦੇਣ ਸਮੇਂ ਯੋਗਤਾ ਅਤੇ ਉਮਰ ਆਦਿ ਦੁਨਿਆਵੀ ਮਾਪ-ਦੰਡ ਨਹੀਂ ਵਿਚਾਰੇ ਜਾਂਦੇ ਸਨ। ਇਸ ਗਲ ਵਿਚ ਕੋਈ ਸ਼ਕ ਨਹੀਂ ਕਿ ਗੁਰੂ ਸਾਹਿਬਾਨ ਦੁਨਿਆਵੀ ਪਧਰ ਉਤੇ ਇਖਲਾਕੀ, ਨੈਤਿਕ ਅਤੇ ਦੁਨਿਆਵੀ ਗੁਣਾਂ ਨਾਲ ਭਰਪੂਰ ਹੁੰਦੇ ਸਨ, ਪਰੰਤੂ ਇਹ ਸਭ ਗਲਾਂ ਰਬੀ ਅਜ਼ਮਤ ਵਾਲੇ ਬੰਦਿਆਂ ਦੇ ਜੀਵਨ ਦਾ ਸਹਿਜ-ਸੁਭਾਅ ਅੰਗ ਹੁੰਦੀਆਂ ਹਨ। ਦੂਜੇ ਸ਼ਬਦਾਂ ਵਿਚ ਗੁਰਿਆਈ ਪ੍ਰਤਿਭਾ ਅਤੇ ਨੈਤਿਕਤਾ ਤੋਂ ਵਖਰੀ ਅਤੇ ਸੂਖਮ ਚੀਜ਼ ਹੈ।

---

[18] ਗੁਰੂ ਸੰਕਲਪ ਦੀ ਵਿਆਖਿਆ ਕਰਨਾ ਸਾਡੇ ਖੋਜ-ਪ੍ਰਬੰਧ ਦਾ ਘੇਰਾ ਨਹੀਂ। ਇਸ ਲਈ ਅਸੀਂ ਸਿਰਫ ਗੁਰੂ ਦੇ ਸੰਸਥਾਈ ਪਖ 'ਤੇ ਹੀ ਜੋਰ ਦਿਤਾ ਹੈ।

[19] ਇਸ ਕਿਸਮ ਦੇ ਇਤਿਹਾਸਕ ਹਵਾਲੇ ਪੰਜਵੇਂ ਅਧਿਆਇ ਵਿਚ ਦਿਤੇ ਗਏ ਹਨ। ਵੇਖੋ ਪੰਨਾ: 168.

ਗੁਰਿਆਈ ਇਕ ਨਿਰੰਤਰ ਧਾਰਾ ਹੈ, ਜਿਹੜੀ ਦਸ ਗੁਰੂ ਸਾਹਿਬਾਨ ਰਾਹੀਂ ਦੈਵੀ ਹੁਕਮ ਵਿਚ ਪ੍ਰਗਟ ਹੋਈ। ਇਸ ਨੂੰ *ਮਹਿਮਾ ਪ੍ਰਕਾਸ਼* ਦਾ ਕਰਤਾ ਸਰੂਪ ਦਾਸ ਭਲਾ ਪਛਾਣਦਾ ਹੋਇਆ ਹਰੇਕ ਗੁਰੂ ਸਾਹਿਬ ਦੀਆਂ ਸਾਖੀਆਂ ਅੰਕਿਤ ਕਰਨ ਉਪਰੰਤ ਅੰਤ ਵਿਚ ਉਨ੍ਹਾਂ ਦਾ ਗੁਰਿਆਈ ਕਾਲ ਲਿਖਦਾ ਹੈ। ਇਸ ਸੰਦਰਭ ਵਿਚ ਉਹ ਸਾਰੇ ਗੁਰੂ ਸਾਹਿਬਾਨ ਪ੍ਰਥਾਇ ਲਿਖਦਾ ਹੈ, 'ਐਨਾ ਸਮਾਂ ਗੁਰੂ ਸਾਹਿਬ ਨੇ ਗੁਰਿਆਈ ਵਿਚ ਆਪਣਾ ਸਰੀਰ ਰਖਿਆ'।[20] ਕਰਤਾ ਅਨੁਸਾਰ ਗੁਰਿਆਈ ਪ੍ਰਭੂ-ਭਗਤੀ ਦਾ ਨਿਹਚਲ ਤਖਤ ਹੈ:

*ਉਦੇ ਗਿਆਨ ਰਵਿ ਉਦਾਚਲ। ਹਰਿ ਭਗਤ ਤਖਤ ਨਿਹਚਲ।*[21]

ਗੁਰੂ-ਸੰਸਥਾ ਦਾ ਬੁਨਿਆਦੀ ਸਰੂਪ ਇਹ ਹੈ ਕਿ ਗੁਰਿਆਈ ਕਿਸੇ ਖਾਸ ਜਾਤ, ਲਿੰਗ, ਕੌਮ, ਧਰਮ, ਭਾਸ਼ਾ, ਭੂਗੋਲ, ਦੇਸ਼-ਇਲਾਕਾ, ਖਿਤਾ, ਸਮਾਂ, ਕਾਲ ਆਦਿ ਦੇ ਘੇਰੇ ਵਿਚ ਨਹੀਂ। ਇਸ ਦਾ ਸੰਬੰਧ ਨਿਰੋਲ ਅਧਿਆਤਮਿਕਤਾ ਨਾਲ ਹੈ, ਪਰੰਤੂ ਇਸ ਦਾ ਵਰਤਾਰਾ ਕਿਉਂਕਿ ਇਤਿਹਾਸ ਵਿਚ ਹੁੰਦਾ ਹੈ, ਇਸ ਲਈ ਗੁਰੂ-ਸੰਸਥਾ ਦੀ ਇਕ ਧਾਰਾ ਸਮਾਜ ਨਾਲ ਵੀ ਜੁੜੀ ਹੋਈ ਹੈ। ਗੁਰੂ-ਸੰਸਥਾ ਦਾ ਸਰੂਪ ਸਮਝਣ ਲਈ ਅਸੀਂ ਇਸ ਕਾਰਜ ਨੂੰ ਹੇਠ ਲਿਖੇ ਭਾਗਾਂ ਵਿਚ ਵਿਚਾਰਾਂਗੇ:

### 2.2.1 ਗੁਰੂ-ਸੰਸਥਾ: ਉਦੇਸ਼

ਗੁਰੂ-ਸੰਸਥਾ ਦਾ ਉਦੇਸ਼ ਮੂਲ ਰੂਪ ਵਿਚ 'ਜਗਤ ਉਧਾਰਨ' ਦਾ ਸੀ, ਜਿਸ ਬਾਰੇ ਗੁਰਬਾਣੀ ਤੋਂ ਇਲਾਵਾ ਸਮੁਚਾ ਸਿੱਖ ਇਤਿਹਾਸ ਜਿਕਰ ਕਰਦਾ ਹੈ। ਇਸ ਪ੍ਰਸੰਗ ਵਿਚ ਕੁਇਰ ਸਿੰਘ ਦਸਦਾ ਹੈ ਕਿ ਗੁਰੂ-ਸੰਸਥਾ ਦਾ ਉਦੇਸ਼ ਜਗਤ-ਕਲਿਆਣ ਸੀ। ਗੁਰੂ ਸਾਹਿਬਾਨ ਨੇ ਜਿਹੜੇ ਵੀ ਕੰਮ ਕੀਤੇ, ਲੋਕ-ਭਲਾਈ ਲਈ ਕੀਤੇ। ਇਥੋਂ ਤਕ ਕਿ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਵੀ ਜਗਤ ਦੇ ਪਰਉਪਕਾਰ ਲਈ ਦਿਤੀ ਸੀ:

*ਬੈਠੇ ਹਰਿ ਧਨ ਮਨ ਮੈ ਧਾਰੀ॥ ਨਿਜ ਬਪੁ ਦੀਨ ਜਗਤ ਹਿਤਕਾਰੀ॥*
*ਕਾ ਹਿਤ ਜਗ ਕੋ ਹਿਤ ਹੋ ਜਾਈ॥ ਪਰ ਉਪਕਾਰੀ ਸੰਤ ਸਹਾਈ॥*[22]

---

[20] ਮਿਸਾਲ ਵਜੋਂ, *ਸ੍ਰੀ ਬਾਬਾ ਨਾਨਕ ਦੇਵ ਜੀ ਸਮਾਣੇ।੧੦ ਬਰਖ ੪ ਮਾਸ ੨੨ ਦਿਨ ਗੁਰਆਈ ਵਿਚ ਸਰੀਰ ਰਖਿਆ॥ ਮਹਿਮਾ ਪ੍ਰਕਾਸ਼,* (ਭਾਗ ਪਹਿਲਾ), ਸਾਖੀ/ਬੰਦ/ਪੰਨਾ - ੧/੪੬/੪੪੦.

[21] *ਮਹਿਮਾ ਪ੍ਰਕਾਸ਼,* (ਭਾਗ ਦੂਜਾ, ਖੰਡ 2), ਸਾਖੀ/ਬੰਦ/ਪੰਨਾ - ੧੦/੩/੭੨੧.

[22] *ਗੁਰਬਿਲਾਸ ਪਾ: ੧੦,* ਅਧਿਆਇ/ਬੰਦ/ਪੰਨਾ - ੪/੯੫/੩੯.

ਗੁਰੂ-ਸੰਸਥਾ ਦੇ ਉਦੇਸ਼ ਬਾਰੇ ਗਲ ਕਰਦਾ ਹੋਇਆ ਕੁਇਰ ਸਿੰਘ ਲਿਖਦਾ ਹੈ ਕਿ ਗੁਰੂ ਸਾਹਿਬਾਨ ਦਾ ਬੁਨਿਆਦੀ ਉਦੇਸ਼ ਤਾਂ ਧਰਮ ਦੀ ਸਥਾਪਨਾ ਸੀ:

*ਧਰਮ ਹੇਤ ਗੁਰ ਨਾਨਕ ਰੂਪਾ॥ ਭਯੋ ਨਿਰਾਮੈ ਬ੍ਰਹਮ ਅਨੂਪਾ॥*
*ਤਾਂਤੇ ਸ੍ਰੀ ਗੁਰ ਅੰਗਦ ਜਾਨਾ॥ ਤ੍ਰਿਤੀ ਚੌਥ ਜੋ ਗੁਰੁ ਸੁਖ ਠਾਨਾ॥*
*ਬੇਦ ਰੂਪ ਸਮ ਵਿਸਨੁ ਅਨੂਪਾ॥ ਧਰਜੋ ਗ੍ਰੰਥ ਬਪੁ ਪੌਤ ਸਰੂਪਾ॥*
*ਗੁਰ ਅਰਜਨ ਜਗ ਧਰਮ ਧਰਾਯੋ॥ ਪੁਨਿ ਹਰਿ ਗੋਬਿੰਦ ਤੁਰਕਨ ਕੋ ਘਾਯੋ॥*
*ਗੁਰ ਹਰਿ ਰਾਇ ਕਰੈ ਕਲਜਾਨਾ॥ ਧਰਾ ਧਰਮ ਜਗ ਨਾਮ ਵਿਤਾਨਾ॥*
*ਗੁਰ ਹਰਿ ਕ੍ਰਿਸਨ ਕੀਏ ਪੁਨਿ ਕਾਮਾ॥ ਪਰ ਹਿਤ ਭਏ ਗੁਰੂ ਏ ਜਾਨਾ॥*
*ਜੈਸ ਮੇਘ ਪਰ ਹਿਤੀ ਸੁਧਾਰੈ॥ ਤੈਸੇ ਬ੍ਰਹਮ ਗੁਰੂ ਬਪੁ ਕਾਰੋ॥*
*ਸ੍ਰੀ ਗੁਰ ਦੇਵ ਭਏ ਬਡਿਭਾਗੀ॥ ਤੇਗ ਬਹਾਦਰ ਪਰ ਹਿਤ ਪਾਗੀ॥*[23]...

*ਮਹਿਮਾ ਪ੍ਰਕਾਸ਼* ਦਾ ਕਰਤਾ ਦਸਦਾ ਹੈ ਕਿ ਗੁਰੂ ਨਾਨਕ ਦੇਵ ਜੀ ਸੰਸਾਰ ਦੇ ਲੋਕਾਂ ਦਾ ਉਧਾਰ ਕਰਨ ਲਈ ਸੁਤੇ-ਸਿਧ ਪ੍ਰਕਾਸ਼ਮਾਨ ਹੋਏ ਸਨ:

*ਗੁਰ ਨਾਨਕ ਪਰਮ ਅਨੰਦ ਰੂਪ ਸੁਤਹ ਸਿਧ ਪਰਕਾਸ॥*
*ਜਗਤ ਉਧਾਰਨ ਕੇ ਨਿਮਿਤ ਕਰੈ ਚਲਿਤ੍ਰ ਬਿਲਾਸ॥*[24]

ਕਰਤਾ ਨਾਨੂੰ ਪੰਡਿਤ ਦੀ ਜ਼ੁਬਾਨੀ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕਰਦੇ ਹੋਏ ਗੁਰੂ ਸਾਹਿਬ ਦੇ ਮਿਸ਼ਨ ਨੂੰ ਇਸ ਤਰ੍ਹਾਂ ਪ੍ਰਗਟ ਕਰਦਾ ਹੈ:

*...ਤੁਮ ਸੰਤ ਕਾ ਰੂਪ ਧਾਰ ਕੇ ਸਭ ਜਗਤ ਕੇ ਉਧਾਰ*
*ਕਰਨੇ ਕੇ ਨਮਿਤ ਆਏ ਹੋ॥*[25]

ਗੁਰੂ-ਸੰਸਥਾ ਦੇ ਉਦੇਸ਼ ਸੰਬੰਧੀ ਜਨ-ਸਾਧਾਰਨ ਜਾਂ ਅਕਾਦਮਿਕ ਪਧਰ ਉਤੇ ਕਈ ਪ੍ਰਕਾਰ ਦੇ ਸਵਾਲ ਉਠਦੇ ਹਨ, ਜਿਵੇਂ ਗੁਰੂ ਨਾਨਕ ਦੇਵ ਜੀ ਨੂੰ ਦਸ ਜਾਮੇਂ ਧਾਰਨ ਦੀ ਕਿਉਂ ਲੋੜ ਪਈ? ਇਸ ਪ੍ਰਸ਼ਨ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਦੇ ਵਖ-ਵਖ ਸਰੀਰਾਂ ਨਾਲ ਗੁਰੂ-ਜੋਤਿ ਦੀ

---

[23] *ਗੁਰਬਿਲਾਸ ਪਾਤਸ਼ਾਹੀ ੧੦,* ਅਧਿਆਇ/ਬੰਦ/ਪੰਨਾ - ੧/੨੩-੭/੩.
[24] *ਮਹਿਮਾ ਪ੍ਰਕਾਸ਼,* (ਭਾਗ ਪਹਿਲਾ), ਸਾਖੀ/ਬੰਦ/ਪੰਨਾ - ੧/੧/੮੫.
[25] *ਉਹੀ,* ਸਾਖੀ/ਬੰਦ/ਪੰਨਾ - ੨੭/੧/੧੬੮.

ਏਕਤਾ ਪ੍ਰਭਾਵਿਤ ਨਹੀਂ ਹੁੰਦੀ। ਇਸ ਪ੍ਰਥਾਇ ਡਾ. ਸ਼ੇਰ ਸਿੰਘ ਲਿਖਦੇ ਹਨ, "ਨਾਨਕ ਨਿਰੰਕਾਰੀ ਨੇ ਦਸ ਚੋਲੇ ਬਦਲੇ ਤੇ ਦਸਵੇਂ ਜਾਮੇ ਵਿਚ ਆਪਣੇ ਆਰੰਭ ਕੀਤੇ ਕੰਮ ਨੂੰ ਸੰਪੂਰਨ ਕਰ ਕੇ ਕੌਮ ਨੂੰ ਪੈਰਾਂ 'ਤੇ ਖੜ੍ਹਾ ਕਰ ਕੇ ਜ਼ੁੰਮੇਵਾਰੀ ਦੇ ਸੰਭਾਲਣਯੋਗ ਬਣਾ ਕੇ ਆਪਣੀ ਥਾਂ ਸ੍ਰੀ ਗੁਰੂ ਗ੍ਰੰਥ-ਪੰਥ ਕਾਇਮ ਕਰ ਗਏ। ...ਜੋਤਿ ਨੂੰ ਦਸ ਰੂਪ ਧਾਰਨ ਦੀ ਇਸ ਲਈ ਜਰੂਰਤ ਪਈ, ਕਿਉਂਕਿ ਇਕ ਨਿਘਰੀ ਹੋਈ ਮਲੀਨ ਕੌਮ ਵਿਚ ਉਚਤਾ, ਸੁਚਤਾ ਤੇ ਸੂਰਬੀਰਤਾ ਦੀ ਲਹਿਰ ਚਲਾਣੀ ਹੋਵੇ, ਮੁਕੰਮਲ ਇਨਸਾਨੀਅਤ ਦੇ ਸਾਂਚੇ ਦੀ ਇਕ ਟਕਸਾਲ ਕਾਇਮ ਕਰਨੀ ਹੋਵੇ ਤਾਂ ਫਿਰ ਇਕ ਸਾਲ ਨਹੀਂ, ਦੋ ਨਹੀਂ, ਸਗੋਂ ਇਕ ਦੋ ਸਦੀਆਂ ਵਿਚ ਭੀ ਜੇ ਇਹ ਕੰਮ ਹੋ ਜਾਵੇ ਤਾਂ ਸਮਾਜ ਦੀ ਉਨਤੀ ਵਿਚ ਇਕ ਵਡੀ ਭਾਰੀ ਕਰਾਮਾਤ ਹੈ। ਇਸੇ ਲਈ ਗੁਰੂ ਨਾਨਕ ਨੇ ਦਸ ਜਾਮੇ ਲਏ ਤੇ ਦਸ ਗੁਰੂ ਸਾਹਿਬਾਨ ਦੇ ਸਰੂਪ ਵਿਚ ਹਰ ਇਕ ਗੁਰੂ ਨੇ ਆਪਣਾ ਕੰਮ ਸੰਪੂਰਨ ਕੀਤਾ।"[26]

ਗੁਰੂ-ਸੰਸਥਾ ਦਾ ਉਦੇਸ਼ ਇਕ ਲੰਮੀ ਉਸਾਰੂ ਯੋਜਨਾ ਅਧੀਨ ਸੀ, ਜਿਸ ਨੂੰ ਕਈ ਵਖ-ਵਖ ਪਖਾਂ ਤੋਂ ਪੂਰਾ ਕੀਤਾ ਜਾਣਾ ਸੀ। ਇਸ ਯੋਜਨਾ ਦੇ ਟੀਚੇ (Targets) ਮਿਥਣ ਅਤੇ ਉਸ ਦੇ ਮੁਢਲੇ ਸਿਧਾਂਤ (Fundamentals) ਨਿਸ਼ਚਿਤ ਕਰਨ ਦਾ ਕੰਮ ਗੁਰੂ ਨਾਨਕ ਦੇਵ ਜੀ ਨੇ ਹੀ ਪੂਰਾ ਕਰ ਦਿਤਾ ਸੀ। ਇਸ ਯੋਜਨਾ ਦੀਆਂ ਉਲੀਕੀਆਂ ਲੀਹਾਂ ਉਪਰ ਚਲਦੇ ਹੋਏ ਮਿਥੇ ਟੀਚਿਆਂ ਦੀ ਪ੍ਰਾਪਤੀ ਲਈ ਗੁਰੂ-ਜੋਤਿ ਨੇ ਨੌਂ ਹੋਰ ਸਰੀਰ ਧਾਰਨ ਕੀਤੇ। ਇਸ ਤਰ੍ਹਾਂ ਇਹ ਇਕ ਲਗਾਤਾਰ ਚਲਦੀ ਪ੍ਰਕ੍ਰਿਆ ਸੀ, ਜਿਸ ਦੀ ਪੂਰਤੀ ਦੀ ਜੁਗਤਿ ਮੁਢ ਤੋਂ ਅੰਤ ਤਕ ਇਕੋ ਹੀ ਸੀ।

ਐਨੇ ਲੰਮੇ ਸਮੇਂ ਦਾ ਯੋਜਨਾ ਉਲੀਕਣ ਦੀ ਲੋੜ ਕਿਉਂ ਪਈ?, ਇਸ ਦਾ ਇਕ ਵਡਾ ਕਾਰਨ ਭਾਰਤ ਦੀ ਸਮਾਜਿਕ ਦਸ਼ਾ ਸੀ। ਜ਼ਿਕਰਯੋਗ ਹੈ ਕਿ ਭਾਰਤੀ ਸਮਾਜ ਸਦੀਆਂ ਤੋਂ ਵਰਣਾਸ਼ਰਮ ਦੇ ਅਧਾਰ 'ਤੇ ਵੰਡਿਆ ਹੋਇਆ ਸੀ। ਹਿੰਦੂ ਗ੍ਰੰਥਾਂ ਵਿਚ ਵੀ ਜਾਤ ਅਤੇ ਵਰਣ-ਵੰਡ ਦੇ ਵਿਤਕਰੇ ਦਰਸਾਏ ਗਏ ਸਨ। ਅਜਿਹੇ ਸਮਾਜ ਵਿਚ ਬ੍ਰਾਹਮਣ ਨੂੰ ਸਰਦਾਰੀ ਪ੍ਰਾਪਤ ਸੀ, ਜਿਹੜਾ ਬਾਕੀ ਸਭ ਸ਼੍ਰੇਣੀਆਂ ਨੂੰ ਨਿਯੰਤਰਿਤ ਕਰਦਾ ਸੀ। ਬ੍ਰਾਹਮਣ ਤੋਂ ਬਿਨਾਂ ਕਿਸੇ ਹੋਰ ਨੂੰ ਕਿਸੇ ਵੀ ਕਿਸਮ ਦੇ ਧਰਮ-ਕਰਮ, ਪੂਜਾ-ਪਾਠ, ਪੜ੍ਹਨ-ਪੜ੍ਹਾਉਣ ਦਾ ਅਧਿਕਾਰ ਨਹੀਂ ਸੀ। ਸੰਸਕ੍ਰਿਤ, ਕਿਉਂਕਿ ਦੇਵ ਭਾਸ਼ਾ ਮੰਨੀ ਜਾਂਦੀ ਸੀ, ਇਸ ਲਈ ਬ੍ਰਾਹਮਣ ਤੋਂ ਇਲਾਵਾ ਕਿਸੇ ਹੋਰ ਸ਼੍ਰੇਣੀ ਨੂੰ ਇਸ ਦੇ

---

[26] *ਗੁਰਮਤਿ ਦਰਸ਼ਨ*, ਪੰਨੇ ੭੧-੨.

ਪੜ੍ਹਨ-ਲਿਖਣ ਦਾ ਅਧਿਕਾਰ ਪ੍ਰਾਪਤ ਨਹੀਂ ਸੀ। ਇਸ ਦਸ਼ਾ ਵਿਚ ਆਮ ਜਨਤਾ ਵਿਦਿਆ ਤੋਂ ਹੀਣੀ ਹੋ ਗਈ ਸੀ। ਊਚ-ਨੀਚ ਤੇ ਜਾਤ-ਪਾਤ ਦੇ ਵਿਤਕਰਿਆਂ ਨੇ ਮਨੁਖ ਨੂੰ ਮਨੁਖ ਦਾ ਵੈਰੀ ਬਣਾ ਦਿਤਾ ਸੀ। ਹਿੰਦੂ ਲੋਕਾਂ ਦੀ ਆਪਸੀ ਵਰਣ-ਵੰਡ ਦੀ ਸਮਸਿਆ ਤੋਂ ਇਲਾਵਾ ਹਿੰਦੂ-ਮੁਸਲਮਾਨ ਦਾ ਪਾੜਾ ਸਿਖਰਾਂ ਉਤੇ ਸੀ। ਹਿੰਦੂ ਦੀ ਨਜਰ ਵਿਚ ਮੁਸਲਮਾਨ ਮਲੇਛ ਸੀ, ਜਦੋਂ ਕਿ ਮੁਸਲਮਾਨ ਹਿੰਦੂ ਨੂੰ ਕਾਫਰ ਸਮਝਦਾ ਸੀ। ਅਜਿਹੇ ਨਫਰਤ ਭਰੇ ਸਮਾਜ ਵਿਚ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਸਿਧਾਂਤ ਪ੍ਰਚਾਰਨਾ ਅਤੇ ਆਪਸ ਵਿਚ ਟੁਟੇ ਲੋਕਾਂ ਨੂੰ ਇਕ ਥਾਂ ਇਕਠੇ ਕਰਨਾ, ਸੌਖਾ ਕਾਰਜ ਨਹੀਂ ਸੀ। ਇਸ ਸਮੁਚੇ ਕਾਰਜ ਨੂੰ ਸਫਲਤਾ-ਪੂਰਵਕ ਨਿਭਾਉਣ ਲਈ ਲੰਮਾ ਸਮਾਂ ਚਾਹੀਦਾ ਸੀ, ਜਿਸ ਕਰ ਕੇ ਗੁਰੂ-ਜੋਤਿ ਨੇ ਦਸ ਜਾਮੇ ਧਾਰਨ ਕੀਤੇ। ਭਾਈ ਗੁਰਦਾਸ ਜੀ ਇਸ ਪ੍ਰਥਾਇ ਫੁਰਮਾਉਂਦੇ ਹਨ :

*ਬਾਰਹ ਪੰਥ ਇਕਤ੍ਰ ਕਰਿ ਗੁਰਮੁਖਿ ਗਾਡੀ ਰਾਹੁ ਚਲਾਇਆ॥*[27]

ਗੁਰੂ-ਸੰਸਥਾ ਦੇ ਉਦੇਸ਼ ਸੰਬੰਧੀ ਕੁਝ ਹੇਠ ਲਿਖੇ ਨੁਕਤੇ ਵਿਚਾਰੇ ਜਾ ਸਕਦੇ ਹਨ :

- ਗੁਰੂ ਸਾਹਿਬਾਨ ਦਾ ਆਗਮਨ ਇਲਾਹੀ ਦਾਤਿ ਹੈ।
- ਗੁਰੂ ਨਾਨਕ ਦੇਵ ਜੀ ਨੇ ਆਪਣੇ 'ਅਨੁਭਵ' ਨੂੰ ਵਖ-ਵਖ ਸਮੇਂ 'ਤੇ ਜਾਹਰ ਕੀਤਾ।
- ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਨੂਰ ਤਾਂ ਸਾਹਮਣੇ ਆ ਗਿਆ, ਪਰ ਜਲਵਾ ਪ੍ਰਗਟ ਹੋਣ ਨੂੰ ਲਗਪਗ 239 ਸਾਲ ਦਾ ਸਮਾਂ ਲਗਿਆ।
- ਗੁਰੂ ਨਾਨਕ ਦੇਵ ਜੀ ਦਸ ਜਾਮਿਆਂ ਰਾਹੀਂ ਲੋਕਾਈ ਸਾਹਮਣੇ ਵਖ-ਵਖ ਰੂਪਾਂ ਵਿਚ ਪ੍ਰਗਟ ਹੋਏ। ਲੋਕ-ਮਾਨਸਿਕਤਾ ਸਮੇਂ ਦੇ ਹਿਸਾਬ ਨਾਲ ਕਦੇ ਕਿਸੇ ਰੂਪ ਨੂੰ ਪ੍ਰਵਾਨ ਕਰਦੀ ਹੈ, ਕਦੇ ਕਿਸੇ ਹੋਰ ਰੂਪ ਨੂੰ। ਸੌਖੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਨੇ ਮਨੁਖ ਹੋਣ ਦੀਆਂ ਸ਼ਰਤਾਂ ਵੀ ਪੂਰੀਆਂ ਕਰਨੀਆਂ ਸਨ, ਉਨ੍ਹਾਂ ਨੇ ਕੁਦਰਤੀ ਜੀਵਨ ਵੀ ਜਿਉਣਾ ਸੀ।
- ਜੇਕਰ ਗੁਰੂ ਨਾਨਕ ਦੇਵ ਜੀ ਇਕੋ ਸਰੂਪ ਵਿਚ ਹੀ ਸਾਰਾ ਕੁਝ ਪ੍ਰਗਟ ਕਰ ਦਿੰਦੇ ਤਾਂ ਇਹ ਗੈਰ-ਕੁਦਰਤੀ ਸਿਧ ਹੋਣਾ ਸੀ। ਇਸ ਕਰ ਕੇ ਕੁਦਰਤੀ ਅਨੁਪਾਤ ਰਖਣ ਲਈ ਉਨ੍ਹਾਂ ਨੇ ਨੌਂ ਹੋਰ ਜਾਮੇਂ ਧਾਰਨ ਕੀਤੇ।

---

[27] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੧੮/੧੪.

- ਗੁਰੂ ਸਾਹਿਬਾਨ ਨੇ ਜਿਹੜੇ ਵੀ ਅਮਲ ਕੀਤੇ ਉਨ੍ਹਾਂ ਦੀ ਪ੍ਰੇਰਨਾ ਇਲਾਹੀ ਸੀ। ਜੇਕਰ ਉਹ ਛੇਵੇਂ ਜਾਂ ਦਸਵੇਂ ਰੂਪ ਵਿਚ ਜੰਗ ਕੀਤੀ ਤਾਂ ਇਹ ਸਾਰਾ ਕੁਝ ਰਸਮੀਂ ਨਹੀਂ ਸੀ, ਇਸ ਪਿਛੇ ਦੈਵੀ ਕਾਰਨ ਸਨ, ਜਿਹੜੇ ਲੌਕਿਕ ਸਮਝ ਤੋਂ ਪਰੇ ਹਨ। ਇਹ ਦੈਵੀ ਅਮਲ ਪ੍ਰਗਟ ਕਰਨ ਲਈ ਉਨ੍ਹਾਂ ਨੂੰ ਦਸ ਜਾਮੇਂ ਧਾਰਨ ਕਰਨੇ ਪਏ।
- ਗੁਰੂ ਨਾਨਕ ਦੇਵ ਜੀ ਦਾ ਪ੍ਰਯੋਜਨ 'ਤੀਸਰ ਪੰਥ' ਪ੍ਰਗਟ ਕਰਨਾ ਸੀ। ਦੁਨਿਆਵੀ ਪਖ ਤੋਂ ਦੇਖੀਏ ਤਾਂ ਅਜਿਹੇ ਕੰਮਾਂ ਲਈ ਖਾਸੇ ਲੰਮੇ ਸਮੇਂ ਦੀ ਲੋੜ ਹੁੰਦੀ ਹੈ। ਵੈਸੇ ਵੀ ਅਧਿਆਤਮਕ ਜ਼ਿੰਦਗੀ ਦੀਆਂ ਵਿਰੋਧੀ ਸੁਰਾਂ ਨੂੰ ਦੂਰ ਕਰਨ ਲਈ ਸਮਾਂ ਤਾਂ ਲਗਦਾ ਹੀ ਹੈ।
- ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਮਿਸ਼ਨ ਦਾ ਸੰਪੂਰਨ ਪ੍ਰਗਟਾਵਾ ਦਸਵੇਂ ਜਾਮੇਂ ਵਿਚ 1699 ਈ. ਦੀ ਵਿਸਾਖੀ ਵੇਲੇ ਹੋਇਆ।

ਗੁਰੂ ਸਾਹਿਬਾਨ ਨੇ ਆਪਣੇ ਮੁਢਲੇ ਉਦੇਸ਼ ਦੀ ਪੂਰਤੀ ਲਈ ਦੋ ਸਾਧਨ ਵਰਤੇ: ਬਾਣੀ ਅਤੇ ਅਮਲ (ਸ਼ਖਸੀ ਜੀਵਨ)। ਬਾਣੀ, ਵਾਹਿਗੁਰੂ ਦਾ 'ਸਬਦ' ਹੈ, ਜਿਹੜਾ ਗੁਰੂ ਸਾਹਿਬਾਨ ਦੀ ਆਤਮਾ ਰਾਹੀਂ ਉਨ੍ਹਾਂ ਦੇ ਮੁਖਾਰਬਿੰਦ ਤੋਂ ਪ੍ਰਗਟ ਹੋਇਆ। ਬਾਣੀ ਦੇ ਉਪਦੇਸ਼ ਤੋਂ ਇਲਾਵਾ ਸਤਿਗੁਰਾਂ ਦਾ ਨਿਜੀ ਜੀਵਨ ਵੀ ਆਪਣੇ-ਆਪ ਵਿਚ ਇਕ ਮਹਾਨ ਉਪਦੇਸ਼ ਹੈ। ਉਨ੍ਹਾਂ ਨੇ ਲੋਕਾਂ ਨੂੰ ਸਮਾਜ ਵਿਚ ਵਿਚਰਨ ਦੇ ਨਵੇਂ ਢੰਗ-ਤਰੀਕੇ ਸਿਖਾਏ, ਪ੍ਰਚਲਿਤ ਰੀਤਾਂ ਨੂੰ ਰਦ ਕਰ ਕੇ ਉਨ੍ਹਾਂ ਦੀ ਥਾਂ ਜੀਵਨ-ਮੂਲਕ ਸਭਿਆਚਾਰਕ ਰੀਤਾਂ ਦਿਤੀਆਂ ਤਾਂ ਜੋ ਲੋਕਾਂ ਦਾ ਜੀਵਨ-ਨਜ਼ਰੀਆ ਪੂਰੀ ਤਰ੍ਹਾਂ ਬਦਲਿਆ ਜਾ ਸਕੇ, ਕਿਉਂਕਿ ਕੇਵਲ ਸਿਧਾਂਤਾਂ ਨਾਲ ਜ਼ਿੰਦਗੀ ਨਹੀਂ ਚਲਦੀ। ਅਮਲੀ ਜੀਵਨ ਨਾਲ ਹੀ ਕਿਸੇ ਵਿਅਕਤੀ ਦਾ ਜੀਵਨ ਬਦਲਿਆ ਜਾ ਸਕਦਾ ਹੈ। ਗੁਰਮਤਿ ਅਨੁਸਾਰ ਮਨੁਖ ਦੀ ਕਥਨੀ ਤੇ ਕਰਨੀ ਇਕ ਹੋਣੀ ਚਾਹੀਦੀ ਹੈ। ਇਸ ਪ੍ਰਸੰਗ ਵਿਚ ਗੁਰੂ ਨਾਨਕ ਦੇਵ ਜੀ ਨੇ ਜਿਹੜੇ ਸਿਧਾਂਤ ਦਸੇ, ਉਨ੍ਹਾਂ ਨੂੰ ਪਹਿਲਾਂ ਆਪਣੀ ਜ਼ਿੰਦਗੀ ਵਿਚ ਕਰ ਕੇ ਦਿਖਾਇਆ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਹੋਏ ਨੌਂ ਗੁਰੂਆਂ ਨੇ ਵੀ ਸਿਧਾਂਤਕ ਤੌਰ 'ਤੇ ਦਿਤੇ ਉਪਦੇਸ਼ਾਂ ਨੂੰ ਅਮਲੀ ਜ਼ਿੰਦਗੀ ਵਿਚ ਢਾਲ ਕੇ ਜੀਵਨ-ਜਾਚ ਦੀਆਂ ਆਦਰਸ਼ਕ ਮਿਸਾਲਾਂ ਪੇਸ਼ ਕੀਤੀਆਂ।

### 2.2.2 ਗੁਰਿਆਈ: ਨੈਤਿਕ ਅਧਾਰ

ਗੁਰਿਆਈ ਨੂੰ ਨੈਤਿਕਤਾ ਤਕ ਸੀਮਿਤ ਕਰਨਾ ਠੀਕ ਨਹੀਂ। ਗੁਰਿਆਈ-ਪ੍ਰਾਪਤੀ ਦਾ ਅਧਾਰ ਨੈਤਿਕ/ਸਦਾਚਾਰਕ ਅਥਵਾ ਬੌਧਿਕ ਗੁਣਾਂ ਦਾ ਹੈ, ਜਿਹੜਾ ਕਿ ਠੀਕ ਨਹੀਂ। ਅਸਲ ਵਿਚ ਗੁਰੂ ਰਬੀ ਅਜ਼ਮਤ ਹੈ, ਜਿਸ ਅੰਦਰ ਅਜਿਹੇ ਗੁਣ ਹੋਣੇ ਸੁਭਾਵਿਕ ਹਨ। ਵੈਸੇ ਵੀ ਇਹ ਗੁਣ ਮਨੁਖੀ ਸੁਭਾਅ ਦੇ ਛੋਟਾ ਜਿਹਾ ਹਿਸਾ ਹਨ, ਜਿਨ੍ਹਾਂ ਦੀ ਪ੍ਰਾਪਤੀ ਮਨੁਖੀ ਕੋਸ਼ਿਸ਼ਾਂ ਨਾਲ ਸਹਿਜੇ ਹੀ ਹੋ ਜਾਂਦੀ ਹੈ। ਇਨ੍ਹਾਂ ਗੁਣਾਂ ਨੂੰ ਗੁਰਿਆਈ ਨਾਲ ਜੋੜਣਾ ਵਡੀ ਭੁਲ ਹੈ। ਇਹ ਸਭ ਗੁਣ ਸ਼ਿਸ਼ਟਾਚਾਰ ਦਾ ਇਕ ਹਿਸਾ ਹਨ, ਜਿਹੜਾ ਕਿ ਨਿਰੋਲ ਦੁਨਿਆਵੀ ਖੇਤਰ ਹੈ, ਜਦੋਂ ਕਿ ਗੁਰਿਆਈ ਅਧਿਆਤਮਕ ਪ੍ਰਵਿਰਤੀ ਦੀ ਹੈ।

### 2.2.3 ਗੁਰਿਆਈ: ਅਧਿਕਾਰੀ

ਗੁਰਬਾਣੀ ਦੀ ਦ੍ਰਿਸ਼ਟੀ ਵਿਚ ਗੁਰਿਆਈ ਅਧਿਕਾਰ ਨਹੀਂ, ਕੇਵਲ ਬਖਸ਼ਿਸ਼ ਹੈ। ਅਧਿਕਾਰਾਂ ਦਾ ਸੰਘਰਸ਼ ਹਮੇਸ਼ਾਂ ਹੰਕਾਰ ਅਤੇ ਮੋਹ-ਮਾਇਆ ਅਧੀਨ ਹੋ ਕੇ ਲੜਿਆ ਜਾਂਦਾ ਹੈ, ਪਰੰਤੂ ਬਖਸ਼ਿਸ਼ ਹਮੇਸ਼ਾਂ ਮੋਹ-ਮਾਇਆ ਤੇ ਹਉਮੈਂ ਤੋਂ ਰਹਿਤ ਹੋ ਕੇ ਪ੍ਰਾਪਤ ਕੀਤੀ ਜਾਂਦੀ ਹੈ। ਸੰਸਾਰੀ ਗੱਦੀਆਂ ਦੇ ਇਤਿਹਾਸ ਵਿਚ 'ਗੱਦੀ ਅਧਿਕਾਰ' ਨੂੰ ਵਿਰਾਸਤੀ ਅਧਿਕਾਰ ਮੰਨਿਆ ਜਾਂਦਾ ਸੀ। ਮੁਗਲਾਂ ਤੇ ਮਹਾਰਾਜਾ ਰਣਜੀਤ ਸਿੰਘ ਵੇਲੇ ਗੱਦੀ-ਅਧਿਕਾਰ ਪ੍ਰਾਪਤ ਕਰਨ ਲਈ ਜਿਵੇਂ ਪੁਤਰ-ਪੋਤਰਿਆਂ ਨੇ ਇਕ ਦੂਜੇ 'ਤੇ ਜੋ ਹਮਲੇ ਕੀਤੇ, ਇਸ ਗਲ ਦੇ ਸੰਕੇਤਕ ਹਨ ਕਿ ਗੱਦੀ ਪਰੰਪਰਾ ਵਿਚ ਵਿਰਾਸਤ ਦਾ ਅਧਿਕਾਰ ਪ੍ਰਧਾਨ ਸੀ। ਦੂਜੇ ਪਾਸੇ ਗੁਰੂ ਨਾਨਕ ਦੇਵ ਜੀ ਨੇ ਵਿਰਾਸਤੀ ਅਧਿਕਾਰ ਨੂੰ ਹਟਾ ਕੇ ਬਖਸ਼ਿਸ਼ ਟਿਕਾ ਦਿਤੀ।[28] 'ਗੁਰਿਆਈ' ਜਿਸ ਵੀ ਗੁਰੂ ਨੂੰ ਪ੍ਰਾਪਤ ਹੋਈ, ਬਖਸ਼ਿਸ਼ ਰੂਪ ਵਿਚ ਹੀ ਪ੍ਰਾਪਤ ਹੋਈ, ਅਧਿਕਾਰ ਵਜੋਂ ਨਹੀਂ। ਭਾਈ ਸਤਾ/ਬਲਵੰਡਿ ਜੀ ਜਦੋਂ ਗੁਰੂ-ਸਪੁਤਰਾਂ ਦੇ ਬਾਗੀ ਹੋਣ ਦਾ ਤਥ ਪ੍ਰਗਟਾਉਂਦੇ ਹਨ:

*ਪੁੜ੍ਹੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥*
*ਦਿਲਿ ਖੋਟੈ ਆਕੀ ਫਿਰਨ੍ਿ ਬੰਨ੍ਿ ਭਾਰੁ ਉਚਾਇਨ੍ਿ ਛਟੀਐ॥*[29]

---

[28] "Succession was not determined by the prevailing laws of inheritance, but with the object of finding a teacher most fitted to continue the spiritual legacy left by Nanak." Gurbachan Singh Talib, *Guru Nanak : His Personality and Vision,* p. 143.
[29] ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਕੀ ਵਾਰ, ੯੬੭.

ਤਾਂ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰ ਦਾਸ ਜੀ ਨੇ ਜਦੋਂ ਆਪਣੇ ਪੁਤਰ-ਪੋਤਰਿਆਂ ਨੂੰ ਛਡ ਕੇ ਗੁਰਿਆਈ ਸਿੱਖ-ਸੇਵਕਾਂ ਨੂੰ ਬਖਸ਼ੀ, ਤਾਂ ਮੋਹ-ਮਾਇਆ ਫਸੇ ਪੁਤਰਾਂ ਦਾ 'ਗੁਰੂ-ਕਉਲ' ਪਾਲਣ ਤੋਂ ਆਕੀ/ਬਾਗੀ ਹੋ ਜਾਣਾ ਸੁਭਾਵਿਕ ਸੀ। ਇਸ ਸੰਦਰਭ ਵਿਚ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ, ਬਾਬਾ ਦਾਤੂ ਤੇ ਦਾਸੂ, ਬਾਬਾ ਮੋਹਨ ਤੇ ਮੋਹਰੀ ਨੇ ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰ ਦਾਸ ਜੀ ਨੂੰ ਗੁਰਿਆਈ ਦੇਣ ਸਮੇਂ ਬੋਲ-ਕੁਬੋਲ ਵੀ ਬੋਲੇ।

ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ, ਗੁਰੂ ਹਰਿਗੋਬਿੰਦ ਸਾਹਿਬ ਤਕ ਗੁਰਿਆਈ-ਪ੍ਰਾਪਤੀ ਲਈ ਗੁਰੂ ਪੁਤਰਾਂ ਦੁਆਰਾ ਹੋਏ ਵਿਰੋਧ ਪ੍ਰਥਾਇ ਭਾਈ ਗੁਰਦਾਸ ਜੀ ਸੰਕੇਤ ਕਰਦੇ ਹਨ:

*ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ॥*
*ਲਖਮੀਦਾਸਹੁ ਧਰਮਚੰਦ ਪੋਤਾ ਹੁਇ ਕੈ ਆਪੁ ਗਣਾਇਆ॥*
*ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ॥*
*ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ॥*
*ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਢਕ ਬਰਲੁ ਚਲਾਇਆ॥*
*ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖੁ ਪੁਤਾ ਭਉਕਾਇਆ॥*
*ਚੰਦਨ ਵਾਸੁ ਨ ਵਾਸ ਬੋਹਾਇਆ॥*[30]

ਗੁਰੂ ਨਾਨਕ ਦੇਵ ਜੀ ਨੇ ਭਾਈ ਲਹਣਾ ਜੀ ਨੂੰ ਜਦੋਂ ਗੁਰਿਆਈ ਦਿਤੀ ਤਾਂ ਉਨ੍ਹਾਂ ਦੇ ਪੁਤਰਾਂ-ਸਿਰੀਚੰਦ ਤੇ ਲਖਮੀਦਾਸ ਨੇ ਬਹੁਤ ਵਿਰੋਧ ਕੀਤਾ। ਗੁਰਿਆਈ ਦੇ ਇਸ ਦੈਵੀ-ਸਰੂਪ ਨੂੰ ਗੁਰੂ ਸਾਹਿਬ ਦੇ ਪੁਤਰ ਆਪਣਾ ਵਿਰਾਸਤੀ ਹਕ ਸਮਝਦੇ ਸਨ, ਜਿਸ ਦੀ ਪ੍ਰਾਪਤੀ ਨਾ ਹੋਣ 'ਤੇ ਉਨ੍ਹਾਂ ਨੇ ਗੁਰੂ-ਘਰ ਦਾ ਵਿਰੋਧ ਵੀ ਕੀਤਾ। ਇਸ ਪ੍ਰਥਾਇ *ਗੁਰਬਿਲਾਸ ਪਾਤਸ਼ਾਹੀ ੬* ਦਾ ਕਰਤਾ ਲਿਖਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਜੋਤੀ-ਜੋਤਿ ਸਮਾ ਗਏ ਤਾਂ ਉਨ੍ਹਾਂ ਦੇ ਚਲਾਣੇ ਤੋਂ

---

[30] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੨੬/੩੩.

ਦਸਵੇਂ ਦਿਨ ਜਦੋਂ ਗੁਰੂ ਅੰਗਦ ਦੇਵ ਜੀ ਦੀ ਦਸਤਾਰਬੰਦੀ ਹੋਣੀ ਸੀ ਤਾਂ ਉਸ ਸਮੇ ਬਾਬਾ ਸ੍ਰੀ ਚੰਦ ਨੇ ਧੱਕੇ ਨਾਲ ਪਗ ਲੈ ਲਈ:

*ਜਬ ਦਸਵੇਂ ਕਾ ਦਿਵਸੁ ਸੁ ਆਯੋ॥*
*ਮਮ ਤਾਏ ਤਬ ਹੀ ਬਲੁ ਪਾਯੋ॥*
*ਨਿਜ ਬਲੁ ਸਾਥਿ ਪਾਗ ਤਬ ਲੀਨੀ॥*[31]

ਗੁਰੂ ਅੰਗਦ ਦੇਵ ਜੀ ਦੇ ਪੁਤਰਾਂ ਨੇ ਵੀ ਗੁਰੂ ਅਮਰਦਾਸ ਜੀ ਦਾ ਵਿਰੋਧ ਕੀਤਾ। ਗੁਰੂ ਅਮਰਦਾਸ ਜੀ ਦੇ ਪੁਤਰ, ਭਾਈ ਜੇਠਾ (ਗੁਰੂ ਰਾਮਦਾਸ ਜੀ) ਨੂੰ ਗੁਰਿਆਈ ਮਿਲਣ ਉਤੇ ਖੁਸ਼ ਨਾ ਹੋਏ। ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਮਿਲਣ ਉਤੇ ਉਨ੍ਹਾਂ ਦੇ ਵਡੇ ਭਰਾ ਪ੍ਰਿਥੀਚੰਦ ਨੇ ਅਤਿ ਦਾ ਵੈਰ ਕਮਾਇਆ। *ਗੁਰਬਿਲਾਸ ਪਾਤਸ਼ਾਹੀ ੬* ਦਾ ਕਰਤਾ ਗੁਰਿਆਈ ਦੇ ਵਿਰੋਧ ਵਿਚ ਪ੍ਰਿਥੀਚੰਦ ਦੀ ਜ਼ੁਬਾਨੀ ਬਾਬਾ ਬੁਢਾ ਜੀ ਨੂੰ ਇਉਂ ਸੰਬੋਧਨ ਹੁੰਦਾ ਹੈ:

*ਜਗਤ ਰੀਤਿ ਦੇਖੀ ਨਹੀਂ ਕਿਆ ਤੁਮਰੀ ਮਤਿ ਹੋਇ॥*
*ਤੁਮ ਗੁਰ ਨਾਨਕ ਕਹਤ ਦਿਖਿ ਰੀਤਿ ਨ ਮਨ ਮੈ ਕੋਇ॥*
*ਦੀਰਘ ਸੁਤ ਕੇ ਬੈਠਿਆ ਕਹਿ ਲਘੁ ਧਰੇ ਸਮਾਜ॥*
*ਤੁਮ ਪਿਤ ਸੋਂ ਰਲ ਅਬ ਕੀਯੋ ਬੈਠੇ ਮੋਹਿ ਕੁਕਾਜ॥*
*ਕਿਆ ਹੂਆ ਇਹ ਤਿਲਕੁ ਕਰਾਯੋ॥ ਕੀਯੋ ਤੁਮ੍ਹਾਰ ਮੋਹਿ ਨਹਿ ਭਾਯੋ॥*
*ਅਪਨੇ ਬਲ ਗੁਰਿਆਈ ਲੇਵੋਂ॥ ਇਹ ਬਾਲਿਕ ਪੈ ਰਹਨ ਨ ਦੇਵੋਂ॥*
*ਮੋ ਪੈ ਧਨ ਦੈ ਕਾਜ ਸਵਾਰੋ॥ ਚਾਹੋਂ ਯਹ ਬਾਰਿਕ ਕੌ ਮਾਰੋਂ॥*
*ਔਰ ਕਟਕ ਬਚ ਅਨਿਕ ਅਲਾਏ॥ ਸੋ ਮੋ ਪੈ ਨਹਿ ਜਾਤ ਸੁਨਾਏ॥...*[32]

ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਵਡੇ ਭਰਾ ਰਾਮ ਰਾਇ ਵੀ ਗੁਰਿਆਈ ਪ੍ਰਾਪਤੀ ਲਈ ਆਕੀ ਹੋਏ। ਗੁਰੂ ਤੇਗ ਬਹਾਦਰ ਸਾਹਿਬ ਦੀ 'ਸੰਕੇਤਕ' ਗੁਰਿਆਈ ਵੇਲੇ ਵੀ ਬਾਬਾ ਬਕਾਲਾ ਵਿਖੇ

---

[31] *ਗੁਰਬਿਲਾਸ ਪਾਤਸ਼ਾਹੀ ੬*, ਅਧਿਆਇ/ਬੰਦ/ਪੰਨਾ – ੧੬/੨੯੯/੫੫੧.
[32] *ਉਹੀ*, ੮/੬੬੭-੭੦/੨੯੫.

ਗੁਰਿਆਈ ਦੇ ਕਿੰਨੇ ਹੀ ਦਾਅਵੇਦਾਰ ਬਣ ਬੈਠੇ ਸਨ। ਇਹ ਸਭ ਉਹ ਮਿਸਾਲਾਂ ਹਨ ਜਿਹੜੀਆਂ ਗੁਰੂ-ਘਰ ਵਿਚ ਹੋਏ ਖਾਨਦਾਨੀ ਵਿਰੋਧ ਨੂੰ ਦਰਸਾਉਂਦੀਆਂ ਹਨ।

ਗੁਰਬਾਣੀ ਵਿਚੋਂ ਵੀ ਅਜਿਹੇ ਸੰਕੇਤ ਮਿਲਦੇ ਹਨ ਜਿਥੋਂ ਇਹ ਇਸ਼ਾਰਾ ਹੁੰਦਾ ਹੈ ਕਿ ਗੁਰੂ-ਸੰਸਥਾ ਦਾ ਲਗਾਤਾਰ ਵਿਰੋਧ ਹੁੰਦਾ ਰਿਹਾ ਹੈ। ਚੌਥੇ ਪਾਤਿਸ਼ਾਹ ਦੇ ਇਕ ਸਲੋਕ ਵਿਚ ਇਸ ਪ੍ਰਥਾਇ ਇਉਂ ਸੰਕੇਤ ਮਿਲਦਾ ਹੈ:

*ਧੁਰਿ ਮਾਰੇ ਪੂਰੈ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ॥*
*ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ॥*
*ਸਤਸੰਗਤਿ ਢੋਈ ਨਾ ਲਹਨਿ ਵਿਚਿ ਸੰਗਤਿ ਗੁਰਿ ਵੀਚਾਰੀ॥*
*ਕੋਈ ਜਾਇ ਮਿਲੈ ਹੁਣਿ ਓਨਾ ਨੋ ਤਿਸੁ ਮਾਰੇ ਜਮੁ ਜੰਦਾਰੇ॥*
*ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ॥*
*ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ॥*
*ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ॥*
*ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ॥*
*ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ॥*
*ਸਭਿ ਨਿਧਾਨ ਸਤਿਗੁਰੂ ਵਿਚਿ ਜਿਸੁ ਅੰਦਰਿ ਹਰਿ ਉਰ ਧਾਰੇ॥*
*ਸੋ ਪਾਏ ਪੂਰਾ ਸਤਿਗੁਰੂ ਜਿਸੁ ਲਿਖਿਆ ਲਿਖਤੁ ਲਿਲਾਰੇ॥*
*ਜਨੁ ਨਾਨਕੁ ਮਾਗੈ ਧੂੜਿ ਤਿਨ ਜੋ ਗੁਰਸਿਖ ਮਿਤ ਪਿਆਰੇ॥*[33]

ਉਕਤ ਸ਼ਬਦ ਵਿਚੋਂ ਸਾਨੂੰ ਪਤਾ ਲਗਦਾ ਹੈ ਕਿ ਗੁਰੂ-ਸੰਸਥਾ ਦਾ ਵਿਰੋਧ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਹੋ ਗਿਆ ਸੀ। ਉਕਤ ਸਬਦ ਵਿਚ ਬੇਸ਼ਕ ਇਹ ਨਹੀਂ ਪਤਾ ਲਗਦਾ ਕਿ ਵਿਰੋਧੀ ਹੈ ਕੌਣ? ਅਤੇ ਉਹ ਵਿਰੋਧ ਕਿਉਂ ਕਰ ਰਹੇ ਹਨ?, ਪਰੰਤੂ ਇਤਿਹਾਸ ਤੋਂ ਸਿਧ ਹੁੰਦਾ ਹੈ ਕਿ ਬੁਨਿਆਦੀ ਰੂਪ ਵਿਚ ਗੁਰੂ-ਸੰਸਥਾ ਦਾ ਵਿਰੋਧ ਗੁਰੂ ਘਰ ਵਿਚੋਂ ਹੀ ਸੀ। ਗੁਰੂ-ਪੁਤਰਾਂ ਨੂੰ ਗੁਰਿਆਈ ਦੀ ਰਮਜ਼ ਬਾਰੇ ਪਛਾਣ ਨਾ ਹੋਣ ਕਾਰਨ ਉਹ ਇਸ ਨੂੰ ਆਪਣਾ ਵਿਰਾਸਤੀ ਹਕ ਸਮਝਦੇ ਸਨ।

---

[33] ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕੀ ਵਾਰ, ਸਲੋਕ ਮਹਲਾ ੪, ੩੦੭-੮.

ਗੁਰਿਆਈ ਦੇਣ ਲਗਿਆਂ ਗੁਰੂ ਸਾਹਿਬਾਨ ਵਲੋਂ ਆਪਣੇ ਉਤਰਾਧਿਕਾਰੀ ਦੀ ਚੋਣ ਕਦੇ ਵੀ ਲੋਕਤੰਤਰਿਕ ਢੰਗ ਨਾਲ ਨਹੀਂ ਕੀਤੀ ਗਈ। ਗੁਰਿਆਈ ਪਰੰਪਰਾ ਅਨੁਸਾਰ ਹਰੇਕ ਗੁਰੂ ਸਾਹਿਬ ਨੇ ਆਪਣਾ ਉਤਰਾਧਿਕਾਰੀ ਚੁਣਿਆ ਹੈ, ਭਾਵੇਂ ਕਿ ਉਨ੍ਹਾਂ ਨੇ ਆਪਣੀ ਮੌਜੂਦਗੀ ਵਿਚ ਉਸ ਨੂੰ ਸਥਾਪਿਤ ਨਾ ਕੀਤਾ ਹੋਵੇ।[34] ਗੁਰੂ-ਸੰਸਥਾ ਨੇ ਇਹ ਵੀ ਸਪਸ਼ਟ ਕਰ ਦਿਤਾ ਕਿ ਗੁਰਿਆਈ ਵਿਚ ਕੁਲ, ਜਾਤ, ਵਰਣ, ਭੇਖ ਅਤੇ ਦ੍ਵੈਤ ਦਾ ਕੋਈ ਮਹਤਵ ਨਹੀਂ। ਗੁਰੂ ਨਾਨਕ ਦੇਵ ਜੀ ਨੇ ਭਾਈ ਲਹਣਾ ਜੀ ਨੂੰ ਗੁਰਿਆਈ ਬਖਸ਼ਣ ਵੇਲੇ ਉਨ੍ਹਾਂ ਦੀ ਕੁਲ/ਵਰਣ ਨੂੰ ਬਿਲਕੁਲ ਨਹੀਂ ਚਿਤਾਰਿਆ। ਗੁਰੂ ਅੰਗਦ ਦੇਵ ਜੀ ਨੇ ਵੀ ਗੁਰਿਆਈ ਬਖਸ਼ਣ ਵੇਲੇ ਗੁਰੂ ਅਮਰਦਾਸ ਜੀ ਦੀ ਜਾਤ ਆਦਿ ਨਹੀਂ ਵੇਖੀ। ਜਿਕਰਯੋਗ ਹੈ ਕਿ ਕੁਲ, ਵਰਣ, ਜਾਤ, ਭੇਖ ਤੇ ਦ੍ਵੈਤ ਦੇ ਵਿਤਕਰੇ ਭਾਰਤੀ ਲੋਕਾਂ ਵਿਚ ਘੁਣ ਵਾਂਗੂੰ ਵਿਆਪਕ ਸਨ। ਮਨੁਖ, ਮਨੁਖ ਦੇ ਨੇੜੇ ਹੋ ਕੇ ਬੈਠਣ ਨੂੰ ਭਿਟ ਮੰਨਦਾ ਸੀ, ਵਰਣ ਤੇ ਜਾਤ ਦਾ ਅਭਿਮਾਨ ਸਿਖਰਾਂ ’ਤੇ ਸੀ। ਅਜਿਹੀ ਸਥਿਤੀ ਵਿਚ ਉਲਟੀ ਗੰਗਾ ਵਹਾ ਦੇਣੀ, ਨਿਸਚੇ ਹੀ ਜਿਥੇ ਗੁਰੂ-ਜੋਤਿ ਦੀ ਇਤਿਹਾਸਕ ਪ੍ਰਾਪਤੀ ਹੈ, ਉਥੇ ਗੁਰੂ-ਸੰਸਥਾ ਸਮਾਜਿਕ ਏਕਤਾ ਦ੍ਰਿੜ ਕਰਵਾਉਣ ਵਿਚ ਵੀ ਯੋਗਦਾਨ ਪਾਉਂਦੀ ਹੈ। ਇਸ ਸੰਦਰਭ ਵਿਚ ਇਤਿਹਾਸਕਾਰਾਂ ਨੂੰ ਕਈ ਵਾਰ ਟਪਲਾ ਵੀ ਲਗਦਾ ਦਿਖਾਈ ਦਿੰਦਾ ਹੈ, ਜਦੋਂ ਉਹ ਕਹਿੰਦੇ ਹਨ ਕਿ ਗੁਰਿਆਈ ਦੇਣ ਲਗਿਆਂ ਕੇਵਲ ਇਖਲਾਕ ਅਤੇ ਪੂਰਵ-ਗੁਰੂ ਪ੍ਰਤੀ ਭਗਤੀ-ਭਾਵ ਦੇਖਿਆ ਜਾਂਦਾ ਸੀ।[35]

### 2.2.4 ਗੁਰਿਆਈ: ਕਸਵਟੀ

ਗੁਰੂ-ਸੰਸਥਾ ਦਾ ਇਕ ਮੁਢਲਾ ਕਾਰਜ, ਜਿਉਂਦੇ-ਜੀਅ ਆਪਣਾ ਉਤਰਾਧਿਕਾਰੀ ਗੁਰੂ ਥਾਪਣਾ ਸੀ। ਇਹ ਪਦਵੀ ਪਿਤਾ-ਪੁਰਖੀ ਨਹੀਂ। ਗੁਰੂ ਥਾਪਣ ਦਾ ਅਧਾਰ ਤਾਂ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਰਮਜ਼ੀ ਸੀ[36], ਪਰ ਫਿਰ ਵੀ ਇਸ ਦੇ ਨਾਲ-ਨਾਲ ‘ਸੇਵਾ’ ਦੀ ਵਿਸ਼ੇਸ਼ ਕਸਵਟੀ ਰਹੀ ਹੈ। ਇਸ ਦਾ ਅਰਥ ਇਹ ਨਹੀਂ ਕਿ ਕੇਵਲ ਸੇਵਾ ਦੇ ਅਧਾਰ ’ਤੇ ਹੀ ਗੁਰਿਆਈ ਦੀ

---

[34] ਮਿਸਾਲ ਵਜੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਿਆਈ ਗੁਰੂ ਹਰਿ ਕ੍ਰਿਸ਼ਨ ਜੀ ਨੇ ਆਪਣੀ ਮੌਜੂਦਗੀ ਵਿਚ ਨਹੀਂ ਦਿਤੀ।

[35] "What was looked for in a successor, was moral courage & devotion to the reigning Guru." Mohammad Latiff, *History of Punjab*, p. 250.

[36] *ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ॥ ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ – ੧/੪੫.

ਬਖਸ਼ਿਸ਼ ਹੁੰਦੀ ਰਹੀ। ਗੁਰੂ ਸਾਹਿਬਾਨ ਨੇ ਦੁਨਿਆਵੀ ਲੋਕਾਂ ਨੂੰ ਦਿਖਾਉਣ ਮਾਤਰ ਇਕ ਢੰਗ ਅਪਣਾਇਆ ਸੀ। ਉਤਰਾਧਿਕਾਰੀ ਦੀ ਚੋਣ ਸਮੇਂ ਕੇਵਲ ਉਨ੍ਹਾਂ ਮਹਾਂਪੁਰਖਾਂ ਨੂੰ ਹੀ ਗੁਰੂ-ਜੋਤਿ ਦੇ ਸਮਰਥ ਪ੍ਰਵਾਨ ਕੀਤਾ ਗਿਆ ਜਿਹੜੇ ਸੇਵਾ ਦੇ ਇਮਤਿਹਾਨ ਵਿਚ ਪਾਸ ਹੋਏ। ਸੇਵਾ ਕਰਨ ਨਾਲ ਚੇਲਾ 'ਗੁਰੂ' ਬਣਨ ਦੇ ਯੋਗ ਹੋ ਗਿਆ। ਇਸ ਤਰ੍ਹਾਂ ਗੁਰਿਆਈ ਅਤੇ ਸੇਵਾ ਦਾ ਆਪਸ ਵਿਚ ਡੂੰਘਾ ਰਿਸ਼ਤਾ ਹੈ।

*ਗੁਰਬਿਲਾਸ ਪਾਤਸ਼ਾਹੀ ੬* ਅਨੁਸਾਰ ਗੁਰੂ-ਸੰਸਥਾ ਅਧੀਨ ਗੁਰਿਆਈ ਕਿਸੇ ਦਾ ਵਿਰਾਸਤੀ ਹਕ ਨਹੀਂ, ਬਲਕਿ ਇਕ ਸੇਵਕ ਸੇਵਾ ਕਰ ਕੇ ਇਸ ਦੀ ਪ੍ਰਾਪਤੀ ਕਰਦਾ ਹੈ:

*ਜੋ ਲਾਇਕ ਅਰਜਨ ਭਜੋ ਤਿਨ ਕੌ ਤਿਲਕੁ ਕਰਾਇ॥*
*ਸ੍ਰੀ ਗੁਰ ਕੇ ਇਮ ਬਚਨ ਸੁਨਿ ਬੁਢੇ ਕਹਾ ਸੁਨਾਇ॥*
*ਬੁਢੇ ਕਹਾ ਸੁਨਾਇ ਰੂਪ ਗੁਰ ਨਾਨਕ ਤੋਰਾ॥*
*ਚਾਰਿ ਰੂਪ ਤੁਮ ਭਏ ਦੇਖਿ ਮਨੁ ਹਰਖਤ ਮੋਰਾ॥*
*ਇਹ ਸੇਵਕ ਕੀ ਚੀਜ ਹੈ ਕੋਈ ਨ ਈਰਖ ਪਾਇ॥*
*ਕਰਿ ਸੇਵਾ ਸੋਈ ਲਹੈ ਸੁਨਿ ਗੁਰ ਹਰਖ ਧਰਾਇ॥*[37]

ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁਤਰਾਂ ਅਤੇ ਸਿੱਖਾਂ ਦੀ ਪ੍ਰੀਖਿਆ ਸੇਵਾ ਦੇ ਅਧਾਰ 'ਤੇ ਹੀ ਕੀਤੀ। ਉਨ੍ਹਾਂ ਨੇ 'ਗੁਰੂ' ਦੇ ਹੁਕਮ ਅਤੇ ਸੇਵਾ ਵਿਚ ਵਿਸ਼ਵਾਸ ਰਖਣ ਵਾਲੇ ਸ਼ਰਧਾਲੂ ਸਿੱਖ ਭਾਈ ਲਹਣਾ ਜੀ (ਗੁਰੂ ਅੰਗਦ ਦੇਵ ਜੀ) ਨੂੰ ਗੁਰਿਆਈ ਬਖਸ਼ੀ। ਗੁਰੂ ਅੰਗਦ ਦੇਵ ਜੀ (ਭਾਈ ਲਹਣਾ) ਨੇ ਗੁਰਿਆਈ ਪਦ ਸੇਵਾ ਕਰ ਕੇ ਹੀ ਪ੍ਰਾਪਤ ਕੀਤਾ। *ਗੁਰਬਿਲਾਸ ਪਾਤਸ਼ਾਹੀ ੬* ਦੇ ਕਰਤਾ ਅਨੁਸਾਰ ਗੁਰੂ ਨਾਨਕ ਦੇਵ ਜੀ ਗੁਰਿਆਈ ਦੇਣ ਤੋਂ ਪਹਿਲਾਂ ਐਲਾਨੀਆ ਕਹਿੰਦੇ ਹਨ ਕਿ ਮੈਂ ਆਪਣੇ ਪੁਤਰਾਂ ਅਤੇ ਸੇਵਕਾਂ ਨੂੰ ਪਰਖ ਕੇ ਹੀ ਗੁਰਿਆਈ, ਯੋਗ ਵਿਅਕਤੀ ਨੂੰ ਦੇਵਾਂਗਾ:

*ਸ੍ਰੀ ਮੁਖ ਤੇ ਗੁਰ ਅਸ ਕਹਜੋ ਤਬੈ ਗੁਰਿਆਈ ਦੇਉਂ॥*
*ਸੁਤ ਸੇਵਕ ਦੋਹਾਨ ਕੀ ਜਬੈ ਪ੍ਰੀਖਿਆ ਲੇਉਂ॥*[38]

---

[37] *ਗੁਰਬਿਲਾਸ ਪਾਤਸ਼ਾਹੀ ੬*, ਅਧਿਆਇ/ਬੰਦ/ਪੰਨਾ – ੮/੮੫੩/੨੮੩.
[38] *ਉਹੀ*, ੧੬/੧੫੯/੫੪੧.

ਗੁਰੂ ਅਮਰਦਾਸ ਜੀ ਨੂੰ ਵੀ ਗੁਰ-ਸੇਵਾ ਦੇ ਅਧਾਰ ’ਤੇ ਹੀ ਗੁਰੂ ਥਾਪਿਆ ਗਿਆ। ਬਜ਼ੁਰਗ ਅਵਸਥਾ ਵਿਚ ਵੀ ਉਨ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਅਣਥਕ ਸੇਵਾ ਕੀਤੀ। ਉਹ ਰੋਜ਼ਾਨਾ ਅੰਮ੍ਰਿਤ ਵੇਲੇ ਉਠ ਕੇ ਲੰਗਰ ਲਈ ਪਾਣੀ ਅਤੇ ਬਾਲਣ ਦਾ ਪ੍ਰਬੰਧ ਕਰਦੇ। ਹਰ ਰੋਜ਼ ਤਿੰਨ ਮੀਲ ਦੀ ਦੂਰੀ ’ਤੇ ਸਥਿਤ ਬਿਆਸ ਦਰਿਆ ਤੋਂ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਜਲ ਲੈ ਕੇ ਆਉਂਦੇ। ਇਹ ਸੇਵਾ ਤਕਰੀਬਨ 11 ਸਾਲ ਤਕ ਚਲਦੀ ਰਹੀ, ਜਿਸ ਦੇ ਸਿਟੇ ਵਜੋਂ ਉਨ੍ਹਾਂ ਨੂੰ ਗੁਰਿਆਈ ਪ੍ਰਾਪਤ ਹੋਈ।[39] *ਗੁਰਕੀਰਤ ਪ੍ਰਕਾਸ਼* ਦਾ ਕਰਤਾ ਕਵੀ ਵੀਰ ਸਿੰਘ ਬਲ ਗੁਰੂ ਅਮਰਦਾਸ ਜੀ ਸੇਵਾ ਦਾ ਇਉਂ ਵਰਨਣ ਕਰਦਾ ਹੈ:

*ਅਮਰਦਾਸ ਕੀ ਸੁਨੋ ਕਹਾਨੀ॥ ਸੇਵ ਕਰੇ ਲਿਆਵੈ ਭਰ ਪਾਨੀ॥*
*ਭਰ ਗਾਗਰ ਨਿਤ ਬਿਆਸੋ ਲਿਆਵੈ॥ ਸ੍ਰੀ ਗੁਰ ਕੋ ਇਸਨਾਨੁ ਕਰਾਵੈ॥*
*ਚਰਨੋਦਕੁ ਲੈ ਨਿਜਿ ਸਿਰ ਧਰੇ॥ ਦੈ ਪਰਕਰਮਾ ਬੰਦਨ ਕਰੇ॥*
*ਦੈ ਝਾਰੂ ਗੁਰ ਕੈ ਦਰਬਾਰ॥ ਸੇਵ ਕਰੇ ਮਨਮਾਨੁ ਨਿਵਾਰ॥*
*ਐਸੇ ਦੁਵਾ ਦਸ ਬਰਸ ਬੀਤਾਏ॥ ਗੁਰ ਬਰ ਕੇ ਦਿਨ ਨੇਰੇ ਆਏ॥*
*ਗੁਰੁ ਅੰਗਦੁ ਹੋਵੇ ਕਿਰਪਾਲ॥ ਨਿਜ ਸਮ ਕਰਹੈ ਨਦਰ ਨਿਹਾਲ॥*[40]

ਗੁਰੂ ਰਾਮਦਾਸ ਜੀ ਦੇ ਸੇਵਾ-ਭਾਵ ਬਾਰੇ ਬਹੁਤ ਸਾਰੀਆਂ ਸਾਖੀਆਂ ਪ੍ਰਚਲਿਤ ਹਨ। ਜੇਠਾ ਜੀ (ਗੁਰੂ ਰਾਮਦਾਸ ਜੀ) ਦਿਨ-ਰਾਤ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਇਸ ਸੇਵਾ ਤੋਂ ਖੁਸ਼ ਹੋ ਕੇ ਗੁਰੂ ਅਮਰਦਾਸ ਜੀ ਨੇ ਆਪਣੀ ਲੜਕੀ ਬੀਬੀ ਭਾਨੀ ਲਈ ਗੁਰੂ ਰਾਮਦਾਸ ਜੀ ਨੂੰ ਯੋਗ ਵਰ ਵਜੋਂ ਪ੍ਰਵਾਨ ਕੀਤਾ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਗੁਰੂ ਥਾਪਣ ਤੋਂ ਪਹਿਲਾਂ ਜੇਠਾ ਜੀ ਦੀ ਸੇਵਾ ਦਾ ਇਮਤਿਹਾਨ ਲਿਆ। ਗੁਰੂ ਸਾਹਿਬ ਨੇ ਭਾਈ ਰਾਮਾ ਤੇ ਭਾਈ ਜੇਠਾ ਜੀ ਨੂੰ ਇਕ-ਇਕ ਥੜ੍ਹਾ ਉਸਾਰਨ ਦਾ ਹੁਕਮ ਕੀਤਾ। ਥੜ੍ਹਾ ਬਣ ਜਾਣ ’ਤੇ ਵਾਰ-ਵਾਰ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਥੜ੍ਹਾ ਢਾਹ ਕੇ ਦੁਬਾਰਾ ਬਣਾਉਣ ਲਈ ਕਿਹਾ। ਭਾਈ ਰਾਮਾ ਜੀ ਨੇ ਇਸ ਤਰ੍ਹਾਂ ਦੋ ਵਾਰ ਥੜ੍ਹਾ ਬਣਾ ਕੇ ਜਵਾਬ ਦੇ ਦਿਤਾ, ਪਰੰਤੂ ਜੇਠਾ ਜੀ ਗੁਰੂ

---

[39] ਗੰਡਾ ਸਿੰਘ, *ਸਿੱਖ ਇਤਿਹਾਸ,* ਪੰਨਾ 20.
[40] *ਗੁਰਕੀਰਤ ਪ੍ਰਕਾਸ਼,* ਪੰਨਾ 93.

ਸਾਹਿਬ ਦੇ ਕਹਿਣ ’ਤੇ ਸਤ ਵਾਰ ਥੜ੍ਹਾ ਢਾਹ ਕੇ ਉਸਾਰਦੇ ਰਹੇ। ਇਸੇ ਸੇਵਾ ਕਾਰਨ ਹੀ ਭਾਈ ਜੇਠਾ ਜੀ ਨੂੰ ਗੁਰਿਆਈ ਦੀ ਬਖਸ਼ਿਸ਼ ਹੋਈ।

ਕਈ ਵਿਦਵਾਨਾਂ ਦਾ ਮਤ ਹੈ ਕਿ ਗੁਰੂ ਰਾਮਦਾਸ ਜੀ ਤੋਂ ਬਾਅਦ ਗੁਰਿਆਈ ਜੱਦੀ ਹੋ ਗਈ ਸੀ, ਜਿਸ ਦਾ ਕਾਰਨ ਮੰਨਿਆ ਜਾਂਦਾ ਹੈ ਕਿ ਬੀਬੀ ਭਾਨੀ ਜੀ ( ਭਾਈ ਜੇਠਾ ਜੀ ਦੀ ਪਤਨੀ) ਦੀ ਆਪਣੇ ਪਿਤਾ ਗੁਰੂ ਅਮਰਦਾਸ ਜੀ ਪ੍ਰਤੀ ਅਥਾਹ ਸ਼ਰਧਾ ਅਤੇ ਸੇਵਾ ਨੇ ਗੁਰਿਆਈ ਜੱਦੀ ਬਣਾ ਦਿਤੀ। ਇਸ ਪ੍ਰਥਾਇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਦਿਨ ਗੁਰੂ ਅਮਰਦਾਸ ਜੀ ਇਸ਼ਨਾਨ ਕਰ ਰਹੇ ਸਨ ਤਾਂ ਉਨ੍ਹਾਂ ਦੀ ਚੌਂਕੀ ਦਾ ਇਕ ਪਾਵਾ ਟੁਟਣ ਲਗਾ, ਜਿਸ ਨੂੰ ਦੇਖ ਕੇ ਬੀਬੀ ਭਾਨੀ ਜੀ ਨੇ ਆਪਣਾ ਹਥ ਪਾਵੇ ਦੀ ਥਾਂ ਦੇ ਦਿਤਾ। ਇਸ ਤਰ੍ਹਾਂ ਬੀਬੀ ਭਾਨੀ ਜੀ ਦਾ ਹਥ ਜ਼ਖਮੀ ਹੋ ਗਿਆ। ਗੁਰੂ ਸਾਹਿਬ ਨੇ ਖੂਨ ਵਹਿੰਦਾ ਵੇਖ ਬੀਬੀ ਭਾਨੀ ਜੀ ਦੀ ਸੇਵਾ-ਭਾਵਨਾ ਤੋਂ ਖੁਸ਼ ਹੋਏ। ਉਨ੍ਹਾਂ ਨੇ ਬੀਬੀ ਭਾਨੀ ਨੂੰ ਕੋਈ ਵਰ ਮੰਗਣ ਲਈ ਕਿਹਾ। ਬੀਬੀ ਜੀ ਨੇ ਆਪਣੇ ਪਤੀ (ਰਾਮਦਾਸ ਜੀ) ਨੂੰ ਗੁਰਿਆਈ ਬਖਸ਼ਣ ਬਾਰੇ ਬੇਨਤੀ ਕੀਤੀ, ਜਿਹੜੀ ਗੁਰੂ ਸਾਹਿਬ ਨੇ ਪ੍ਰਵਾਨ ਕਰ ਲਈ। ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਆਪਣੇ ਜਵਾਈ ਤੇ ਪੁਤਰੀ ਦੀ ਸੇਵਾ-ਭਾਵਨਾ ਨੂੰ ਦੇਖਦੇ ਹੋਏ ਭਾਈ ਜੇਠਾ ਜੀ ਨੂੰ ਗੁਰਿਆਈ ਬਖਸ਼ੀ। *ਮਹਿਮਾ ਪ੍ਰਕਾਸ਼* ਵਿਚ ਇਹ ਵਾਰਤਾ ਇਉਂ ਦਰਜ ਹੈ:

*...ਹੇ ਸਤਿਗੁਰ ਕੀਆ ਬਖਸ ਗੁਰਿਆਈ॥ ਕੋਈ ਸੇਵਕ ਸੇਵਾ ਕਰ ਲੇ ਜਾਈ॥*
*ਜੌ ਕੀਆ ਬਖਸ ਸਤਿਗੁਰ ਗੁਰਿਆਈ॥ ਰਹੇ ਕੁਲ ਕਬਹੂੰ ਨ ਜਾਈ॥*
*ਪੁਨਿ ਇਹੁ ਬਚਨੁ ਦਇਆਲ ਗੁਰ ਕਹੇ॥ ਸਦਾ ਗੁਰਾਈ ਤੁਮ ਕੁਲ ਰਹੇ॥*
*ਪਰਾ ਚਲਤਾ ਸਰ ਨਿਰਮਲ ਤੁਮ ਬੰਧਾ॥ ਤਾ ਤੇ ਕਛੁ ਹੋਇ ਕਲੇਸ ਕੋ ਧੰਧਾ॥...*[41]

ਵਰਨਣਯੋਗ ਹੈ ਕਿ ਨਿਰੋਲ ਇਤਿਹਾਸਕ ਪ੍ਰਸੰਗ ਵਿਚ ਵੇਖਣ ਕਾਰਨ ਕੁਝ ਵਿਦਵਾਨਾਂ ਨੂੰ ਗੁਰੂ ਰਾਮਦਾਸ ਜੀ ਤੋਂ ਬਾਅਦ ਗੁਰਿਆਈ ‘ਸੋਢੀਆਂ ਦੇ ਘਰ’ ਵਿਚ ਰਹਿਣ ਦਾ ਭੁਲੇਖਾ ਪਿਆ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੋਢੀਆਂ ਦੇ ਘਰ ਗੁਰਿਆਈ ਰਹਿਣ ਬਾਰੇ ਮਿਲਦੇ ਸੰਕੇਤ[42]

[41] *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ -1), ਸਾਖੀ/ਬੰਦ/ਪੰਨਾ - ੩/੨੨-੨੪/੨੭੪.

[42] *ਦਿਚੈ ਪੂਰਬਿ ਦੇਵਣਾ ਜਿਸ ਦੀ ਵਸਤੁ ਤਿਸੈ ਘਰਿ ਆਵੈ॥ ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥... ਫਿਰ ਆਈ ਘਰਿ ਅਰਜਣੇ ਪੁਤੁ ਸੰਸਾਰੀ ਗੁਰੂ ਕਹਾਵੈ॥ ਜਾਣਿ ਨ ਦੇਸਾਂ ਸੋਢੀਓਂ ਹੋਰਸਿ ਅਜਰੁ ਨ ਜਰਿਆ ਜਾਵੈ॥ ਘਰ ਹੀ ਕੀ ਵਥੁ ਘਰੇ ਰਹਾਵੈ॥ ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ - ੧/੪੭.

ਕਾਰਨ ਕਈ ਵਿਦਵਾਨ ਗਲਤ ਅਰਥ ਲੈ ਕੇ ਆਪਣੇ ਤਥ ਪੁਸ਼ਟ ਕਰਨ ਦੀ ਵੀ ਕੋਸ਼ਿਸ਼ ਕਰਦੇ ਹਨ।[43] ਕੁਝ ਵਿਦਵਾਨਾਂ ਨੂੰ ਸ਼ਾਇਦ ਇਸ ਗਲ ਦਾ ਇਲਮ ਨਹੀਂ ਕਿ ਗੁਰਮਤਿ ਵਿਚ ਜਾਤ-ਪਾਤ ਨੂੰ ਕਿਸੇ ਪ੍ਰਕਾਰ ਦੀ ਮਾਨਤਾ ਨਹੀਂ ਦਿਤੀ ਗਈ। ਇਸੇ ਲਈ ਉਹ ਜਾਤ-ਪਾ੍ਤ ਦੇ ਮਾਮਲੇ ਵਿਚ ਗੁਰੂ ਸਾਹਿਬਾਨ ਨੂੰ ਵੀ ਸ਼ਾਮਿਲ ਕਰਦੇ ਹਨ। ਇਸੇ ਉਕਾਈ ਕਾਰਨ ਹੀ ਗੁਰੂ ਰਾਮਦਾਸ ਜੀ ਦੀ ਗੁਰਿਆਈ ਬਾਰੇ ਉਕਤ ਗਲਤ ਭ੍ਰਾਂਤੀਆਂ ਹੋਈਆਂ ਹਨ। ਸਿਧਾਂਤਕ ਤੌਰ ’ਤੇ ਗੁਰਬਾਣੀ ਵਿਚ ਜਾਤ-ਪਾਤ ਦਾ ਜੋਰਦਾਰ ਖੰਡਨ ਕੀਤਾ ਗਿਆ ਹੈ।[44] ਇਸ ਅਧਾਰ ’ਤੇ ਗੁਰੂ ਰਾਮਦਾਸ ਜੀ ਦੀ ਗੁਰਿਆਈ ਬਾਰੇ ਇਹ ਧਾਰਨਾ ਗਲਤ ਸਿਧ ਹੁੰਦੀ ਹੈ। ਜਾਤ-ਪਾਤ ਦੇ ਹਵਾਲੇ ਵਿਚ ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਣ ਹੈ:

*ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ॥*[45]

ਇਸ ਤੋਂ ਇਲਾਵਾ *ਸਿੱਖ ਰਹਿਤ ਮਰਯਾਦਾ* ਅਨੁਸਾਰ ਵੀ ਅੰਮ੍ਰਿਤ ਛਕਣ ਤੋਂ ਬਾਅਦ ਸਿੱਖ ਦੀ ਪਿਛਲੀ ਜਾਤ-ਪਾਤ ਆਦਿ ਸਭ ਖਤਮ ਹੋ ਜਾਂਦਾ ਹੈ।[46] ਇਸ ਪ੍ਰਥਾਇ ਗੁਰ ਫੁਰਮਾਣ ਹੈ:

*ਸਤਿਗੁਰ ਕੈ ਜਨਮੇ ਗਵਨੁ ਮਿਟਾਇਆ।*[47]

ਗੁਰਿਆਈ ਨੂੰ ਗੱਦੀ ਪਰੰਪਰਾ ਅਧੀਨ ਦੇਖਣ ਵਾਲੇ ਵਿਦਵਾਨ[48] ਵੀ ਇਸ ਸਿਧਾਂਤ ਨੂੰ ਸਮਝਣ ਤੋਂ ਅਸਮਰਥ ਰਹੇ ਹਨ ਕਿ ਗੁਰਿਆਈ ਕੋਈ ਵਿਰਾਸਤੀ/ਪਿਤਾ ਪੁਰਖੀ ਹਕ ਨਹੀਂ, ਬਲਕਿ ਇਹ ਨਿਰੋਲ ਦੈਵੀ ਚੋਣ ਹੈ।

---

[43] *This hereditary principle of succession is also reflected in the writings of Bhai Gurdas. While commenting on the nomination of Guru Ram Dass, he writes, "what previously received must be restored, and descend to the line that oweth it. The Sodhies will not allow it to depart, no others can endure the unendurable one. What belonged to the house shall remain in the house.* Joginder Singh, *A STUDY OF SIKH INSTITUTIONS: PRACTICES AND OUTLOOK* (Unpublished Ph.D. thesis), p. 67.

[44] – *ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗ ਸਲੋਕ ਮ: ੧, ੮੩.
– *ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ॥* ਉਹੀ, ਸਲੋਕ ਮ: ੩, ੧੦੯੪.

[45] ਉਹੀ, ਸੂਹੀ ਮਹਲਾ ੪, ੭੩੧.

[46] *ਸਿੱਖ ਰਹਿਤ ਮਰਯਾਦਾ*, ਪੰਨਾ ੩੦.

[47] ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧ ਸਿਧ ਗੋਸਟਿ, ੯੪੦.

[48] "The Principle which conceptually speaking was against the very concept of Guru." *The Sikh Gurus and the Sikh Society,* p. 98.

ਗੁਰੂ ਰਾਮਦਾਸ ਜੀ ਦੇ ਤਿੰਨ ਸਪੁਤਰ ਸਨ- ਪ੍ਰਿਥੀ ਚੰਦ, ਮਹਾਂਦੇਵ, ਅਤੇ ਅਰਜਨ ਦੇਵ। ਗੁਰੂ ਸਾਹਿਬ ਨੇ ਉਨ੍ਹਾਂ ਦਾ ਕੋਈ ਬੰਧਨ ਨਹੀਂ ਕਬੂਲਿਆ ਅਤੇ ਸੇਵਾ ਭਾਵਨਾ ਨੂੰ ਪਹਿਲ ਦਿਤੀ। ਜਦੋਂ ਸਿੱਖ ਸੇਵਕਾਂ ਦੀ ਪਰਖ ਕੀਤੀ ਗਈ ਤਾਂ ਸਭ ਤੋਂ ਛੋਟੇ ਪੁਤਰ ਅਰਜਨ ਦੇਵ ਜੀ ਦੀ ਸੇਵਾ, ਸ਼ਰਧਾ ਅਤੇ ਗੁਰੂ-ਪਿਆਰ ਪ੍ਰਵਾਨ ਚੜ੍ਹਿਆ। ਸੇਵਾ ਨੂੰ ਹੀ ਗੁਰਿਆਈ ਬਖਸ਼ੀ ਗਈ। ਇਸ ਤਰ੍ਹਾਂ ਸੇਵਾ, ਗੁਰਿਆਈ ਦਾ ਅਨਿਖੜਵਾਂ ਅੰਗ ਰਹੀ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁਤਰ ਸਨ, ਜਿਨ੍ਹਾਂ ਵਿਚੋਂ ਤਿੰਨ ਉਨ੍ਹਾਂ ਦੇ ਜੀਵਨ-ਕਾਲ ਸਮੇਂ ਹੀ ਅਕਾਲ ਚਲਾਣਾ ਕਰ ਗਏ ਸਨ। ਤੇਗ ਬਹਾਦਰ ਤੇ ਸੂਰਜ ਮਲ ਨੂੰ ਛਡ ਕੇ ਉਨ੍ਹਾਂ ਆਪਣੇ ਵਡੇ ਲੜਕੇ ਬਾਬਾ ਗੁਰਦਿਤਾ ਦੇ ਪੁਤਰ ਹਰਿ ਰਾਏ ਜੀ ਨੂੰ ਗੁਰਿਆਈ ਬਖਸ਼ੀ। ਬਾਬਾ ਗੁਰਦਿਤਾ ਦੇ ਵਡੇ ਲੜਕੇ ਧੀਰ ਮਲ ਨੂੰ ਵੀ ਯੋਗ ਨਾ ਸਮਝਦੇ ਹੋਏ ਤੇ ਹਰਿ ਰਾਏ ਜੀ ਦੀ ਸੇਵਾ ਨੂੰ ਮੁਖ ਰਖਦੇ ਹੋਏ ਉਨ੍ਹਾਂ ਨੂੰ ਗੁਰੂ ਥਾਪਿਆ ਗਿਆ। ਇਸੇ ਤਰ੍ਹਾਂ ਬਾਕੀ ਗੁਰੂ ਸਾਹਿਬਾਨ ਨੂੰ ਵੀ ਗੁਰਿਆਈ ਦੀ ਬਖਸ਼ਿਸ਼ ਕਿਸੇ ਨਾ ਕਿਸੇ ਗੁਣ ਦੇ ਆਧਾਰ ’ਤੇ ਹੀ ਹੋਈ।

ਗੁਰਿਆਈ ਗੁਰੂ ਨਾਨਕ ਦੇਵ ਜੀ ਦਾ ਤਖਤ ਹੈ ਜਿਹੜਾ ਅਚਲ ਹੋਣ ਦੇ ਨਾਲ-ਨਾਲ ਬਿਨਾਂ ਭੇਦ-ਭਾਵ ਤੋਂ ਹੈ। ਇਸ ਦੀ ਪ੍ਰਾਪਤੀ ਦੈਵੀ ਹੁਕਮ ਨਾਲ ਹੁੰਦੀ ਹੈ:

*ਗੁਰ ਨਾਨਕ ਕਾ ਤਖਤ ਅਭੇਵੈ॥*
*ਜਿਸ ਕੌ ਹੁਕਮ ਹੋਇ ਸੋ ਲੇਵੈ॥*[49]

ਗੁਰਿਆਈ ਧਾਰਨ ਕਰਨ ਵਾਲਾ ਹੀ ਨਾਨਕ-ਪਦ ਦਾ ਅਧਿਕਾਰੀ ਹੈ:

*ਗੁਰਿਆਈ ਧਾਰੇ ਬਿਨਾ ਨਾਨਕੁ ਨਾਹਿ ਕਹਾਇ॥*[50]

### 2.2.5 ਗੁਰਿਆਈ: ਪ੍ਰਕ੍ਰਿਆ

ਗੁਰੂ ਸਾਹਿਬਾਨ ਇਸ ਗਲ ਤੋਂ ਭਲੀ-ਭਾਂਤ ਵਾਕਫ ਸਨ ਕਿ ਲੋਕ-ਮਾਨਸਿਕਤਾ ਜਿਹੜੀ ਗਲ ਨੂੰ ਪ੍ਰਵਾਨ ਕਰਦੀ ਹੋਵੇ, ਕਈ ਵਾਰ ਕਿਸੇ ਚੀਜ਼ ਦੀ ਸਥਾਪਤੀ ਲਈ ਉਸੇ ਤਰ੍ਹਾਂ ਕਰਨਾ ਪੈਂਦਾ ਹੈ। ਇਸ ਲਈ ਗੁਰੂ ਸਾਹਿਬ ਨੇ ਰਾਜੇ-ਮਹਾਰਾਜਿਆਂ ਨੂੰ ਰਾਜਗੱਦੀ ਦੇਣ ਲਗਿਆਂ ਤਿਲਕ ਅਤੇ ਨਾਰੀਅਲ ਆਦਿ ਦੇਣ ਦੀ ਕੀਤੀ ਜਾਂਦੀ ਰਸਮ ਗੁਰਿਆਈ ਦੇਣ ਸਮੇਂ ਪ੍ਰਵਾਨ ਕੀਤੀ। ਸੋ, ਇਸ

49 *ਗੁਰਬਿਲਾਸ ਪਾਤਸ਼ਾਹੀ ੬*, ਅਧਿਆਇ/ਬੰਦ/ਪੰਨਾ – ੧੫/੩੯/੫੧੪.
50 *ਉਹੀ*, ੮/੯੬੩/੨੮੪.

ਤਰ੍ਹਾਂ ਗੁਰਿਆਈ ਦੇਣ ਲਗਿਆਂ ਆਪਣੇ ਉਤਰਾਧਿਕਾਰੀ ਅਗੇ ਪੰਜ ਪੈਸੇ ਤੇ ਨਾਰੀਅਲ ਰਖ ਕੇ ਸੀਸ ਨਿਵਾਉਣ ਦੀ ਰਵਾਇਤ ਪ੍ਰਚਲਤ ਰਹੀ ਹੈ। ਇਸ ਪ੍ਰਕ੍ਰਿਆ ਤੋਂ ਗੁਰਿਆਈ ਦਾ ਅਸਲ ਅਧਿਕਾਰੀ ਪ੍ਰਗਟ ਹੁੰਦਾ ਸੀ। ਇਸ ਮਰਯਾਦਾ ਦਾ ਵਰਨਣ ਸਾਰੇ ਗੁਰਮੁਖੀ ਸਰੋਤਾਂ ਵਿਚ ਮਿਲਦਾ ਹੈ। ਮਿਸਾਲ ਵਜੋਂ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:

*ਪੈਸੇ ਪੰਚ ਸਹਿਤ ਨਲੀਏਰ॥ ਧਰਿ ਆਗੈ ਨਿੰਮ੍ਰੇ ਤਿਸ ਬੇਰ॥*
*ਕਰੀ ਸਥਾਪਨਿ ਆਪਨੀ ਜੋਤਿ॥ ਸਭਿ ਗੁਰੁ ਕੇ ਆਈ ਜਿਮ ਹੋਤਿ॥*[51]

ਪਛਮੀ ਵਿਦਵਾਨ ਕੋਲ, ਉਕਤ ਦੀ ਵਿਆਖਿਆ ਨਿਵੇਕਲੇ ਢੰਗ ਨਾਲ ਕਰਦਾ ਹੈ। ਉਸ ਅਨੁਸਾਰ ਨਾਰੀਅਲ 'ਕੁਦਰਤਿ'/'ਬ੍ਰਹਮੰਡ' ਦਾ ਲਖਾਇਕ ਹੈ, ਜਿਸ ਦੇ ਸਿਰ ਦੇ ਵਾਲ ਬਨਸਪਤੀ ਦਰਸਾਉਂਦੇ ਹਨ। ਇਸ ਤਰ੍ਹਾਂ ਪੰਜ ਸਿਕੇ ਪੰਜ ਤਤਾਂ (ਹਵਾ, ਧਰਤੀ, ਅਗ, ਪਾਣੀ ਤੇ ਆਕਾਸ਼) ਦੇ ਲਖਾਇਕ ਹਨ। ਗੁਰਿਆਈ ਦੇਣ ਲਗਿਆਂ ਆਪਣੇ ਉਤਰਾਧਿਕਾਰੀ ਦੇ ਸਨਮੁਖ ਇਹ ਚੀਜ਼ਾਂ ਰਖਣ ਤੋਂ ਭਾਵ ਸੀ ਕਿ ਗੁਰੂ ਸਾਹਿਬ ਪਰਮਾਤਮਾ ਤੇ ਮਨੁਖ ਦੀਆਂ ਕਿਰਤਾਂ (creations) ਦੇ ਲਖਾਇਕ ਹਨ।[52] ਗੁਰੂ ਸਾਹਿਬ ਇਕ ਛੋਟੀ ਜਿਹੀ ਚੌਂਕੀ 'ਤੇ ਬੈਠ ਕੇ ਉਪਦੇਸ਼ ਕਰਦੇ ਸਨ, ਜਿਸ ਨੂੰ ਕਈ ਵਾਰ ਭੁਲੇਖੇ ਨਾਲ ਜਾਂ ਜਾਣੇ-ਅਣਜਾਣੇ 'ਗੱਦੀ' ਦਾ ਨਾਂ ਦਿਤਾ ਜਾਂਦਾ ਹੈ, ਜਦੋਂ ਕਿ ਸਿੱਖ ਧਰਮ ਵਿਚ 'ਗੱਦੀ' ਅਧਿਕਾਰੀ ਦੀ ਲਖਾਇਕ ਹੈ, ਨਾ ਕਿ ਕਿਸੇ ਜੜ ਵਸਤੂ ਦੀ।[53]

ਗੁਰਿਆਈ ਦੀ ਮੁਢਲੀ ਗਲ ਦਸਾਂ ਗੁਰੂ ਸਾਹਿਬਾਨ ਦੀ ਆਪਸੀ ਅਧਿਆਤਮਕ ਸਾਂਝ ਸੀ।[54] ਕਲਾਕਾਰਾਂ ਨੇ ਵੀ ਦਸ ਗੁਰੂ ਸਾਹਿਬਾਨ ਦੀ ਏਕਤਾ ਨੂੰ ਆਪਣੇ ਨਜ਼ਰੀਏ ਨਾਲ ਉਨ੍ਹਾਂ ਦੇ ਚਿਤਰਾਂ ਰਾਹੀਂ ਚਿਤਰਿਆ ਹੈ।[55]

---

[51] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਸਤਵੀਂ), ਰਾਸਿ/ਅੰਸੂ/ਪੰਨਾ- ੪/੩੦/੨੩੪੮.

[52] "The coconut is said to represent the natural universe, the hair upon it representing vegetation. The five coins signify either the five elements, air, earth, fire, water and ether, or, being artefacts, examples of human industry. Placed before the Guru they represent his castody of the creations of good Man." W.O. Cole, *The Sikhs: Their Religious Beliefs and Practices,* p. 104.

[53] "This was the significance also of the small low stool (chawki) upon which the Guru was seated. This was the Guru's throne, in fact a teaching seat. Sometimes this is called a gaddi but in correct usage' gaddi' is a concept of authority not a physical object, at least in Sikhism." *Ibid,* p. 105.

[54] *Sikh theory of guruship explains the spiritual relationship which existed between ten men, Ibid,* p. 103.

[55] ਇਸ ਤਥ ਦੀ ਪੁਸ਼ਟੀ ਕਰਦੇ ਹੋਏ W.O. Cole ਲਿਖਦੇ ਹਨ, "Sikh artists demonstrate it visually by giving each Guru identical dress and of ten remarkable facial similarities whilst preserving certain human distinctions, for example Guru Har Krishan is always portrayed as a child, Guru Hargobind wears two swords and Guru Amar Das and Guru Nanak have white beards", *Ibid,* p.103.

### 2.2.6 ਗੁਰੂ-ਸੰਸਥਾ ਦੀ ਕੜੀ: ਜੋਤਿ

ਗੁਰੂ-ਸੰਸਥਾ ਦੀ ਮੁਢਲੀ ਕੜੀ 'ਗੁਰੂ-ਜੋਤਿ' ਹੈ। ਇਸ ਪ੍ਰਸੰਗ ਵਿਚ ਗੁਰੂ-ਸੰਸਥਾ ਦੇ ਦੋ ਬੁਨਿਆਦੀ ਪਖ ਹਨ: 'ਗੁਰੂ-ਜੋਤਿ' ਅਤੇ 'ਗੁਰਿਆਈ ਪਦ'। ਗੁਰੂ-ਜੋਤਿ ਦੀ ਨਿਰੰਤਰਤਾ ਸਰੀਰਾਂ ਦੀ ਨਹੀਂ, ਬਲਕਿ ਆਤਮਿਕ ਹੈ। ਗੁਰਿਆਈ ਦਾ ਰਹਸ ਸਾਡੇ ਲੋਕਾਂ ਦੀ ਸਮਝ ਵਿਚ ਨਹੀਂ ਆ ਸਕਦਾ। ਗੌਰਤਲਬ ਹੈ ਕਿ ਗੁਰੂ-ਸੰਸਥਾ ਨੇ ਦੋ ਤਥ ਪੂਰੀ ਤਰ੍ਹਾਂ ਸਥਾਪਿਤ ਤੇ ਸਪਸ਼ਟ ਕੀਤੇ: ਪਹਿਲਾ, ਗੁਰੂ-ਸੰਸਥਾ ਦੈਵੀ ਹੈ, ਦੁਨਿਆਵੀ ਨਹੀਂ, ਦੂਜਾ, ਗੁਰਿਆਈ ਬਖਸ਼ਿਸ਼ ਹੈ, ਅਧਿਕਾਰ ਨਹੀਂ। ਗੁਰੂ ਅੰਗਦ ਦੇਵ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ 'ਗੁਰਿਆਈ' ਪ੍ਰਾਪਤੀ ਲਈ ਕੇਵਲ ਸਰੀਰ ਬਦਲਿਆ, ਉਨ੍ਹਾਂ ਸਾਰੇ ਸਰੀਰਾਂ ਅੰਦਰ 'ਜੋਤਿ' ਇਕ ਹੀ ਸੀ। ਗੁਰੂ-ਸੰਸਥਾ ਦੇ ਜੋਤਿ-ਸਰੂਪ ਨੂੰ ਸਮਝਣ ਲਈ ਅਸੀਂ ਪਹਿਲਾਂ 'ਜੋਤਿ' ਨੂੰ ਸਮਝਣਾ ਜਰੂਰੀ ਹੈ।

ਸਿੱਖ ਧਰਮ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ 'ਜੋਤਿ-ਰੂਪ' ਹਨ।[56] 'ਗੁਰੂ' ਸ਼ਬਦ ਦਾ ਢੁਕਵਾਂ ਬਦਲ 'ਜੋਤਿ' ਹੀ ਹੈ, ਕਿਉਂਕਿ ਸਿੱਖ ਪਰੰਪਰਾ ਵਿਚ ਲਗਪਗ ਸਾਰੇ ਵਿਦਵਾਨਾਂ ਨੇ 'ਗੁਰੂ' ਦੇ ਅਰਥ 'ਹਨੇਰੇ ਵਿਚ ਪ੍ਰਕਾਸ਼ ਕਰਨ ਵਾਲਾ' ਕੀਤੇ ਹਨ। ਇਸੇ ਤਰ੍ਹਾਂ ਜੋਤਿ ਤੋਂ ਭਾਵ ਵੀ ਪ੍ਰਕਾਸ਼ ਹੈ। ਭਾਈ ਕਾਨ੍ਹ ਸਿੰਘ 'ਜੋਤਿ' ਦੇ ਅਰਥ: ਪ੍ਰਕਾਸ਼, ਚਮਕ ਅਤੇ ਤੇਜ਼ ਕਰਦੇ ਹਨ।[57] ਗੁਰਬਾਣੀ ਅਨੁਸਾਰ ਪਰਮਾਤਮਾ ਆਪਣੇ ਆਪ ਨੂੰ ਪ੍ਰਕਾਸ਼ਿਤ ਕਰਦਾ ਹੈ। ਇਸ ਲਈ ਉਸ ਨੂੰ 'ਨੂਰ' ਅਥਵਾ 'ਜੋਤਿ' ਆਦਿ ਸ਼ਬਦਾਂ ਨਾਲ ਸੰਬੋਧਿਤ ਕੀਤਾ ਗਿਆ ਹੈ। ਗੁਰਬਾਣੀ ਵਿਚ 'ਜੋਤਿ' ਸ਼ਬਦ ਦੇ ਕਈ ਅਰਥ ਪ੍ਰਾਪਤ ਹੁੰਦੇ ਹਨ: ਆਤਮਾ-ਪਰਮਾਤਮਾ[58], ਗੁਰੂ-ਗਿਆਨ[59], ਸਰੀਰਕ ਬਲ[60] ਅਤੇ ਨੇਤ੍ਰ-ਜੋਤੀ[61] ਆਦਿ। ਗੁਰਬਾਣੀ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ 'ਜੋਤਿ' ਸ਼ਬਦ ਪਰਮਾਤਮਾ ਲਈ ਹੀ ਵਰਤਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਪ੍ਰਥਾਇ ਦਸਦੇ ਹਨ ਕਿ ਇਹ 'ਜੋਤਿ' ਸਾਰੇ ਸੰਸਾਰ ਵਿਚ ਵਿਆਪਕ ਹੈ। ਇਹ ਪਰਮਾਤਮਾ ਨਾਲੋਂ ਕੋਈ ਵਖਰੀ

---

[56] –*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਈਏ ਮਹਲੇ ਪੰਜਵੇ ਕੇ ੫, ੧੪੦੮.
–*ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥* ਉਹੀ, ਆਸਾ ਮ: ੧, ੪੬੬.

[57] *ਮਹਾਨ ਕੋਸ਼*, ਪੰਨਾ 536.

[58] *ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਮ: ੫ ਪਉੜੀ, ੫੨੪.

[59] *ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ॥* ਉਹੀ, ਮ: ੩ ਪਉੜੀ ਗੂਜਰੀ ਕੀ ਵਾਰ, ੫੦੯.

[60] *ਨਾ ਹਉ ਥਕਾ ਨ ਠਾਕੀਆ ਏਵਡ ਰਖਹਿ ਜੋਤਿ॥* ਉਹੀ, ਮ: ੧ ਸਾਰੰਗ ਕੀ ਵਾਰ, ੧੨੪੧.

[61] *ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ॥* ਉਹੀ, ਸਲੋਕ ਮਹਲਾ ੯, ੧੪੨੮.

ਚੀਜ਼ ਨਹੀਂ, ਬਲਕਿ ਪਰਮਾਤਮਾ ਆਪ ਹੀ ਹੈ। ਇਹ ਜੋਤਿ, ਅਥਵਾ ਪਰਮਾਤਮਾ ਦੀ ਹੋਂਦ ਕੇਵਲ ਗੁਰੂ ਦੀ ਸਿਖਿਆ, ਅਰਥਾਤ 'ਸਬਦ' ਨਾਲ ਹੀ ਪ੍ਰਗਟ ਹੋ ਸਕਦੀ ਹੈ:

*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥*
*ਗੁਰ ਸਾਖੀ ਜੋਤਿ ਪਰਗਟੁ ਹੋਇ॥*[62]

ਗੁਰਬਾਣੀ ਵਿਚ ਪਰਮਾਤਮਾ ਨੂੰ ਜੋਤਿ-ਸਰੂਪ ਵੀ ਕਿਹਾ ਗਿਆ ਹੈ:

*ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ॥*[63]

ਗੁਰੂ-ਜੋਤਿ ਤੋਂ ਭਾਵ ਗੁਰੂ ਦੇ ਉਸ ਆਤਮਿਕ ਸਰੂਪ ਤੋਂ ਹੈ, ਜਿਹੜਾ ਪਰਮਾਤਮਾ ਨਾਲ ਤਦਰੂਪਤਾ ਪ੍ਰਾਪਤ ਕਰ ਚੁਕਿਆ ਹੋਵੇ। ਇਹ ਪਰਮਾਤਮਾ ਨਾਲ ਇਕ ਰੂਪ ਹੋਈ ਗੁਰੂ ਨਾਨਕ ਦੇਵ ਜੀ ਦੀ ਜੋਤਿ ਹੀ ਬਾਕੀ ਗੁਰੂਆਂ ਦੇ ਸਰੀਰਾਂ ਵਿਚ ਪ੍ਰਵੇਸ਼ ਹੁੰਦੀ ਰਹੀ:

*ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥*
*ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ॥*[64]

ਭਟ ਸਾਹਿਬਾਨ ਨੇ ਵੀ ਭਾਈ ਲਹਣਾ ਜੀ ਨੂੰ ਜੋਤਿ ਰੂਪ ਵਿਚ ਹੀ ਸਵੀਕਾਰ ਕੀਤਾ ਹੈ:

*ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥*
*ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥*[65]

ਭਾਈ ਗੁਰਦਾਸ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ 'ਜੋਤਿ' ਧਾਰ ਕੇ ਅਗੇ ਉਸੇ ਨੂੰ ਪਾਸਾਰਿਆ:

*...ਦਿਤਾ ਛੋੜਿ ਕਰਤਾਰ ਪੁਰੁ ਬੈਠਿ ਖਡੂਰੇ ਜੋਤਿ ਜਗਾਈ॥*[66]

ਭਾਈ ਗੁਰਦਾਸ ਜੀ ਦੀ ਤਰਜ ਉਤੇ ਭਾਈ ਨੰਦ ਲਾਲ ਜੀ ਵੀ ਗੁਰੂ ਨਾਨਕ ਦੇਵ ਜੀ ਨੂੰ 'ਅਜ਼ਲੀ ਨੂਰ' ਕਹਿੰਦੇ ਹਨ। ਉਨ੍ਹਾਂ ਦੀ ਨਜ਼ਰ ਵਿਚ ਸਾਰੇ ਗੁਰੂ ਪਾਤਸ਼ਾਹ 'ਜੋਤਿ ਸਰੂਪ' ਹੀ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤਿ ਰੂਪ ਪ੍ਰਤੀ ਉਨ੍ਹਾਂ ਦੇ ਬਚਨ ਹਨ:

---

[62] ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮਹਲਾ ੧ ਆਰਤੀ, ੬੬੩.
[63] ਉਹੀ, ਮਾਰੂ ਸੋਲਹੇ ਮਹਲਾ ੧, ੧੦੩੬.
[64] ਉਹੀ, ਗੂਜਰੀ ਮਹਲਾ ੩, ੪੯0-੯੧.
[65] ਉਹੀ, ਸਵਈਏ ਮਹਲੇ ਚਉਥੇ ਕੇ ੪, ੧੪੦੧.
[66] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੧/੪੬.

*ਫ਼ੈਜ਼ਿ ਸੁਬਹਾਨ ਜ਼ਾਤਿ ਗੁਰ ਗੋਬਿੰਦ ਸਿੰਘ॥*

*ਨੂਰਿ ਹਕ ਲਮਆਤ ਗੁਰ ਗੋਬਿੰਦ ਸਿੰਘ॥*[67]

ਭਾਵ, ਗੁਰੂ ਗੋਬਿੰਦ ਸਿੰਘ ਸਰਬ ਸ਼ਕਤੀਮਾਨ ਵਾਹਿਗੁਰੂ ਦੀ ਮਿਹਰ ਹੈ। ਉਹ ਰਬੀ ਨੂਰ ਦੀ ਕਿਰਨਾਂ ਭਰੀ ਰੌਸ਼ਨੀ ਹੈ।

ਉਕਤ ਪ੍ਰਸੰਗ ਵਿਚ 'ਜੋਤਿ' ਦਾ ਅਰਥ ਆਤਮਿਕ ਰੌਸ਼ਨੀ ਅਥਵਾ ਅਨੁਭਵੀ ਪ੍ਰਕਾਸ਼ ਹੈ। ਗੁਰਬਾਣੀ ਅਨੁਸਾਰ ਗੁਰੂ-ਜੋਤਿ ਸਦੀਵੀ ਹੈ, ਜਿਸ ਨੇ ਹਰ ਸਮੇਂ ਵਿਚ ਆਪਣੀ ਪ੍ਰਕਾਸ਼ਨ ਸ਼ਕਤੀ ਨਾਲ ਭਗਤਾਂ ਨੂੰ ਗਿਆਨ ਨਾਲ ਪ੍ਰਕਾਸ਼ਤ ਕੀਤਾ:

*ਜਪਿਓ ਨਾਮੁ ਸੁਕ ਜਨਕ ਗੁਰ ਬਚਨੀ ਹਰਿ ਹਰਿ ਸਰਣਿ ਪਰੇ॥*

*ਦਾਲਦੁ ਭੰਜਿ ਸੁਦਾਮੇ ਮਿਲਿਓ ਭਗਤੀ ਭਾਇ ਤਰੇ॥*

*ਭਗਤਿ ਵਛਲੁ ਹਰਿ ਨਾਮੁ ਕ੍ਰਿਤਾਰਥੁ ਗੁਰਮੁਖਿ ਕ੍ਰਿਪਾ ਕਰੇ॥*

*ਮੇਰੇ ਮਨ ਨਾਮੁ ਜਪਤ ਉਧਰੇ॥*

*ਧ੍ਰੂ ਪ੍ਰਹਿਲਾਦੁ ਬਿਦਰੁ ਦਾਸੀ ਸੁਤੁ ਗੁਰਮੁਖਿ ਨਾਮਿ ਤਰੇ॥ ਰਹਾਉ॥*

*ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ॥*

*ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਗਏ ਚਮਰੇ॥*

*ਗੁਰਮੁਖਿ ਨਾਮਿ ਲਗੇ ਸੇ ਉਧਰੇ ਸਭਿ ਕਿਲਬਿਖ ਪਾਪ ਟਰੇ॥*[68]

ਭਾਈ ਵੀਰ ਸਿੰਘ ਨੇ 'ਗੁਰੂ-ਜੋਤਿ' ਨੂੰ ਪਾਰਬ੍ਰਹਮ ਦੀ 'ਸਿਖਾਵਨਹਾਰ ਸ਼ਕਤੀ' ਕਿਹਾ ਹੈ। ਉਨ੍ਹਾਂ ਅਨੁਸਾਰ, "ਇਹ ਸ਼ਕਤੀ ਹੀ ਗੁਰੂ ਨਾਨਕ ਦੇਵ ਜੀ ਦੇ ਸਰੀਰ ਵਿਚ ਪ੍ਰਗਟ ਹੋਈ ਅਤੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਦਸ ਸਰੂਪਾਂ ਵਿਚ ਇਸ ਸ਼ਕਤੀ ਦੀਆਂ 'ਦਿਵਯ ਪ੍ਰਕਾਸ਼ ਕਿਰਣਾਂ' ਨੂੰ ਮਨੁਖੀ ਹਿਰਦਿਆਂ ਵਿਚ ਸੰਚਾਰਿਤ ਕਰ ਕੇ ਮਾਨਵ ਮਨ ਦਾ ਅੰਧਕਾਰ ਦੂਰ ਕੀਤਾ। ਇਹ ਪਵਿਤਰ ਜੋਤਿ ਸ਼ਕਤੀ ਸ਼ਬਦ ਰੂਪ ਧਾਰ ਕੇ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੋਈ ਅਤੇ ਇਸ ਜੋਤਿ ਨੂੰ ਪ੍ਰਜਵਲਿਤ ਕਰਨ ਦੀ ਵਿਧੀ ਜਾਂ 'ਜੁਗਤਿ' ਖਾਲਸੇ ਵਿਚ ਸਥਿਤ ਹੋਈ ਹੈ।"[69]

---

[67] *ਭਾਈ ਨੰਦ ਲਾਲ ਗ੍ਰੰਥਾਵਲੀ*, ਪੰਨਾ 185.

[68] ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮਹਲਾ ੪, ੯੯੫.

[69] *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼*, ਪੰਨਾ ੭੭੨.

ਡਾ. ਤਾਰਨ ਸਿੰਘ ਗੁਰੂ-ਜੋਤਿ ਦੇ ਸਦੀਵੀ ਹੋਣ ਸੰਬੰਧੀ ਲਿਖਦੇ ਹਨ, "ਗੁਰੂ-ਜੋਤਿ ਪਰਮਸੱਤਾ ਦੀ ਆਪਣੀ ਜੋਤੀ ਹੈ, ਨਾਮ ਦੇ ਸਿਮਰਨ ਨਾਲ ਇਹ ਸਦਾ ਜੀਵਾਂ ਦੇ ਹਿਰਦਿਆਂ ਵਿਚ ਸਥਿਰ ਹੁੰਦੀ ਰਹੀ ਹੈ। ਨਾਮ ਦੇ ਸਿਮਰਨ ਨਾਲ ਹੀ ਗੁਰੂ ਅਮਰਦਾਸ ਜੋਤਿ ਵਾਲੇ ਹੋਏ, ਜਿਵੇਂ ਜਖ, ਕਿੰਨਰ, ਸਿਧ, ਸ਼ਿਵ, ਧ੍ਰੂ, ਨਾਰਦ, ਪ੍ਰਹਿਲਾਦ, ਬੁਧ, ਉਧੌ, ਅਕਰੂਰ, ਤਿਲੋਚਨ, ਨਾਮਦੇਵ, ਕਬੀਰ, ਪੀਪਾ, ਦੇਵੀ-ਦੇਵਤੇ, ਭੀਸ਼ਮ, ਗੁਰੂ ਨਾਨਕ, ਗੁਰੂ ਅੰਗਦ ਜੋਤਿ ਵਾਲੇ ਮਹਾਨ ਹੋਏ ਸਨ।"[70]

ਨਰੈਣ ਸਿੰਘ ਦੇ ਗੁਰੂ-ਜੋਤਿ ਦੀ ਸਦੈਵਤਾ ਸੰਬੰਧੀ ਵਿਚਾਰ ਹਨ, "ਸਤਿਗੁਰ ਸਦੀਵ ਕਾਲ ਰਹਿਣ ਵਾਲੀ ਹਸਤੀ ਦਾ ਨਾਉ ਹੈ, ਜੋ ਕਦੀ ਜੰਮਦਾ-ਮਰਦਾ ਨਹੀਂ, ਬਲਕਿ ਸਦਾ ਸਥਿਰ ਹੈ। ...ਸਤਿਗੁਰੂ ਅਤੇ ਵਾਹਿਗੁਰੂ ਇਕੋ ਹੋਂਦ ਦੇ ਦੋ ਵਖ-ਵਖ ਨਾਉਂ ਅਤੇ ਵਖ-ਵਖ ਰੂਪ ਹਨ, ਅਥਵਾ ਵਾਹਿਗੁਰੂ ਦੀ ਅਦ੍ਰਿਸ਼ਟ ਹੋਂਦ ਦਾ ਪਰਤਖ ਜਾਂ ਦਿਸਦਾ ਰੂਪ ਸਤਿਗੁਰੂ ਹੈ। ...ਗੁਰੂ ਹੀ ਮਨੁਖ ਦੇਹ ਰਾਹੀਂ ਵਾਹਿਗੁਰੂ ਦੀ ਜੋਤਿ ਪ੍ਰਕਾਸ਼ਮਾਨ ਹੈ। ...ਗੁਰੂ ਦੀ ਪਰਤਖ ਦਿਸਦੀ ਦੇਹ ਰਾਹੀਂ ਵਾਹਿਗੁਰੂ ਨੇ ਆਪਣਾ ਫੁਰਮਾਨ ਵਰਤਾਇਆ ਹੋਇਆ ਹੈ। ...ਆਪਣੇ ਆਦਿ ਰੂਪ ਵਿਚ ਉਸੇ ਜੋਤਿ ਦਾ ਨਾਮ ਹੈ ਜੋ ਪਾਰਬ੍ਰਹਮ ਪਰਮੇਸਰ ਵਾਹਿਗੁਰੂ ਦੀ ਜੋਤਿ ਹੈ।"[71]

ਗੁਰੂ-ਜੋਤਿ ਦੇ ਇਸ ਕਾਇਆ ਪਲਟਣ ਨੂੰ ਪਾਰਸ ਤੋਂ ਪਾਰਸ ਹੋਣ[72], ਦੀਪਕ ਤੋਂ ਦੀਪਕ ਪ੍ਰਜਵਲਿਤ ਹੋਣ[73], ਪਾਣੀ ਵਿਚ ਪਾਣੀ ਮਿਲਣ, ਸੁਆਂਗੀ ਦੇ ਭੇਖ ਕਰਨ[74] ਆਦਿ ਨਾਲ ਤੁਲਨਾ ਦਿਤੀ ਗਈ ਹੈ।

### 2.2.7 ਗੁਰੂ-ਜੋਤਿ ਦਾ ਅੰਗ: 'ਨਾਨਕ' ਪਦ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੇ ਸਾਰੇ ਗੁਰੂ ਬਾਣੀਕਾਰਾਂ ਨੇ ਇਕੋ 'ਨਾਨਕ' ਪਦ ਦੀ ਵਰਤੋਂ ਕੀਤੀ ਹੈ[75], ਜੋ ਕਿ ਉਨ੍ਹਾਂ ਦੀ ਇਕ 'ਜੋਤਿ' ਹੋਣ ਦਾ ਪੁਖਤਾ ਪ੍ਰਮਾਣ ਹੈ। ਭਾਈ ਕਾਨ੍ਹ

---

[70] ਤਾਰਨ ਸਿੰਘ, *ਅਨੰਦ ਜੋਤਿ ਤੇ ਜੁਗਤਿ*, ਪੰਨਾ ੫.

[71] *ਨਾਨਕ ਨਿਰਮਲ ਪੰਥ ਚਲਾਇਆ*, ਪੰਨਾ ੬੭.

[72] *ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ॥ ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਈਏ ਮਹਲੇ ਪੰਜਵੇ ਕੇ ੫, ੧੪੦੮.

[73] *ਜਲ ਤਰੰਗੁ ਅਵਲੋਇ ਸਲਿਲ ਸਮਾਇਆ॥ ਜੋਤੀ ਜੋਤਿ ਸਮੋਇ ਦੀਪੁ ਦੀਪਾਇਆ॥ ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ - ੩/੧੧.

[74] *ਜਿਉ ਸਾਂਗੀ ਬਹੁ ਭੇਖਿ ਕਰੇਈ॥ਏਕ ਜੋਤਿ ਦਸ ਰੂਪ ਧਰੇਈ॥ ਉਹੀ.*

[75] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਖ-ਵਖ 'ਮਹਲਾ' ਦਾ ਸੰਕੇਤ, ਅੰਕੜਿਆਂ (੧, ੨, ੩) ਨਾਲ ਕੀਤਾ ਗਿਆ ਹੈ।

ਸਿੰਘ ਜੀ ਇਸ ਪ੍ਰਥਾਇ ਲਿਖਦੇ ਹਨ, "ਗੁਰੂ ਨਾਨਕ ਦੇ ਘਰ ਦੀ ਬਾਦਸ਼ਾਹਾਂ ਦੇ ਉਲਟ ਚਾਲ ਹੈ, ਕਿਉਂਕਿ ਗੁਰੂ ਇਕ ਰੂਪ ਹਨ, ਅਰ ਇਕ ਜਾਮੇ ਵਿਚ ਪ੍ਰਚਲਤ ਕੀਤੇ ਹੁਕਮ ਦੀ ਦੂਜੇ ਜਾਮੇ ਵਿਚ ਪ੍ਰੌਢਤਾ ਕਰਦੇ ਹਨ, ਆਪਣੇ ਨਾਉਂ ਦੀ ਥਾਂ 'ਨਾਨਕ' ਵਰਤਦੇ ਹਨ।[76] *ਦਬਿਸਤਾਨੇ ਮਜ਼ਾਹਿਬ* ਦਾ ਕਰਤਾ ਲਿਖਦਾ ਹੈ ਕਿ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਨੂੰ ਇਕ ਪਤਰ ਲਿਖਿਆ, ਜਿਸ ਵਿਚ ਉਨ੍ਹਾਂ ਨੇ ਆਪਣੇ ਲਈ 'ਨਾਨਕ' ਪਦ ਦੀ ਹੀ ਵਰਤੋਂ ਕੀਤੀ ਸੀ।[77] ਗੁਰੂ ਸਾਹਿਬਾਨ ਦੁਆਰਾ ਆਪੋ-ਆਪਣੀ ਬਾਣੀ 'ਨਾਨਕ' ਛਾਪ ਅਧੀਨ ਉਚਾਰਨ ਕਰਨ ਸੰਬੰਧੀ ਡਾ. ਗਰੇਵਾਲ ਦਾ ਮਤ ਹੈ ਕਿ 'ਨਾਨਕ' ਛਾਪ ਜਿਥੇ ਗੁਰੂ-ਸੰਸਥਾ ਦੀ ਨਿਰੰਤਰਤਾ ਦੀ ਸੂਚਕ ਹੈ, ਉਥੇ ਇਹ ਗੁਰੂ-ਸੰਸਥਾ ਦੇ ਉਦੇਸ਼ ਨੂੰ ਵੀ ਦ੍ਰਿੜ ਕਰਵਾਉਂਦੀ ਹੈ।[78]

### 2.2.8 ਗੁਰੂ-ਜੋਤਿ ਦਾ ਅੰਗ: 'ਮਹਲ'

ਗੁਰੂ-ਸੰਸਥਾ ਵਿਚ ਵਰਤ ਰਹੀ ਗੁਰੂ-ਜੋਤਿ ਦੀ ਏਕਤਾ ਬਾਰੇ ਗੁਰਬਾਣੀ ਵਿਚਲੇ ਸਿਰਲੇਖਾਂ ਤੋਂ ਵੀ ਪਤਾ ਚਲਦਾ ਹੈ। ਵਰਨਣਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਹਰੇਕ ਗੁਰੂ-ਸਰੂਪ (ਗੁਰੂ-ਵਿਅਕਤੀ) ਲਈ ਮਹਲ ਸ਼ਬਦ ਰੂਪਾਂ ਦੀ ਵਰਤੋਂ ਕੀਤੀ ਗਈ ਹੈ। ਗੁਰਬਾਣੀ ਵਿਚ ਮਹਲ ਸ਼ਬਦ ਵੀ ਕਈ ਵਿਆਕਰਨਕ ਰੂਪਾਂ ਵਿਚ ਵਰਤਿਆ ਗਿਆ ਹੈ:

### (ੳ) ਮਹਲ: ਰੂਪ

ਗੁਰਬਾਣੀ ਵਿਚ ਕੇਂਦਰੀ ਸ਼ਬਦ 'ਮਹਲ' ਹੈ, ਜੋ ਸ਼ਾਬਦਿਕ ਪਖੋਂ ਅਰਬੀ ਵਿਚੋਂ ਆਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਖ-ਵਖ ਸੰਦਰਭਾਂ ਵਿਚ ਵਰਤੇ ਜਾਣ ਕਾਰਨ ਇਸ ਦੇ ਕਈ ਰੂਪ ਮਿਲਦੇ ਹਨ, ਜਿਵੇਂ: ਮਹਲ: ਇਸਤਰੀ [79], ਮਹਲੁ/ਮਹਲੋ: ਨਿਵਾਸ ਥਾਂ/ ਪਰਮੇਸੁਰ ਦਾ ਮਹਲ/ ਅਵਸਥਾ ਜਿਥੇ ਅਕਾਲਪੁਰਖ (ਸਾਖਿਆਤ)ਹੋਵੇ[80], ਮਹਲ [81]/ਮਹਲਾ[82]: ਵਡੇ-ਵਡੇ ਪਕੇ ਘਰ/ਕਈ ਮਕਾਨ,

---

[76] *ਗੁਰਮਤ ਮਾਰਤੰਡ* (ਪੋਥੀ ਪਹਿਲੀ), ਪੰਨਾ 377, ਫੁ.ਨ. 7.

[77] Ganda Singh, 'Nanak Panthis', *The Punjab Past and Present*, (Vol.I, Part-I-II), 1967, p. 66-7.

[78] "The use of the epithet Nanak by the successors of Guru Nanak in their compositions is no mere imitation of the founder. The continuity of the mission as well as the supreme position of Guru Nanak is implied in a most effective way in the use of this epithet." J.S. Grewal, *Guru Nanak in History*, p. 290.

[79] ***ਮਹਲ*** *ਕੁਚਜੀ ਮੜਵੜੀ ਕਾਲੀ ਮਨਹੁ ਕਸੁਧ॥*
*ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ॥੧॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੧ ਮਾਰੂ, ੧੦੮੮.

[80] *ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ* ***ਮਹਲੁ*** *ਪਾਇਸੀ॥* ਉਹੀ, ਪਉੜੀ ਆਸਾ ਮ: ੧, ੪੭੧.

[81] *ਮੋਹਨ ਤੇਰੇ ਊਚੇ ਮੰਦਰ* ***ਮਹਲ*** *ਅਪਾਰਾ॥* ਉਹੀ, ੨੪੮.

[82] ***ਮਹਲਾ*** *ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ॥* ਉਹੀ, ਰਾਗ ਆਸਾ ਮ: ੧, ੪੧੭.

ਮਹਲਾ/ਮਹਲ: ਮਹਲ ਵਿਚ[83], ਮਹਲਿ[84]/ਮਹਲੀ[85]/ਮਹਲੇ[86]/ਮਹਲੈ [87]: ਮਹਲ ਵਿਚ, ਮਹਲ: ਸਰੀਰ[88], ਮਹਲਹੁ: ਮਹਲ ਵਿਚੋਂ[89], ਕੁਮਹਲੁ: ਅਯੋਗ ਥਾਂ[90] ਅਤੇ ਗੈਰਮਹਲੁ: ਵਾਹਿਗੁਰੂ ਜਿਸ ਦਾ ਕੋਈ ਖਾਸ ਸਥਾਨ ਨਹੀਂ[91] ਆਦਿ।

### (ਅ) ਮਹਲ: ਗੁਰੂ-ਸਰੂਪ

ਗੁਰਬਾਣੀ ਵਿਚਲੇ ਸਿਰਲੇਖਾਂ ਅਧੀਨ ਬਾਣੀ ਜਾਂ ਸਬਦ ਦੇ ਉਚਾਰਨ ਕਰਤਾ, ਹਰੇਕ ਗੁਰੂ-ਸਰੂਪ (ਗੁਰੂ ਵਿਅਕਤੀ) ਲਈ 'ਮਹਲ' ਸ਼ਬਦ ਦੇ ਵਿਆਕਰਨਕ ਰੂਪ ਹੀ ਵਰਤੇ ਗਏ ਹਨ, ਉਨ੍ਹਾਂ ਦੇ ਨਿਜੀ ਨਾਮ ਨਹੀਂ ਵਰਤੇ। ਇਸ ਗਲ ਤੋਂ ਭਲੀ ਪ੍ਰਕਾਰ ਸਿਧ ਹੁੰਦਾ ਹੈ ਕਿ ਸਮੁਚੀ ਬਾਣੀ ਦੇ ਕਰਤਾ ਇਕ ਹੀ ਹਨ। ਇਸ ਅਰਥ ਵਿਚ 'ਮਹਲ' ਤੋਂ 'ਮਹਲਾ' ਬਣਾ ਕੇ ਭਾਈ ਗੁਰਦਾਸ ਜੀ ਨੇ ਇਹ ਸ਼ਬਦ ਗੁਰੂ-ਸਰੂਪਾਂ (ਗੁਰੂ ਵਿਅਕਤੀਆਂ) ਲਈ ਵਰਤਿਆ ਹੈ:

*ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾ ਤਕਿ ਦਰਸੁ ਨਿਹਾਰੀ॥*[92]

*ਦਬਿਸਤਾਨਿ ਮਜ਼ਾਹਿਬ* ਦਾ ਕਰਤਾ ਲਿਖਦਾ ਹੈ ਕਿ ਸਿੱਖ ਆਪਣੇ ਹਰੇਕ ਗੁਰੂ ਨੂੰ 'ਮਹਲ' ਕਹਿੰਦੇ ਹਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਵਾਰੋ-ਵਾਰੀ ਦੂਸਰੇ ਗੁਰੂ ਸਾਹਿਬਾਨ ਦੇ ਸਰੀਰ ਵਿਚ ਪ੍ਰਵੇਸ਼ ਕਰਦੀ ਗਈ। ਸਾਰੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਪ ਹੀ ਹਨ:

*...ਜਦੋਂ ਨਾਨਕ ਨੇ ਸਰੀਰ ਤਿਆਗਿਆ ਤਾਂ ਉਹ ਆਪਣੇ ਨਜ਼ਦੀਕੀ ਸੇਵਕ ਅੰਗਦ ਦੇ ਵਿਚ ਸਮਾ ਗਿਆ। ਗੁਰੂ*

---

[83] *ਮਹਲਾ ਅੰਦਰਿ ਗੈਰ **ਮਹਲੁ** ਪਾਏ ਭਾਣਾ ਬੁਝਿ ਸਮਾਹਾ ਹੇ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮਹਲਾ ੩, ੧੦੫੮.

[84] *ਫਿਰਤ ਫਿਰਤ ਸੰਤਨ ਪਹਿ ਆਇਆ॥ ਦੂਖ ਭ੍ਰਮੁ ਹਮਾਰਾ ਸਗਲ ਮਿਟਾਇਆ॥*
***ਮਹਲਿ** ਬੁਲਾਇਆ ਪ੍ਰਭ ਅੰਮ੍ਰਿਤੁ ਭੂੰਚਾ॥ ਕਹੁ ਨਾਨਕ ਪ੍ਰਭੁ ਮੇਰਾ ਊਚਾ॥* ਉਹੀ, ਵਡੰਹਸੁ ਮਹਲਾ ੫, ੫੬੨.

[85] *ਬਹੁਤੇ ਵੇਸ ਕਰੀ ਪਿਰ ਬਾਝਹੁ **ਮਹਲੀ** ਲਹਾ ਨ ਥਾਓ॥* ਉਹੀ, ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ, ੧੧੦੯.

[86] *ਸਬਦਿ ਭੇਦਿ ਕੋਈ ਮਹਲੁ ਪਾਏ **ਮਹਲੇ** ਮਹਲਿ ਬੁਲਾਵਣਿਆ॥* ਉਹੀ, ਮਾਝ ਮਹਲਾ ੩, ੧੧੭.

[87] ***ਮਹਲੈ** ਅੰਦਰਿ ਮਹਲੁ ਕੋ ਪਾਏ॥* ਉਹੀ, ਮਾਰੂ ਮਹਲਾ ੩, ੧੦੬੪.

[88] ***ਮਹਲ** ਮਹਿ ਬੈਠੇ ਅਗਮ ਅਪਾਰ॥*
*ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ॥...*
*ਕਾਇਆ **ਮਹਲੁ** ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ॥*
*ਨਾਨਕ ਗੁਰਮੁਖਿ **ਮਹਲਿ** ਬੁਲਾਈਐ ਹਰਿ ਮੇਲੇ ਮੇਲਣਹਾਰ॥* ਉਹੀ, ਮਹਲਾ ੧ ਮਲਾਰ, ੧੨੫੫-੫੬.

[89] *ਹਰਿ ਹਰਿ ਨਾਮੁ ਵਖਰੁ ਲੈ ਚਲਹੁ॥ ਦਰਸਨੁ ਪਾਵਹੁ ਸਹਜਿ **ਮਹਲਹੁ**॥* ਉਹੀ, ਮਾਰੂ ਮਹਲਾ ੧, ੧੦੨੮.

[90] *ਮਹਲੁ **ਕੁਮਹਲੁ** ਨ ਜਾਣਨੀ ਮੂਰਖ ਆਪਣੈ ਸੁਆਇ॥* ਉਹੀ, ਮ: ੩ ਰਾਗ ਸੋਰਠਿ, ੬੪੯.

[91] *ਮਹਲਾ ਅੰਦਰਿ **ਗੈਰ ਮਹਲੁ** ਪਾਏ ਭਾਣਾ ਬੁਝਿ ਸਮਾਹਾ ਹੇ॥* ਉਹੀ, ਮਾਰੂ ਮਹਲਾ ੩, ੧੦੫੮.

[92] *ਵਾਰਾਂ ਭਾਈ ਗੁਰਦਾਸ,* ਵਾਰ/ ਪਉੜੀ - ੧/੪੮.

*ਅੰਗਦ ਤੋਂ ਭਾਵ ਗੁਰੂ ਨਾਨਕ (ਹੀ) ਹੈ। ਇਸੇ ਭਾਂਤ ਗੁਰੂ ਅੰਗਦ ਸਰੀਰ ਤਿਆਗਣ ਸਮੇਂ ਉਪਰੋਕਤ ਵਿਧੀ ਦੇ ਅੰਤਰਗਤ ਅਮਰਦਾਸ ਦੇ ਸਰੀਰ ਵਿਚ ਸਮਾ ਗਿਆ। ਉਹ ਵੀ ਇਸੇ ਪ੍ਰਕਾਰ ਰਾਮਦਾਸ ਦੇ ਸਰੀਰ ਵਿਚ ਰੂਪਾਂਤ੍ਰਿਤ ਹੋਇਆ। ਰਾਮਦਾਸ ਗੁਰੂ ਅਰਜੁਨ ਮਲ ਵਿਚ ਸਮਾ ਗਿਆ। ਹਰ ਇਕ (ਗੁਰੂ) ਨੂੰ ਉਨ੍ਹਾਂ ਵਲੋਂ 'ਮਹਲੇ' ਦਾ ਨਾਂ ਦਿਤਾ ਗਿਆ ਹੈ। ਮਹਲਾ ਪਹਿਲਾ ਨਾਨਕ ਅਤੇ ਮਹਲਾ ਦੂਸਰਾ ਅੰਗਦ। ਇਸੇ ਪ੍ਰਕਾਰ ਪੰਜਵੇਂ ਮਹਲੇ ਤਕ ਹੈ ਜੋ ਗੁਰੂ ਅਰਜੁਨ ਮਲ [ਗੁਰੂ ਅਰਜੁਨ ਦੇਵ ਜੀ ] ਹੈ। ਲੋਕ ਕਹਿੰਦੇ ਹਨ ਕਿ ਜੋ ਮਾਨਵ ਗੁਰੂ ਅਰਜੁਨ ਨੂੰ ਬਾਬਾ ਨਾਨਕ ਦਾ ਰੂਪ ਨ ਸਮਝੇ ਉਹ ਮਨਮੁਖ ਹੈ।*[93]

ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਵਿਚ ਦਸਦੇ ਹਨ ਕਿ ਸ੍ਰਿਸ਼ਟੀ ਦੇ ਮਾਲਕ ਨੇ ਉਨ੍ਹਾਂ ਨੂੰ ਸਚੇ ਮਹਲ ਵਿਚ ਬੁਲਾ ਕੇ ਅੰਮ੍ਰਿਤ ਨਾਮ ਦੀ ਦਾਤ ਬਖਸ਼ਿਸ਼ ਕੀਤੀ:

*ਹਉ ਢਾਢੀ ਵੇਕਾਰੁ ਕਾਰੈ ਲਾਇਆ॥*
*ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥*
*ਢਾਢੀ ਸਚੈ ਮਹਲਿ ਖਸਮਿ ਬੁਲਾਇਆ॥*
*ਸਚੀ ਸਿਫਤਿ ਸਾਲਾਹ ਕਪੜਾ ਪਾਇਆ॥*
*ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥*
*ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥*
*ਢਾਢੀ ਕਰੇ ਪਸਾਉ ਸਬਦੁ ਵਜਾਇਆ॥*
*ਨਾਨਕ ਸਚੁ ਸਾਲਾਹਿ ਪੂਰਾ ਪਾਇਆ॥*[94]

---

[93] ਹਰਚੰਦ ਸਿੰਘ ਬੇਦੀ (ਡਾ.), *ਡਾਕਟਰ ਗੰਡਾ ਸਿੰਘ ਦੀ ਸਿੱਖ ਇਤਿਹਾਸ ਸਰੋਤ ਪੁਸਤਕ*, ਪੰਨਾ 155.
[94] ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਕੀ ਵਾਰ, ੧੫੦.

ਪਹਿਲਾਂ ਦਿਤੇ ਸੰਕੇਤ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਆਉਣ ਵਾਲੇ ਗੁਰੂ ਸਾਹਿਬਾਨ ਨੇ ਜਿਹੜੀ ਬਾਣੀ ਉਚਾਰੀ, ਉਸ ਵਿਚ ਉਨ੍ਹਾਂ ਨੇ 'ਨਾਨਕ' ਨਾਮ ਹੀ ਵਰਤਿਆ ਹੈ, ਉਨ੍ਹਾਂ ਨੇ ਆਪੋ-ਆਪਣੇ ਨਿਜੀ ਨਾਮ ਨਹੀਂ ਵਰਤੇ। ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰੂ-ਜੋਤਿ ਹੀ ਸਾਰੀ ਬਾਣੀ ਦਾ ਉਚਾਰਨ ਕਰਤਾ ਹੈ। ਸਾਰੇ ਗੁਰੂ ਸਾਹਿਬਾਨ ਵਿਚ ਇਕੋ ਜੋਤਿ ਸੀ, ਪਰ ਉਨ੍ਹਾਂ ਦੇ ਸਰੀਰ ਬਦਲਦੇ ਰਹੇ, ਮਹਲ ਬਦਲਦੇ ਰਹੇ। ਇਹ ਅਸਚਰਜਮਈ ਖੇਡ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਚਲਾਈ:

> *...ਤਬ ਗੁਰੂ ਬਾਬੇ ਪੁਛਿਆ ...ਅਖੈ ਤੇਰਾ ਨਾਉ ਕਿਆ ਹੈ? ਅਖੈ ਜੀ ਲਹਣਾ। ਤਬ ਗੁਰੂ ਬਾਬਾ ਨਾਨਕੁ ਜੀ ਬੋਲਿਆ ਜਿ, ਤੇਰਾ ਲਹਣਾ ਸੀ, ਤਾ ਪਰਮੇਸੁਰਿ ਆਂਦਾ ਹੈ। ਤਬ ਗੁਰੂ ਬਾਬੇ ਕਹਿਆ ਜਿ ਤੇਰਾ ਨਾਉ ਅੰਗਦੁ ਹੋਇਗਾ। ਤੂ ਆਦਿ ਅੰਤਿ ਮੇਰਾ ਹੈਂ। ਤੂ ਮੇਰੇ ਅੰਗ ਥੀ ਜੁਦਾ ਨ ਹੋਹਿੰਗਾ। ਮੇਰੇ ਹੀ ਅੰਗਹੁ ਤੂ ਪੈਦਾ ਹੋਇਆ ਹੈਂ। ਤਬ ਗੁਰੂ ਅੰਗਦੁ ਪੈਰੀ ਪੈਆ।*[95]

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚਲਿਆ ਗੁਰਿਆਈ ਦਾ ਇਹ ਵਰਤਾਰਾ ਹੌਲੀ-ਹੌਲੀ ਲੋਕ ਮਾਨਸਿਕਤਾ ਦਾ ਹਿਸਾ ਬਣ ਗਿਆ। ਇਸ ਗਲ ਦੀ ਪ੍ਰੋੜਤਾ ਇਸ ਪਖ ਤੋਂ ਵੀ ਹੁੰਦੀ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਚਲਾਏ ਗਏ ਸਿਕੇ[96] 'ਤੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਰੂਪ ਦਰਸਾਉਂਦੇ ਇਹ ਅਖਰ ਉਕਰੇ ਹੋਏ ਸਨ:

> *ਸਿਕਾ ਜ਼ਦ ਬਹ ਹਰ ਦੁ ਆਲਮ ਤੇਗਿ ਨਾਨਕ ਵਾਹਬ ਅਸਤ॥*
> *ਫਤਹਿ ਗੋਬਿੰਦ ਸਿੰਘ ਸ਼ਾਹਿ ਸ਼ਾਹਾਨ ਫਜਲਿ ਸਚਾ ਸਾਹਿਬ ਅਸਤ॥*[97]

ਭਾਵ, ਗੁਰੂ ਨਾਨਕ ਦੀ ਬਖਸ਼ੀ ਤੇਗ ਦੇ ਸਦਕੇ ਦੋ ਜਹਾਨਾਂ 'ਤੇ ਸਿਕਾ ਚਲਾਇਆ। ਇਹ ਫਤਹਿ ਗੁਰੂ ਗੋਬਿੰਦ ਸਿੰਘ ਜੀ ਦੀ ਹੈ ਤੇ ਕਿਰਪਾ ਅਕਾਲਪੁਰਖ ਦੀ। ਇਸ ਦੇ ਨਾਲ ਹੀ ਜਦੋਂ ਸਿੰਘਾਂ ਨੇ

---

[95] *ਪੋਥੀ ਹਰਿ ਜੀ,* ਗੋਸ਼ਟਿ/ਪੰਨਾ - ੪/੬੬-੭.

[96] ਇਹ ਸਿਕਾ 1710 ਈ. ਵਿਚ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਸਰਹੰਦ ਫਤਹਿ ਕਰਨ ਉਪਰੰਤ ਸਿੱਖਾਂ ਦੀ ਪਹਿਲੀ ਰਾਜਧਾਨੀ ਲੋਹਗੜ੍ਹ ਤੋਂ ਚਲਾਇਆ ਸੀ।

[97] ਪਿਆਰਾ ਸਿੰਘ ਪਦਮ, *ਗੁਰੂ ਨਾਨਕ ਸਾਗਰ,* ਪੰਨਾ 183.

ਸਰਕਾਰੀ ਮੋਹਰ ਬਣਵਾਈ ਤਾਂ ਉਸ 'ਤੇ ਇਹ ਸ਼ਿਅਰ ਅੰਕਿਤ ਕੀਤੇ ਗਏ:



*ਅਜ਼ਮਤਿ ਨਾਨਕ ਗੁਰੂ ਹਮ ਜਾਹਰੋ ਹਮ ਬਾਤਨ ਅਸਤ॥*

*ਪਾਤਸ਼ਾਹਿ ਦੀਨੋ ਦੁਨੀਆ ਆਪ ਸਚਾ ਸਾਹਿਬ ਅਸਤ॥*[98]

ਉਕਤ ਸ਼ਿਅਰ ਤੋਂ ਕੁਝ ਸਮੇਂ ਬਾਅਦ ਇਹ ਸ਼ਬਦ ਵਧੇਰੇ ਪ੍ਰਸਿਧ ਹੋਏ:

*ਦੇਗੋ ਤੇਗੋ ਫਤਿਹ ਓ ਨੁਸਰਤ ਬੇ ਦਰੰਗ॥*

*ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥*[99]

ਸਾਰਾਂਸ਼ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ-ਸੰਸਥਾ ਦਾ ਸਰੂਪ ਦੈਵੀ ਹੈ, ਦੁਨਿਆਵੀ ਨਹੀਂ। ਅਗਲੇ ਅਧਿਆਇ ਵਿਚ ਅਸੀਂ ਗੁਰੂ-ਸੰਸਥਾ ਦੇ ਸਰੂਪ ਨੂੰ ਸਿਧਾਂਤਕ ਪਖ ਤੋਂ ਵੇਖਣ ਦਾ ਜਤਨ ਕਰਾਂਗੇ।

---

[98] ਪਿਆਰਾ ਸਿੰਘ ਪਦਮ, *ਗੁਰੂ ਨਾਨਕ ਸਾਗਰ,* ਪੰਨਾ 183.

[99] *ਉਹੀ.*

# ਅਧਿਆਇ ਤੀਜਾ

# ਗੁਰੂ-ਸੰਸਥਾ : ਸਿਧਾਂਤਕ ਪਰਿਪੇਖ


**ਗੁਰੂ-ਸੰਸਥਾ: ਸਿਧਾਂਤਕ ਪਰਿਪੇਖ** - 64-97

**3.1. ਗੁਰੂ-ਸੰਸਥਾ: ਨਾਮਕਰਨ** - 65

**3.2. ਗੁਰਬਾਣੀ ਪਰਿਪੇਖ** - 65-73

3.2.1 ਰਾਮਕਲੀ ਕੀ ਵਾਰ

3.2.2 ਭਟ-ਬਾਣੀ

**3.3 ਸਿੱਖ ਸਾਹਿਤ ਪਰਿਪੇਖ** - 73-83

**3.3.1 ਸਮਕਾਲੀ**

(ੳ) ਭਾਈ ਗੁਰਦਾਸ

(ਅ) ਸ੍ਰੀ ਦਸਮ ਗ੍ਰੰਥ ਸਾਹਿਬ

(ੲ) ਭਾਈ ਨੰਦ ਲਾਲ

**3.3.2. 17-19ਵੀਂ ਸਦੀ ਦੇ ਸਰੋਤ** - 83-97

ਧਾਰਮਿਕ ਸੰਸਥਾਵਾਂ ਦੇ ਪ੍ਰਸੰਗ ਵਿਚ 'ਗੁਰੂ-ਸੰਸਥਾ' ਦਾ ਵਿਸ਼ੇਸ਼ ਸਥਾਨ ਹੈ। ਗੁਰੂ-ਸੰਸਥਾ ਸਿੱਖ ਧਰਮ ਵਿਚ ਸਮੇਂ-ਸਮੇਂ ਉਤੇ ਗੁਰੂ ਸਾਹਿਬਾਨ ਦੁਆਰਾ ਸ਼ੁਰੂ ਕੀਤੀਆਂ ਗਈਆਂ ਬਾਕੀ ਸਾਰੀਆਂ ਸੰਸਥਾਵਾਂ ਦਾ ਮੁਢ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸਾਨੂੰ ਗੁਰੂ-ਸੰਸਥਾ ਦੇ ਬੁਨਿਆਦੀ ਸਿਧਾਂਤਕ ਅਧਾਰ ਦੋ ਪਧਰ 'ਤੇ ਪ੍ਰਾਪਤ ਹੁੰਦੇ ਹਨ। ਪਹਿਲਾ ਪਧਰ, 'ਸਬਦ-ਗੁਰੂ' ਦੇ ਸਿਧਾਂਤ ਦਾ ਹੈ, ਜਿਹੜਾ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਪ੍ਰਾਪਤ ਹੈ। ਦੂਜਾ ਪਧਰ, ਗੁਰਬਾਣੀ ਵਿਚ 'ਜੋਤਿ' ਦੇ ਵਰਤਾਰੇ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ, ਜਿਸ ਤੋਂ ਭਾਵ ਹੈ ਕਿ ਸਾਰੇ ਗੁਰੂ ਸਾਹਿਬਾਨ ਇਕ ਜੋਤਿ ਹਨ, ਭਾਵੇਂ ਕਿ ਉਨ੍ਹਾਂ ਦੇ ਸਰੀਰ ਵਖੋ-ਵਖਰੇ ਸਨ। ਇਸ ਦੇ ਹਵਾਲੇ ਸਾਨੂੰ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਬਾਕੀ ਗੁਰੂ ਸਾਹਿਬਾਨ ਦੁਆਰਾ ਗੁਰੂ ਨਾਨਕ ਦੇਵ ਜੀ ਬਾਰੇ ਆਏ ਕੁਝ ਪ੍ਰਵਚਨਾਂ ਵਿਚ ਅਤੇ ਬਿਲਕੁਲ ਸਪਸ਼ਟ ਰੂਪ ਵਿਚ ਭਾਈ ਸਤੇ ਬਲਵੰਡਿ ਦੀ ਵਾਰ ਵਿਚ ਮਿਲਦੇ ਹਨ। ਇਸ ਤੋਂ ਬਿਨਾਂ ਭਟਾਂ ਦੇ ਸਵਈਆਂ ਵਿਚ ਵੀ ਇਕ ਗੁਰੂ-ਜੋਤਿ ਪਥਾਇ ਵਿਸਤ੍ਰਿਤ ਵਿਆਖਿਆ ਮਿਲਦੀ ਹੈ।

'ਗੁਰੂ-ਸੰਸਥਾ' ਦਾ ਅਰਥ ਅਤੇ ਸਰੂਪ ਸਮਝਣ ਤੋਂ ਬਾਅਦ ਅਸੀਂ ਇਸ ਅਧਿਆਇ ਵਿਚ 'ਗੁਰੂ-ਸੰਸਥਾ' ਦਾ ਸਿਧਾਂਤਕ ਪਰਿਪੇਖ ਸਮਝਣ ਦਾ ਜਤਨ ਕਰ ਰਹੇ ਹਾਂ। ਇਸ ਦਾ ਸਿਧਾਂਤਕ ਅਧਿਐਨ ਕਰਨ ਲਈ ਅਸੀਂ ਗੁਰਬਾਣੀ ਤੋਂ ਬਿਨਾਂ ਸਮਕਾਲੀ ਸਾਹਿਤ, ਜਿਵੇਂ ਭਾਈ ਗੁਰਦਾਸ, ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਤੋਂ ਅਧਾਰ ਸਮਗਰੀ ਲਵਾਂਗੇ। ਇਨ੍ਹਾਂ ਤੋਂ ਇਲਾਵਾ 17-19ਵੀਂ ਸਦੀ ਦੇ ਸਰੋਤ ਸਾਡੇ ਇਸ ਸਿਧਾਂਤਕ ਅਧਿਐਨ ਵਿਚ ਭਰਪੂਰ ਮਦਦ ਕਰਨਗੇ। ਇਸ ਕਾਰਜ ਦੀ ਵਿਸਤ੍ਰਿਤ ਚਰਚਾ ਹੇਠ ਲਿਖੇ ਅਨੁਸਾਰ ਹੈ:

ਉਕਤ ਅਧਿਆਇ-ਵੰਡ ਵਿਚ 'ਗੁਰੂ-ਜੋਤਿ' ਦੀ ਨਿਰੰਤਰਤਾ ਦਰਸਾਉਣ ਲਈ ਅਸੀਂ ਉਨ੍ਹਾਂ ਸੰਦਰਭਾਂ ਤਕ ਸੀਮਤ ਰਹਾਂਗੇ, ਜਿਨ੍ਹਾਂ ਵਿਚ ਗੁਰੂ-ਸੰਸਥਾ ਦੇ ਸਿਧਾਂਤਕ ਪਖ ਦਾ ਜ਼ਿਕਰ ਹੋਇਆ ਹੈ। ਸੰਬੰਧਿਤ ਸੰਦਰਭਾਂ ਦੀ ਵਿਆਖਿਆ ਤੇ ਸਪਸ਼ਟਤਾ ਲਈ ਪ੍ਰਮਾਣਿਕ ਟੀਕਿਆਂ, ਜਿਵੇਂ ਕਿ ਪ੍ਰੋ. ਸਾਹਿਬ ਸਿੰਘ ਤੇ ਭਾਈ ਵੀਰ ਸਿੰਘ ਤੋਂ ਖੁਲ੍ਹੀ ਮਦਦ ਲਈ ਗਈ ਹੈ। ਸਮੁਚੀ ਵਿਚਾਰ ਦੀ ਵਿਸਤਾਰ ਵਿਚ ਚਰਚਾ ਇਸ ਪ੍ਰਕਾਰ ਹੈ:

## 3.1 ਗੁਰੂ-ਸੰਸਥਾ: ਨਾਮਕਰਨ

ਸੰਸਥਾਵਾਂ ਦੇ ਸੰਦਰਭ ਵਿਚ ਕੁਝ ਵਿਦਵਾਨ 'ਗੁਰੂ' ਨੂੰ ਸੰਸਥਾ ਵਜੋਂ ਪ੍ਰਵਾਨ ਨਹੀਂ ਕਰਦੇ। ਉਨ੍ਹਾਂ ਦਾ ਮਤ ਹੈ ਕਿ ਗੁਰੂ-ਸੰਸਥਾ ਦੀ ਬਜਾਇ 'ਗੁਰਿਆਈ-ਸੰਸਥਾ' ਵਧੇਰੇ ਠੀਕ ਹੈ, ਕਿਉਂਕਿ ਗੁਰਿਆਈ ਦੀ ਪ੍ਰਕ੍ਰਿਆ ਹੀ ਦਸ ਗੁਰੂ ਸਾਹਿਬਾਨ ਵਿਚ ਜੋਤਿ ਪਲਟਣ ਸਮੇਂ ਕਾਰਗਰ ਰਹੀ। ਇਸ ਦੇ ਉਲਟ ਪ੍ਰਾਪਤ ਕਾਰਜਾਂ ਵਿਚੋਂ ਡਾ. ਤਾਰਨ ਸਿੰਘ[1], ਡਾ. ਰਾਏਜਸਬੀਰ[2] ਸਿੰਘ, ਡਾ. ਬਲਕਾਰ ਸਿੰਘ[3], ਪ੍ਰੋ. ਜੋਗਿੰਦਰ ਸਿੰਘ[4], ਡਾ. ਮਹਿੰਦਰ ਕੌਰ ਗਿੱਲ[5], ਡਾ. ਮਦਨਜੀਤ ਕੌਰ[6], ਡਾ. ਸੁਰਿੰਦਰ ਸਿੰਘ ਕੋਹਲੀ[7], ਡਾ. ਜਗਬੀਰ ਸਿੰਘ[8] ਆਦਿ ਇਸ ਨੂੰ 'ਗੁਰੂ-ਸੰਸਥਾ' ਵਜੋਂ ਹੀ ਪ੍ਰਵਾਨ ਕਰਦੇ ਹਨ।

## 3.2 ਗੁਰਬਾਣੀ ਪਰਿਪੇਖ

'ਗੁਰੂ-ਸੰਸਥਾ' ਦਾ ਸਿਧਾਂਤਕ ਅਧਾਰ ਮੁਖ ਰੂਪ ਵਿਚ ਗੁਰਬਾਣੀ ਹੀ ਹੈ। ਸਮੁਚੀ ਗੁਰਬਾਣੀ ਵਿਚ ਅਨੇਕ ਥਾਈਂ ਗੁਰੂ-ਸੰਸਥਾ ਵਿਚਲੀ ਗੁਰੂ-ਜੋਤਿ ਦੀ ਸਿਧਾਂਤਕ ਵਿਆਖਿਆ ਕੀਤੀ ਮਿਲਦੀ ਹੈ, ਵਿਸ਼ੇਸ਼ ਰੂਪ ਵਿਚ 'ਰਾਮਕਲੀ ਕੀ ਵਾਰ' ਅਤੇ ਭਟ-ਬਾਣੀ ਤਾਂ ਇਸ ਸੰਦਰਭ ਵਿਚ ਵਧੇਰੇ ਦ੍ਰਿਸ਼ਟੀਗੋਚਰ ਹੁੰਦੇ ਹਨ। ਇਨ੍ਹਾਂ ਬਾਰੇ ਸੰਪੂਰਨ ਜਾਣਕਾਰੀ ਇਸ ਪ੍ਰਕਾਰ ਹੈ:

### 3.2.1 ਰਾਮਕਲੀ ਕੀ ਵਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਰਾਮਕਲੀ ਕੀ ਵਾਰ' ਵਿਚ ਗੁਰੂ-ਸੰਸਥਾ ਦੇ ਸਰੂਪ ਬਾਰੇ ਵਿਸਤ੍ਰਿਤ ਵੇਰਵੇ ਮਿਲਦੇ ਹਨ। ਇਸ ਵਾਰ ਦਾ ਪੂਰਾ ਸਿਰਲੇਖ ਹੈ *ਰਾਮਕਲੀ ਕੀ ਵਾਰ ਰਾਇ*

---

[1] 'ਪ੍ਰਿੰਸੀਪਲ ਤੇਜਾ ਸਿੰਘ ਤੇ ਗੁਰਬਾਣੀ ਵਿਆਖਿਆ' *ਨਾਨਕ ਪ੍ਰਕਾਸ਼ ਪੱਤ੍ਰਿਕਾ* (ਦਸੰਬਰ 1973), ਪੰਨਾ 96; ਇਕ ਹੋਰ ਥਾਂ 'ਤੇ ਡਾ. ਤਾਰਨ ਸਿੰਘ ਗੁਰੂ-ਸੰਸਥਾ ਨੂੰ 'ਸਤਿਗੁਰੂ-ਸੰਸਥਾ' ਦੀ ਸੰਗਿਆ ਦਿੰਦੇ ਹਨ, ਵੇਖੋ: *ਸਿੱਖ, ਸਿੱਖੀ ਅਤੇ ਸਿਧਾਂਤ,* ਪੰਨਾ ੨੯.

[2] 'ਵਾਰਾਂ ਭਾਈ ਗੁਰਦਾਸ ਤੇ ਸਿੱਖ ਸਮਾਜਿਕ ਸੰਸਥਾਵਾਂ', *ਪੰਜਾਬ ਹਿਸਟਰੀ ਕਾਨਫਰੰਸ* (ਦਸੰਬਰ 1983), ਪੰਨਾ 331.

[3] *ਸ਼ਬਦ-ਗੁਰੂ ਦਾ ਸਿੱਖ ਸਿਧਾਂਤ*, ਪੰਨਾ 33.

[4] ਪ੍ਰੋ. ਜੋਗਿੰਦਰ ਸਿੰਘ ਗੁਰੂ-ਸੰਸਥਾ ਨੂੰ 'ਗੁਰੂ-ਗ੍ਰੰਥ ਸੰਸਥਾ' ਦੀ ਸੰਗਿਆ ਵੀ ਦਿੰਦੇ ਹਨ, ਵੇਖੋ : *ਗੁਰੂ ਪ੍ਰੰਪਰਾ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ*, ਪੰਨਾ 11.

[5] 'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਹੁਮੁਖੀ ਘਾਲਣਾ', *ਨਾਨਕ ਪ੍ਰਕਾਸ਼ ਪੱਤ੍ਰਿਕਾ* (ਜੂਨ 2006), ਪੰਨਾ 63.

[6] 'The Guruship and Succession of Guru Granth Sahib', *The Panjab Past and Present* (April/ October 2004, vol. I & II), p. 116.

[7] *ਗੁਰਮਤਿ ਮਾਰਗ*, ਪੰਨਾ 101.

[8] *ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1973, ਪੰਨਾ 89; ਕਰਤਾ ਪੁਸਤਕ ਵਿਚ ਗੁਰੂ-ਸੰਸਥਾ ਨੂੰ 'ਨਾਨਕ ਸੰਸਥਾ' ਦੀ ਸੰਗਿਆ ਦਿੰਦਾ ਹੈ ।

*ਬਲਵੰਡਿ ਤਥਾ ਸਤੈ ਡੂਮਿ ਆਖੀ* [9]। ਇਸ ਨੂੰ ਟਿਕੇ ਕੀ ਵਾਰ[10] ਵੀ ਕਿਹਾ ਜਾਂਦਾ ਹੈ। ਇਹ ਭਾਈ ਸਤੇ ਤੇ ਭਾਈ ਬਲਵੰਡਿ ਜੀ ਦੁਆਰਾ ਰਚਿਤ ਬਾਣੀ ਹੈ, ਜਿਹੜੇ ਗੁਰੂ ਅਰਜਨ ਦੇਵ ਜੀ ਦਰਬਾਰ ਵਿਚ ਕੀਰਤਨ ਕਰਦੇ ਸਨ। ਇਸ ਵਾਰ ਦੀਆਂ ਕੁਲ 8 ਪਉੜੀਆਂ ਹਨ। ਇਨ੍ਹਾਂ ਵਿਚੋਂ ਪਹਿਲੀਆਂ 3 ਦਾ ਕਰਤਾ ਭਾਈ ਬਲਵੰਡਿ ਹੈ ਅਤੇ ਬਾਕੀ 5 ਦਾ ਭਾਈ ਸਤਾ। 'ਸ਼ਬਦਾਰਥ' ਅਨੁਸਾਰ ਭਾਈ ਸਤਾ ਤੇ ਬਲਵੰਡਿ ਜੀ ਗੁਰੂ ਅੰਗਦ ਦੇਵ ਤੋਂ ਗੁਰੂ ਅਰਜਨ ਦੇਵ ਜੀ ਤਕ, ਹਰੇਕ ਗੁਰੂ ਸਾਹਿਬਾਨ ਨੂੰ ਗੁਰਿਆਈ ਮਿਲਣ ਸਮੇਂ, ਉਨ੍ਹਾਂ ਦੀ ਉਸਤਤਿ ਵਿਚ ਪਉੜੀ ਰਚਦੇ ਸਨ।[11] ਵਾਰ ਦੀ ਚੌਥੀ ਪਉੜੀ ਵਿਚ ਭਾਈ ਸਤਾ ਜੀ ਬੜੀ ਅਸਚਰਜਤਾ ਨਾਲ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਇਕ ਨਵਾਂ ਰਸਤਾ ਚਲਾਇਆ। ਉਨ੍ਹਾਂ ਦਾ ਇਹ ਵਰਤਾਰਾ ਦੇਖ ਕੇ ਦੁਨੀਆ ਹੈਰਾਨ ਹੋ ਕੇ ਆਖਣ ਲਗੀ ਕਿ ਗੁਰੂ ਨਾਨਕ ਦੇਵ ਜੀ ਨੇ ਹੋਰ ਪਾਸਿਓਂ ਗੰਗਾ ਚਲਾ ਕੇ ਇਹ ਕੀ ਕੀਤਾ ਹੈ?:

*ਹੋਰਿਂਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ॥*
*ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ॥*[12]

ਦੁਨੀਆ ਹੈਰਾਨ ਇਸ ਲਈ ਹੋਈ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਣਾ ਜੀ ਦੇ ਸਿਰ ਉਤੇ ਗੁਰਿਆਈ ਦਾ ਛਤਰ ਧਰ ਕੇ, ਉਨ੍ਹਾਂ ਦੀ ਸੋਭਾ ਅਸਮਾਨ ਤਕ ਪਹੁੰਚਾ ਦਿਤੀ। ਗੁਰੂ ਨਾਨਕ ਦੇਵ ਜੀ ਦੀ ਆਤਮਾ ਭਾਈ ਲਹਣਾ ਜੀ ਦੀ ਆਤਮਾ ਵਿਚ ਸਮਾ ਗਈ:

*ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ॥*
*ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥*[13]

ਭਾਈ ਬਲਵੰਡਿ ਜੀ ਵਾਰ ਦੀ ਪਹਿਲੀ ਪਉੜੀ ਵਿਚ ਦੈਵੀ ਖੇਡ ਨੂੰ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਧਰਮ ਦਾ ਇਕ ਨਵਾਂ ਰਾਜ ਚਲਾਇਆ ਹੈ, ਜਿਸ ਅਧੀਨ

---

[9] ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੬-੬੮.

[10] ਇਸ ਨੂੰ *ਟਿਕੇ ਕੀ ਵਾਰ* ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਗੁਰੂ ਸਾਹਿਬਾਨ ਨੂੰ ਟਿਕੇ ਜਾਣ (ਤਿਲਕ ਦੇਣ, ਭਾਵ ਗੁਰਿਆਈ ਦੇਣ) ਦਾ ਬ੍ਰਿਤਾਂਤ ਦਰਜ ਹੈ।

[11] *ਸ਼ਬਦਾਰਥ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ ੯੬੬.

[12] ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਕੀ ਵਾਰ, ੯੬੭.

[13] ਉਹੀ.

ਉਨ੍ਹਾਂ ਨੇ ਆਪਣੇ ਸੇਵਕ ਭਾਈ ਲਹਣਾ ਜੀ ਨੂੰ ਆਪਣੇ ਵਰਗਾ ਬਣਾ ਕੇ, ਗੁਰੂ ਹੁੰਦਿਆਂ ਆਪਣੇ ਚੇਲੇ ਅਗੇ ਮਥਾ ਟੇਕਿਆ:

*ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ॥*
*ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥*
*ਸਹਿ ਟਿਕਾ ਦਿਤੋਸੁ ਜੀਵਦੈ॥*[14]

ਗੁਰੂ ਨਾਨਕ ਦੇਵ ਜੀ ਦੀ ਵਡਿਆਈ ਦੀ ਬਰਕਤ ਨਾਲ ਭਾਈ ਲਹਣਾ ਜੀ ਦੀ ਪ੍ਰਸਿਧੀ ਸਾਰੇ ਪਾਸੇ ਫੈਲ ਗਈ। ਇਹ ਸਾਰਾ ਦੈਵੀ ਵਰਤਾਰਾ ਸੀ ਕਿਉਂਕਿ ਭਾਈ ਲਹਣਾ ਜੀ ਅੰਦਰ ਗੁਰੂ ਨਾਨਕ ਦੇਵ ਜੀ ਦੀ ਹੀ ਜੋਤਿ ਪ੍ਰਵੇਸ਼ ਕੀਤੀ ਸੀ ਤੇ ਉਨ੍ਹਾਂ ਦੇ ਜੀਵਨ ਦਾ ਢੰਗ (ਜੁਗਤਿ) ਵੀ ਉਹੀ ਗੁਰੂ ਨਾਨਕ ਦੇਵ ਜੀ ਵਾਲਾ ਸੀ। ਇਹ ਤਾਂ ਮਾਨੋ ਗੁਰੂ ਨਾਨਕ ਦੇਵ ਜੀ ਨੇ ਆਪਣਾ ਸਰੀਰ ਹੀ ਵਟਾਇਆ ਸੀ:

*ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥*
*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥*[15]

ਗੁਰੂ ਨਾਨਕ ਦੇਵ ਜੀ ਆਪਣਾ ਸਰੀਰ ਵਟਾ ਕੇ (ਗੁਰੂ ਅੰਗਦ ਦੇਵ ਜੀ ਦੇ ਸਰੂਪ ਵਿਚ) ਤਖਤ ਉਪਰ (ਗੁਰਿਆਈ ਦੇ) ਸ਼ੁਸ਼ੋਬਿਤ ਹੋ ਰਹੇ ਹਨ:

*ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ॥*
*ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥*[16]

ਭਾਈ ਸਤਾ/ਬਲਵੰਡਿ ਜੀ ਗੁਰੂ ਅਮਰਦਾਸ ਜੀ ਦੀ ਉਸਤਤਿ ਕਰਦੇ ਹੋਏ ਕਹਿੰਦੇ ਹਨ ਕਿ ਪੋਤਰਾ ਗੁਰੂ (ਅਮਰਦਾਸ) 'ਪਰਵਾਣੁ' ਹੋਏ ਗੁਰੂ ਹਨ, ਕਿਉਂਕਿ ਉਹ ਵੀ ਗੁਰੂ ਨਾਨਕ ਦੇਵ ਤੇ ਗੁਰੂ ਅੰਗਦ ਦੇਵ ਜੀ ਵਰਗੇ ਹੀ ਗੁਰੂ ਹਨ। ਇਨ੍ਹਾਂ ਦੇ ਮਥੇ ਉਤੇ ਵੀ ਉਹੀ ਨੂਰ ਹੈ, ਉਹੀ ਤਖਤ ਹੈ ਤੇ ਉਹੀ ਦਰਬਾਰ ਹੈ, ਜਿਹੜਾ ਗੁਰੂ ਨਾਨਕ ਦੇਵ ਤੇ ਗੁਰੂ ਅੰਗਦ ਦੇਵ ਜੀ ਦਾ ਸੀ:

*ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ॥*

---

[14] ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਕੀ ਵਾਰ, ੯੬੬.
[15] ਉਹੀ.
[16] ਉਹੀ, ੯੬੭.

*ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥*

*ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥*[17]

ਗੁਰੂ-ਸੰਸਥਾ ਵਿਚਲੀ ਸਾਂਝੀ 'ਕੜੀ' ਦ੍ਰਿੜ ਕਰਵਾਉਂਦੇ ਹੋਏ ਭਾਈ ਸਤਾ ਜੀ ਗੁਰੂ ਰਾਮਦਾਸ ਜੀ ਨੂੰ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਤੇ ਗੁਰੂ ਅਮਰਦਾਸ ਜੀ ਦਾ ਹੀ ਰੂਪ ਦਰਸਾਉਂਦੇ ਹਨ:

*ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥*

*ਗੁਰੁ ਡਿਠਾ ਤਾਂ ਮਨੁ ਸਾਧਾਰਿਆ॥*[18]

ਭਾਈ ਸਤਾ ਜੀ ਕਹਿੰਦੇ ਹਨ ਕਿ ਚਾਰੇ ਗੁਰੂ ਸਾਹਿਬਾਨ ਆਪੋ-ਆਪਣੇ ਸਮੇਂ ਲੋਕਾਈ ਨੂੰ ਤਾਰਦੇ ਰਹੇ। ਉਨ੍ਹਾਂ ਦੇ ਤਖਤ ਉਪਰ ਹੀ ਗੁਰੂ ਅਰਜਨ ਦੇਵ ਜੀ ਬੈਠੇ, ਜਿਸ ਨਾਲ ਉਨ੍ਹਾਂ ਦਾ ਤੇਜ-ਪ੍ਰਤਾਪ ਸਾਰੀ ਸ੍ਰਿਸ਼ਟੀ ਵਿਚ ਪਸਰ ਗਿਆ:

*ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥*

*ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ॥*[19]

### 3.2.2 ਭਟ-ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ-ਸੰਸਥਾ ਦੀ ਦਿਬਤਾ (Divineness), ਸਥਾਪਨਾ, ਵਿਗਾਸ ਅਤੇ ਉਸ ਵਿਚਲੀ ਸਾਂਝੀ ਕੜੀ ਬਾਰੇ ਭਟ ਸਾਹਿਬਾਨ ਦੁਆਰਾ ਭਰਪੂਰ ਪ੍ਰਕਾਸ਼ ਪਾਇਆ ਗਿਆ ਹੈ। ਇਥੇ ਇਹ ਦਸਣਾ ਸਾਰਥਿਕ ਹੋਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 35 ਬਾਣੀਕਾਰਾਂ ਵਿਚ 11 ਭਟ: ਕਲਸਹਾਰ (ਜਿਸ ਦੇ ਦੂਜੇ ਨਾਮ 'ਕਲ੍ਯ' ਤੇ 'ਟਲ੍ਯ' ਵੀ ਹਨ), ਜਾਲਪ ('ਜਲ੍ਯ'), ਕੀਰਤ, ਭਿਖਾ, ਸਲ੍ਯ, ਭਲ੍ਯ, ਨਲ੍ਯ, ਗਯੰਦ, ਮਥੁਰਾ, ਬਲ੍ਯ ਅਤੇ ਹਰਿਬੰਸ ਵੀ ਸ਼ਾਮਿਲ ਹਨ। ਭਟ-ਬਾਣੀ ਦਾ ਕੇਂਦਰੀ ਮਜ਼ਮੂਨ 'ਗੁਰੂ' ਦੀ ਵਡਿਆਈ ਕਰਨਾ ਹੈ। ਜ਼ਿਕਰਯੋਗ ਹੈ ਕਿ ਗੁਰੂ-ਉਸਤਤਿ ਕਰਨ ਲਗਿਆਂ 'ਗੁਰੂ-ਵਿਅਕਤੀ' ਦੀ ਉਸਤਤਿ ਹੋਣੀ ਕੁਦਰਤੀ ਗਲ ਸੀ।

ਭਟ ਸਾਹਿਬਾਨ ਨੇ ਗੁਰੂ-ਸੰਸਥਾ ਨੂੰ ਗੁਰਿਆਈ ਦੇ ਪ੍ਰਯਾਇਵਾਚੀ ਰਖ ਕੇ ਇਸ ਵਿਚ ਕਾਰਜਸ਼ੀਲ 'ਦਿਬਤਾ' ਦੀ ਵਿਆਖਿਆ ਕੀਤੀ ਹੈ। ਗੁਰੂ-ਸੰਸਥਾ ਦੇ ਵਰਤਾਰੇ (ਜੋਤਿ ਅਤੇ

---

[17] ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਕੀ ਵਾਰ, ੯੬੮.
[18] ਉਹੀ.
[19] ਉਹੀ.

ਜੁਗਤਿ) ਅਤੇ ਉਸ ਦੇ ਸਦੀਵ-ਕਾਲੀ ਸਰੂਪ ਬਾਰੇ ਭਟ ਸਾਹਿਬਾਨ 'ਕੁਲਿ'[20], 'ਪ੍ਰਸਾਦਿ'[21], 'ਅਮਰ ਪਦੁ'[22], 'ਨਿਧਾਨੁ'[23], 'ਥਾਪਿ'[24], 'ਪੰਥੁ'[25], 'ਥਿਰੁ ਥਪ੍ਉ'[26],'ਅਕਥ ਕਥਾ'[27], 'ਉਤਮ ਪਦ'[28], 'ਵਰ੍ਉ'[29], 'ਛਤ੍ਰ'[30], 'ਸਿੰਘਾਸਣ'[31], 'ਘਰਿ'[32] ਅਤੇ 'ਪਧਤਿ'[33] ਆਦਿ ਸ਼ਬਦਾਂ ਦਾ ਪ੍ਰਯੋਗ ਕਰਦੇ ਹਨ।

ਭਟ ਸਾਹਿਬਾਨ ਜਿੰਨੇ ਵੀ ਰੂਪਕ, ਦ੍ਰਿਸ਼ਟਾਂਤ ਜਾਂ ਸ਼ਬਦਾਵਲੀ ਵਰਤਦੇ ਹਨ, ਉਨ੍ਹਾਂ ਦਾ ਸੰਬੰਧ ਗੁਰੂ-ਸੰਸਥਾ ਦੇ ਅਧਿਆਤਮਕ/ਦੈਵੀ ਸਰੂਪ ਨਾਲ ਹੈ। ਉਹ ਗੁਰਿਆਈ ਨੂੰ ਸਦਾ ਥਿਰ ਰਹਿਣ ਵਾਲਾ ਰਾਜ ਜੋਗ ਦਾ ਤਖਤ ਕਹਿੰਦੇ ਹਨ, ਜਿਸ ਦੀ ਕੇਂਦਰੀ ਕੜੀ ਆਤਮਿਕ ਜੋਤਿ ਹੈ। ਭਾਵ, ਕਲਿਜੁਗਿ ਵਿਚ ਗੁਰੂ-ਸੰਸਥਾ ਇਕ ਅਜਿਹੇ 'ਰਾਜੁ ਜੋਗੁ' ਦਾ ਤਖਤ ਹੈ, ਜਿਸ ਦੇ ਪਹਿਲੇ 'ਪ੍ਰਮਾਣੁ' ਗੁਰੂ ਨਾਨਕ ਦੇਵ ਜੀ ਹਨ, ਜਿਹੜੇ ਆਪ ਹੀ ਗੁਰੂ ਅੰਗਦ ਦੇਵ ਜਾਂ ਗੁਰੂ ਅਮਰਦਾਸ ਜੀ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ।[34] ਭਾਈ ਰਤਨ ਸਿੰਘ ਭੰਗੂ ਨੇ 'ਪ੍ਰਮਾਣੁ' ਦੇ ਪ੍ਰਸੰਗ ਵਿਚ ਕੈਪਟਨ ਮਰੇ ਦੁਆਰਾ ਕੀਤੇ ਇਕ ਸਵਾਲ ਦੇ ਜਵਾਬ ਵਿਚ ਲਿਖਿਆ ਹੈ ਕਿ ਸਿੰਘਾਂ ਨੂੰ ਰਾਜ/ਪਾਤਿਸ਼ਾਹੀ ਸਚੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਨੇ ਦਿਤੀ ਹੈ:

*...ਤਿਸੈ ਬਾਤ ਮੈਂ ਐਸੇ ਕਹੀ॥ ਸਿੰਘਨ ਪਤਿਸ਼ਾਹੀ ਸ਼ਾਹਿ ਸਚੈ ਦਈ॥*

*ਮਰੀ ਕਹਯੋ ਸ਼ਾਹ ਸਚੋ ਕੌਇ॥ ਅਸਾਂ ਕਹਯੋ ਸ਼ਾਹ ਨਾਨਕ ਜੋਇ॥*

---

[20] *ਨਾਨਕ **ਕੁਲਿ** ਨਿੰਮਲੁ ਅਵਤਰੵਿਉ ਅੰਗਦ ਲਹਣੇ ਸੰਗਿ ਹੁਅ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਈਏ ਮਹਲੇ ਤੀਜੇ ਕੇ ੩, ੧੩੯੫.
[21] *ਨਾਨਕ **ਪ੍ਰਸਾਦਿ** ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ॥* ਉਹੀ, ਸਵਈਏ ਮਹਲੇ ਚਉਥੇ ਕੇ ੪, ੧੩੯੭.
[22] *ਗੁਰ ਰਾਮਦਾਸ ਕਲੵਚਰੈ ਤੈ ਅਟਲ **ਅਮਰ ਪਦੁ** ਪਾਇਓ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਈਏ ਮਹਲੇ ਚਉਥੇ ਕੇ ੪, ੧੩੯੭.
[23] *ਗੁਰ ਅੰਗਦ ਦੀਅਉ **ਨਿਧਾਨੁ** ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ॥* ਉਹੀ, ੧੩੯੯.
[24] *ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥ ਤਿਨਿ ਲਹਣਾ **ਥਾਪਿ** ਜੋਤਿ ਜਗਿ ਧਾਰੀ॥* ਉਹੀ, ੧੪੦੧.
[25] *... ਲਹਣੈ **ਪੰਥੁ** ਧਰਮ ਕਾ ਕੀਆ॥...* ਉਹੀ.
[26] *... ਤਿਨਿ ਸ੍ਰੀ ਰਾਮਦਾਸੁ ਸੋਢੀ **ਥਿਰੁ ਥਪੵਉ**॥* ਉਹੀ.
[27] *ਗੁਰ ਅਮਰਦਾਸ ਕੀ **ਅਕਥ ਕਥਾ** ਹੈ ਇਕ ਜੀਹ ਕਛੁ ਕਹੀ ਨ ਜਾਈ॥* ਉਹੀ ੧੪੦੬.
[28] *ਗੁਰ ਨਾਨਕ ਅੰਗਦ ਅਮਰ ਲਾਗਿ **ਉਤਮ ਪਦੁ** ਪਾਯਉ॥* ਉਹੀ, ਸਵਈਏ ਮਹਲੇ ਪੰਜਵੇ ਕੇ ੫, ੧੪੦੭.
[29] *ਗੁਰਿ ਨਾਨਕਿ ਅੰਗਦੁ **ਵਰੵਉ** ਗੁਰਿ ਅੰਗਦਿ ਅਮਰ ਨਿਧਾਨੁ॥* ਉਹੀ.
[30] *ਅਮਰਦਾਸਿ ਅਮਰਤੁ **ਛਤ੍ਰ** ਗੁਰ ਰਾਮਹਿ ਦੀਅਉ॥* ਉਹੀ, ੧੪੦੮.
[31] *ਕਾਟੇ ਸੁ ਪਾਪ ਤਿਨੑ ਨਰਹੁ ਕੇ ਗੁਰੁ ਰਾਮਦਾਸੁ ਜਿਨੑ ਪਾਇਯਉ॥*
*ਛਤ੍ਰ **ਸਿੰਘਾਸਨੁ** ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥* ਉਹੀ, ੧੪੦੯.
[32] *ਗੁਰੁ ਅਰਜਨੁ **ਘਰਿ** ਗੁਰ ਰਾਮਦਾਸ ਭਗਤ ਉਤਰਿ ਆਯਉ॥* ਉਹੀ, ੧੪੦੭.
[33] *ਇਹ **ਪਧਤਿ** ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ॥*
*ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥* ਉਹੀ, ੧੪੦੯.
[34] *ਕਲਿਜੁਗਿ **ਪ੍ਰਮਾਣੁ** ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥* ਉਹੀ, ਸਵਈਏ ਮਹਲੇ ਪਹਿਲੇ ਕੇ ੧, ੧੩੯੦.

*ਮਰੀ ਕਹਯੋ ਭਯੋ ਨਾਨਕ ਫਕੀਰ॥ ਉਨ ਸ਼ਾਹ ਕੀ ਕਿਆ ਤਤਬੀਰ॥*
*ਹਮੈ ਕਹਯੋ ਵਹਿ ਸ਼ਾਹਿਨ ਕੋ ਸ਼ਾਹ॥ ਦੀਨ ਦੁਨੀ ਸਚੋ ਪਤਿਸ਼ਾਹਿ॥*
*ਕਈ ਸ਼ਾਹ ਤਿਨ ਕੀਯੇ ਫਕੀਰ॥ ਕਈ ਫਕੀਰ ਕਰ ਦੀਨੇ ਪੀਰ॥*
*ਰਹਯੋ ਆਪ ਹੁਇ ਬੇਪਰਵਾਹ॥ ਯੌਂ ਨਾਨਕ ਭਯੋ ਸ਼ਾਹਿਨ ਸ਼ਾਹਿ॥...*[35]

ਭਟ ਕੀਰਤ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਦੈਵੀ 'ਕੁਲ' ਵਿਚ ਭਾਈ ਲਹਣਾ ਜੀ (ਗੁਰੂ ਅੰਗਦ ਦੇਵ) ਅਵਤਰਦੇ ਹਨ। ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਉਸ 'ਕੁਲ' ਦੇ ਅਗਲੇ 'ਪਾਤਿਸ਼ਾਹ' ਹਨ। ਇਹ 'ਕੁਲ' (ਗੁਰੂ-ਸੰਸਥਾ) ਗੁਰੂ ਨਾਨਕ ਦੇਵ ਜੀ ਦੇ 'ਪ੍ਰਸਾਦਿ ਨਾਲ, ਗੁਰੂ ਅੰਗਦ ਦੇਵ ਅਤੇ ਉਨ੍ਹਾਂ ਦੀ 'ਕਿਰਪਾ'[36] ਨਾਲ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਤਕ ਚਲਦੀ ਹੈ।

ਭਟ ਸਾਹਿਬਾਨ ਅਨੁਸਾਰ ਗੁਰੂ-ਸੰਸਥਾ ਵਾਹਿਗੁਰੂ ਨੇ ਆਪ ਵਰੋਸਾਈ ਹੈ, 'ਹਰਿ' ਇਸ ਸੰਸਥਾ ਦੇ 'ਸੰਗਿ' ਸਮਾਇਆ ਹੋਇਆ ਹੈ।[37] ਗੁਰੂ ਸਾਹਿਬਾਨ ਨੇ ਮਨੁਖ ਦਾ ਤਾਂ ਤਨ ਹੀ ਧਾਰਿਆ ਹੈ, ਅਸਲ ਤਤ-ਵਸਤੂ ਤਾਂ ਸਰੀਰ ਵਿਚ ਵਸ ਰਹੀ 'ਜੋਤਿ' ਹੈ।

ਗੁਰੂ ਸਾਹਿਬਾਨ ਵਲੋਂ ਅਪਨਾਈ ਗਈ 'ਜੁਗਤਿ'[38] ਨੂੰ ਭਟ ਗਯੰਦ ਜੀ ਨੇ 'ਧਰਮ ਦਾ ਪੰਥ' ਕਹਿ ਕੇ ਵਡਿਆਇਆ ਹੈ।[39] ਗੁਰੂ ਨਾਨਕ ਦੇਵ ਜੀ ਨੇ ਗੁਰੂ-ਸੰਸਥਾ ਦੀ ਸਥਾਪਨਾ ਲਹਣੇ ਜੀ ਦੇ ਹਿਰਦੇ ਅੰਦਰ 'ਜੋਤਿ' ਥਾਪਿ ਕੇ ਕੀਤੀ। ਉਨ੍ਹਾਂ ਦੁਆਰਾ ਅਪਨਾਈ ਜੁਗਤਿ ਨੂੰ ਭਟ ਗਯੰਦ ਜੀ ਨੇ 'ਪੰਥੁ ਧਰਮ ਕਾ' ਕਿਹਾ ਹੈ। ਇਹੋ 'ਜੋਤਿ' ਅਗੋਂ ਗੁਰੂ ਅਮਰਦਾਸ ਜੀ ਨੂੰ ਪ੍ਰਾਪਤ ਹੋਈ, ਉਸੇ ਰਾਹੀਂ ਗੁਰੂ ਅਮਰਦਾਸ ਜੀ ਦੁਆਰਾ ਗੁਰੂ ਰਾਮਦਾਸ ਜੀ ਨੂੰ ਗੁਰੂ ਥਾਪਿਆ ਗਿਆ। ਗੁਰੂ ਅੰਗਦ ਦੇਵ ਜੀ ਨੂੰ 'ਅਕਥ ਕਥਾ' ਦੇ ਗਿਆਨ ਦਾ ਮਿਲਿਆ ਖਜ਼ਾਨਾ ਗੁਰੂ ਅਮਰਦਾਸ ਜੀ ਨੇ ਸਦੀਵ ਕਾਲ ਲਈ ਕਲਜੁਗਿ ਵਿਚ ਜੀਵਾਂ ਦੀ ਇਜ਼ਤ ਰਖਣ ਲਈ ਵਰਤਾਇਆ। ਭਟ ਸਾਹਿਬਾਨ ਨੇ ਗੁਰੂ-ਸੰਸਥਾ ਦੇ

---

[35] *ਸ੍ਰੀ ਗੁਰ ਪੰਥ ਪ੍ਰਕਾਸ਼*, ਪੰਨਾ 7.
[36] *...ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਈਏ ਮਹਲੇ ਪਹਿਲੇ ਕੇ ੧, ੧੪੦੮.
[37] *ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ॥* ਉਹੀ, ੧੩੯੮.
[38] *ਜੋਤਿ ਓਹਾ ਜੁਗਤਿ ਸਾਇ...॥* ਉਹੀ, ਰਾਮਕਲੀ ਕੀ ਵਾਰ, ੯੬੬.
[39] *ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥*
*ਲਹਣੈ ਪੰਥੁ ਧਰਮ ਕਾ ਕੀਆ॥ ਅਮਰਦਾਸ ਭਲੇ ਕਉ ਦੀਆ॥...* ਉਹੀ, ਸਵਈਏ ਮਹਲੇ ਚਉਥੇ ਕੇ ੪, ੧੪੦੧.

ਵਰਤਾਰੇ ਨੂੰ 'ਵਡਿਆਈ ਮਿਲਣਾ'[40] ਕਿਹਾ ਹੈ। ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਆਤਮਿਕ ਏਕਤਾ ਨੂੰ ਪੁਸ਼ਟ ਕਰਨ ਲਈ ਤਤ ਸਿਉ ਤਤ ਮਿਲਣਾ[41], ਪਾਰਸ ਨੂੰ ਪਾਰਸ ਮਿਲਣਾ[42], ਅੰਗ ਤੋਂ ਸੰਗ ਪੈਦਾ ਹੋਣਾ[43] ਅਤੇ ਜੋਤਿ ਤੋਂ ਜੋਤਿ ਮਿਲਣੀ[44] ਆਦਿ ਰੂਪਕ ਵਰਤੇ ਹਨ।

ਗੁਰੂ-ਸੰਸਥਾ ਲਈ ਭਟ ਸਾਹਿਬਾਨ ਨੇ ਜਿਥੇ 'ਕੁਲਿ', 'ਰਾਜੁ ਜੋਗੁ ਦਾ ਤਖਤੁ', 'ਪੰਥੁ', 'ਸੁਰਤਿ ਸਬਦਿ ਕੀ ਨੀਵ' ਆਦਿ ਰੂਪਕ ਵਰਤ ਕੇ ਵਿਆਖਿਆ ਕੀਤੀ ਹੈ, ਉਥੇ ਉਨ੍ਹਾਂ ਨੇ ਗੁਰੂ-ਸੰਸਥਾ ਦੇ ਅੰਦਰਲੇ ਵਰਤਾਰੇ ਲਈ 'ਗਿਆਨ'[45], 'ਸਬਦਿ'[46], 'ਹਰਿ'[47], 'ਸਤਿਗੁਰਿ'[48], 'ਬ੍ਰਹਮਿ'[49] ਅਤੇ 'ਅਗਮ ਗਿਆਨ'[50] ਆਦਿ ਦੈਵੀ ਅਨੁਭਵੀ ਸ਼ਬਦ ਵਰਤੇ ਹਨ। ਇਸ ਵਰਤਾਰੇ ਦਾ ਸਰੂਪ ਭਟ ਸਾਹਿਬਾਨ ਨੇ ਕਿਸੇ ਇਤਿਹਾਸਕ ਕਾਲ ਨਾਲੋਂ ਤੋੜ ਕੇ ਪਾਰਗਾਮੀ (ਜਿਹੜਾ ਇਤਿਹਾਸ 'ਚ ਨਾ ਆਵੇ) ਚਿਤਵਿਆ ਹੈ। ਇਸ ਪ੍ਰਸੰਗ ਵਿਚ ਉਨ੍ਹਾਂ ਨੇ 'ਉਤਮਪਦੁ', 'ਅਮਰਪਦੁ', ਆਦਿ ਰੂਪਕਾਂ ਰਾਹੀਂ ਗੁਰੂ-ਸੰਸਥਾ ਦੀ ਸਦੀਵਤਾ, ਅਟਲਤਾ ਅਤੇ ਅਮਰਤਾ ਪੇਸ਼ ਕੀਤੀ ਹੈ। ਭਟ ਮਥੁਰਾ ਅਨੁਸਾਰ ਪੰਚ ਪਰਵਾਨ ਪੁਰਖਾਂ ਦੀ ਮੂਰਤਿ ਦਾ ਇਤਿਹਾਸਕ ਵਰਤਾਰਾ[51] ਨਿਰੋਲ ਅਧਿਆਤਮਕ ਹੈ। ਇਹ ਵਾਹਿਗੁਰੂ ਪਾਸੋਂ ਵਰੋਸਾਇਆ ਹੋਇਆ ਹੈ, ਕਿਸੇ ਪਰੰਪਰਾ ਦਾ ਅਨੁਯਾਈ ਜਾਂ ਕਿਸੇ ਦੇ ਪ੍ਰਭਾਵ ਅਧੀਨ ਨਹੀਂ।

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਗੁਰੂ-ਸੰਸਥਾ ਦੇ ਸਰੂਪ ਨੂੰ ਬਿਆਨ ਕਰਨਾ ਅਕਥ ਨੂੰ ਕਥਨ ਦੇ ਬਰਾਬਰ ਹੈ। ਇਸ ਸਦਾ-ਥਿਰ ਵਰਤਾਰੇ ਦੇ ਤਿੰਨ ਪਖ ਦ੍ਰਿਸ਼ਟੀਗੋਚਰ ਹੁੰਦੇ ਹਨ:

---

[40] *ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਈਏ ਮਹਲੇ ਚਉਥੇ ਕੇ ੪,੧੪੦੬.

[41] *ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥*
*ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥* ਉਹੀ,ਸਵਈਏ ਮਹਲੇ ਪਹਿਲੇ ਕੇ ੧, ੧੪੦੮.

[42] *ਗੁਰਿ ਰਾਮਦਾਸ ਅਰਜੁਨੁ ਵਰੵਉ ਪਾਰਸੁ ਪਰਸੁ ਪ੍ਰਮਾਣੁ॥* ਉਹੀ, ਸਵਈਏ ਮਹਲੇ ਚਉਥੇ ਕੇ ੪, ੧੪੦੭.

[43] *ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ॥* ਉਹੀ, ੧੪੦੬.

[44] *ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥* ਉਹੀ, ੧੪੦੯.

[45] *ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ॥* ਉਹੀ, ੧੩੯੯.

[46] *ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ॥* ਉਹੀ, ਸਵਈਏ ਮਹਲੇ ੫ ਕੇ ੫, ੧੪੦੭.

[47] *ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥* ਉਹੀ, ੧੪੦੮.

[48] *ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥* ਉਹੀ.

[49] *ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ॥*
*ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥* ਉਹੀ, ੧੪੦੯.

[50] *ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ ਤਨੁ ਮਨੁ ਧਨੁ ਗੋਬਿੰਦ ਦੀਅਉ॥*
*ਅੰਗਦਿ ਅਨੰਤ ਮੂਰਤਿ ਨਿਜ ਧਾਰੀ ਅਗਮ ਗ੍ਯਾਨਿ ਰਸਿ ਰਸੵਉ ਹੀਅਉ॥*ਉਹੀ, ਸਵਈਏ ਮਹਲੇ ਚਉਥੇ ਕੇ ੪, ੧੪੦੫.

[51] ਦਸ ਗੁਰੂ ਸਾਹਿਬਾਨ ਤਕ ਜਿਸ ਦਾ ਵਰਤਾਰਾ ਚਲਿਆ।

- ਗੁਰੂ-ਸੰਸਥਾ ਦਾ ਪਾਸਾਰ 'ਇਕ ਜੋਤਿ' ਦਾ ਹੈ।
- ਗੁਰੂ-ਸੰਸਥਾ ਦੀ ਜੁਗਤਿ ਵੀ ਇਕੋ ਹੈ।
- ਗੁਰੂ-ਸੰਸਥਾ ਦਾ ਸਰੂਪ ਸਦਾ-ਥਿਰ ਹੈ।

ਇਨ੍ਹਾਂ ਤਿੰਨਾਂ ਪਖਾਂ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ-ਸੰਸਥਾ ਨੂੰ ਦੁਨਿਆਵੀ ਪਖ ਤੋਂ ਨਹੀਂ ਸਮਝਿਆ ਜਾ ਸਕਦਾ। ਇਹ ਇਤਿਹਾਸ ਵਿਚ ਤਾਂ ਭਾਵੇਂ ਵਾਪਰਦੀ ਹੈ, ਪਰ ਇਸ ਦੀ ਹੋਂਦ ਸਦੀਵ-ਕਾਲੀ ਹੈ।

ਇਕ ਗਲ ਸਪਸ਼ਟ ਹੈ ਕਿ ਭਟਾਂ ਨੇ ਗੁਰੂ ਸਾਹਿਬਾਨ ਵਿਚੋਂ ਕਰਤਾਰੀ 'ਜੋਤਿ' ਦੇ ਦਰਸ਼ਨ ਕੀਤੇ ਸਨ, ਜਿਸ ਕਾਰਨ ਉਨ੍ਹਾਂ ਦੀ ਸ਼ਰਧਾ, ਕਾਲ ਅਤੇ ਸਥਾਨ ਦੀਆਂ ਸੀਮਾਂਵਾਂ ਪਾਰ ਕਰਕੇ 'ਅਨੰਤ' ਵਿਚ ਪਹੁੰਚ ਜਾਂਦੀ ਹੈ, ਜਿਥੇ ਉਹ ਗੁਰੂ ਅਤੇ ਪਰਮਾਤਮਾ ਵਿਚ ਕੋਈ ਫਰਕ ਨਹੀਂ ਸਮਝਦੇ। ਇਸ ਵਰਤਾਰੇ ਵਿਚ ਉਹ ਅਵਤਾਰਾਂ ਦੀ ਉਸਤਤਿ ਵੀ ਗੁਰੂ-ਰੂਪ ਵਿਚ ਕਰਦੇ ਨਜ਼ਰ ਆਉਂਦੇ ਹਨ।[52] ਇਸ ਉਪਮਾ ਵਿਚ ਉਹ ਗੁਰੂ ਸਾਹਿਬਾਨ ਨੂੰ ਬ੍ਰਹਮਾ, ਕ੍ਰਿਸ਼ਨ, ਬਿਸ਼ਨ, ਮਹੇਸ਼ ਆਦਿ ਰੂਪ ਵਿਚ ਦਰਸਾਉਂਦੇ ਹਨ। ਜ਼ਿਕਰਯੋਗ ਹੈ ਕਿ ਭਟ ਸਾਹਿਬਾਨ ਦੁਆਰਾ ਕੀਤੀ ਗਈ ਇਹ ਗੁਰੂ-ਉਸਤਤਿ ਅਕਾਲਪੁਰਖ ਦੇ ਵਿਰਾਟ ਰੂਪ ਦੀ ਹੀ ਉਸਤਤਿ ਹੈ, ਜਿਸ ਵਿਚ ਉਕਤ ਦੇਵਤੇ ਸਹਿਜ-ਸੁਭਾਅ ਹੀ ਆ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਇਸ ਪ੍ਰਥਾਇ ਫੁਰਮਾਉਂਦੇ ਹਨ:

*ਕਾਲ ਪੁਰਖੁ ਕੀ ਦੇਹਿ ਮੋ ਕੋਟਿਕ ਬਿਸਨ ਮਹੇਸ॥*
*ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਟਿ ਜਲੇਸ॥*[53]

ਇਸ ਦਾ ਦੂਜਾ ਪਖ ਇਹ ਵੀ ਹੈ ਕਿ ਭਟ ਸਾਹਿਬਾਨ ਨੇ ਗੁਰੂ ਸਾਹਿਬਾਨ ਨੂੰ ਅਵਤਾਰਵਾਦ ਨਾਲ ਜੋੜਨ ਦਾ ਜਤਨ ਨਹੀਂ ਕੀਤਾ, ਸਗੋਂ ਉਨ੍ਹਾਂ ਦੀ ਸੁਰਤਿ ਗੁਰੂ ਸਾਹਿਬਾਨ ਦੇ ਦੈਵੀ ਨਾਦ ਨੂੰ ਛੂੰਹਦੀ ਹੋਈ 'ਮਿਥ' ਦਾ ਰੂਪ ਧਾਰਨ ਕਰਦੀ ਹੈ।[54]

---

[52] *ਸਤਿਜੁਗ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥...* ਉਹੀ, ਸਵਈਏ ਮਹਲੇ ਪੰਜਵੇ ਕੇ, ੧੩੯0.

[53] *ਸ਼ਬਦਾਰਥ: ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ 206.

[54] ਮਿਥ ਦਾ ਸੰਬੰਧ ਨਿਰੋਲ ਰੂਹਾਨੀਅਤ ਨਾਲ ਹੈ, ਜਿਸ ਨੂੰ ਸਮਝਣ ਲਈ ਮਨੁਖ ਦੀ ਉਚ-ਮੰਡਲਾਂ (ਪਰਮਾਤਮਾ) ਤਕ ਰਿਸਾਈ ਜ਼ਰੂਰੀ ਹੈ।

ਭਟ ਸਾਹਿਬਾਨ ਨੇ ਗੁਰੂ-ਸੰਸਥਾ ਦੀ ਵਿਆਖਿਆ ਕਰਦੇ ਹੋਏ 'ਨਾਮੁ' ਨੂੰ ਇਕ ਅਹਿਮ ਕੜੀ ਵਜੋਂ ਪ੍ਰਵਾਨ ਕੀਤਾ ਹੈ। ਇਥੇ ਇਕ ਗਲ ਸਪਸ਼ਟ ਕਰਨੀ ਬਣਦੀ ਹੈ ਕਿ 'ਨਾਮੁ' ਅਤੇ 'ਸਬਦੁ' ਇਕੋ ਅਰਥ ਦੇ ਧਾਰਨੀ ਹਨ। ਇਸ ਪ੍ਰਸੰਗ ਵਿਚ ਅਕਾਲਪੁਰਖ ਨਾਲ ਅਭੇਦਤਾ ਦੀ ਅਵਸਥਾ ਦਾ ਜ਼ਰੀਆ ਕੇਵਲ 'ਨਾਮੁ' ਹੈ, ਜਿਹੜਾ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ। ਭਟ ਸਾਹਿਬਾਨ ਨੇ ਪੌਰਾਣਿਕ ਤੇ ਇਤਿਹਾਸਿਕ ਹਵਾਲਿਆਂ ਨਾਲ ਦਸਿਆ ਹੈ ਕਿ ਜਖ, ਕਿੰਨਰ, ਸਾਧਿਕ, ਚੌਰਾਸੀ ਸਿਧ, ਤੇਤੀ ਕਰੋੜ ਦੇਵਤੇ, ਭਗਤ ਜਨ, ਨਾਥ, ਸਨਕ, ਬੁਧ, ਅੰਬਰੀਕ, ਊਧੌ, ਅਕ੍ਰੂਰ, ਤਪੀਸਰ, ਤ੍ਰਿਲੋਚਨ, ਨਾਮਦੇਵ, ਕਬੀਰ ਆਦਿ ਸਾਰਿਆਂ ਨੇ ਅਕਾਲਪੁਰਖ ਦਾ 'ਨਾਮੁ' ਸਿਮਰਿਆ ਹੈ। ਭਟਾਂ ਅਨੁਸਾਰ ਉਸੇ 'ਨਾਮੁ' ਨੂੰ ਗੁਰੂ ਨਾਨਕ ਦੇਵ ਜੀ ਨੇ ਸਿਮਰਿਆ, ਉਸੇ 'ਨਾਮੁ' ਦੁਆਰਾ ਭਾਈ ਲਹਣਾ ਜੀ ਨੇ ਗੁਰਿਆਈ ਪ੍ਰਾਪਤ ਕੀਤੀ। 'ਨਾਮੁ' ਸਦਕਾ ਹੀ ਗੁਰੂ ਅਮਰਦਾਸ ਜੀ ਦੀ ਸੋਭਾ ਜਗਤ ਵਿਚ ਹੋਈ:

*ਸੋਈ ਪੁਰਖੁ ਸਿਵਰਿ ਸਾਚਾ ਜਾ ਕਾ ਇਕੁ ਨਾਮੁ ਅਛਲੁ ਸੰਸਾਰੇ॥*
*ਜਿਨਿ ਭਗਤ ਭਵਜਲ ਤਾਰੇ ਸਿਮਰਹੁ ਸੋਈ ਨਾਮੁ ਪਰਧਾਨੁ॥*
*ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ॥*
*ਕਵਿ ਜਨ ਕਲ੍ਯ ਸਬੁਧੀ ਕੀਰਤਿ ਜਨ ਅਮਰਦਾਸ ਬਿਸ੍ਤਰੀਯਾ॥*[55]

## 3.3 ਸਿੱਖ ਸਾਹਿਤ ਪਰਿਪੇਖ

ਗੁਰੂ-ਸੰਸਥਾ ਦੇ ਸਿਧਾਂਤਕ ਪਰਿਪੇਖ ਨੂੰ ਸਮਝਣ ਵਿਚ ਸਿੱਖ ਸਾਹਿਤ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਸਿੱਖ ਸਾਹਿਤ ਦੋ ਰੂਪਾਂ ਵਿਚ ਸਾਹਮਣੇ ਆਉਂਦਾ ਹੈ: ਸਮਕਾਲੀ ਅਤੇ 18ਵੀਂ-19ਵੀਂ ਸਦੀ ਦੌਰਾਨ ਰਚਿਆ ਸਾਹਿਤ।

### 3.3.1 ਸਮਕਾਲੀ

ਸਮਕਾਲੀ ਸਿੱਖ ਇਤਿਹਾਸ ਤੋਂ ਭਾਵ ਗੁਰੂ-ਕਾਲ ਵੇਲੇ ਦੀਆਂ ਰਚਨਾਵਾਂ ਤੋਂ ਹੈ। ਇਸ ਦੇ ਅੰਤਰਗਤ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ, ਸ੍ਰੀ ਦਸਮ ਗ੍ਰੰਥ ਸਾਹਿਬ, ਭਾਈ ਨੰਦ ਲਾਲ ਜੀ ਅਤੇ ਸ੍ਰੀ ਸਰਬਲੋਹ ਗ੍ਰੰਥ ਨੂੰ ਅਧਿਐਨ-ਵਸਤੂ ਵਜੋਂ ਵਿਚਾਰਿਆ ਜਾ ਰਿਹਾ ਹੈ:

---

[55] ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਈਏ ਮਹਲੇ ਤੀਜੇ ਕੇ ੩, ੧੩੯੨.

### (ੲ) ਭਾਈ ਗੁਰਦਾਸ

ਭਾਈ ਸਾਹਿਬ ਨੇ ਵਾਰਾਂ ਵਿਚ ਗੁਰੂ-ਸਰੂਪ ਦਾ ਵਰਨਣ ਬਹੁਤ ਹੀ ਵਿਸਤਾਰ ਨਾਲ ਕੀਤਾ ਹੈ। ਉਨ੍ਹਾਂ ਦੀ ਰਚਨਾ ਦਾ ਸ਼ਾਇਦ ਹੀ ਕੋਈ ਅਜਿਹਾ ਬੰਦ ਹੋਵੇ, ਜਿਹੜਾ ਸਿਧੇ ਜਾਂ ਅਸਿਧੇ ਰੂਪ ਵਿਚ ਗੁਰੂ-ਸਰੂਪ, ਗੁਰੂ-ਆਸ਼ਾ ਤੇ ਗੁਰੂ-ਭਗਤੀ ਦੇ ਵਰਨਣ ਤੋਂ ਸਖਣਾ ਹੋਵੇ। ਉਨ੍ਹਾਂ ਨੇ 'ਗੁਰੂ' ਪਦ, ਵਿਸ਼ੇਸ਼ ਕਰ ਕੇ ਗੁਰੂ ਨਾਨਕ ਦੇਵ ਜੀ ਲਈ ਵਰਤਿਆ ਹੈ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਸਤਿਗੁਰ'[56], 'ਗੁਰਮੁਖਿ'[57], 'ਵਡਾ ਪੁਰਖੁ'[58], 'ਸਚਾ ਪਾਤਿਸਾਹੁ'[59], 'ਪੀਰਾ ਪੀਰੁ'[60], 'ਪੂਰਾ ਸਤਿਗੁਰੁ'[61], 'ਦੇਉ'[62], 'ਪਰਉਪਕਾਰੀ'[63] ਤੇ 'ਪੁਰਖੁ'[64] ਆਦਿ ਵਿਸ਼ੇਸ਼ਣਾਂ ਰਾਹੀਂ ਸੰਬੋਧਨ ਕਰਦੇ ਹਨ। ਭਾਈ ਸਾਹਿਬ ਦਸਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਪਰਮਾਤਮਾ ਪਾਸੋਂ ਬਖਸ਼ਿਸ਼ ਪ੍ਰਾਪਤ ਕੀਤੀ, ਉਪਰੰਤ ਘਾਲ-ਕਮਾਈ ਕਰਕੇ ਜਗਤ-ਜਲੰਦੇ ਨੂੰ ਤਾਰਿਆ।[65]

ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਅਧਿਐਨ ਉਪਰੰਤ ਇਕ ਗਲ ਸਪਸ਼ਟ ਹੁੰਦੀ ਹੈ ਕਿ ਉਨ੍ਹਾਂ ਨੇ ਗੁਰੂ ਦੇ ਸੰਸਥਾਗਤ ਰੂਪ ਉਤੇ ਵਧੇਰੇ ਜ਼ੋਰ ਦਿਤਾ ਹੈ। ਇਸ ਦੇ ਨਾਲ ਹੀ ਉਹ ਗੁਰਿਆਈ ਦੇ ਅਧਿਕਾਰੀ ਦੀ ਸ਼ਰਤ ਬਾਰੇ ਵੀ ਸੰਕੇਤ ਦਿੰਦੇ ਹਨ।[66] ਭਾਈ ਸਾਹਿਬ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਿਹੜਾ ਗਾਡੀ ਰਾਹ ਦਿਖਾਇਆ, ਉਹੋ ਹੀ ਅਗੇ ਚਲਿਆ। ਇਕੋ ਅਕਾਲ ਪੁਰਖ ਦੇ ਨਾਮ ਦੀ ਦੋਹੀ, ਟਕਸਾਲ (ਸਾਧ-ਸੰਗਤ), ਕੁਤਬਾ (ਖੁਤਬਾ)[67], ਇਕੋ ਨਾਨਕ ਨਾਮ, ਇਕੋ ਤਖਤ (ਗੁਰਿਆਈ), ਸਚੀ ਦਰਗਾਹ ਹੀ ਗੁਰੂ-ਘਰ ਦੀ ਰੀਤ ਹੈ:

---

[56] ***ਸਤਿਗੁਰੁ*** *ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥ ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ - ੧/੨੭.
[57] ***ਗੁਰਮੁਖਿ*** *ਕਲਿ ਵਿਚਿ ਪਰਗਟੁ ਹੋਆ॥ ਉਹੀ.*
[58] ***ਵਡਾ ਪੁਰਖੁ*** *ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ॥ ਉਹੀ*, ੧/੪੪.
[59] *ਸਤਿਗੁਰੁ* ***ਸਚਾ ਪਾਤਿਸਾਹੁ*** *ਸਾਧ ਸੰਗਤਿ ਸਚੁ ਖੰਡੁ ਵਸਾਇਆ॥ ਉਹੀ*, ੭/੧.
[60] ***ਪੀਰਾ ਪੀਰੁ*** *ਵਖਾਣੀਐ ਗੁਰ ਗੁਰੁ ਵਖਾਣੈ॥ ਉਹੀ*, ੧੩/੧.
[61] ***ਪੂਰਾ ਸਤਿਗੁਰੁ*** *ਜਾਣੀਐ ਪੂਰੇ ਪੂਰਾ ਠਾਟੁ ਬਣਾਇਆ॥ ਉਹੀ*, ੨੬/੧੬.
[62] *ਸਤਿਗੁਰੁ ਨਾਨਕ* ***ਦੇਉ*** *ਹੈ ਪਰਮੇਸਰੁ ਸੋਈ॥ ਉਹੀ*, ੩੮/20.
[63] ***ਪਰਉਪਕਾਰੀ*** *ਸਤਿਗੁਰੂ ਸਚ ਖੰਡ ਵਾਸਾ ਨਿਰੰਕਾਰਾ॥ ਉਹੀ*, ੩੯/੬.
[64] ***ਪੁਰਖੁ*** *ਪੁਰਾਤਨੁ ਸਤਿਗੁਰੂ ਓਤਪੋਤਿ ਇਕੁ ਸੂਤ੍ਰ ਬਣਾਇਆ॥ ਉਹੀ*, ੩੯/੧੩.
[65] *ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ॥ ਉਹੀ*, ੧/੨੩.
[66] *ਦਾਤਿ ਜੋਤਿ ਖਸਮੈ ਵਡਿਆਈ॥ ਉਹੀ*, ੧/੪੬.
[67] ਇਹ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਵਖਿਆਨ, ਕਥਨ। *ਮਹਾਨ ਕੋਸ਼*, ਪੰਨਾ ੨੯੫.

*ਬਾਬਾਣੈ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ॥*

*ਇਕ ਦੋਹੀ ਟਕਸਾਲ ਇਕ ਕੁਤਬਾ ਤਖਤੁ ਸਚਾ ਦਰਗਾਹੀ॥*[68]

ਭਾਈ ਸਾਹਿਬ ਦੀਆਂ ਨਜ਼ਰਾਂ ਵਿਚ ਗੁਰੂ-ਸੰਸਥਾ ਦੀ ਇਕ ਕਸਵਟੀ ਸੇਵਾ ਹੈ। ਵਡੇ ਗੁਰੂਆਂ ਦੀ ਸੇਵਾ ਕਰਕੇ ਹੀ ਅਗਲੇ ਗੁਰੂ ਅਗੋਂ ਆਪਣੀ ਸੇਵਾ ਕਰਵਾਉਣ ਦੇ ਯੋਗ ਹੋਏ:

*ਸਤਿਗੁਰ ਸੇਵ ਕਮਾਇ ਸੇਵ ਕਰਾਇਆ॥*[69]

ਭਾਈ ਸਾਹਿਬ ਅਨੁਸਾਰ ਗੁਰੂ-ਜੋਤਿ ਦਾ ਇਕ ਤੋਂ ਦੂਜੇ ਗੁਰੂ ਵਿਚ ਸਮਾਉਣਾ ਇਉਂ ਹੈ ਜਿਵੇਂ ਦੀਵੇਂ ਤੋਂ ਦੀਵਾ ਬਲਦਾ ਹੈ, ਪਾਣੀ ਵਿਚ ਪਾਣੀ ਮਿਲਦਾ ਹੈ:

*ਜੋਤੀ ਜੋਤਿ ਜਗਾਇ ਦੀਪੁ ਦੀਪਾਇਆ॥*

*ਨੀਰੈ ਅੰਦਰਿ ਨੀਰੁ ਮਿਲੈ ਮਿਲਾਇਆ॥*[70]

ਗੁਰੂ-ਜੋਤਿ ਦੇ ਰੂਪ ਬਦਲਣ ਨੂੰ ਭਾਈ ਸਾਹਿਬ ਨੇ ਦੀਵਾ, ਚੰਦਨ, ਸਲਲ, ਪਵਣ, ਹੀਰਾ, ਪਾਰਸ ਅਤੇ ਅਨਲ ਪੰਖ ਆਦਿ ਦੀਆਂ ਉਦਾਹਰਨਾਂ ਦੇ ਕੇ ਬਿਆਨ ਕੀਤਾ ਹੈ:

*ਜੋਤੀ ਜੋਤਿ ਜਗਾਇ ਦੀਵਾ ਬਾਲਿਆ॥*

*ਚੰਦਨ ਵਾਸੁ ਨਿਵਾਸੁ ਵਣਾਸਪਤਿ ਫਾਲਿਆ॥*

*ਸਲਲੈ ਸਲਲਿ ਸੰਜੋਗੁ ਤ੍ਰਿਬੇਣੀ ਚਾਲਿਆ॥*

*ਪਵਣੈ ਪਵਣੁ ਸਮਾਇ ਅਨਹਦੁ ਭਾਲਿਆ॥*

*ਹੀਰੈ ਹੀਰਾ ਬੇਧਿ ਪਰੋਇ ਦਿਖਾਲਿਆ॥*

*ਪਥਰੁ ਪਾਰਸੁ ਹੋਇ ਪਾਰਸੁ ਪਾਲਿਆ॥*

*ਅਨਲ ਪੰਖਿ ਪੁਤੁ ਹੋਇ ਪਿਤਾ ਸਮ੍ਹਾਲਿਆ॥*

*ਬ੍ਰਹਮੈ ਬ੍ਰਹਮੁ ਮਿਲਾਇ ਸਹਜਿ ਸੁਖਾਲਿਆ॥*[71]

ਗੁਰੂ-ਜੋਤਿ ਏਕਤਾ ਅਸਚਰਜ ਨੂੰ ਅਸਚਰਜ ਦਾ ਮਿਲਣਾ ਹੈ, ਸਚ ਦਾ ਸਚ ਵਿਚ ਸਮਾਉਣਾ ਹੈ:

---

[68] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੨੬/੩੧.

[69] *ਉਹੀ,* ੨੦/੧੪.

[70] *ਉਹੀ,* ੨੦/੨.

[71] *ਉਹੀ,* ੨੨/੮; ਹੋਰ ਵੇਖੋ: ੩/੧੧, ੨੦/੨, ੨੪/੧੦, ੨੪/੨੪.

*– ਅਚਰਜ ਅਚਰਜੁ ਢੋਇ ਚਲਿਤੁ ਬਣਾਇਆ॥*[72]

*– ਸਚੁ ਸਮਾਣਾ ਸਚੁ ਵਿਚਿ ਗਾਡੀ ਰਾਹੁ ਸਾਧਸੰਗਿ ਵਹਣਾ॥*[73]

ਵਿਸ਼ਵ ਧਰਮ-ਇਤਿਹਾਸ ਵਿਚ ਅਜਿਹਾ ਕਦੇ ਨਹੀਂ ਹੋਇਆ ਕਿ ਕਿਸੇ ਗੁਰੂ ਨੇ ਆਪਣੇ ਚੇਲੇ ਨੂੰ ਗੁਰੂ ਥਾਪ ਕੇ, ਉਸ ਅਗੇ ਸੀਸ ਨਿਵਾਇਆ ਹੋਵੇ, ਪਰੰਤੂ ਸਿੱਖ ਧਰਮ ਵਿਚ ਵਾਪਰੀ ਇਸ ਰਹਸਮਈ ਤੇ ਨਿਵੇਕਲੀ ਖੇਡ ਬਾਰੇ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਇਹ ਉਲਟੀ ਗੰਗਾ ਵਹਾਈ।[74] ਭਾਈ ਲਹਣਾ ਜੀ ਨੂੰ ਜਿਉਂਦੇ-ਜੀਅ ਗੁਰਿਆਈ ਦੇ ਕੇ ਗੁਰੂ ਨਾਨਕ ਦੇਵ ਜੀ ਨੇ ਇਕ ਨਵਾਂ ਇਤਿਹਾਸ ਰਚਿਆ, ਪਰੰਤੂ ਇਸ ਕੌਤਕ ਨੂੰ ਦੁਨਿਆਵੀ ਲੋਕ ਸਮਝ ਨਾ ਸਕੇ, ਕਿਉਂਕਿ ਇਹ ਵਿਸਮਾਦੀ ਖੇਡ ਸੀ, ਜਿਸ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਕੇਵਲ ਆਪਣਾ ਸਰੀਰ ਹੀ ਬਦਲਿਆ ਸੀ:

*ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥*
*ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕ ਰੂਪੁ ਵਟਾਇਆ॥*
*ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ॥*
*ਕਾਇਆ ਪਲਟਿ ਸਰੂਪੁ ਬਣਾਇਆ॥*[75]

ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦੇਖਣ ਨੂੰ ਤਾਂ ਭਾਵੇਂ ਦੋ ਮੂਰਤਾਂ ਬਣ ਗਈਆਂ, ਪਰੰਤੂ ਉਨ੍ਹਾਂ ਵਿਚਲੀ 'ਜੋਤਿ' ਇਕ ਹੀ ਸੀ:

*ਇਕ ਜੋਤਿ ਦੁਇ ਮੂਰਤੀ ਇਕ ਸਬਦੁ ਸਰਿਸੈ॥*
*ਗੁਰ ਚੇਲਾ ਚੇਲਾ ਗੁਰੂ ਸਮਝਾਏ ਕਿਸੈ॥*[76]

ਭਾਈ ਸਾਹਿਬ ਦਸਦੇ ਹਨ ਕਿ ਭਾਈ ਲਹਣਾ ਜੀ ਨੂੰ ਗੁਰਿਆਈ ਦੇਣ ਸਮੇਂ ਗੁਰੂ ਨਾਨਕ ਦੇਵ ਜੀ ਨੇ ਆਪਣਾ ਟਿਕਾ, ਸਿਰ ਦਾ ਛਤ੍ਰ, ਸਿੰਘਾਸਨ, ਆਪਣੀ ਛਾਪ (ਸ਼ਕਤੀ) ਆਦਿ ਦਿਤੀ, ਜਿਸ ਨਾਲ ਗੁਰੂ ਅੰਗਦ ਦੀ ਦੋਹੀ ਫਿਰ ਗਈ:

---

[72] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੩/੧੧.
[73] *ਉਹੀ,* ੨੪/੬.
[74] *ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ॥ ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੧/੩੮.
[75] *ਉਹੀ,* ੧/੪੫.
[76] *ਉਹੀ,* ੯/੧੬.

*ਸੋ ਟਿਕਾ ਸੋ ਛਤ੍ਰ ਸਿਰਿ ਸੋਈ ਸਚਾ ਤਖਤੁ ਟਿਕਾਈ॥*
*ਗੁਰ ਨਾਨਕ ਹੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ॥*[77]

ਗੁਰੂ ਅੰਗਦ ਦੇਵ ਜੀ ਨੇ ਪ੍ਰੇਮ ਕਰ ਕੇ ਗੁਰੂ ਨਾਨਕ ਦੇਵ ਜੀ ਦਾ ਸਰੂਪ ਧਾਰਨ ਕੀਤਾ, ਭਉ/ਭਾਉ ਦੇ ਧਾਰਨੀ ਹੋ ਕੇ ਗੁਰੂ ਨਾਨਕ ਰੂਪ ਹੀ ਹੋ ਗਏ:

*ਇਕੁ ਗੁਰੁ ਇਕੁ ਸਿਖੁ ਹੈ ਗੁਰੁ ਸਬਦਿ ਸਿਵਾਣੈ॥*
*ਮਿਹਰ ਮੁਹਬਤਿ ਮੇਲੁ ਕਰਿ ਭਉ ਭਾਉ ਸੁ ਭਾਣੈ॥*[78]

ਭਾਈ ਸਾਹਿਬ ਦਸਦੇ ਹਨ ਕਿ ਜਿਵੇਂ ਗੰਗਾ ਵਿਚੋਂ ਤਰੰਗ ਉਠਦਾ ਹੈ, ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੀ ਸਰੀਰ ਵਿਚੋਂ ਗੁਰੂ ਅੰਗਦ ਦਾ ਸਰੀਰ ਪ੍ਰਗਟ ਕੀਤਾ:

*ਅੰਗਹੁ ਅੰਗੁ ਉਪਾਇਓਨੁ ਗੰਗਹੁ ਜਾਣੁ ਤਰੰਗੁ ਉਠਾਇਆ॥*[79]

ਗੁਰੂ ਨਾਨਕ ਦੇਵ ਜੀ ਦੀ ਜੋਤਿ, ਗੁਰੂ ਅੰਗਦ ਦੇਵ ਜੀ ਵਿਚੋਂ ਹੁੰਦੀ ਹੋਈ, ਗੁਰੂ ਅਮਰ ਦਾਸ ਵਿਚ ਟਿਕ ਗਈ:

*ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ॥*
*ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਦਿ ਇਲਾਹੀ॥*[80]

ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦਾ ਰੂਪ ਪਲਟ ਕੇ ਅਸਚਰਜ ਹੁਕਮ ਵਰਤਾਇਆ। ਉਨ੍ਹਾਂ ਨੇ ਵੀ ਉਹੀ (ਗੁਰੂ ਅੰਗਦ ਦੇਵ ਜੀ ਦਾ) ਰਾਜ-ਤਿਲਕ, ਸਿੰਘਾਸਣ ਤੇ ਸਚੇ ਨਾਮ ਦਾ ਹੁਕਮ ਚਲਾਇਆ:

*ਸਤਿਗੁਰ ਹੋਆ ਸਤਿਗੁਰਹੁ ਅਚਰਜੁ ਅਮਰ ਅਮਰਿ ਵਰਤਾਇਆ॥*
*ਸੋ ਟਿਕਾ ਸੋ ਬੈਹਣਾ ਸੋਈ ਸਚਾ ਹੁਕਮੁ ਚਲਾਇਆ॥*[81]

---

[77] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ - ੧/੪੬.
[78] *ਉਹੀ,* ੧੩/੧.
[79] *ਉਹੀ,* ੨੪/੫.
[80] *ਉਹੀ,* ੧/੪੬.
[81] *ਉਹੀ,* ੨੪/੧੨.

ਗੁਰੂ ਰਾਮਦਾਸ ਜੀ ਬਾਬਤ ਭਾਈ ਗੁਰਦਾਸ ਕਹਿੰਦੇ ਹਨ ਕਿ ਗੁਰਿਆਈ ਸੋਢੀਆਂ ਦੇ ਘਰ ਵਿਚ ਹੀ ਰਹੀ। ਬੇਸ਼ਕ ਗੁਰੂ ਅਮਰਦਾਸ ਜੀ ਦੇ ਪੁਤਰਾਂ (ਮੋਹਨ ਤੇ ਮੋਹਰੀ) ਨੇ ਗੁਰਿਆਈ ਲਈ ਆਪਣੀ ਦਾਅਵੇਦਾਰੀ ਦਿਖਾਈ, ਪਰੰਤੂ ਪਹਿਲਾਂ ਦਸੇ ਅਨੁਸਾਰ ਗੁਰਿਆਈ ਤਾਂ 'ਇਲਾਹੀ ਦਾਤਿ' ਹੈ, ਜਿਹੜੀ ਗੁਰੂ ਰਾਮਦਾਸ ਜੀ ਨੂੰ ਪ੍ਰਾਪਤ ਹੋਈ:

*ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥*[82]

ਗੁਰੂ ਰਾਮਦਾਸ ਜੀ ਤੋਂ ਨਾਨਕ-ਜੋਤਿ ਗੁਰੂ ਅਰਜਨ ਦੇਵ ਜੀ ਵਿਚ ਸਮਾ ਗਈ:

*...ਫਿਰਿ ਆਈ ਘਰਿ ਅਰਜਣੇ ਪੁਤੁ ਸੰਸਾਰੀ ਗੁਰੂ ਕਹਾਵੈ॥*[83]

ਗੁਰੂ-ਸੰਸਥਾ ਦਾ ਇਹ ਵਰਤਾਰਾ ਬੇਸ਼ਕ ਦਸ ਗੁਰੂ ਸਾਹਿਬਾਨ ਤੇ ਗੁਰੂ ਗ੍ਰੰਥ-ਪੰਥ ਤਕ ਚਲਿਆ, ਪਰੰਤੂ ਭਾਈ ਗੁਰਦਾਸ ਜੀ ਨੇ ਕੇਵਲ ਗੁਰੂ ਹਰਿਗੋਬਿੰਦ ਸਾਹਿਬ ਤਕ ਸੰਗਤ ਮਾਣੀ। ਇਸ ਲਈ ਉਨ੍ਹਾਂ ਨੇ ਛੇਵੇਂ ਪਾਤਿਸ਼ਾਹ ਤਕ ਹੀ ਜੋਤਿ-ਜੁਗਤਿ ਦਾ ਵਰਨਣ ਕੀਤਾ ਹੈ। ਭਾਈ ਸਾਹਿਬ ਦਸਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਹੀ ਆਪਣੀ ਕਾਇਆ ਪਲਟ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਰੂਪ ਧਾਰ ਲਿਆ:

*ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ॥*[84]

ਵਿਸਮਾਦ ਰੂਪ ਗੁਰੂ ਅਰਜਨ ਵਿਸਮਾਦੀ ਗੁਰੂ (ਹਰਿਗੋਬਿੰਦ ਸਾਹਿਬ) ਵਿਚ ਸਮਾਅ ਗਏ:

*ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਿਗੋਵਿੰਦੁ ਸਦਾ ਵਿਗਸੰਦਾ॥*
*ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ॥*[85]

ਸਮੁਚੇ ਰੂਪ ਵਿਚ ਨਾਨਕ-ਜੋਤਿ ਦੀ ਨਿਰੰਤਰਤਾ ਦਾ ਜ਼ਿਕਰ ਕਰਦੇ ਹੋਈ ਭਾਈ ਗੁਰਦਾਸ ਜੀ ਪਹਿਲੇ ਛੇ ਗੁਰੂ ਸਾਹਿਬਾਨ ਦਾ ਜ਼ਿਕਰ ਵਾਰਾਂ ਵਿਚ ਵਾਰ-ਵਾਰ ਕਰਦੇ ਹਨ:

*ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ॥*

---

[82] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੧/੪੭.
[83] *ਉਹੀ.*
[84] *ਉਹੀ,* ੧/੪੮.
[85] *ਉਹੀ,* ੨੪/੨੧.

*ਅੰਗਦੁ ਅਲਖੁ ਅਭੇਉ ਸਹਜਿ ਸਮੋਇਆ॥*

*ਅਮਰਹੁ ਅਮਰ ਸਮੇਉ ਅਲਖੁ ਅਲੋਇਆ॥*

*ਰਾਮ ਨਾਮ ਅਰਿਖੇਉ ਅੰਮ੍ਰਿਤੁ ਚੋਇਆ॥*

*ਗੁਰ ਅਰਜਨ ਕਰਿ ਸੇਉ ਢੋਐ ਢੋਇਆ॥*

*ਗੁਰ ਹਰਿਗੋਬਿੰਦੁ ਅਮੇਉ ਅਮਿਉ ਵਿਲੋਇਆ॥...*[86]

ਭਾਵ, ਗੁਰੂ ਨਾਨਕ ਦੇਵ ਜੀ ਗੁਰੂਆਂ ਦੇ ਗੁਰੂ ਹੋਏ, ਜਿਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਅਲਖ ਤੇ ਅਭੇਦ ਸਹਿਜ ਪਦ ਬਖਸ਼ ਕੇ ਵਾਹਿਗੁਰੂ ਵਿਚ ਅਭੇਦ ਕਰ ਦਿਤਾ। ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਪ੍ਰੇਮ-ਪਿਆਲੇ ਦਾ ਅੰਮ੍ਰਿਤ ਬਖਸ਼ਿਆ। ਗੁਰੂ ਅਰਜਨ ਦੇਵ ਜੀ ਨੇ ਸੇਵਾ ਕਰਕੇ ਗੁਰਿਆਈ ਦੀ ਦਾਤਿ ਪ੍ਰਾਪਤ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਬਦ ਅੰਮ੍ਰਿਤ ਨੂੰ ਰਿੜਕਿਆ ਤੇ ਅਗਾਧ ਹੋ ਗਏ। ਇਸੇ ਤਰ੍ਹਾਂ ਭਾਈ ਸਾਹਿਬ ਗੁਰੂ-ਜੋਤਿ ਦੀ ਏਕਤਾ ਇਕ ਹੋਰ ਥਾਂ ਇਉਂ ਪ੍ਰਗਟ ਕਰਦੇ ਹਨ:

*ਸਤਿਗੁਰੁ ਨਾਨਕ ਦੇਉ ਹੈ ਪਰਮੇਸਰੁ ਸੋਈ॥*

*ਗੁਰੁ ਅੰਗਦ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ॥*

*ਅਮਰਾਪਦੁ ਗੁਰੁ ਅੰਗਦਹੁ ਹੁਇ ਜਾਣੁ ਜਣੋਈ॥*

*ਗੁਰੁ ਅਮਰਹੁ ਗੁਰੁ ਰਾਮਦਾਸ ਅੰਮ੍ਰਿਤ ਰਸੁ ਭੋਈ॥*

*ਰਾਮਦਾਸਹੁ ਅਰਜਨੁ ਗੁਰੂ ਗੁਰੁ ਸਬਦ ਸਥੋਈ॥*

*ਹਰਿਗੋਵਿੰਦ ਗੁਰੁ ਅਰਜਨਹੁ ਗੁਰੁ ਗੋਵਿੰਦੁ ਹੋਈ॥...*[87]

### (ਅ) ਸ੍ਰੀ ਦਸਮ ਗ੍ਰੰਥ ਸਾਹਿਬ

ਗੁਰੂ ਗੋਬਿੰਦ ਸਿੰਘ ਜੀ ਨੇ *ਸ੍ਰੀ ਦਸਮ ਗ੍ਰੰਥ ਸਾਹਿਬ* ਵਿਚ ਗੁਰੂ-ਜੋਤਿ ਦੀ ਏਕਤਾ ਬਾਖੂਬੀ ਪੇਸ਼ ਕੀਤੀ ਹੈ। ਉਨ੍ਹਾਂ ਅਨੁਸਾਰ ਸਿੱਖ ਧਰਮ ਵਿਚ ਇਕ ਹੀ ਗੁਰੂ ਹੋਇਆ ਹੈ, ਜਿਸ ਦੀ ਜੋਤਿ ਅਤੇ ਜੁਗਤਿ ਦਸਾਂ ਜਾਮਿਆਂ ਵਿਚ ਸਮੇਂ-ਸਮੇਂ 'ਤੇ ਪ੍ਰਗਟ ਹੋਈ:

*ਸ੍ਰੀ ਨਾਨਕ ਅੰਗਦਿ ਕਰਿ ਮਾਨਾ॥ ਅਮਰਦਾਸਿ ਅੰਗਦ ਪਹਿਚਾਨਾ॥*

---

[86] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ - ੩/੧੨.

[87] *ਉਹੀ,* ੩੮/੨੦; ਹੋਰ ਵੇਖੋ: ੧੩/੨੫, ੨੦/੧, ੨੪/੨੫, ੨੬/੩੪, ੩੯/੨.

*ਅਮਰਦਾਸ ਰਾਮਦਾਸ ਕਹਾਯੋ॥ ਸਾਧਨ ਲਖਾ ਮੂੜ੍ਹ ਨਹਿ ਪਾਯੋ॥*

*ਭਿੰਨ ਭਿੰਨ ਸਭ ਹੂੰ ਕਰਿ ਜਾਨਾ॥ ਏਕ ਰੂਪ ਕਿਨਹੂੰ ਪਹਿਚਾਨਾ॥*

*ਜਿਨ ਜਾਨਾ ਤਿਨ ਹੀ ਸਿਧਿ ਪਾਈ॥ ਬਿਨੁ ਸਮਝੇ ਸਿਧਿ ਹਾਥਿ ਨਾ ਆਈ॥*[88]

ਉਕਤ ਪੰਕਤੀਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਦਸਦੇ ਹਨ ਕਿ ਗੁਰੂ ਸਾਹਿਬਾਨ ਦੇ ਵਖੋ-ਵਖਰੇ ਸਰੂਪ ਦੇਖ ਕੇ ਸੰਗਤ ਦੀ ਬਹੁ-ਗਿਣਤੀ ਉਨ੍ਹਾਂ ਨੂੰ ਵਖ-ਵਖ ਗੁਰੂ ਸਮਝ ਲੈਂਦੀ ਹੈ। ਉਨ੍ਹਾਂ ਨੂੰ ਇਹ ਭੁਲੇਖਾ 'ਦੇਹ' ਨੂੰ ਗੁਰੂ ਸਮਝਣ ਕਰਕੇ ਪੈਂਦਾ ਹੈ, ਪਰੰਤੂ ਗੁਰੂ ਦੀ ਅਸਲ ਰਮਜ਼ ਨੂੰ ਸਮਝਣ ਵਾਲੇ ਇਸ ਭਰਮ ਵਿਚ ਨਹੀਂ ਪੈਂਦੇ। ਅਸਲ ਵਿਚ ਗੁਰੂ ਜੋਤਿ-ਸਰੂਪ ਹੋਣ ਕਾਰਨ ਹਰੇਕ ਸਮੇਂ/ਸਥਾਨ 'ਤੇ ਇਕ ਹੀ ਹੈ। ਭਲੇ ਪੁਰਖਾਂ ਦਾ ਨਿਸਚਾ ਹੈ ਕਿ ਗੁਰੂ ਨਾਨਕ ਦੇਵ ਹੀ ਗੁਰੂ ਅੰਗਦ ਹਨ, ਗੁਰੂ ਅੰਗਦ ਹੀ ਗੁਰੂ ਅਮਰਦਾਸ ਹਨ ਤੇ ਗੁਰੂ ਅਮਰਦਾਸ ਹੀ ਗੁਰੂ ਰਾਮਦਾਸ ਜੀ ਹਨ, ਜਿਨ੍ਹਾਂ ਨੇ ਇਸ ਤਥ ਨੂੰ ਪਛਾਣਿਆ ਹੈ, ਉਨ੍ਹਾਂ ਨੂੰ ਹੀ ਸਿਧ ਹਥ ਆਈ ਹੈ। ਇਸ ਨਿਸਚੇ ਤੋਂ ਰਹਿਤ ਹੋ ਕੇ ਸਿਧੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਇਹ ਬਿਲਕੁਲ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਉਕਤ ਬਚਨ ਗੁਰਬਾਣੀ ਵਿਚਲੇ ਫੁਰਮਾਣ ਦੀ ਹੀ ਵਿਆਖਿਆ ਹੈ[89]:

*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥*[90]

ਗੁਰੂ ਗੋਬਿੰਦ ਸਿੰਘ ਜੀ ਬਚਿਤ੍ਰ ਨਾਟਕ ਵਿਚ ਗੁਰੂ-ਜੋਤਿ ਏਕਤਾ ਦੀ ਹਾਮੀ ਇਉਂ ਭਰਦੇ ਹਨ:

*ਨਾਨਕ ਅੰਗਦ ਕੋ ਬਪੁ ਧਰਾ॥ ਧਰਮ ਪ੍ਰਚੁਰਿ ਇਹ ਜਗ ਮੋ ਕਰਾ॥*

*ਅਮਰਦਾਸ ਪੁਨਿ ਨਾਮੁ ਕਹਾਯੋ॥ ਜਨ ਦੀਪਕ ਤੇ ਦੀਪ ਜਗਾਯੋ॥...*

*ਅਮਰ ਦਾਸ ਰਾਮਦਾਸ ਕਹਾਯੋ॥ ਸਾਧਨ ਲਖਾ ਮੂੜ੍ਹ ਨਹਿ ਪਾਯੋ॥...*

*ਰਾਮਦਾਸ ਹਰਿ ਸੋ ਮਿਲਿ ਗਏ॥ ਗੁਰਤਾ ਦੇਤ ਅਰਜੁਨਹਿ ਭਏ॥*

*ਜਬ ਅਰਜੁਨ ਪ੍ਰਭ ਲੋਕਿ ਸਿਧਾਏ॥ ਹਰਿ ਗੋਬਿੰਦ ਤਿਹੁ ਠਾਂ ਠਹਰਾਏ॥*

*ਹਰਿਗੋਬਿੰਦ ਪ੍ਰਭ ਲੋਕ ਸਿਧਾਰੇ॥ ਹਰੀਰਾਇ ਤਿਹ ਠਾਂ ਬੈਠਾਰੇ॥*

---

[88] *ਸ਼ਬਦਾਰਥ: ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ 70.

[89] ਗੁਰੂ-ਸੰਸਥਾ ਦੀ ਏਕਤਾ ਇਸ ਗਲ ਤੋਂ ਵੀ ਸਿਧ ਹੁੰਦੀ ਹੈ ਕਿ ਗੁਰੂ ਸਾਹਿਬਾਨ ਵਿਚ ਵਿਚਾਰਧਾਰਕ ਏਕਤਾ ਵੀ ਸੀ।

[90] ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਵਾਰ, ੯੬੬.

*ਹਰੀਕ੍ਰਿਸਨ ਤਿਨ ਕੇ ਸੁਤ ਵਏ॥ ਤਿਨ ਤੇ ਤੇਗ ਬਹਾਦੁਰ ਭਏ॥*[91]...

ਗੁਰੂ-ਸੰਸਥਾ ਦੇ ਵਿਗਾਸ ਦੀ ਗਲ ਕਰਦੇ ਹੋਏ ਨੌ ਗੁਰੂ-ਵਿਅਕਤੀਆਂ ਦੇ ਸਨਮੁਖ ਗੁਰੂ ਗੋਬਿੰਦ ਸਿੰਘ ਜੀ ਅਕਾਲਪੁਰਖ ਦੇ ਸਨਮੁਖ ਬੇਨਤੀ ਕਰਦੇ ਹਨ:

*ੴ ਵਾਹਿਗੁਰੂ ਜੀ ਕੀ ਫਤੇ॥ ਸ੍ਰੀ ਭਗਉਤੀ ਜੀ ਸਹਾਇ॥*
*ਵਾਰ ਸ੍ਰੀ ਭਗਉਤੀ ਜੀ ਕੀ॥ ਪਾਤਸਾਹੀ ੧੦॥*
*ਪ੍ਰਥਮਿ ਭਗਉਤੀ ਸਿਮਰਕੈ ਗੁਰੂ ਨਾਨਕ ਲਈ ਧਿਆਇ॥*
*ਅੰਗਦ ਗੁਰੂ ਤੇ ਅਮਰ ਦਾਸ ਰਾਮ ਦਾਸੈ ਹੋਈ ਸਹਾਇ॥*
*ਅਰਜੁਨ ਹਰਿਗੋਬਿੰਦ ਨੋ ਸਿਮਰੋ ਸ੍ਰੀ ਹਰਿਰਾਇ॥*
*ਸ੍ਰੀ ਹਰਿਕਿਸਨ ਧਿਆਇਐ ਜਿਸੁ ਡਿਠੇ ਸਭੁ ਦੁਖੁ ਜਾਇ॥*
*ਤੇਗ ਬਹਾਦੁਰ ਸਿਮਰਿਐ ਘਰ ਨੌਨਿਧਿ ਆਵੈ ਧਾਇ॥*
*ਸਭ ਥਾਈ ਹੋਇ ਸਹਾਇ॥੧॥*[92]

## (ੲ) ਭਾਈ ਨੰਦ ਲਾਲ

ਭਾਈ ਨੰਦ ਲਾਲ ਜੀ ਦਸ ਗੁਰੂ ਸਾਹਿਬਾਨ ਦੀ ਏਕਤਾ ਬਾਰੇ ਇਉਂ ਜ਼ਿਕਰ ਕਰਦੇ ਹਨ:

*ਨਾਨਕ ਸੋ ਅੰਗਦ ਗੁਰ ਦੇਵਨਾ*
*ਸੋ ਅਮਰਦਾਸ ਹਰਿ ਸੇਵਨਾ॥ ਸੋ ਰਾਮਦਾਸ ਸੋ ਅਰਜਨਾ॥*
*ਸੋ ਹਰਿ ਗੋਬਿੰਦ ਹਰਿ ਪਰਸਨਾ॥ ਸੋ ਕਰਤਾ ਹਰਿ ਰਾਇ ਦਾਤਾਰਨੰ॥*
*ਸੋ ਹਰਿ ਕ੍ਰਿਸ਼ਨ ਅਗੰਮ ਅਪਾਰਨੰ॥ ਸੋ ਤੇਗ ਬਹਾਦੁਰ ਸਤਿ ਸਰੂਪਨਾ॥*
*ਸੋ ਗੁਰ ਗੋਬਿੰਦ ਸਿੰਘ ਹਰਿ ਕਾ ਰੂਪਨਾ॥ ਸਭ ਏਕੋ ਏਕੋ ਏਕਨਾ॥*
*ਨਹੀ ਭੇਦ ਨਾ ਕਛੂ ਭੀ ਪੇਖਨਾ॥*[93]

ਭਾਈ ਨੰਦ ਲਾਲ ਜੀ ਦੇ ਸ਼ਬਦਾਂ ਵਿਚ ਗੁਰੂ-ਸੰਸਥਾ ਵਿਚਲੀ ਸਾਂਝੀ ਕੜੀ 'ਨੂਰ' ਹੈ:

---

[91] *ਸ਼ਬਦਾਰਥ: ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ 70.
[92] *ਉਹੀ*, ਪੰਨਾ 154.
[93] ਗੰਡਾ ਸਿੰਘ (ਸੰਪਾ.),*ਭਾਈ ਨੰਦ ਲਾਲ ਗ੍ਰੰਥਾਵਲੀ,* ਪੰਨਾ 219.

*ਦਰ ਮਅਨੀ ਯਕੇ ਵ ਦਰ ਸੂਰਤ ਦੋ ਮਸ਼ਅਲੇ ਜਾਂ ਅਫ਼ਰੋਜ॥*[94]

ਭਾਵ ਕਿ ਦਿਲਾਂ ਨੂੰ ਨੂਰੋ-ਨੂਰ ਕਰਨ ਵਾਲੀਆਂ ਇਨ੍ਹਾਂ ਨੂਰੀ ਮਿਸ਼ਾਲਾਂ- ਗੁਰੂ ਨਾਨਕ ਤੇ ਗੁਰੂ ਅੰਗਦ ਜੀ ਵਿਚ ਦਰਅਸਲ ਜੋਤਿ ਇਕ ਹੀ ਹੈ, ਬਾਹਰੀ ਸੂਰਤਾਂ ਦੋ ਦਿਸਦੀਆਂ ਹਨ।

ਇਕ ਗੁਰੂ-ਜੋਤਿ ਸੰਬੰਧੀ ਭਾਈ ਸਾਹਿਬ ਸਪਸ਼ਟ ਕਰਦੇ ਹਨ ਕਿ ਨਾਨਕ ਹੀ ਅੰਗਦ ਹੈ, ਬਖਸ਼ਿਸ਼ ਅਤੇ ਵਡੀ ਵਡਿਆਈ ਦੇ ਮਾਲਕ ਅਮਰ ਦਾਸ ਵੀ ਉਹੀ ਹਨ। ਉਹੀ ਰਾਮਦਾਸ ਅਤੇ ਅਰਜੁਨ ਹਨ, ਸਭ ਤੋਂ ਵਡੇ ਅਤੇ ਚੰਗੇਰੇ ਹਰਗੋਬਿੰਦ ਵੀ ਉਹੀ ਹਨ। ਉਹੀ ਹਰਿਰਾਇ ਕਰਤਾ ਗੁਰੂ ਹਨ, ਜਿਨ੍ਹਾਂ ਨੂੰ ਹਰ ਸ਼ੈ ਦੀ ਸਿਧ-ਪੁਠ ਸਾਫ ਪ੍ਰਗਟ ਹੋ ਜਾਂਦੀ ਹੈ। ਉਹੀ ਸਿਰ-ਕਢ ਹਰਿਕਿਸ਼ਨ ਹਨ, ਜਿਨ੍ਹਾਂ ਤੋਂ ਹਰ ਵਿਅਕਤੀ ਦੀ ਮੁਰਾਦ ਪੂਰੀ ਹੁੰਦੀ ਹੈ। ਉਹੀ ਗੁਰੂ ਤੇਗ ਬਹਾਦਰ ਹਨ, ਜਿਨ੍ਹਾਂ ਦੇ ਨੂਰ ਤੋਂ ਗੁਰੂ ਗੋਬਿੰਦ ਸਿੰਘ ਪ੍ਰਗਟ ਹੋਏ ਹਨ। ਉਹੀ ਗੁਰੂ ਗੋਬਿੰਦ ਸਿੰਘ ਹਨ ਤੇ ਉਹੀ ਨਾਨਕ ਗੁਰੂ ਹਨ, ਜਿਨ੍ਹਾਂ ਦੇ ਸ਼ਬਦ ਜਵਾਹਰਾਤ ਅਤੇ ਮਾਨਕ ਮੋਤੀ ਹਨ:

*ਹਮੂ ਨਾਨਕ ਅਸਤੋ ਹਮੂ ਅੰਗਦ ਅਸਤ*
*ਹਮੂ ਅਮਰਦਾਸ ਅਫ਼ਜ਼ਲੋ ਅਮਜਦ ਅਸਤ॥*
*ਹਮੂ ਰਾਮਦਾਸੋ ਹਮੂ ਅਰਜੁਨ ਅਸਤ*
*ਹਮੂ ਹਰਗੋਬਿੰਦ ਅਕਰਮੋ ਅਹਿਸਨ ਅਸਤ॥*
*ਹਮੂ ਹਸਤ ਹਰਿਰਾਇ ਕਰਤਾ ਗੁਰੂ*
*ਬਦ ਆਸ਼ਕਾਰਾ ਹਮਾ ਪੁਸ਼ਤੋ ਰੂ॥*
*ਹਮੂ ਹਰਿਕਿਸ਼ਨ ਆਮਦਾ ਸਰ-ਬੁਲੰਦ*
*ਅਜ਼ੋ ਹਾਸਿਲ ਉਮੀਦਿ ਹਰ ਮੁਸਤਮੰਦ॥*
*ਹਮੂ ਹਸਤ ਤੇਗਿ ਬਹਾਦਰ ਗੁਰੂ*
*ਕਿ ਗੋਬਿੰਦ ਸਿੰਘ ਆਮਦ ਅਜ਼ ਨੂਰਿ ਉ॥*
*ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ*
*ਹਮਾ ਸ਼ਬਦਿ ਊ ਜ਼ੌਹਰੋ ਮਾਨਕ ਅਸਤ॥*[95]

---

[94] *ਗੁਰੂ ਅੰਗਦ ਦੀਅਉ ਨਿਧਾਨੁ*, ਪੰਨਾ 211.
[95] *ਭਾਈ ਨੰਦ ਲਾਲ ਗ੍ਰੰਥਾਵਲੀ,* ਪੰਨੇ 194-95.

ਭਾਈ ਨੰਦ ਲਾਲ ਜੀ ਗੁਰੂ-ਸੰਸਥਾ ਦੀ ਨਿਸ਼ਾਨਦੇਹੀ ਕਰਦੇ ਹੋਏ ਕਹਿੰਦੇ ਹਨ ਕਿ ਜੋਤਿ, ਜੁਗਤਿ ਅਤੇ ਕਾਇਆ ਅਧੀਨ ਗੁਰੂ ਦੇ ਤਿੰਨ ਰੂਪ ਹਨ। ਨਿਰਗੁਣ ਰੂਪ ਵਿਚ ਉਹ ਪਰਮਾਤਮਾ ਹੈ, ਸਰਗੁਣ ਰੂਪ ਵਿਚ ਪਰਮਾਤਮਾ ਗੁਰੂ-ਰੂਪ ਵਿਚ ਪ੍ਰਗਟ ਹੋਇਆ ਹੈ ਅਤੇ ਸਬਦ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਹਨ[96]:

*ਤੀਨ ਰੂਪ ਹੈ ਮੋਹਿ ਕੇ ਸੁਣਹੁ ਨੰਦ ਚਿਤ ਲਾਇ॥*
*ਨਿਰਗੁਣ ਸਰਗੁਣ ਗੁਰਸਬਦ ਹੈ ਕਹੇ ਤੋਹਿ ਸਮਝਾਇ॥*
*ਏਕ ਰੂਪ ਤਿਹੁ ਗੁਣ ਤੇ ਪਰੇ॥ ਨੇਤ ਨੇਤ ਜਿਹ ਨਿਗਮ ਉਚਰੇ॥*
*ਘਟਿ ਘਟਿ ਬਿਆਪਕ ਅੰਤਰਜਾਮੀ॥ ਪੂਰ ਰਹਿਓ ਜਿਉ ਜਲ ਘਟ ਭਾਨੀ॥*
*ਰੋਮ ਰੋਮ ਅਛਰ ਸੋ ਲਹੋ॥ ਜਦਾਰਥ ਬਾਤ ਤੁਮ ਸੋ ਸਤਿ ਕਹੋ॥*
*ਜੋ ਸਿਖ ਗੁਰ ਦਰਸਨ ਕੀ ਚਾਹਿ॥ ਦਰਸਨ ਕਰੇ ਗ੍ਰੰਥ ਜੀ ਆਹਿ॥...*
*ਜੋ ਮਮ ਸਾਥ ਚਾਹੇ ਕਰ ਬਾਤ॥ ਗ੍ਰੰਥ ਜੀ ਪੜੇ ਸੁਣੇ ਬਿਚਾਰੇ ਸਾਥ॥*
*ਜੋ ਮੁਝ ਬਚਨ ਸੁਣਨ ਕੀ ਚਾਇ॥ ਗ੍ਰੰਥ ਜੀ ਪੜੇ ਸੁਣੇ ਚਿਤ ਲਾਇ॥*
*ਮੇਰਾ ਰੂਪ ਗ੍ਰੰਥ ਜੀ ਜਾਣ॥ ਇਸ ਮੇ ਭੇਦ ਨਹੀ ਕੁਝ ਮਾਨ॥*
*ਤੀਸਰ ਰੂਪ ਸਿਖ ਹੈ ਮੋਰ॥ ਗੁਰਬਾਣੀ ਰਤ ਜਿਹ ਨਿਸ ਭੋਰ॥...*[97]

### 3.3.2 17-19ਵੀਂ ਸਦੀ ਦੇ ਸਰੋਤ

ਉਕਤ ਸਮੇਂ ਨੂੰ ਮਧ-ਕਾਲ ਦੀ ਸੰਗਿਆ ਦਿਤੀ ਗਈ ਹੈ। ਇਸ ਸਮੇਂ ਦੌਰਾਨ ਬਹੁਤ ਸਾਰਾ ਸਿੱਖ ਸਾਹਿਤ ਸਾਹਮਣੇ ਆਇਆ, ਜਿਹੜਾ ਗੁਰੂ-ਸੰਸਥਾ ਦੀ ਸਿਧਾਂਤਕ ਪਖ ਤੋਂ ਵਿਸਤ੍ਰਿਤ ਵਿਆਖਿਆ ਕਰਦਾ ਹੈ। ਇਸ ਦੀ ਚਰਚਾ ਹੇਠ ਲਿਖੇ ਅਨੁਸਾਰ ਹੈ:

***ਜਨਮਸਾਖੀ* ਸਾਹਿਤ** ਗੁਰੂ ਨਾਨਕ ਦੇਵ ਜੀ ਦੇ ਗੁਰੂ-ਸਰੂਪ ਬਾਰੇ ਭਰਪੂਰ ਚਰਚਾ ਕਰਦਾ ਹੈ। ਗੁਰੂ ਸਾਹਿਬ ਆਦਿ ਗੁਰੂ ਕਿਵੇਂ ਹੋਏ? ਗੁਰੂ ਨਾਨਕ ਦੇਵ ਜੀ ਨੂੰ 'ਗੁਰੂ' ਪਦ ਕਿਸ ਨੇ ਬਖਸ਼ਿਆ? ਆਦਿ। ਜਨਮਸਾਖੀ ਸਾਹਿਤ ਗੁਰਬਾਣੀ ਦੀ ਰੌਸ਼ਨੀ[98] ਅਨੁਸਾਰ ਦਰਸਾਉਂਦਾ ਹੈ

---

[96] ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਵਿਚਾਰ ਪੰਜਵੇਂ ਅਧਿਆਇ ਵਿਚ ਆਵੇਗੀ।
[97] *ਭਾਈ ਨੰਦ ਲਾਲ ਗ੍ਰੰਥਾਵਲੀ*, ਪੰਨਾ 222.
[98] *ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮਹਲਾ ੧, ਪ੯੯.

ਕਿ ਗੁਰੂ ਨਾਨਕ ਦੇਵ ਜੀ ਨੇ ਕੋਈ ਗੁਰੂ ਧਾਰਨ ਨਹੀਂ ਕੀਤਾ ਸੀ, ਬਲਕਿ ਉਨ੍ਹਾਂ ਦਾ ਗੁਰੂ ਪਰਮਾਤਮਾ ਆਪ ਹੀ ਸੀ।[99]

*ਪੁਰਾਤਨ ਜਨਮਸਾਖੀ* ਅਨਸਾਰ ਗੁਰੂ ਨਾਨਕ ਦੇਵ ਜੀ ਦੁਆਰਾ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੇਣ ਉਪਰੰਤ ਗੁਰੂ-ਸੰਸਥਾ ਦਾ ਆਰੰਭ ਹੁੰਦਾ ਹੈ:

> *ਤਦਹੂੰ ਪੈਸੇ ਪੰਜਿ ਬਾਬੇ ਜੀ ਗੁਰੂ ਅੰਗਦ ਜੀ*
> *ਕੈ ਅਗੈ ਰਖਿ ਕੈ ਪੈਰੀ ਪਇਆ।*[100]

*ਮਿਹਰਬਾਨ* ਵੀ ਗੁਰੂ-ਸੰਸਥਾ ਦੀ ਨਿਰੰਤਰਤਾ ਬਾਰੇ ਸੰਕੇਤ ਦਿੰਦਾ ਹੈ:

> *ਧੰਨ ਨਾਨਕ ਅੰਗਦ ਗੁਰੂ ਅਮਰਦਾਸੁ ਗੁਰੂਸਤਿ॥*
> *ਰਾਮਦਾਸ ਅਰਜਨ ਗੁਰੂ ਗੁਰੂ ਸਾਹਿਬ ਰਖਗੁ ਪਤਿ॥*[101]

*ਗਿਆਨਰਤਨਾਵਲੀ* ਦੇ ਕਰਤਾ ਨੇ ਗੁਰੂ-ਸੰਸਥਾ ਦਾ ਜ਼ਿਕਰ ਕਰਦੇ ਹੋਏ ਗੁਰਿਆਈ ਦੀ ਮਹਾਨਤਾ, ਅਧਿਕਾਰੀ ਅਤੇ ਗੁਰਿਆਈ ਦੇ ਰਹਸ ਆਦਿ ਪਖਾਂ ਦਾ ਵੀ ਵਿਸ਼ਲੇਸ਼ਨ ਕੀਤਾ ਹੈ:

> *ਗੁਰੂ ਨਾਨਕ ਜੀ ਦਾ ਜੁ ਮੁਖ ਉਜਲਾ ਰਖਣਾ ਟਿਕਾ ਹੈ ਸੀ। ਸੋਈ ਗੁਰੂ ਅੰਗਦ ਜੀ ਦਾ ਟਿਕਾ ਮੁਖ ਉਜਲਾ ਹੋਆ॥ ਤੇ ਜੋ ਨਾਮ ਦਾ ਛਤ੍ਰ ਗੁਰੂ ਨਾਨਕ ਜੀ ਦਾ ਹੈ ਸੀ ਤੇ ਵੀਚਾਰ ਦਾ ਤਖਤ ਹੈ ਸੀ ਸੋਈ ਗੁਰੂ ਅੰਗਦ ਜੀ ਦਾ ਤਖਤ ਤੇ ਛਤ੍ਰ ਹੋਇਆ॥ ਤੇ ਸਬਦਿ ਦੀ ਮੁਹਰ ਗੁਰੂ ਅੰਗਦ ਜੀ ਚਲਾਈ॥ ...ਗੁਰੂ ਅੰਗਦ ਜੀ ਸਬਦਿ ਦੀ ਜੋਤ ਜਗਾਈ॥ ...ਏਹ ਗਿਆਨ ਅਮਰਦਾਸ ਜੀ ਨੂੰ ਪਰਪਕ ਹੋਇਆ ...ਤਾ ਉਨਾ ਦੇ ਅਗੇ ਗੁਰੂ ਅੰਗਦ ਜੀ ਨੇ ਪੰਜ ਪੈਸੇ ਤੇ ਨਾਲੀਏਰ ਤੇ ਮਿਸਰੀ ਦੀ ਰੋੜੀ ਰਖਿ ਕੇ ਮਥਾ ਟੇਕਿਆ ਤਾਂ ਗੁਰੂ ਅੰਗਦ ਜੀ ਕਹਿਆ ਅਧਿਕਾਰੀ ਦੀ ਵਸਤ ਗਿਆਨ ਹੈ ...ਦਾਤਿ ਤੇ ਜੋਤਿ ਖਸਮ ਦੀ ਵਡਿਆਈ ਕਰਿ ਕੈ ਪ੍ਰਾਪਤਿ ਹੋਈ ਹੈ॥ ...*

---

[99] ਇਸ ਬਾਰੇ ਅਸੀਂ ਪਹਿਲੇ ਅਧਿਆਇ ਵਿਚ ਵਿਚਾਰ ਕਰ ਆਏ ਹਾਂ। ਵੇਖੋ ਪੰਨੇ 20-4.

[100] *ਪੁਰਾਤਨ ਜਨਮਸਾਖੀ*, ਸਾਖੀ/ਪੰਨਾ - ੫੬/੨੦੧.

[101] *ਮਿਹਰਬਾਨ ਜਨਮਸਾਖੀ*, ਗੋਸਟਿ/ਪੰਨਾ - ੮੭/੨੯੬.

*ਸਤਿਗੁਰੂ ਗੁਰੂ ਅਮਰਦਾਸ ਵੀ ਕਹਿਆ ਸੀ॥ ਗਿਆਨ ਤਾਂ ਅਧਿਕਾਰੀ ਦੀ ਵਸਤ ਹੈ ...ਸਤਿਗੁਰ ਜੀ ਰਾਮਦਾਸ ਜੀ ਨੂੰ ਗੁਰਿਆਈ ਦਿਤੀ॥ ...ਸਬਦਿ ਦੀ ਜੋਤ ਜਗਾਈ॥ ...ਫਿਰ॥ ਗੁਰੂ ਅਰਜਨ ਜੀ ਨੂੰ ਗੁਰਿਆਈ ਬਖਸੀ॥ ...ਗੁਰੂ ਅਰਜਨ ਜੀ ਬਚਨ ਕੀਤਾ॥ ...ਮੈ ਆਪਣੀ ਜੋਤਿ ਤਿਸ ਗੁਰੂ ਹਰਿਗੋਬਿੰਦ ਜੀ॥ ਵਿਚ ਧਰੀ ਹੈ॥ ਗਿਆਨ ਦੀ ਭੀ ਸਕਤਿ ਇਸ ਨੂੰ ਦਿਤੀ ਹੈ॥ ...ਛੇਵੀਂ ਪਾਤਸਾਹੀ ਥੀ ਸਿਖਾਂ ਪੁਛਿਆ ਸਤਿਗੁਰ ਕਿਸ ਦੇ ਘਰ ਅਵਤਾਰ ਧਾਰਨਗੇ॥ ਬਚਨ ਹੋਆ ਸੋਢੀਆ ਦੇ ਘਰ ਜੁਗ ਜੁਗ ਵਿਚ ਅਵਤਾਰ ਹੋਏ ਹੈ ਕਈ ਗੁਪਤ ਕਈ ਪ੍ਰਗਟ॥*[102]

***ਸ੍ਰੀ ਗੁਰ ਸੋਭਾ*** ਦਾ ਕਰਤਾ ਸੈਨਾਪਤਿ 'ਗੁਰੂ' ਦੇ ਸੰਕਲਪ ਨੂੰ ਗੁਰੂ ਸ਼ਖਸੀਅਤਾਂ, ਖ਼ਾਸ ਕਰ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜ ਕੇ ਵੇਖਦਾ ਹੈ। ਉਸ ਅਨੁਸਾਰ ਦਸ ਗੁਰੂ ਸਾਹਿਬਾਨ ਸਾਧਾਰਨ ਮਨੁਖ ਨਹੀਂ, ਸਗੋਂ 'ਪਰਮ ਪੁਰਖ' ਸਨ:

*...ਅਬ ਸਤਿਗੁਰ ਕੇ ਨਾਮ ਬਖਾਨੋ॥ ਪਰਮ ਪੁਰਖ ਤਿਹ ਤੇ ਪਹਿਚਾਨੋ॥*
*ਪ੍ਰਥਮੇ ਸਤਿਗੁਰ ਨਾਨਕ ਭਏ॥ ਅੰਗਦ ਅਮਰਦਾਸ ਪ੍ਰਗਟਏ॥*
*ਤਿਹ ਤੇ ਰਾਮਦਾਸ ਗੁਰੂ ਜਾਨੋ॥ ਅਰਜਨ ਹਰਿਗੋਬਿੰਦ ਪਛਾਨੋ॥*
*ਤਿਹ ਤੇ ਗੁਰੂ ਭਏ ਹਰਿਰਾਇ॥ ਫੇਰਿ ਗੁਰੂ ਹਰਿ ਕ੍ਰਿਸ਼ਨ ਕਹਾਇ*
*ਪ੍ਰਗਟ ਭਏ ਗੁਰ ਤੇਗ ਬਹਾਦਰ॥ ਸਗਲ ਸ੍ਰਿਸਟਿ ਪੈ ਢਾਪੀ ਚਾਦਰ॥*
*ਕਰਮ ਧਰਮ ਕੀ ਜਿਨਿ ਪਤਿ ਰਾਖੀ॥ ਅਟਲ ਕਰੀ ਕਲਜੁਗ ਮੈਂ ਸਾਖੀ॥*
*ਸਗਲ ਸ੍ਰਿਸਟਿ ਜਾ ਕਾ ਜਸ ਭਯੋ॥ ਜਿਹ ਤੇ ਸਰਬ ਧਰਮ ਬੰਚਯੋ॥*
*ਤੀਨ ਲੋਕ ਮੈ ਜੈ ਜੈ ਭਈ॥ ਸਤਿਗੁਰਿ ਪੈਜ ਰਾਖਿ ਇਮ ਲਈ॥*
*ਤਿਲਕ ਜਨੇਊ ਅਰਿ ਧਰਮਸਾਲਾ॥ ਅਟਲ ਕਰੀ ਗੁਰ ਭਏ ਦਿਆਲਾ॥*
*ਧਰਮ ਹੇਤਿ ਪ੍ਰਭ-ਪੁਰਹਿ ਸਿਧਾਏ॥ ਗੁਰੂ ਗੋਬਿੰਦ ਸਿੰਘ ਕਹਿਲਾਏ॥*[103]

---

[102] *ਗਿਆਨਰਤਨਾਵਲੀ*, ਪੰਨੇ ੩੫੮-੬੧.
[103] *ਸ੍ਰੀ ਗੁਰ ਸੋਭਾ*, ਅਧਿਆਇ/ਬੰਦ/ਪੰਨਾ - ੧/੧੨/੬੪.

ਸੈਨਾਪਤਿ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਪਾਰਬ੍ਰਹਮ ਦਾ ਹੀ ਰੂਪ ਸਨ:

*ਪਾਰਬ੍ਰਹਮ ਪਰਮੇਸਰ ਗੁਰ ਗੋਬਿੰਦ ਹੈ॥...*[104]

ਸੈਨਾਪਤਿ ਨੇ ਗੁਰੂ-ਜੋਤਿ ਦੀ ਏਕਤਾ ਦਾ ਕਈ ਥਾਈਂ ਜ਼ਿਕਰ ਕੀਤਾ ਹੈ। ਕਰਤਾ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ-ਅੰਗਦ ਦੇਵ ਜੀ ਦਾ ਰੂਪ ਹੀ ਸਨ:

*ਤੁਹੀ ਗੁਰੂ ਨਾਨਕ ਹੈ ਤੁਹੀ ਗੁਰੂ ਅੰਗਦ ਹੈ॥*
*ਤੂਹੀ ਗੁਰੂ ਅਮਰਦਾਸ ਰਾਮਦਾਸ ਤੁਹੀ ਹੈਂ॥*
*ਤੁਹੀ ਗੁਰੂ ਅਰਜਨ ਹੈ ਤੁਹੀ ਗੁਰੂ ਹਰਿਗੋਬਿੰਦ॥*
*ਤੁਹੀ ਗੁਰੂ ਹਰਿਰਾਇ ਹਰਿਕ੍ਰਿਸ਼ਨ ਤੁਹੀ ਹੈਂ॥*
*ਨਾਵੀ ਪਾਤਸ਼ਾਹੀ ਤੈ ਕਲਿ ਹੀ ਮੈ ਕਲਾ ਰਾਖੀ॥*
*ਤੇਗ ਹੀ ਬਹਾਦਰ ਜਗ ਚਾਦਰ ਸਭ ਤੁਹੀ ਹੈਂ॥*
*ਦਸਵਾਂ ਪਾਤਸ਼ਾਹਿ ਤੁਹੀ ਗੁਰੂ ਗੋਬਿੰਦ ਸਿੰਘ॥*
*ਜਗਤ ਕੇ ਉਧਾਰਿਬੇ ਕੋ ਆਯੋ ਪ੍ਰਭ ਤੁਹੀ ਹੈਂ॥*[105]

***ਗੁਰਬਿਲਾਸ ਪਾਤਸ਼ਾਹੀ ੬*** ਵਿਚ ਭਾਈ ਭਗਤ ਸਿੰਘ ਨੇ ਗੁਰੂ-ਸੰਸਥਾ ਦੀ ਦ੍ਰਿਸ਼ਟੀ ਤੋਂ ਵਿਸਤ੍ਰਿਤ ਚਰਚਾ ਕੀਤੀ ਹੈ। ਕਰਤਾ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਅਧਾਰ ਬਣਾ ਕੇ ਦਸ ਗੁਰੂ ਸਾਹਿਬਾਨ ਦਾ ਵਰਤਾਰਾ ਗੁਰੂ-ਸੰਸਥਾ ਦੇ ਰੂਪ ਵਿਚ ਅੰਕਿਤ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿਚ ਕਰਤਾ ਲਿਖਦਾ ਹੈ ਕਿ ਅਸਲ ਵਿਚ ਗੁਰੂ ਨਾਨਕ ਦੇਵ ਜੀ ਆਮ ਮਨੁਖਾਂ ਵਾਂਗ ਪੈਦਾ ਨਹੀਂ ਹੋਏ, ਬਲਕਿ ਆਪ ਪਰਮਾਤਮਾ ਉਨ੍ਹਾਂ ਦੇ ਰੂਪ ਵਿਚ ਮਹਿਤਾ ਕਾਲੂ ਦੇ ਘਰ ਪ੍ਰਗਟ ਹੋਇਆ ਹੈ:

*...ਆਪਿ ਰੂਪ ਧਰਿ ਪ੍ਰਗਟ ਹੌਂ ਕਾਲੂ ਗ੍ਰਿਹਿ ਅਵਤਾਰ॥*[106]

ਗੁਰੂ-ਸੰਸਥਾ ਦਾ ਰਹਸ ਬਿਆਨ ਕਰਨਾ ਆਮ ਮਨੁਖ ਦੇ ਵਸ ਦੀ ਗਲ ਨਹੀਂ:

*ਹਰਿਗੁਵਿੰਦ ਗੁਰ ਰੂਪ ਕਥੈ ਕਵਿ ਪਾਰ ਨ ਪਾਵਨ॥*[107]*...*

---

[104] *ਸ੍ਰੀ ਗੁਰ ਸੋਭਾ*, ਅਧਿਆਇ/ਬੰਦ/ਪੰਨਾ – ੫/੧੬੨/੮੩.
[105] *ਉਹੀ*, ੨/੪੬/੬੮.
[106] *ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ – ੯/੩੮੮/੩੯੦.
[107] *ਉਹੀ*, ੧/੨/੧.

*ਸ੍ਰੀ ਗੁਰੂ ਨਾਨਕ ਕੀ ਉਪਮਾ ਸਮ ਸਿੰਧੁ ਕੋਊ ਕਵਿ ਪਾਰ ਨਾ ਪਾਵੈ॥*
*ਨੇਤਿ ਹੀ ਨੇਤਿ ਸੁ ਬੇਦ ਰਰੈ ਸਦ ਸਿਧ ਸਭੀ ਜਿਨ ਕੈ ਬਲਿ ਜਾਵੈ॥*[108]

ਕਰਤਾ ਗੁਰੂ-ਸੰਸਥਾ ਦੇ ਦੋ ਮੁਢਲੇ ਸਿਧਾਂਤ: 'ਗੁਰਿਆਈ' ਅਤੇ 'ਗੁਰੂ-ਜੋਤਿ' ਬਾਰੇ ਮਹਤਵਪੂਰਨ ਜਾਣਕਾਰੀ ਮੁਹਈਆ ਕਰਵਾਉਂਦਾ ਹੈ। ਇਸ ਅਨੁਸਾਰ ਗੁਰੂ-ਸੰਸਥਾ ਦੈਵੀ ਹੁਕਮ ਅਨੁਸਾਰ ਪ੍ਰਗਟ ਹੋਈ ਹੈ, ਇਹ ਨਾ ਜਰਿਆ ਜਾਣ ਵਾਲਾ 'ਅਜਰ ਪਦ' ਹੈ:

*ਤੁਮ ਗੁਰ ਨਾਨਕ ਰੂਪ ਹੋ ਦੇਖੋ ਮਨਿ ਧਰਿ ਧਿਆਨੁ॥*
*ਗੁਰਿਆਈ ਅਜਰੁ ਰੂਪ ਹੈ ਲਾਇਕ ਅਰਜਨ ਜਾਨੁ॥*[109]

ਗੁਰੂ ਸਾਹਿਬਾਨ ਦੀ ਏਕਤਾ ਦੀ ਬੁਨਿਆਦ ਗੁਰੂ-ਜੋਤਿ ਹੈ, ਇਹ ਅੰਦਰ ਦੀ ਖੇਡ ਹੈ। ਭਾਈ ਅਲਮਸਤ ਦੇ ਸ਼ਬਦਾਂ ਰਾਹੀਂ ਕਰਤਾ ਛੇਵੇਂ ਗੁਰੂ ਸਾਹਿਬ ਨੂੰ ਇਉਂ ਸੰਬੋਧਿਤ ਹੁੰਦਾ ਹੈ:

*ਤਬ ਅਲਮਸਤ ਭਾਰ ਸੁਖ ਪਾਵਾ॥*
*ਗੁਰ ਨਾਨਕ ਸਮ ਰੂਪ ਲਖਾਵਾ॥*
*ਕਰਿ ਉਸਤਤਿ ਨਾਨਕ ਨਿਰੰਕਾਰਾ॥*
*ਤੁਮ ਹੀ ਧਰਿ ਛਠਮ ਬਪੁ ਧਾਰਾ॥* [110]

ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ-ਸੰਸਥਾ ਅੰਦਰ ਵਿਆਪਕ ਗੁਰੂ-ਜੋਤਿ ਰਾਹੀਂ ਪਹਿਲੇ ਪੰਜ ਰੂਪ ਧਾਰਨ ਕੀਤੇ ਸਨ:

*ਪੰਚ ਰੂਪ ਗੁਰ ਤੁਮ ਹੀ ਪਾਯੋ॥ ਅਬ ਇਹੁ ਸੁੰਦਰ ਰੂਪ ਬਨਾਯੋ॥*[111]

ਇਸੇ ਤਰ੍ਹਾਂ ਹੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਪਹਿਲਾਂ ਹੋਏ ਪੰਜ ਗੁਰੂ ਸਾਹਿਬਾਨ ਦੀ ਏਕਤਾ ਦ੍ਰਿੜ ਕਰਵਾਈ ਹੈ। ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਮਰਦਾਸ ਇਕ ਰੂਪ ਹੀ ਹਨ, ਜਿਨ੍ਹਾਂ ਦੀ ਗੁਰਿਆਈ ਦਾ ਤਖਤ ਭਾਰਾ ਸੀ, ਕਿਉਂਕਿ ਉਨ੍ਹਾਂ ਸਮੇਂ ਗੁਰਿਆਈ ਦਾ ਬਹੁਤ ਵਿਰੋਧ

---

108 *ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ - ੧/੬/੨.
109 *ਉਹੀ*, ੮/੮੫੨/੨੮੩.
110 *ਉਹੀ*, ੯/੧੧੭/੩੧੯.
111 *ਉਹੀ*, ੯/੧੩੫/੩੨੧.

ਹੋਇਆ ਸੀ। ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਵਿਚ ਆਪਣਾ ਰੂਪ ਵਟਾਇਆ। ਇਸ ਪ੍ਰਕਾਰ ਗੁਰੂ ਅਰਜਨ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਹਨ:

*ਗੁਰ ਨਾਨਕ ਅੰਗਦ ਸੁਖਖਾਨ॥ ਅਮਰਦਾਸ ਗੁਰ ਰੂਪ ਮਹਾਨੁ॥*
*ਤਾਹਿ ਤਖਤ ਗੁਰਿਆਈ ਭਾਰਾ॥ ਅਪਨ ਰੂਪ ਗੁਰੂ ਅਰਜਨ ਧਾਰਾ॥*
*ਚਤੁਰਥ ਗੁਰੂ ਜੋ ਦਰਸ਼ਨ ਚਹੈ॥ ਸੋ ਅਰਜਨ ਦੇਖੇ ਸੁਖੁ ਲਹੈ॥*
*ਗੁਰ ਅਰਜਨ ਕੀ ਪੂਜਾ ਕਰੋ॥ ਗੁਰ ਨਾਨਕ ਸਮ ਭੇਦ ਨ ਧਰੋ॥*[112]

ਦੁਨਿਆਵੀ ਲੋਕਾਂ ਨੂੰ ਗੁਰੂ ਸਾਹਿਬਾਨ ਦੇ ਵਖ-ਵਖ ਰੂਪ ਨਜ਼ਰ ਆਉਂਦੇ ਹਨ, ਪਰੰਤੂ ਉਨ੍ਹਾਂ ਦਾ ਅਸਲ ਸਰੂਪ ਤਾਂ ਇਕੋ ਹੀ ਸੀ:

*ਏਕ ਰੂਪ ਦੋਊ ਦ੍ਰਿਸ਼ਟਾਵੋ॥ ਭਿੰਨ ਭਿੰਨ ਕਹਿ ਉਪਮ ਧਰਾਵੋ॥*[113]

ਗੁਰੂ ਨਾਨਕ ਦੇਵ ਜੀ ਜਦੋਂ ਜੋਤੀ-ਜੋਤਿ ਸਮਾਉਣ ਲਗੇ ਤਾਂ ਉਨ੍ਹਾਂ ਨੇ ਆਪਣੀ ਜੋਤਿ ਗੁਰੂ ਅੰਗਦ ਵਿਚ ਟਿਕਾ ਦਿਤੀ ਅਤੇ ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਇਕ ਰੂਪ ਹੋ ਗਏ। ਉਨ੍ਹਾਂ ਵਿਚ ਕੋਈ ਭੇਦ ਨਾ ਰਿਹਾ, ਗੁਰੂ ਸਾਹਿਬ ਦੇ ਆਪਣੇ ਪੁਤਰ (ਸਿਰੀ ਚੰਦ ਅਤੇ ਲਖਮੀਦਾਸ) ਇਸ ਭੇਦ ਨੂੰ ਸਮਝ ਨਾ ਸਕੇ:

*ਦਯਾਸਿੰਧੁ ਗੁਰ ਰੀਤਿ ਉਚਾਰੀ॥ ਗੁਰ ਅੰਗਦ ਸੁਨਿ ਮਨ ਮੈ ਧਾਰੀ॥*
*ਗੁਰ ਅੰਗਦ ਕੀ ਜੋਤਿ ਤਦਾਏ॥ ਗੁਰ ਨਾਨਕ ਸਮ ਭੇਦ ਨ ਪਾਏ॥*
*ਸਿਰੀਚੰਦੁ ਅਰੁ ਲਖਮੀਦਾਸੁ॥ ਬਿਸਮ ਭਏ ਗੁਰ ਦੇਖਿ ਬਿਲਾਸੁ॥*[114]*...*

ਇਥੇ ਇਹ ਵਰਨਣਯੋਗ ਹੈ ਕਿ ਬੇਸ਼ਕ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ-ਸੰਸਥਾ ਦੀ ਨਿਰੰਤਰਤਾ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਹਿਰਾ ਤੌਰ 'ਤੇ ਗੁਰਿਆਈ ਬਖਸ਼ੀ, ਪਰੰਤੂ *ਗੁਰਬਿਲਾਸ ਪਾਤਸ਼ਾਹੀ ੬* ਦਾ ਕਰਤਾ ਇਸ ਨੂੰ ਗੁਰੂ ਨਾਨਕ ਦੇਵ ਜੀ ਦੀ 'ਜੋਤਿ-ਜੁਗਤਿ' ਦਾ ਹਿਸਾ ਸਮਝਦਾ ਹੋਇਆ (ਗੁਰੂ) ਗ੍ਰੰਥ ਸਾਹਿਬ ਨੂੰ ਵੀ ਗੁਰੂ-ਜੋਤਿ ਦੀ ਹੀ ਨਿਰੰਤਰਤਾ ਵਜੋਂ ਦਰਸਾਉਂਦਾ ਹੈ:

---

112 *ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ - ੮/੯੦੮-੦੯/੨੮੮.
113 *ਉਹੀ*, ੧੫/੮੪/੫੧੮.
114 *ਉਹੀ*, ੧੬/੨੫੨-੫੩/੫੪੯.

*ਮਮ ਆਗਜਾ ਸਭਹੀ ਸੁਨੋ ਸਤਿ ਬਾਤ ਨਿਰਧਾਰ।*

*ਗ੍ਰਿੰਥ, ਗੁਰੂ ਸਮ ਮਾਨੀਯੋ ਭੇਦ ਨ ਕੋਊ ਬਿਚਾਰ॥*[115]

ਕਰਤਾ ਅਨੁਸਾਰ ਗੁਰੂ-ਜੋਤਿ ਇਕ ਦੀਪਕ ਵਾਂਗ ਸੀ, ਜਿਹੜੀ ਸਾਰੇ ਗੁਰੂ ਸਾਹਿਬਾਨ ਵਿਚ ਵਿਦਮਾਨ ਰਹੀ:

*ਅਮਰਦਾਸ ਗੁਰੂ ਪੁਨਿ ਰੂਪ ਕੀਯੋ ਤੁਮ ਦੀਪਕ ਤੇ ਜਨੁ ਦੀਪ ਜਗਾਯੋ॥* [116]

ਗੁਰੂ-ਸੰਸਥਾ ਅਧੀਨ ਗੁਰੂ ਸਾਹਿਬ ਗਰੀਬਾਂ ਦੀ ਰਖਿਆ ਕਰਨ ਲਈ ਆਏ ਸਨ:

*ਅਨੰਦ ਧਾਰਿ ਤਬੈ ਗੁਰ ਅਰਜਨ ਐਸ ਮੁਖੋਂ ਸੁਭ ਬਾਤ ਉਚਾਰੀ॥*

*ਦੇਵਨ ਪਛ ਸੁ ਦੀਨਨ ਰਛ ਧਰਾ ਦੁਖ ਟਾਰਨ ਸਤ੍ਰ ਸੰਘਾਰੀ॥*

*ਨਭ ਮੈ ਤਬ ਦੇਵ ਅਏ ਸਭ ਹੀ ਜੈ ਜੈ ਮੁਖਿ ਭਾਖ ਸੁ ਫੂਲਨ ਡਾਰੀ॥*

*ਮੰਗਲ ਹੋਹਿ ਘਰਾ ਘਰ ਮੈ ਉਤਰਜੋ ਅਵਤਾਰਨ ਕੋ ਅਵਤਾਰੀ॥*[117]

ਗੁਰੂ ਸਾਹਿਬਾਨ ਨੇ ਆਪਣੇ ਸਰੀਰ ਰੂਪ ਵਿਚ ਜਿਹੜੇ ਵੀ ਕਾਰਜ ਕੀਤੇ, ਉਹ ਸਾਰੇ ਜੀਵਾਂ ਦੇ ਉਧਾਰ ਲਈ ਕੀਤੇ ਸਨ। ਮਿਸਾਲ ਵਜੋਂ ਜੇ ਗੁਰੂ ਅਮਰਦਾਸ ਜੀ ਨੇ ਬਉਲੀ ਸਾਹਿਬ ਦੀ ਉਸਾਰੀ ਕਰਵਾਈ ਤਾਂ ਇਹ ਲੋਕਾਂ ਦੀ ਮੁਕਤੀ ਵਾਸਤੇ ਸੀ:

*...ਅਮਰਦਾਸ ਗੁਰ ਜਸਹਿ ਨਿਕੇਤ॥ ਰਚੀ ਬਾਵਲੀ ਮੁਕਤੀ ਹੇਤਿ॥*[118]

ਸੋ ਇਸ ਪ੍ਰਕਾਰ *ਗੁਰਬਿਲਾਸ ਪਾਤਸ਼ਾਹੀ ੬* ਵਿਚ ਗੁਰੂ-ਸੰਸਥਾ ਅਧੀਨ ਗੁਰੂ ਸਾਹਿਬਾਨ ਦੀ ਗੁਰੂ-ਜੋਤਿ ਏਕਤਾ ਅਤੇ ਇਸ ਦੇ ਸਰੂਪ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ।

***ਗੁਰਬਿਲਾਸ ਪਾਤਸ਼ਾਹੀ ੧੦*** ਦੇ ਕਰਤੇ ਨੇ ਗੁਰੂ-ਸੰਸਥਾ ਦੀ ਵਿਆਖਿਆ ਗੁਰੂ ਗੋਬਿੰਦ ਸਿੰਘ ਅਧਾਰਿਤ ਕੀਤੀ ਹੈ। ਕੁਇਰ ਸਿੰਘ ਅਨੁਸਾਰ ਗੁਰੂ-ਸੰਸਥਾ ਦੀ ਗਾਥਾ ਬੇਅੰਤ ਤੇ ਅਪਾਰ ਹੈ, ਇਹ ਸ਼ਬਦਾਂ ਵਿਚ ਬਿਆਨ ਹੋਣ ਵਾਲੀ ਨਹੀਂ:

---

115 *ਗੁਰਬਿਲਾਸ ਪਾ:੬,* ਅਧਿਆਇ/ਬੰਦ/ਪੰਨਾ - ੪/੬੮੭/੧੧੮.

116 *ਉਹੀ*, ੨੧/੫੯੪/੭੯੨.

117 *ਉਹੀ*, ੧/੧੯੦/੨੧.

118 *ਉਹੀ*, ੭/੨੫/੧੭੮.

*ਮੰਦਰ ਮੈ ਗੁਰ ਗਾਥ ਮਹਾਂ ਰਸ ਛੰਦ ਸੁ ਭਾਂਜਨ ਹੈ ਅਧਿਕਾਈ॥*
*ਬਰਨ ਅਨੂਪ ਸੁ ਵਸਤੁ ਪ੍ਰਕਾਸਤ ਭੂਖਨ ਹੈ ਅਗਨੀ ਮਨ ਲਾਈ॥*
*ਹੈ ਸੁਭ ਸੰਤ ਸਭਾ ਜਹਿ ਗਾਥ ਅਨੰਤ ਅਪਾਰ ਨਹੀਂ ਕਛੁ ਕਾਈ॥*
*ਮਨ ਬਸਨ ਘਨੇ ਜਹਿ ਗਾਥ ਪ੍ਰਸੰਗਮ ਹੈ ਪੁਨਿ ਮੀਨ ਜਲੰ ਜਨ ਗਾਈ॥*[119]

ਕੁਇਰ ਸਿੰਘ ਅਨੁਸਾਰ ਗੁਰੂ ਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ, ਪਰਮਾਤਮਾ ਨੇ ਹੀ ਆਪਣਾ ਨਾਂ ਗੁਰੂ ਰਖਾਇਆ ਹੈ:

*ਸ੍ਰੀ ਹਰਿ ਗੁਰ ਮੈ ਭੇਦ ਸੁ ਨਾਹੀ॥ ਸੰਤ ਈਸ ਗੁਰ ਨਾਮ ਲਖਾਹੀ॥* [120]

ਕੁਇਰ ਸਿੰਘ ਨੇ ਗੁਰੂ-ਜੋਤਿ ਦੀ ਏਕਤਾ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਹੀ ਪੇਸ਼ ਕੀਤਾ ਹੈ। ਕੁਇਰ ਸਿੰਘ ਗੁਰੂ-ਸੰਸਥਾ ਦੇ ਸੰਦਰਭ ਵਿਚ ਗੁਰੂ ਗੋਬਿੰਦ ਸਿੰਘ ਪ੍ਰਥਾਇ ਲਿਖਦਾ ਹੈ ਕਿ ਗੁਰਿਆਈ ਦਸਵੇਂ ਪਾਤਸ਼ਾਹੀ ਨੂੰ ਨਹੀਂ ਮਿਲੀ, ਬਲਕਿ ਇਹ ਤਾਂ ਆਦਿ ਗੁਰੂ (ਗੁਰੂ ਨਾਨਕ ਦੇਵ ਜੀ) ਦੀ ਹੈ, ਗੁਰੂ ਗੋਬਿੰਦ ਸਿੰਘ ਜੀ ਤਾਂ ਉਨ੍ਹਾਂ ਦੇ ਦਸਵੇਂ ਰੂਪ ਹਨ:

*ਸ੍ਰੀ ਗੁਰ ਆਦੀ ਤਾਕੀ ਗਾਦੀ ਦਸਮ ਪ੍ਰਸਾਦੀ ਰੂਪ ਜਏ॥*[121]

ਗੁਰੂ-ਸੰਸਥਾ ਅਧੀਨ ਦਸ ਗੁਰੂ ਸਾਹਿਬਾਨ ਵਿਚ ਚਲੀ ਗੁਰਿਆਈ ਅਸਲ ਵਿਚ ਇਕੋ ਜੋਤਿ ਵਾਲੀ ਸੀ:

*... ਗੋਬਿੰਦ ਸਿੰਘ ਬਲੀ ਪ੍ਰਗਟਜੋ ਦਸ ਮਹਲਨ ਮੈ ਪਾਤਿਸਾਹ ਸੁ ਆਹੀ॥*[122]

***ਗੁਰਬਿਲਾਸ ਪਾਤਸ਼ਾਹੀ ੧੦*** ਦੇ ਕਰਤੇ ਸੁਖਾ ਸਿੰਘ ਅਨੁਸਾਰ ਗੁਰੂ ਤਿੰਨਾਂ ਕਾਲਾਂ ਵਿਚ ਵਿਚਰਨ ਵਾਲੀ 'ਪ੍ਰਗਟ' ਜੋਤਿ ਹਨ:

*ਭੂਤ ਭਵਿਖ ਭਵਾਨ ਸਦਾ ਇਮ ਜਾਨਿਯੈ॥*
*ਹੋ ਤਵਨ ਪੁਰਖ ਕੀ ਜੋਤਿ ਪ੍ਰਗਟ ਪਹਿਚਾਨਿਯੈ॥*[123]

---

[119] ਕੁਇਰ ਸਿੰਘ, *ਗੁਰਬਿਲਾਸ ਪਾ: ੧੦,* ਅਧਿਆਇ/ਬੰਦ/ਪੰਨਾ - ੧/੩੩/੪.
[120] *ਉਹੀ*, ੨/੧੧੭/੨੧.
[121] *ਉਹੀ*, ੫/੨੧/੫੦.
[122] *ਉਹੀ*, ੨੧/੨/੨੫੬.
[123] ਸੁਖਾ ਸਿੰਘ, *ਗੁਰਬਿਲਾਸ ਪਾ: ੧੦,* ਅਧਿਆਇ/ਬੰਦ/ਪੰਨਾ - ੫/੫/੫੭.

ਕਵੀ ਸੁਖਾ ਸਿੰਘ ਗੁਰੂ-ਸੰਸਥਾ ਵਿਚਲੀ ਜੋਤਿ-ਜੁਗਤਿ ਦੀ ਨਿਰੰਤਰਤਾ ਬਾਰੇ ਦਸਦਾ ਹੈ ਕਿ ਸਾਰੇ ਗੁਰੂ ਸਾਹਿਬਾਨ 'ਆਦਿ ਗੁਰੂ ਨਾਨਕ' ਦਾ ਹੀ ਰੂਪ ਸਨ, ਜਿਨ੍ਹਾਂ ਵਿਚ ਇਕ ਰਤੀ ਜਿੰਨਾ ਵੀ ਅੰਤਰ ਨਹੀਂ ਸੀ:

*ਜੋ ਗੁਰ ਪੀਰ ਜਗਤ ਇਹ ਮਾਹੀ॥ ਸਰਬ ਆਦਿ ਨਾਨਕ ਗੁਰ ਆਹੀ॥*
*ਨਾਨਕ ਮਧਿ ਖੁਦਾਇ ਸੋ ਜਾਣੁ॥ ਰਤੀ ਨ ਅੰਤਰ ਦੁਤੈ ਪਛਾਣੁ॥...*
*ਤਾ ਤੈ ਅੰਗਦ ਅਮਰ ਸੁ ਭਯੋ॥ ਰਾਮਦਾਸ ਅਰਜਨ ਪੁਨ ਭਯੋ॥*
*ਤਾਸ ਜੁ ਪੌਤ੍ਰਾ ਯਾਹਿ ਭਣੀਜੈ॥ ਗੋਬਿੰਦ ਸਿੰਘ ਨਾਮ ਜਿਹ ਲੀਜੈ॥*[124]

ਗੁਰੂ-ਸੰਸਥਾ ਅਧੀਨ ਗੁਰੂ-ਜੋਤਿ ਦੀ ਏਕਤਾ ਦ੍ਰਿੜ ਕਰਵਾਉਂਦਾ ਸੁਖਾ ਸਿੰਘ ਕਹਿੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਜਗ੍ਹਾ ਉਤੇ ਉਨ੍ਹਾਂ ਦੇ ਹੀ ਰੂਪ ਗੁਰੂ ਗੋਬਿੰਦ ਸਿੰਘ ਜੀ ਬੈਠੇ ਸਨ:

*ਅਚੁਤ ਅਲਖ ਅਨੰਤ ਗੁਰ ਸ੍ਰੀ ਨਾਨਕ ਕਰਤਾਰ॥*
*ਤਾਕੀ ਸੁਭ ਮਸਨਦ ਪਰ ਗੋਬਿੰਦ ਸਿੰਘ ਅਵਤਾਰ॥*[125]

***ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*** ਵਿਚ ਕੇਸਰ ਸਿੰਘ ਛਿਬਰ ਨੇ ਗੁਰੂ-ਸੰਸਥਾ ਦੀ ਨਿਰੰਤਰਤਾ ਬਾਰੇ ਰੌਸ਼ਨੀ ਪਾਈ ਹੈ। ਛਿਬਰ ਅਨੁਸਾਰ ਪਰਮਾਤਮਾ ਤਾਂ ਕਿਸੇ ਨੇ ਨਹੀਂ ਦੇਖਿਆ, ਪਰੰਤੂ ਗੁਰੂ ਦੇ ਦਰਸ਼ਨ ਤਾਂ ਸਾਰਿਆਂ ਨੇ ਕੀਤੇ ਹਨ, ਜਿਹੜਾ (ਗੁਰੂ) ਆਪ 'ਪਰਮੇਸ਼ਰ' ਰੂਪ ਹੈ:

*ਪਰਮੇਸਰੁ ਤਾਂ ਨਹੀਂ ਦੇਖਣ ਵਿਚ ਆਇਆ॥*
*ਸਤਿਗੁਰ ਕਾ ਦਰਸਨ ਸਭਨੋ ਪਾਇਆ॥*
*ਸਤਿਗੁਰੂ ਤੇ ਪਰਮੇਸਰੁ ਜਾਪੇ॥*
*ਪਰਮੇਸਰੁ ਸਤਿਗੁਰ ਆਪੇ ਥਾਪੇ॥*[126]

ਛਿਬਰ ਗੁਰਿਆਈ ਦੇ ਅਧਿਕਾਰੀ ਤੇ ਗੁਰੂ-ਸੰਸਥਾ ਦੀ ਬੁਨਿਆਦੀ ਕੜੀ 'ਗੁਰੂ-ਜੋਤਿ ਦੀ ਨਿਰੰਤਰਤਾ ਤੇ ਏਕਤਾ' ਦੀ ਪੁਸ਼ਟੀ ਕਰਦਾ ਹੈ:

---

[124] ਸੁਖਾ ਸਿੰਘ, *ਗੁਰਬਿਲਾਸ ਪਾ: ੧੦*, ਅਧਿਆਇ/ਬੰਦ/ਪੰਨਾ – ੧੬/੫੧-੪/੨੩੮-੩੯.
[125] *ਉਹੀ*, ੨੨/੧੮੭/੩੪੯.
[126] *ਬੰਸਾਵਲੀਨਾਮਾ*, ਚਰਣ/ਬੰਦ/ਪੰਨਾ – ੧੦/੨੬੫/੯੩.

*ਨਾ ਏਹ ਜਨਮੁ ਐਸਾ ਹਥ ਆਵੇਗਾ॥*

*ਅਤੇ ਨਾ ਐਸਾ ਗੁਰੂ ਬਾਬਾ ਨਾਨਕ ਜੇਹਾ ਪਾਵੇਗਾ॥*

*ਦਸ ਅਵਤਾਰ ਇਕੋ ਜੋਤਿ ਸਮਾਈ॥*

*ਨਾਮ ਭਿੰਨ ਭਿੰਨ ਵਸਤ ਇਕੋ ਕਹਾਈ॥*[127]

ਗੁਰਿਆਈ ਜਾਂ ਜੋਤਿ ਦਾ ਰਹਸ ਭਾਵੇਂ ਆਮ ਲੋਕਾਂ ਦੀ ਸਮਝ ਵਿਚ ਨਹੀਂ ਆਇਆ, ਪਰ 'ਸੰਤ' ਲੋਕਾਂ ਨੇ 'ਗੁਰੂ' ਨੂੰ 'ਮਾਨਸ' ਨਹੀਂ ਸਮਝਿਆ, ਸਗੋਂ ਦਸਾਂ ਜਾਮਿਆਂ ਵਿਚ ਹੀ ਬਾਬੇ ਨਾਨਕ ਨੂੰ ਜਾਣਿਆ ਹੈ:

*ਅਨੇਕ ਨਾਮ ਬਾਬੇ ਕੇ ਹੈਂ ਭਏ॥*

*ਧਰਤੀ ਧਰਤੀ ਮੋ ਇਸੀ ਕਾ ਨਾਮੁ ਲਏ॥*

*ਬੁਧਿ ਹੀਨ ਮਾਨੁਖੁ ਇਸ ਕੋ ਮਾਨਸੁ ਜਾਣੇ॥*

*ਏਹ ਕਰਨ ਕਾਰਨ ਕੀ ਹੈ ਅੰਸੁ ਕੋਈ ਸੰਤੁ ਪਛਾਣੇ॥*

*ਏਹ ਦਸ ਜਾਮੇ ਬਾਬੇ ਹੀ ਹੈ ਧਾਰੇ॥*

*ਯਹਿ ਦਸੇ ਮਹਿਲ ਨਹੀਂ ਬਾਬੇ ਤੇ ਨਿਆਰੇ॥*

*ਦਸੇ ਸਾਹਿਬ ਇਕੁ ਬਾਬਾ ਕਰਿ ਜਾਨੋ॥*

*ਮਾਨਸੁ ਰੂਪ ਨ ਦਸਾਂ ਕੋ ਮਾਨੋ॥*

*ਮਾਨਸੁ ਜਾਮੇ ਮੋ ਬਾਬਾ ਹੈ ਆਇਆ॥*

*ਪਰ ਸੰਤਾ ਇਸ ਨੂੰ ਮਾਨਸੁ ਕਰਿ ਨਹੀਂ ਠਹਿਰਾਇਆ॥*

*ਹੈ ਅਨਾਦਿ ਆਦਿ ਤੇ ਪਰੇ॥*

*ਕਲਜੁਗ ਮੈ ਦਸ ਜਾਮੇ ਹੈਨ ਬਾਬੇ ਸਾਹਿਬ ਜੀ ਧਰੇ॥*[128]

---

[127] *ਬੰਸਾਵਲੀਨਾਮਾ*, ਚਰਣ/ਬੰਦ/ਪੰਨਾ – ੧/੧੧੩/੯ ; ਹੋਰ ਵੇਖੋ: ੩/੧/੨੪; ੧੦/੬੪੮/੧੧੯; ੧੦/੬੬੩/੧੨੦; ੧੦/੭੩੦/੧੨੪.

[128] *ਉਹੀ,* ੧/੪੮–੫੦/੬.

ਛਿਬਰ ਅਨੁਸਾਰ 'ਜੋਤਿ' ਦੀ ਨਿਰੰਤਰਤਾ, ਸਰੀਰਾਂ ਦੀ ਖੇਡ ਨਹੀਂ, ਇਹ ਆਤਮਿਕ ਖੇਡ ਹੈ, ਜਿਸ ਨੂੰ ਛਿਬਰ 'ਦੀਵੇ ਤੋਂ ਦੀਵਾ ਬਲਣ' ਦੇ ਰੂਪਕ ਅਲੰਕਾਰ ਵਜੋਂ ਪੇਸ਼ ਕਰਦਾ ਹੈ:

*ਸਭ ਬਾਬੇ ਨਾਨਕ ਜੀ ਦੀ ਵਡਿਆਈ।*
*ਜਿਸ ਦੀ ਬਰਕਤ ਚਲੀ ਹੀ ਆਈ।*
*ਜਿਉ ਦੀਵੇ ਨਾਲੋਂ ਦੀਵਾ ਰੋਸਨ ਜਾਨੋ।*
*ਪਿਛੋਂ ਭੀ ਪੂਰਨ ਅਗੇ ਪੂਰਨ ਮਾਨੋ।*[129]

***ਮਹਿਮਾ ਪ੍ਰਕਾਸ਼* (ਕਵਿਤਾ)** ਦੇ ਕਰਤੇ ਅਨੁਸਾਰ 'ਹਰਿ-ਸੰਤ' ਨੇ ਦਸ ਗੁਰੂ ਸਾਹਿਬਾਨ ਦੇ ਰੂਪ ਵਿਚ ਵਰਤ ਕੇ ਜਗਤ ਅੰਦਰ ਭਗਤੀ ਦਾ ਪ੍ਰਚਾਰ ਕੀਤਾ:

*ਹੋ ਹਰਿ ਸੰਤ ਸਤਿਗੁਰ ਪੁਰਖ ਕੀਜੈ ਜਗ ਭਗਤ ਪ੍ਰਚਾਰ॥*
*ਦਸ ਸਰੂਪ ਦਸ ਨਾਮ ਧਰ ਕਰ ਹੋ ਜਗਤ ਉਧਾਰ॥*[130]

ਜਦੋਂ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਜੀ ਨੂੰ ਗੁਰਿਆਈ ਦਿੰਦੇ ਹਨ ਤਾਂ ਉਨ੍ਹਾਂ ਵਿਚ ਆਪਣੀ ਜੋਤਿ ਟਿਕਾ ਕੇ, 'ਅੰਗ' ਨਾਲ ਲਾ ਕੇ 'ਅੰਗਦ' ਬਣਾ ਦਿੰਦੇ ਹਨ।[131] ਗੁਰੂ ਅੰਗਦ, ਗੁਰੂ ਨਾਨਕ ਦਾ ਨਿਜ-ਰੂਪ ਹੀ ਹੈ।[132] ਕਰਤਾ ਅਨੁਸਾਰ ਗੁਰੂ-ਜੋਤਿ ਦੀ ਨਿਰੰਤਰਤਾ ਇਸ ਤਰ੍ਹਾਂ ਪ੍ਰਵਾਹਿਤ ਹੁੰਦੀ ਹੈ, ਜਿਵੇਂ ਦੀਵੇ ਤੋਂ ਦੀਵਾ ਬਲਦਾ ਹੈ:

*ਗੁਰ ਨਾਨਕ ਰੂਪ ਧਰਿਓ ਬਨਵਾਰੀ॥*
*ਜਗ ਭਗਤ ਨੀਵ ਧਰ ਕੀਓ ਪਾਰੀ॥*
*ਗੁਰ ਅੰਗਦ ਰੂਪ ਧਰਿ ਕੀਓ ਹੁਲਾਸਾ॥*
*ਜਿਮ ਦੀਪਕ ਸੌ ਦੀਪ ਪ੍ਰਕਾਸਾ॥*[133]

'ਜੋਤਿ ਨਿਰੰਤਰਤਾ' ਦੀ ਕਥਾ ਅਦਭੁਤ ਹੈ, ਇਹ ਕਥਨ ਵਿਚ ਨਹੀਂ:

---

129 *ਬੰਸਾਵਲੀਨਾਮਾ,* ਚਰਣ/ਬੰਦ/ਪੰਨਾ - ੩/੯੭/੨੯.
130 *ਮਹਿਮਾ ਪ੍ਰਕਾਸ਼* (ਭਾਗ ਪਹਿਲਾ), ਸਾਖੀ/ਬੰਦ/ਪੰਨਾ - ੨/੧੧/੭੦.
131 *ਅਬ ਤੂੰ ਮੇਰੇ ਅੰਗ ਤੇ ਭਇਆ। ਤੁਮ ਲਹਨਾ ਮੈ ਦੇਨ ਦਇਆ॥*
*ਅਬ ਗੁਰੂ ਅੰਗਤ ਜਗ ਨਾਮੁ ਤੁਮਾਰਾ॥...ਉਹੀ,* ੫੯/੩੦-੧/੪੧੨.
132 *ਗੁਰੂ ਅੰਗਤ ਮੇਰੇ ਨਿਜ ਰੂਪ॥...ਉਹੀ,* ੬੪/੩/੪੨੯.
133 *ਉਹੀ,* (ਭਾਗ ਦੂਜਾ, ਖੰਡ 1), ਸਾਖੀ/ਬੰਦ/ਪੰਨਾ - ੨/੨/੭੯.

*ਹੇ ਪੁਰਖਾ ਤੁਮ ਮਮ ਭੇਦ ਨਹ ਤੂੰ ਮੇਰੋ ਨਿਜ ਰੂਪ॥*
*ਤੁਮ ਮੇਰੇ ਹੀਅਰੇ ਬਸੋ ਅਦਭੁਤ ਕਥਾ ਅਨੂਪ॥*[134]

ਇਹ ਜੋਤਿ ਨਿਰੰਤਰਤਾ ਦੀ ਲੜੀ ਅਗੇ ਚਲਦੀ ਰਹਿੰਦੀ ਹੈ, ਜਿਸ ਅਧੀਨ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਇਹੀ ਮਿਸ਼ਨ ਹਿਤ ਥਾਪਿਆ:

*ਰਵਿ ਗਿਆਨ ਪ੍ਰਕਾਸ ਮੁਖਾਰਬਿੰਦ ਸਤ-ਬਾਨੀ ਕਿਰਨ ਉਚਾਰਨ ਕਉ॥*
*ਸ੍ਰੀ ਰਾਮਦਾਸ ਗੁਰ ਅਮਰ ਥਾਪਿਓ ਬੋਹਥ ਭਵ ਪਾਰ ਉਤਾਰਨ ਕਉ॥*[135]

***ਸ੍ਰੀ ਗੁਰ ਪੰਥ ਪ੍ਰਕਾਸ਼*** ਦਾ ਕਰਤਾ ਰਤਨ ਸਿੰਘ ਭੰਗੂ ਗੁਰੂ-ਸੰਸਥਾ ਦੇ ਸਿਧਾਂਤ ਨੂੰ ਦੈਵੀ ਰਹਸ ਨਾਲ ਜੋੜਦਾ ਹੈ। ਸੰਸਾਰ ਨੇ ਜਿਵੇਂ ਗੁਰੂ ਨਾਨਕ ਦੇਵ ਜੀ ਨੂੰ ਸਮਝਿਆ, ਤਿਵੇਂ ਹੀ ਬਾਕੀ ਗੁਰੂ ਸਾਹਿਬਾਨ ਨੂੰ ਵੀ ਜਾਣਿਆ:

*ਗੁਰ ਨਾਨਕ ਪਾਛੈ ਅੰਗਦ ਭਯੋ॥... ਅੰਗਦ ਤੇ ਗੁਰ ਭਯੋ ਅਮਰਦਾਸ॥...*
*ਪੁਨ ਰਾਮਦਾਸ ਪੂਰਣ ਮਤ ਠਈ॥...ਸ੍ਰੀ ਅਰਜਨ ਸ੍ਰੀ ਗ੍ਰੰਥ ਰਚਾਯੋ॥...*
*ਜਿਮ ਦੀਪਕ ਤੇ ਦੀਪਕ ਜਾਗੈ॥ ਤਿਉਂ ਗੁਰ ਤੇ ਗੁਰ ਹੋਤ ਭਏ ਆਗੈ॥*[136]

ਗੁਰੂ ਨਾਨਕ ਦੇਵ ਜੀ ਦੁਆਰਾ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੇਣ ਸਮੇਂ ਦਿਤੀ ਸਿਖਿਆ ਕਿਵੇਂ ਦਸਵੇਂ ਪਾਤਿਸ਼ਾਹ ਤਕ ਨਿਰੰਤਰ ਦਿਤੀ ਜਾਂਦੀ ਰਹੀ, ਇਸ ਬਾਰੇ ਭੰਗੂ ਸਪਸ਼ਟ ਵਰਨਣ ਕਰਦਾ ਹੈ:

*...ਸ੍ਰੀ ਗੁਰ ਅੰਗਦ ਕੋ ਕਹਿ ਗਏ॥ ਅੰਗਦ ਜੀ ਅਮਰਦਾਸ ਸਮਝਏ॥*
*ਅਮਰਦਾਸ ਰਾਮਦਾਸੈ ਕਹਯੋ॥ ਸ੍ਰੀ ਅਰਜਨ ਸਿਰ ਊਪਰ ਸਹਯੋ॥*
*ਹਰਿ ਗੋਬਿੰਦ ਔ ਸ੍ਰੀ ਹਰਿ ਰਾਇ॥ ਬਨੀ ਨ ਬਿਧ ਵਹਿ ਰਹੇ ਤਕਾਇ॥*
*ਹਰੀ ਕ੍ਰਿਸ਼ਨ ਫੜੇ ਦਿਲੀ ਗਏ॥...*
*ਸ੍ਰੀ ਗੁਰ ਤੇਗ ਬਹਾਦਰ ਸਿਰ ਧਰੇ ਗੁਰ ਨਾਨਕ ਬਚਨ ਬਿਚਾਰ॥...*
*ਤਿਮ ਸਤਿਗੁਰ ਗੋਬਿੰਦ ਸਿੰਘ ਸੂਰੇ॥ ਬਚਨ ਕੀਏ ਗੁਰ ਨਾਨਕ ਪੂਰੇ॥*[137]

---

[134] *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ 1), ਸਾਖੀ/ਬੰਦ/ਪੰਨਾ - ੧੫/੬/੧੩੭.
[135] *ਉਹੀ,* ੧/੭/੨੭੯.
[136] *ਸ੍ਰੀ ਗੁਰ ਪੰਥ ਪ੍ਰਕਾਸ਼,* ਸਾਖੀ/ਬੰਦ/ਪੰਨਾ - ੧੨/੮/੨੩.
[137] *ਉਹੀ,* ੧੦੨/੩੯-੪੨/੨੫੮.

***ਪ੍ਰੇਮ ਸੁਮਾਰਗ ਗ੍ਰੰਥ*** ਵਿਚ ਵੀ ਸਪਸ਼ਟ ਜ਼ਿਕਰ ਕੀਤਾ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਗਤ ਉਧਾਰਨ ਲਈ ਦਸ ਜਾਮੇ ਧਾਰਨ ਕੀਤੇ:

*...ਅਰੁ ਗੁਰੂ ਨੇ ਜੋ ਦਸ ਜਾਮੇ ਪੈਧੇ ਸੇ ਸੋ ਉਧਾਰਨੇ ਦੇ ਵਾਸਤੇ।...*[138]

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*** ਵਿਚ ਕਵਿ ਸੰਤੋਖ ਸਿੰਘ ਜੀ ਦਸ ਗੁਰ ਬੰਸਾਵਲੀ ਬਿਆਨ ਕਰਦੇ ਹੋਏ ਇਕ ਜੋਤਿ ਦਸਦੇ ਹਨ:

*ਚਰਨ ਸਰਨ ਤਮ ਹਰਨ ਕਰਨ ਮੰਗਲ ਗੁਰ ਨਾਨਕ॥*
*ਕਰਤਿ ਅੰਗ ਪਰਲੋਕ ਲੋਕ ਅੰਗਦ ਉਰ ਆਨਕ॥*
*ਅਮਰ ਕਰਤਿ ਗੁਰ ਅਮਰਦਾਸ ਹਿਤ ਰਾਮਦਾਸ ਧਰ॥*
*ਅਰਜਨ ਹਰਿਗੋਬਿੰਦ ਨਾਮ ਅਰਿ ਨਾਸਨ ਦੁਖ ਹਰਿ॥*
*ਪੁਨ ਨਾਮ ਜਪੋ ਹਰਿ ਰਾਇ ਕੋ ਹਰੀ ਕ੍ਰਿਸ਼ਨ ਕਲਮਲ ਹਰਨ॥*
*ਜੈ ਤੇਗ ਬਹਾਦਰ ਨਾਮ ਰਟ ਗੋਬਿੰਦ ਸਿੰਘ ਤਾਰਨ ਤਰਨ॥*[139]

ਗੁਰੂ-ਸੰਸਥਾ ਅਧੀਨ ਗੁਰੂ ਸਾਹਿਬਾਨ ਨੂੰ ਇਕ ਜੋਤਿ ਸਮਝਦੇ ਹੋਏ ਕਰਤਾ ਇਉਂ ਮੰਗਲ ਕਰਦਾ ਹੈ:

*ਸ੍ਰੀ ਨਾਨਕ ਪਦ ਪੰਕਜ ਬੰਦਨ॥ ਸਿਮਰੋ ਅੰਗਦ ਦੋਖ ਨਿਕੰਦਨ॥*
*ਅਮਰਦਾਸ ਗੁਰ ਹਿਰਦੇ ਧਯਾਵੌਂ॥ ਸ੍ਰੀ ਗੁਰ ਰਾਮਦਾਸ ਗੁਨ ਗਾਵੌਂ॥*
*ਸ੍ਰੀ ਅਰਜਨ ਬਿਘਨਨਿ ਕੇ ਨਾਸਕ॥ ਹਰਿਗੁਬਿੰਦ ਸੁਭ ਸੁਮਤਿ ਪ੍ਰਕਾਸਕ॥*
*ਸ੍ਰੀ ਹਰਿਰਾਇ ਨਮੋ ਕਰ ਜੋਰੀ॥ ਗੁਰੁ ਹਰਿਕ੍ਰਿਸਨ ਮਨਾਇ ਬਹੋਰੀ॥*
*ਤੇਗ ਬਹਾਦਰ ਪਰਮ ਕ੍ਰਿਪਾਲਾ॥ ਸ੍ਰੀ ਗੁਰੁ ਗੋਬਿੰਦ ਸਿੰਘ ਬਿਸਾਲਾ॥...*[140]

ਸੰਤੋਖ ਸਿੰਘ ਅਨੁਸਾਰ ਇਕ ਗੁਰੂ ਤੋਂ ਦੂਜੇ ਗੁਰੂ ਸਾਹਿਬ ਵਿਚ 'ਜੋਤਿ' ਇਸ ਤਰ੍ਹਾਂ ਬਦਲਦੀ ਸੀ ਜਿਵੇਂ ਇਕ ਰਾਜਾ ਆਪਣੀ ਪੋਸ਼ਾਕ ਬਦਲ ਕੇ ਦੂਜੀ ਸਭਾ ਵਿਚ ਆ ਕੇ ਬਿਰਾਜਮਾਨ ਹੋ ਜਾਂਦਾ ਹੈ:

*ਵਿਚ ਕਰਤਾਰਪੁਰੇ ਜਗਰਾਈ॥ ਸ੍ਰੀ ਅੰਗਦ ਕੋ ਦੀਨਿ ਬਡਾਈ॥*
*ਆਪਨ ਕੀਨ ਸਚਖੰਡ ਪਯਾਨਾ॥ ਜੋਤਿ ਰੂਪ ਬਿਬ ਤਨ ਲਪਟਾਨਾ॥*
*ਜਿਉ ਅਧਿਪਤਿ ਇਕ ਪੋਸ਼ਿਸ਼ ਤਜਿਕੈ॥ ਬੈਸਹਿ ਸਭਾ ਦੁਤਿਯ ਤਨ ਸਜਿਕੈ॥...*[141]

---

[138] *ਪ੍ਰੇਮ ਸੁਮਾਰਗ ਗ੍ਰੰਥ*, ਪੰਨਾ 1.
[139] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪਹਿਲੀ), ਪੰਨਾ ੧੭੧.
[140] *ਉਹੀ,* (ਜਿਲਦ ਚੌਥੀ, ਉਤਰਾਰਧ), ਅਧਯਾਯ/ਪੰਨਾ - ਪ੭/੧੨ਪ੬.
[141] *ਉਹੀ,* (ਜਿਲਦ ਦੂਜੀ, ਪੂਰਬਾਰਧ), ੨/੧੩੪.

***ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼*** ਵਿਚ ਗੁਰੂ–ਜੋਤਿ ਦੀ ਏਕਤਾ ਦ੍ਰਿੜ ਕਰਵਾਈ ਗਈ ਹੈ:

*ਗੁਰੂ ਨਾਨਕ ਅੰਗਦ ਗੁਰੂ ਅਮਰਦਾਸ ਭਲ ਤੇਜ॥*
*ਰਾਮਦਾਸ ਗੁਰੁ ਅਰਜਨ ਹਰਿ ਗੋਬਿੰਦ ਸੁਨ ਰੇਜ॥*
*ਗੁਰੁ ਹਰਿ ਰਾਇ ਹਰਿ ਕ੍ਰਿਸ਼ਨ ਗੁਰੂ ਤੇਗ ਬਹਾਦਰ॥*
*ਤਾ ਕਾ ਸੁਤ ਦਸਵਾ ਗੁਰੂ ਹੋਹਿ ਦਿਖਾਵਾ ਰੂਪ॥*[142]

***ਗੁਰਕੀਰਤ ਪ੍ਰਕਾਸ਼*** ਦਾ ਕਰਤਾ ਗ੍ਰੰਥ ਲਿਖਣ ਲਗਿਆਂ ਦਸ ਗੁਰੂ ਸਾਹਿਬਾਨ ਨੂੰ ਇਕ ਰੂਪ ਜਾਣ ਕੇ ਉਨ੍ਹਾਂ ਦਾ ਮੰਗਲ ਕਰਦਾ ਹੈ:

*ਨਾਨਕ ਅੰਗਦ ਹੇ ਅਮਰਾ ਗੁਰ ਗ੍ਰਿੰਥੁ ਰਚੋ ਤੁਮਰੇ ਭਰਵਾਸੇ॥*
*ਰਾਮ ਗੁਰੂ ਗੁਰ ਅਰਜਨ ਜੂ ਹਰਿਗੋਬਿੰਦ ਹੇ ਹਰਿ ਰਾ ਸੁਖਰਾਸੇ॥*
*ਸ੍ਰੀ ਹਰਿ ਕ੍ਰਿਸ਼ਨ ਜੂ ਤੇਗ ਬਹਾਦਰ ਗੋਬਿੰਦ ਸਿੰਘ ਕਟੇ ਦੁਖ ਫਾਸੇ॥...*[143]

***ਸ੍ਰੀ ਸਰਬਲੋਹ ਗ੍ਰੰਥ*** ਵਿਚ ਗੁਰੂ–ਸੰਸਥਾ ਦੇ ਪ੍ਰਸੰਗ ਵਿਚ ਬਾਖੂਬ ਵਿਆਖਿਆ ਮਿਲਦੀ ਹੈ, ਜਿਸ ਅਨੁਸਾਰ ਗੁਰੂ ਅਤੇ ਪਰਮਾਤਮਾ ਵਿਚ ਕੋਈ ਫਰਕ ਨਹੀਂ:

*ਗੁਰ ਗੋਬਿੰਦ ਏਕ ਕਰਿ ਜਾਨੋ॥ ਇਕ ਜੋਤਿ ਦੋਇ ਰੂਪ ਬਖਾਨੋ॥*[144]

ਕਰਤਾ ਅਵਤਾਰੀ ਖਿਆਲ ਅਧੀਨ ਗੁਰੂ ਨਾਨਕ ਦੇਵ ਜੀ ਦੇ ਆਗਮਨ ਦਾ ਚਿਤ੍ਰਣ ਕਰਦਾ ਹੈ:

*ਸ੍ਰੀ ਗੁਰੂ ਨਾਨਕ ਆਪ ਪਰਮੇਸ੍ਵਰ ਅਵਤਾਰ ਲਿਯੋ ਸੁਭ ਵੰਸ ਪ੍ਰਧਾਨਾ॥*[145]

ਗੁਰੂ–ਜੋਤਿ ਦੀ ਏਕਤਾ ਦ੍ਰਿੜ ਕਰਵਾਉਂਦਾ ਹੋਇਆ ਕਰਤਾ ਗੁਰੂ ਸਾਹਿਬਾਨ ਦਾ ਮੰਗਲ ਕਰਦਾ ਹੈ:

*ਕਰਨਧਾਰ ਸਦਿ ਗੁਰ ਰਾਮ ਕਹਿਯਤਿ ਸ੍ਰੀ ਨਾਨਕ ਗੁਰਿ ਅੰਗਦ ਧਾਰੇ॥*
*ਅਮਰਦਾਸ ਪੂਰੋ ਪੁਰਸ਼ੋਤਮ ਸਤਿਸੰਗਤਿ ਦੈ ਪਾਰ ਉਤਾਰੇ॥*
*ਰਾਮਦਾਸ ਗੁਰੂ ਅਚਲ ਅਮਰ ਨਿਤਿ ਸੁਧਾ ਸਰੋਵਰ ਰੂਪ ਸੁਧਾਰੇ॥*
*ਅਰਜੁਨ ਸਬਦਿ ਜਹਾਜ ਗੁਰੂ ਪਦ ਪੰਕਜ ਸਭਿ ਸ੍ਰਿਸ਼੍ਰਿ ਉਧਾਰੇ॥*

---

[142] *ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼,* ਪੰਨਾ ‘xxxvii’; ਹੋਰ ਵੇਖੋ : ਪੰਨੇ ੧੨; ੨੫੭; ੩੫੪.
[143] *ਗੁਰਕੀਰਤ ਪ੍ਰਕਾਸ਼,* ਪੰਨਾ 47.
[144] *ਸ੍ਰੀ ਸਰਬਲੋਹ ਗ੍ਰੰਥ* (ਭਾਗ ਦੂਜਾ), ਪੰਨਾ ੪੯੩.
[145] *ਉਹੀ,* ਪੰਨਾ ੪੯੯.

*ਹਰਿ ਗੋਬਿੰਦ ਹਰਿ ਰਾਇ ਗੁਰੂ ਹਰਿ ਕ੍ਰਿਸ਼ਨ ਨਿਰੰਜਨ ਅਪਰ ਅਪਾਰੇ॥*
*ਤੇਗ ਬਹਾਦਰ ਪੁਨਯ-ਸਰੂਪਾ ਸਤਿ-ਸਰੂਪ ਅਖੰਡ ਅਜਯ॥*
*ਜੁਗਿ ਜੁਗਿ ਤਾਰ ਲਿਯੋ ਤ੍ਰੈਲੋਕੰ ਅਸੁਰ ਛਲੈ ਪ੍ਰਭ ਨਿਤਯ ਅਬਯ॥*
*ਭਯੋ ਨਿਸਤਾਰ ਤ੍ਰਾਸ ਅਸੁਰਨ ਤੇ ਉਧਾਰ ਕਯੋ ਗੁਰਿ ਜਗਤ ਸਬਯ॥*
*ਸ਼ਾਹ ਗੋਬਿੰਦ ਫਤਹ ਸਤਿਗੁਰੁ ਕੀ ਵਾਹਿਗੁਰੂ ਸਚ ਮੰਤ੍ਰ ਅਖਯ॥*[146]

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰੂ-ਸੰਸਥਾ ਮੂਲ ਰੂਪ ਵਿਚ ਦੈਵੀ ਵਰਤਾਰਾ ਹੈ, ਜਿਸ ਦੀ ਭਰਪੂਰ ਵਿਆਖਿਆ ਗੁਰਬਾਣੀ ਵਿਚ ਕੀਤੀ ਗਈ ਹੈ। ਇਸ ਸੰਦਰਭ ਵਿਚ ਰਾਇ ਬਲਵੰਡਿ ਅਤੇ ਭਾਈ ਸਤਾ ਡੂਮਿ ਦੁਆਰਾ ਉਚਾਰੀ *ਰਾਮਕਲੀ ਕੀ ਵਾਰ* ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਇਸ ਤੋਂ ਬਿਨਾਂ ਭਟ ਸਾਹਿਬਾਨ ਨੇ ਗੁਰੂ-ਸੰਸਥਾ ਦੀ ਜੁਗਤਿ ਪਛਾਣਦੇ ਹੋਏ ਸਾਰੇ ਗੁਰੂ ਸਾਹਿਬਾਨ ਵਿਚ ਇਕ ਜੋਤਿ ਦਾ ਵਾਸਾ ਅਨੁਭਵ ਕੀਤਾ ਹੈ। ਗੁਰੂ ਸਾਹਿਬਾਨ ਦੇ ਸਮਕਾਲੀ ਸਿੱਖ ਭਾਈ ਗੁਰਦਾਸ ਤੇ ਭਾਈ ਨੰਦ ਲਾਲ ਜੀ ਨੇ ਵੀ ਗੁਰੂ ਸ਼ਰਨ ਵਿਚ ਰਹਿੰਦੇ ਹੋਏ ਇਸ ਦੈਵੀ ਵਰਤਾਰੇ ਨੂੰ ਜਾਣਿਆ ਤੇ ਮਾਣਿਆ, ਜਿਸ ਕਾਰਨ ਉਨ੍ਹਾਂ ਨੇ ਗੁਰੂ-ਸੰਸਥਾ ਵਿਚ ਵਿਦਮਾਨ ਗੁਰੂ-ਜੋਤਿ ਦੀ ਏਕਤਾ ਬਾ-ਖ਼ੂਬੀ ਦ੍ਰਿੜ ਕਰਵਾਈ ਹੈ। 17-19ਵੀਂ ਸਦੀ ਦੌਰਾਨ ਰਚਿਆ ਵਡਮੁਲਾ ਸਿੱਖ ਸਾਹਿਤ ਵੀ ਇਸ ਵਰਤਾਰੇ ਤੋਂ ਅਭਿਜ ਨਾ ਰਹਿ ਸਕਿਆ। ਇਸ ਸਾਹਿਤ ਨੇ ਗੁਰੂ-ਜੋਤਿ ਦੀ ਨਿਰੰਤਰਤਾ ਦੇਖਦੇ ਹੋਏ, ਇਸ ਨੂੰ ਬੜੀ ਸ਼ਿਦਤ ਨਾਲ ਪੇਸ਼ ਕੀਤਾ ਹੈ। ਖ਼ੂਬਸੂਰਤੀ ਦੀ ਗਲ ਇਹ ਹੈ ਕਿ ਗੁਰੂ-ਸੰਸਥਾ ਦਾ ਸਿਧਾਂਤਕ ਪਹਿਲੂ ਪੇਸ਼ ਕਰਦੇ ਹੋਏ ਸਿੱਖ ਸਾਹਿਤ ਨੇ ਲਗਪਗ ਇਕੋ ਜਿਹੇ ਰੂਪਕ ਵਰਤ ਕੇ ਗੁਰੂ-ਸੰਸਥਾ ਦੇ ਰਹਸਮਈ ਵਰਤਾਰੇ ਨੂੰ ਬਿਆਨ ਕੀਤਾ ਹੈ।

ਗੁਰੂ-ਸੰਸਥਾ ਦਾ ਪ੍ਰਗਟਾਵਾ ਕਾਲ ਦੇ ਇਕ ਵਿਸ਼ੇਸ਼ ਖੰਡ ਵਿਚ ਇਤਿਹਾਸਕ ਤੌਰ 'ਤੇ ਦਸ ਗੁਰੂ ਸਾਹਿਬਾਨ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ, ਜਿਸ ਦਾ ਵਰਨਣ ਅਸੀਂ ਅਗਲੇ ਅਧਿਆਇ ਵਿਚ ਕਰਨ ਜਾ ਰਹੇ ਹਾਂ।

---

146 *ਸ੍ਰੀ ਸਰਬਲੋਹ ਗ੍ਰੰਥ* (ਭਾਗ ਦੂਜਾ), ਪੰਨਾ ੪੮੬.

# ਅਧਿਆਇ ਚੌਥਾ
# ਗੁਰੂ-ਸੰਸਥਾ: ਇਤਿਹਾਸਕ ਪਰਿਪੇਖ


**ਗੁਰੂ-ਸੰਸਥਾ: ਇਤਿਹਾਸਕ ਪਰਿਪੇਖ** - 98-155

**4.1 ਗੁਰੂ ਨਾਨਕ ਦੇਵ ਜੀ** - 100-09

4.1.1 ਸੰਗਤ

4.1.2 ਧਰਮਸਾਲ

4.1.3 ਲੰਗਰ

**4.2 ਦੂਜੀ ਨਾਨਕ-ਜੋਤਿ: ਗੁਰੂ ਅੰਗਦ ਦੇਵ ਜੀ** - 109-16

4.2.1 ਗੁਰਮੁਖੀ ਲਿਪੀ

**4.3 ਤੀਜੀ ਨਾਨਕ-ਜੋਤਿ: ਗੁਰੂ ਅਮਰ ਦਾਸ ਜੀ** - 116-22

4.3.1 ਮੰਜੀ ਸੰਸਥਾ

4.3.2 ਬਾਉਲੀ ਦਾ ਨਿਰਮਾਣ

**4.4 ਚੌਥੀ ਨਾਨਕ-ਜੋਤਿ: ਗੁਰੂ ਰਾਮ ਦਾਸ ਜੀ** - 122-25

4.4.1 ਅੰਮ੍ਰਿਤ ਸਰੋਵਰ

4.4.2 ਅੰਮ੍ਰਿਤਸਰ ਨਗਰ

**4.5 ਪੰਜਵੀਂ ਨਾਨਕ-ਜੋਤਿ: ਗੁਰੂ ਅਰਜਨ ਦੇਵ ਜੀ** - 125-35

4.5.1 ਮਸੰਦ ਪ੍ਰਥਾ

4.5.2 ਅੰਮ੍ਰਿਤਸਰ ਸਰੋਵਰ

4.5.3 ਹਰਿਮੰਦਰ ਸਾਹਿਬ

4.5.4 ਆਦਿ ਗ੍ਰੰਥ ਸੰਪਾਦਨਾ

4.5.5 ਸ਼ਹਾਦਤ

**4.6 ਛੇਵੀਂ ਨਾਨਕ-ਜੋਤਿ: ਗੁਰੂ ਹਰਿਗੋਬਿੰਦ ਜੀ** - 136-42

4.6.1 ਮੀਰੀ-ਪੀਰੀ

4.6.2 ਅਕਾਲ ਤਖਤ ਦੀ ਸਿਰਜਣਾ

4.6.3 ਜੰਗਾਂ

**4.7 ਸਤਵੀਂ ਨਾਨਕ-ਜੋਤਿ: ਗੁਰੂ ਹਰਿਰਾਇ ਜੀ** - 142-45

4.7.1 ਲੰਗਰ ਪ੍ਰਬੰਧ

4.7.2 ਫੁਟਕਲ

**4.8 ਅਠਵੀਂ ਨਾਨਕ-ਜੋਤਿ: ਗੁਰੂ ਹਰਿ ਕ੍ਰਿਸ਼ਨ ਜੀ** - 145-47

4.8.1 ਗੁਰਿਆਈ ਭੇਦ

**4.9 ਨੌਵੀਂ ਨਾਨਕ-ਜੋਤਿ: ਗੁਰੂ ਤੇਗ ਬਹਾਦਰ ਜੀ** - 147-49

4.9.1 ਗੁਰੂ-ਪਛਾਣ

4.9.2 ਸ਼ਹਾਦਤ

**4.10 ਦਸਵੀਂ ਨਾਨਕ-ਜੋਤਿ: ਗੁਰੂ ਗੋਬਿੰਦ ਸਿੰਘ ਜੀ** - 149-55

4.10.1 ਜੰਗਾਂ

4.10.2 ਖਾਲਸਾ ਸਿਰਜਣਾ

ਇਤਿਹਾਸ ਮਨੁਖੀ ਗਿਆਨ ਦੀ ਇਕ ਅਜਿਹੀ ਸ਼ਾਖਾ ਹੈ, ਜਿਸ ਵਿਚ ਘਟਨਾਵਾਂ ਨੂੰ ਕਾਲ ਦੀ ਨਿਰੰਤਰਤਾ ਵਿਚ ਰਖ ਕੇ ਸਮਝਿਆ ਜਾਂਦਾ ਹੈ। ਇਸ ਸੰਬੰਧ ਵਿਚ ਦਸ ਗੁਰੂ ਸਾਹਿਬਾਨ ਦੇ ਇਕ ਵਿਸ਼ੇਸ਼ ਸਮੇਂ (1469 ਤੋਂ 1708 ਈ.) ਦੌਰਾਨ ਹੋਏ ਆਗਮਨ ਨਾਲ ਇਕ ਨਵਾਂ ਅਧਿਆਇ ਸ਼ੁਰੂ ਹੁੰਦਾ ਹੈ। ਦਸ ਗੁਰੂ ਸਾਹਿਬਾਨ ਦਾ ਇਤਿਹਾਸ ਵਿਚ ਵਰਤਿਆ ਦੈਵੀ ਵਰਤਾਰਾ ਇਕ ਸੰਸਥਾਈ ਰੂਪ ਧਾਰਦਾ ਹੈ, ਜਿਸ ਅਧੀਨ ਸੰਪੂਰਨ ਰੂਪ ਵਿਚ ਸਿੱਖ ਧਰਮ 'ਪ੍ਰਗਟ' ਹੁੰਦਾ ਹੈ। ਸਿੱਖ ਧਰਮ ਦੇ ਸੰਸਥਾਈ ਰੂਪ ਦਾ ਅਧਾਰ-ਸਰੋਤ ਗੁਰੂ-ਸੰਸਥਾ ਹੀ ਹੈ, ਜਿਸ ਦੁਆਰਾ ਸਮੇਂ-ਸਮੇਂ 'ਤੇ ਅਨੇਕ ਸੰਸਥਾਵਾਂ ਪ੍ਰਕਾਸ਼ ਵਿਚ ਆਈਆਂ।

'ਧਾਰਮਿਕ ਅਨੁਭਵ' ਦੇ ਸਮਾਜਿਕ ਪ੍ਰਗਟਾਵੇ ਦਾ ਸਿਧਾ ਸੰਬੰਧ ਸੰਸਥਾਗਤ ਰੂਪ ਨਾਲ ਹੁੰਦਾ ਹੈ।[1] ਇਸ ਸੰਦਰਭ ਵਿਚ ਗੁਰੂ-ਸੰਸਥਾ ਦਾ ਇਤਿਹਾਸਕ ਪਰਿਪੇਖ ਵੇਖਣ ਤੋਂ ਭਾਵ ਇਹ ਹੈ ਕਿ ਇਤਿਹਾਸ ਦੇ ਉਕਤ ਕਾਲ ਖੰਡ ਵਿਚ ਗੁਰੂ-ਸੰਸਥਾ ਸਮਾਜਿਕ ਪਖੋਂ ਕਿਵੇਂ ਕਾਰਜਸ਼ੀਲ ਰਹੀ?

ਸੰਸਥਾਈ ਸੰਦਰਭ ਵਿਚ ਗੁਰੂ-ਸੰਸਥਾ ਦਾ ਇਤਿਹਾਸਕ ਪਖ ਸਮਝਣ ਲਈ ਗੁਰਮਤਿ ਦੀ ਸਮੁਚੀ ਸਮਾਜਿਕ ਦ੍ਰਿਸ਼ਟੀ ਨੂੰ ਸਮਝਣਾ ਜਰੂਰੀ ਹੈ। ਗੁਰਮਤਿ ਨੇ ਸਮਾਜ ਪ੍ਰਤੀ ਉਦਾਸੀਨਤਾ ਨਹੀਂ ਸਿਖਾਈ ਅਤੇ ਨਾ ਹੀ ਇਸ ਵਿਚ ਖਚਤ ਹੋਣਾ ਪ੍ਰਵਾਨ ਕੀਤਾ ਹੈ। ਗੁਰਬਾਣੀ ਵਿਚ ਇਸ ਕਿਸਮ ਦੀ ਜੀਵਨ-ਦ੍ਰਿਸ਼ਟੀ ਲਈ ਪਰਵਿਰਤੀ ਕਰਮ; ਮਾਇਆ ਵਿਚ ਉਦਾਸ; ਘਰ ਹੀ ਮਾਹਿ ਉਦਾਸ; ਆਸਾ ਮਹਿ ਨਿਰਾਸਾ; ਅੰਜਨ ਮਾਹਿ ਨਿਰੰਜਨਿ ਆਦਿ ਅਨੇਕ ਪ੍ਰਵਚਨ ਪ੍ਰਾਪਤ ਹੁੰਦੇ ਹਨ।[2] ਭਾਈ ਗੁਰਦਾਸ ਜੀ ਵੀ ਇਸ ਪ੍ਰਥਾਇ ਦਸਦੇ ਹਨ ਕਿ ਗੁਰਮੁਖਿ ਘਰ ਵਿਚ ਹੀ ਉਦਾਸ ਰਹਿੰਦੇ ਹਨ।[3] ਗੁਰਮਤਿ ਵਿਚ ਗ੍ਰਹਿਸਤ ਜੀਵਨ ਨੂੰ ਪ੍ਰਧਾਨਤਾ ਦਿਤੀ ਗਈ ਹੈ।[4]

ਉਕਤ ਦੇ ਪ੍ਰਸੰਗ ਵਿਚ ਪਹਿਲਾਂ ਹੀ ਸਪਸ਼ਟ ਕਰ ਦੇਣਾ ਜਰੂਰੀ ਹੈ ਕਿ ਗੁਰੂ ਨਾਨਕ ਦੇਵ ਜੀ ਵਲੋਂ ਸਥਾਪਿਤ ਗੁਰੂ-ਸੰਸਥਾ ਆਪਣੇ-ਆਪ ਵਿਚ ਇਕ ਸਿਰਜਣਾਤਮਕ ਤੇ ਇਨਕਲਾਬੀ ਸੰਸਥਾ

---

[1] ਹਥਲਾ ਕਾਰਜ ਵੇਖੋ, ਪੰਨੇ: 34-6.

[2]-*ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮਹਲਾ ੧ ਘਰੁ ੭, ੭੩੦.
-*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥* ਉਹੀ, ਰਾਮਕਲੀ ਮਹਲਾ ੧ ਸਿਧ ਗੋਸਟਿ, ੯੩੮.
-*ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥* ਉਹੀ, ਮਾਰੂ ਸੋਲਹੇ ਮਹਲਾ ੪, ੧੦੭੦-੭੧.

[3] *ਗੁਰਮੁਖਿ ਆਸ ਨਿਰਾਸ ਮਤਿ ਅਰਖੇਉ ਹੈ॥...*
*ਘਰ ਹੀ ਵਿਚਿ ਉਦਾਸੁ...॥ ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ- ੩/੨.

[4]*ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ॥ ਕਬਿਤ ਭਾਈ ਗੁਰਦਾਸ,* ੩੭੬.

ਦੇ ਰੂਪ ਵਿਚ ਸਥਾਪਿਤ ਹੋਈ, ਜਿਸ ਦਾ ਉਦੇਸ਼ ਕਿਸੇ ਕਿਸਮ ਦੇ ਸੁਧਾਰਵਾਦ ਜਾਂ ਪਰਿਵਰਤਨ ਤਕ ਸੀਮਤ ਨਾ ਹੋ ਕੇ, ਇਕ ਨਵੇਂ ਸਮਾਜ ਦਾ ਨਿਰਮਾਣ ਕਰਨਾ ਸੀ। ਇਸ ਦਾ ਅਧਾਰ ਸਰੋਤ ਗੁਰੂ ਸਾਹਿਬ ਦਾ ਧਾਰਮਿਕ ਅਨੁਭਵ ਸੀ। ਇਸ ਪ੍ਰਸੰਗ ਵਿਚ ਇਹ ਵੀ ਕਹਿਣਾ ਅਣ-ਉਚਿਤ ਨਹੀਂ ਹੋਵੇਗਾ ਕਿ ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਕਿਸੇ ਪ੍ਰਕਾਰ ਦੇ ਸਮਾਜ-ਸ਼ਾਸਤਰ ਦਾ ਨਿਰਮਾਣ ਕਰਨਾ ਨਹੀਂ ਸੀ, ਨਾ ਹੀ ਉਹ ਕਿਸੇ ਕਿਸਮ ਦੇ ਸਮਾਜ-ਸ਼ਾਸਤਰੀ ਸਨ।

ਇਸ ਅਧਿਆਇ ਵਿਚ ਗੁਰੂ-ਸੰਸਥਾ ਦੇ ਇਤਿਹਾਸਕ ਪਰਿਪੇਖ ਨੂੰ ਮੁਖ ਰਖਦੇ ਹੋਏ ਇਸ ਦੀ ਪਿਠ-ਭੂਮੀ ਵਜੋਂ ਸੰਸਥਾਗਤ ਵਿਸ਼ਲੇਸ਼ਣ ਅਧੀਨ ਸਮਾਜਿਕ ਪਹਿਲੂ ਨੂੰ ਸਮਝਣ ਉਪਰੰਤ ਅਸੀਂ ਦਸ ਗੁਰੂ ਸਾਹਿਬਾਨ ਦੌਰਾਨ ਸਮਾਜਿਕ ਖੇਤਰ ਵਿਚ ਨਿਭਾਈ ਭੂਮਿਕਾ ਦਾ ਵਿਸ਼ਲੇਸ਼ਣ ਕਰਨ ਜਾ ਰਹੇ ਹਾਂ। ਇਸ ਵਿਸ਼ਲੇਸ਼ਣ ਵਿਚ ਗੁਰਬਾਣੀ ਅਤੇ ਗੁਰਮੁਖੀ ਸਰੋਤਾਂ ਤੋਂ ਤਥਾਂ ਦੀ ਪੁਸ਼ਟੀ ਕਰਵਾਈ ਗਈ ਹੈ।

ਸਿਧਾਂਤਕ ਪਧਰ ਉਤੇ ਗੁਰੂ-ਸੰਸਥਾ ਦੇ ਇਤਿਹਾਸਕ ਪਰਿਪੇਖ ਦਾ ਸੰਬੰਧ ਦੈਵੀ 'ਜੁਗਤਿ' ਨਾਲ ਹੈ। ਗੁਰੂ-ਸੰਸਥਾ ਦਾ ਇਤਿਹਾਸ ਕ੍ਰਮਵਾਰ ਦਸ ਗੁਰੂ ਸਾਹਿਬਾਨ ਦੁਆਰਾ ਸਿੱਖ ਧਰਮ ਦੇ ਹੌਲੀ-ਹੌਲੀ ਸਥਾਪਿਤ ਹੋਣ ਨੂੰ ਪ੍ਰਗਟ ਕਰਦਾ ਹੈ। ਸਿੱਖ ਧਰਮ ਦੇ 'ਵਿਗਾਸ' ਦੌਰਾਨ ਗੁਰੂ-ਸੰਸਥਾ ਕਈ ਰੂਪਾਂ ਰਾਹੀਂ ਪ੍ਰਗਟ ਹੋਈ, ਜਿਸ ਦੇ ਅੰਤਰਗਤ ਕਈ ਸੰਸਥਾਵਾਂ ਹੋਂਦ ਵਿਚ ਆਈਆਂ, ਜਿਨ੍ਹਾਂ ਨੂੰ ਅਸੀਂ 'ਸਹਾਇਕ ਸੰਸਥਾਵਾਂ' (Sister Institutions) ਦਾ ਦਰਜਾ ਵੀ ਦੇ ਸਕਦੇ ਹਾਂ। ਇਹ ਸੰਸਥਾਵਾਂ ਹਨ: ਸੰਗਤ-ਪੰਗਤ, ਲੰਗਰ, ਧਰਮਸਾਲ (ਗੁਰਦੁਆਰਾ), ਮੀਰੀ-ਪੀਰੀ, ਅਕਾਲ ਤਖ਼ਤ, ਖਾਲਸਾ, ਆਦਿ। ਇਨ੍ਹਾਂ ਸੰਸਥਾਵਾਂ ਰਾਹੀਂ ਗੁਰੂ-ਸੰਸਥਾ ਦੇ ਸਿਧਾਂਤ ਦੀ ਵਿਹਾਰਕ/ਅਮਲੀ ਪੁਸ਼ਟੀ ਇਤਿਹਾਸ ਵਿਚ ਹੁੰਦੀ ਹੈ। ਦੂਜੇ ਸ਼ਬਦਾਂ ਵਿਚ ਗੁਰੂ ਸਾਹਿਬਾਨ ਨੇ ਜੋ ਵੀ ਉਪਦੇਸ਼ ਕੀਤੇ, ਉਹ ਕਿਸੇ ਨਾ ਕਿਸੇ ਸੰਸਥਾ ਰਾਹੀਂ ਇਤਿਹਾਸ ਵਿਚ ਪ੍ਰਗਟ ਹੋਏ। ਇਨ੍ਹਾਂ ਸੰਸਥਾਵਾਂ ਦਾ ਇਤਿਹਾਸਕ ਬਿਉਰਾ ਤੇ ਕਾਰਜਸ਼ੀਲਤਾ ਦੇਣਾ ਹੀ ਇਸ ਅਧਿਆਇ ਦਾ ਪਖ ਹੈ, ਜਿਸ ਦਾ ਵਿਸ਼ਲੇਸ਼ਣ ਗੁਰੂ-ਕ੍ਰਮ ਅਨੁਸਾਰ ਦਿਤਾ ਜਾ ਰਿਹਾ ਹੈ:

## 4.1 ਗੁਰੂ ਨਾਨਕ ਦੇਵ ਜੀ

ਸਿੱਖ ਧਰਮ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਹੁੰਦਾ ਹੈ। ਉਨ੍ਹਾਂ ਦਾ ਪ੍ਰਕਾਸ਼ 15 ਅਪ੍ਰੈਲ, 1469 ਈ. ਨੂੰ ਪਿਤਾ ਮਹਿਤਾ[5] ਕਾਲੂ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁਖੋਂ ਹੋਇਆ।[6] ਸਿੱਖ ਸਿਧਾਂਤ ਅਨੁਸਾਰ ਉਹ ਧੁਰੋਂ ਪਠਾਇ 'ਪੂਰੇ ਪੁਰਖ' ਸਨ। ਜਨਮਸਾਖੀ ਪਰੰਪਰਾ ਅਨੁਸਾਰ ਪਰਮੇਸਰ ਆਪ ਉਨ੍ਹਾਂ ਨੂੰ ਗੁਰੂ ਸਥਾਪਿਤ ਕਰਦਾ ਹੈ।[7] ਵੇਈਂ ਨਦੀ ਦੀ ਦੈਵੀ ਘਟਨਾ ਵੇਲੇ ਤਾਂ ਗੁਰੂ ਸਾਹਿਬ ਸਿਰਫ਼ ਆਪਣਾ ਮਿਸ਼ਨ ਸ਼ੁਰੂ ਕਰਦੇ ਹਨ।

ਇਕ ਗਲ ਇਥੇ ਸਪਸ਼ਟ ਕਰਨੀ ਬਣਦੀ ਹੈ ਕਿ ਬੇਸ਼ਕ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਅਤੇ ਉਨ੍ਹਾਂ ਦੇ ਸਮਕਾਲ ਵਿਚ ਵੀ ਕਈ ਹੋਰ ਪੀਰ/ ਪੈਗੰਬਰ/ ਰਿਸ਼ੀ/ ਭਗਤ ਆਦਿ ਹੋਏ ਹਨ, ਪਰੰਤੂ ਗੁਰੂ ਨਾਨਕ ਦੇਵ ਜੀ ਉਨ੍ਹਾਂ ਸਭ ਤੋਂ ਵਡੇ ਹਨ।[8] ਗੰਡਾ ਸਿੰਘ ਨੇ ਇਸ ਪ੍ਰਥਾਇ ਜੌਜ਼ਿਫ ਕਨਿੰਘਮ ਦੇ ਸ਼ਬਦ ਇਸ ਤਰ੍ਹਾਂ ਅੰਕਿਤ ਕੀਤੇ ਹਨ, "ਉਨ੍ਹਾਂ ਸੁਧਾਰਕਾਂ ਨੇ ਪੁਜਾਰੀਆਂ ਦੀ ਚਲਾਕੀ ਜਾਂ ਮੂਰਤੀ ਪੂਜਾ ਅਤੇ ਅਨੇਕਈਸ਼ਵਰਵਾਦ ਦੀ ਖੁਭਣ ਤੋਂ ਮਨੁੱਖਾਂ ਦਾ ਛੁਟਕਾਰਾ ਕਰਾਉਣ ਨੂੰ ਹੀ ਆਪਣਾ ਮੁਖ ਨਿਸ਼ਾਨਾ ਸਮਝਿਆ। ਉਨ੍ਹਾਂ ਨੇ ਕੌਮਾਂ ਦਾ ਮੁਢ ਬੰਨ੍ਹਣ ਨਾਲੋਂ ਮਤ-ਭੇਦ ਤੇ ਵਿਤਕਰਿਆਂ ਨੂੰ ਵਧੇਰੇ ਸਪਸ਼ਟ ਰੂਪ ਦਿਤਾ। ਉਨ੍ਹਾਂ ਸੁਧਾਰਕਾਂ ਦੇ ਫਿਰਕੇ ਅਜ ਤਕ ਉਸੇ ਸ਼ਕਲ ਵਿਚ ਹੀ ਹਨ, ਜਿਸ ਵਿਚ ਉਹ ਉਨ੍ਹਾਂ ਨੂੰ ਛਡ ਗਏ ਸਨ। ਸੁਧਾਰ ਦੇ ਸਚੇ ਅਸੂਲਾਂ ਨੂੰ ਭਾਂਪਣਾ ਅਤੇ ਉਹ ਸਿਧਾਂਤ ਸਥਾਪਿਤ ਕਰਨੇ, ਜਿਨ੍ਹਾਂ ਨੇ ਗੁਰੂ ਨਾਨਕ ਜੀ ਦੇ ਨੌਂਵੇ ਉਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਿੱਖਾਂ ਦੇ ਮਨਾਂ ਵਿਚ ਕੌਮੀਅਤ ਦਾ ਜਜ਼ਬਾ ਭਰਨ ਦੇ ਯੋਗ ਬਣਾਇਆ ਅਤੇ ਇਸ ਸਿਧਾਂਤ ਨੂੰ ਅਮਲੀ ਰੂਪ ਦੇਣਾ, ਕਿ ਨਸਲ ਅਤੇ ਫਿਰਕੇ ਵਿਚ ਰਾਜਸੀ ਹਕਾਂ ਅਤੇ ਧਾਰਮਿਕ ਆਸ਼ਾਵਾਂ ਵਿਚ ਸਭ ਤੋਂ ਨੀਵਾਂ ਮਨੁਖ ਸਭ ਤੋਂ ਉਚੇ ਮਨੁਖ ਦੇ ਬਰਾਬਰ ਹੈ, ਗੁਰੂ ਨਾਨਕ ਜੀ ਦੇ ਹਿਸੇ ਆਇਆ।"[9]

---

[5] ਸੁਲਤਾਨ ਕਾਲ ਵਿਚ 'ਮਲਿਕ' ਵਧੇਰੇ ਭੁਇ ਮਾਲਿਕ ਨੂੰ ਤੇ 'ਮਹਿਤਾ' ਥੋੜੀ ਜ਼ਮੀਨ ਦੇ ਮਾਲਿਕ ਨੂੰ ਕਿਹਾ ਜਾਂਦਾ ਸੀ। ਵੇਖੋ: H.A. Rose, *A Glossary of the Tribes and Castes of the Punjab and North West Frontier Province* (Vol. III), p. 49.

[6] ਗੰਡਾ ਸਿੰਘ (ਸੰਪਾ.), *ਸਿੱਖ ਇਤਿਹਾਸ* (1469-1765), ਪੰਨਾ 1.

[7] ਇਸ ਬਾਰੇ ਪਹਿਲੇ ਅਧਿਆਇ ਅੰਦਰ ਵਿਸਤਾਰ ਵਿਚ ਜ਼ਿਕਰ ਕੀਤਾ ਗਿਆ ਹੈ, ਵੇਖੋ: ਪੰਨੇ 20-22 .

[8] *ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲਿ ਰਾਖੀ ਮੇਰੀ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ:੫, ੭੫੦.

[9] *ਸਿੱਖ ਇਤਿਹਾਸ*, ਪੰਨਾ 2.

### 4.1.1 ਸੰਗਤ

ਗੁਰੂ ਨਾਨਕ ਦੇਵ ਜੀ ਨੇ ਆਪਣੇ ਦੈਵੀ ਮਿਸ਼ਨ ਦੀ ਆਰੰਭਤਾ 'ਸੰਗਤ' ਦੀ ਸਥਾਪਨਾ ਨਾਲ ਕੀਤੀ। ਗੁਰੂ ਸਾਹਿਬ ਨੇ ਮਨੁਖ ਜਾਤੀ ਦੇ ਸਰਬਪਖੀ ਵਿਕਾਸ ਲਈ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦਾ ਸਿਧਾਂਤ ਦ੍ਰਿੜ ਕਰਵਾਇਆ। ਗੁਰੂ ਨਾਨਕ ਦੇਵ ਜੀ ਨੇ ਮਨੁਖ ਦੀ ਵਿਅਕਤੀਗਤ ਮੁਕਤੀ ਨੂੰ ਨਕਾਰਦੇ ਹੋਏ ਸੰਪੂਰਨ ਮਨੁਖ ਜਾਤੀ ਦੀ ਭਲਾਈ ਲੋਚੀ ਹੈ।[10] ਇਸ ਕਰਕੇ ਹੀ ਸਿਧਾਂ ਨਾਲ ਹੋਈ ਗੋਸਟਿ ਸਮੇਂ ਗੁਰੂ ਸਾਹਿਬ ਉਨ੍ਹਾਂ ਦੁਆਰਾ ਕੀਤੇ ਇਕ ਸਵਾਲ ਦੇ ਜਵਾਬ ਵਿਚ ਕਹਿੰਦੇ ਹਨ ਕਿ ਗੁਰੂ ਦੀ ਸੰਗਤ ਤੇ ਬਾਣੀ ਤੋਂ ਉਨ੍ਹਾਂ ਨੂੰ ਇਕ ਰਾਈ ਜਿੰਨੀ ਵੀ ਕਿਸੇ ਹੋਰ ਦੀ ਓਟ ਨਹੀਂ।[11] ਗੁਰਮਤਿ ਅਨੁਸਾਰ ਗੁਰੂ ਅਤੇ ਸਿੱਖ (ਸੰਗਤ) ਐਨੇ ਅਭੇਦ ਹਨ ਕਿ ਜੇਕਰ ਇਹ ਕਹਿ ਲਿਆ ਜਾਵੇ ਕਿ ਸਿੱਖ ਤੋਂ ਬਿਨਾਂ ਗੁਰੂ ਦੀ ਹੋਂਦ ਨਹੀਂ, ਤਾਂ ਇਸ ਵਿਚ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਦੂਜੇ ਸ਼ਬਦਾਂ ਵਿਚ ਸਿੱਖ ਗੁਰੂ ਦਾ ਹੀ ਰੂਪ ਹੈ।[12]

ਗੁਰੂ ਦਾ ਉਪਦੇਸ਼ ਹੀ ਅਸਲ ਵਿਚ ਸੰਸਥਾਈ ਰੂਪ ਧਾਰਦਾ ਹੋਇਆ ਉਕਤ ਵਰਣਿਤ ਸੰਸਥਾਵਾਂ ਰਾਹੀਂ ਲੋਕਾਂ ਸਾਹਮਣੇ ਆਉਂਦਾ ਹੈ। ਇਤਿਹਾਸਕ ਤੌਰ 'ਤੇ ਬੇਸ਼ਕ ਦਸ ਗੁਰੂ ਸਾਹਿਬਾਨ ਦਾ ਵਰਤਾਰਾ ਕਾਲ ਦੇ ਵਖਰੇ-ਵਖਰੇ ਖੰਡ ਵਿਚ ਵਾਪਰਦਾ ਨਜ਼ਰ ਆਉਂਦਾ ਹੈ, ਪਰੰਤੂ ਸਿਧਾਂਤਕ ਤੌਰ 'ਤੇ ਇਹ ਵਰਤਾਰਾ ਅਖੰਡ ਹੈ, ਕਿਉਂਕਿ ਇਹ ਇਕ 'ਜੋਤਿ' ਦਾ ਹੀ ਪਾਸਾਰ ਹੈ। ਇਤਿਹਾਸਕ ਤੌਰ 'ਤੇ ਗੁਰੂ ਸਾਹਿਬਾਨ ਦਾ ਪ੍ਰਕਾਸ਼ ਵੀ ਹੁੰਦਾ ਹੈ ਤੇ ਉਹ ਜੋਤੀ-ਜੋਤਿ ਵੀ ਸਮਾਉਂਦੇ ਹਨ। ਇਸ ਲਈ ਉਨ੍ਹਾਂ ਨੇ ਆਪਣੀ ਦੈਵੀ 'ਜੁਗਤਿ' ਵਖ-ਵਖ ਸਮੇਂ 'ਤੇ ਕਿਸ ਤਰ੍ਹਾਂ ਵਰਤਾਈ, ਅਜਿਹਾ ਵਿਸ਼ਲੇਸ਼ਣ ਕਰਨਾ ਇਤਿਹਸਕ ਦ੍ਰਿਸ਼ਟੀ ਤੋਂ ਹੀ ਸੰਭਵ ਹੈ।

ਸੰਗਤ ਦੇ ਪ੍ਰਸੰਗ ਵਿਚ ਇਕ ਗਲ ਉਲੇਖਨੀਯ ਹੈ ਕਿ ਸੰਗਤ ਦੀ ਮਹਿਮਾ ਇਸ ਕਰਕੇ ਹੈ ਕਿਉਂਕਿ ਸੰਗਤ ਵਿਚ ਗੁਰੂ ਸਾਹਿਬ ਆਪ ਬਿਰਾਜਮਾਨ ਹੁੰਦੇ ਸਨ।[13] ਸੰਗਤ ਵਿਚ ਗੁਰੂ ਦੀ ਮੌਜੂਦਗੀ ਹੀ ਸਿੱਖਾਂ ਨੂੰ ਆਤਮਿਕ ਬਲ ਬਖਸ਼ਦੀ ਸੀ, ਜਿਸ ਕਰਕੇ ਹੀ ਸਿੱਖਾਂ ਨੂੰ ਪੰਜਵੇਂ ਪਾਤਿਸ਼ਾਹ ਤੋਂ ਬਾਅਦ ਜ਼ੁਲਮ ਵਿਰੁਧ ਆਵਾਜ਼ ਉਠਾਈ। ਇਹ ਗਲ ਦਸਵੇਂ ਪਾਤਿਸ਼ਾਹ ਤੋਂ

---

[10] *ਸਗਲ ਸਮੂਹ ਲੈ ਉਧਰੇ ਨਾਨਕ...॥* ਸ੍ਰੀ ਗੁਰੂ ਗ੍ਰੰਥ ਸਾਹਿਬ, ਦੇਵਗੰਧਾਰੀ ਮਹਲਾ ੫, ੫੩੨.

[11] *ਗੁਰੁ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ॥ ਵਾਰਾਂ ਭਾਈ ਗੁਰਦਾਸ* – ਵਾਰ/ਪਉੜੀ– ੧/੪੨.

[12] *ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ਵਾਰ ਭਾਈ ਗੁਰਦਾਸ ਦੂਜਾ* – ਵਾਰ/ਪਉੜੀ– ੪੧/੩.

[13] *ਸਤਿਗੁਰ ਬਾਝਹੁ ਸੰਗਤਿ ਨ ਹੋਈ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮਹਲਾ ੩, ੧੦੬੮.

ਬਾਅਦ ਬਾਬਾ ਬੰਦਾ ਸਿੰਘ ਬਹਾਦਰ ਤਕ ਤਾਂ ਦ੍ਰਿਸ਼ਟੀਗੋਚਰ ਹੁੰਦੀ ਹੀ ਹੈ, ਪਰ ਇਸ ਦੀ ਨਿਰੰਤਰਤਾ ਮੌਜੂਦਾ ਸਮੇਂ ਵਿਚ ਵੀ ਦੇਖੀ ਜਾ ਸਕਦੀ ਹੈ। ਗੁਰਬਾਣੀ ਦੇ ਫੁਰਮਾਣ *ਗੁਰਸਿਖਾਂ ਅੰਦਰ ਸਤਿਗੁਰ ਵਰਤੈ* [14] ਦੀ ਭਾਵਨਾ ਨਾਲ ਸਿੱਖ ਸੰਗਤਾਂ ਅਜ ਤਕ ਜ਼ੁਲਮ ਅਤੇ ਜ਼ਾਲਮ ਨਾਲ ਲੋਹਾ ਲੈਂਦੀਆਂ ਆ ਰਹੀਆਂ ਹਨ। ਉਹ ਭਾਵੇਂ ਸਾਕਾ ਨੀਲਾ ਤਾਰਾ ਦਾ ਘਲੂਘਾਰਾ ਹੋਵੇ ਜਾਂ ਫਿਰ ਅਖੌਤੀ ਡੇਰਾਵਾਦ ਦਾ ਕੋਈ ਮਸਲਾ ਹੀ ਕਿਉਂ ਨਾ ਹੋਵੇ। ਗਲ ਸਿਰਫ ਐਨੀ ਹੈ ਕਿ ਜਦੋਂ ਗੁਰੂ ਸਿੱਖਾਂ ਅੰਦਰ ਵਰਤਦਾ ਹੈ ਤਾਂ ਇਸ ਦਾ ਝਲਕਾਰਾ ਸਾਫ ਨਜ਼ਰੀਂ ਆਉਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਗੁਰੂ-ਸੰਸਥਾ ਅਧੀਨ ਆਪਣੇ ਉਦੇਸ਼ ਦਾ ਸਮਾਜਿਕ ਪ੍ਰਗਟਾਵਾ 'ਵੇਈਂ ਪ੍ਰਵੇਸ਼' ਤੋਂ ਬਾਅਦ ਸ਼ੁਰੂ ਕੀਤਾ। ਉਸ ਸਮੇਂ ਦਾ ਸਮਾਜ ਹਿੰਦੂ ਅਤੇ ਮੁਸਲਮਾਨ, ਦੋ ਫਿਰਕਿਆਂ ਵਿਚ ਵੰਡਿਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਨੇ ਸਮਾਜ ਦੇ ਇਸ ਵਿਰੋਧ ਨੂੰ ਖਤਮ ਕਰਨ ਲਈ ਸਭ ਤੋਂ ਪਹਿਲਾ ਹੋਕਾ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਦਿਤਾ।[15] ਇਸ ਮਿਸ਼ਨ ਨੂੰ ਲੋਕਾਈ ਤਕ ਪਹੁੰਚਾਉਣ ਲਈ ਗੁਰੂ ਸਾਹਿਬ ਨੇ 'ਸੰਗਤ' ਦੀ ਸਥਾਪਨਾ ਕੀਤੀ। ਗੁਰੂ-ਸੰਸਥਾ ਦਾ ਬੁਨਿਆਦੀ ਉਦੇਸ਼ ਸੰਸਾਰ ਦੀਆਂ ਦ੍ਵੈਤਵਾਦੀ ਵੰਡਾਂ ਨੂੰ ਨਕਾਰ ਕੇ 'ਸਰਬੇ ਏਕੁ' ਦਾ ਸਿਧਾਂਤ ਦ੍ਰਿੜ ਕਰਵਾਉਣਾ ਹੈ। ਇਸ ਹਵਾਲੇ ਵਿਚ ਸੰਗਤ ਇਕ ਐਸੀ ਸੰਸਥਾ ਵਜੋਂ ਪ੍ਰਕਾਸ਼ਮਾਨ ਹੁੰਦੀ ਹੈ, ਜਿਸ ਵਿਚ ਇਕੋ ਵਾਹਿਗੁਰੂ ਦਾ ਚਿੰਤਨ, ਮੰਨਣ ਅਤੇ ਸਿਮਰਨ ਕੀਤਾ ਜਾਂਦਾ ਹੈ।[16]

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਵਿਚ ਕਈ ਲੰਮੀਆਂ ਯਾਤਰਾਵਾਂ ਕੀਤੀਆਂ, ਜਿਨ੍ਹਾਂ ਨੂੰ ਸਿੱਖ ਸ਼ਬਦਾਵਲੀ ਵਿਚ 'ਉਦਾਸੀਆਂ' ਕਿਹਾ ਜਾਂਦਾ ਹੈ। ਇਨ੍ਹਾਂ ਉਦਾਸੀਆਂ ਦੌਰਾਨ ਗੁਰੂ ਸਾਹਿਬ ਨੇ ਆਪਣੇ 'ਸਚ' ਦਾ ਸੁਨੇਹਾ ਘਰ-ਘਰ ਪਹੁੰਚਾਉਣ ਲਈ ਸੰਗਤਾਂ ਸਥਾਪਿਤ ਕੀਤੀਆਂ। ਗੁਰੂ ਸਾਹਿਬ ਜਿਥੇ ਕਿਤੇ ਵੀ ਗਏ, ਉਥੇ ਦੇ ਗੁਰਮੁਖਿ ਲੋਕਾਂ ਨੂੰ ਸੰਗਤ ਰੂਪ ਵਿਚ ਇਕਠੇ ਹੋਣ ਲਈ ਪ੍ਰੇਰਿਆ। ਬੀਜ ਰੂਪ ਵਿਚ ਇਹ ਕਿਸੇ ਵਡੇ ਮਿਸ਼ਨ ਦੀ ਤਿਆਰੀ ਸੀ, ਜਿਸ ਨੂੰ ਇਤਿਹਾਸ ਨੇ 'ਖਾਲਸਾ' ਕਹਿ ਕੇ ਸੰਬੋਧਨ ਕੀਤਾ ਹੈ।[17]

---

[14] ਮੌਜੂਦਾ ਸਮੇਂ ਵਿਚ ਵੀ ਗੁਰੂ ਗ੍ਰੰਥ ਸਾਹਿਬ ਸੰਗਤ ਵਿਚ ਪ੍ਰਕਾਸ਼ਮਾਨ ਹੋ ਰਹੇ ਹਨ।

[15] *ਪੁਰਾਤਨ ਜਨਮਸਾਖੀ*, ਸਾਖੀ/ਪੰਨਾ - ੧੧/੪੩.

[16] *ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗ ਮਹਲਾ ੧, ੭੨.

[17] *ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥... ਵਾਰ ਭਾਈ ਗੁਰਦਾਸ ਦੂਜਾ*, ਵਾਰ/ਪਉੜੀ - ੪੧/੧.

ਭਾਈ ਗੁਰਦਾਸ ਅਨੁਸਾਰ ਇਕਲਾ ਵਿਅਕਤੀ ਸਿੱਖ ਹੈ, ਦੋ ਸਿੱਖ ਇਕਠੇ ਹੋ ਜਾਣ ਤਾਂ ਸੰਗਤ ਬਣ ਜਾਂਦੀ ਹੈ ਅਤੇ ਅਜਿਹੇ ਪੰਜ ਸਿੱਖਾਂ ਨੂੰ ਪਰਮੇਸਰ ਦਾ ਰੁਤਬਾ ਦਿਤਾ ਗਿਆ ਹੈ।[18] 'ਗੁਰੂ' ਸੰਗਤ ਦਾ ਕੇਂਦਰੀ ਧੁਰਾ ਹੈ। ਸਤਿਗੁਰੂ ਦੀ ਅਜਿਹੀ ਸੰਗਤ ਉਤਮ ਹੈ।[19] ਸੰਗਤ ਨੂੰ ਉਤਮ ਇਸ ਲਈ ਕਿਹਾ ਗਿਆ ਹੈ ਕਿਉਂਕਿ ਅਜਿਹੀ ਸੰਗਤ ਵਿਚ ਆ ਕੇ ਜਗਿਆਸੂਆਂ ਨੂੰ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ।[20]

ਗੁਰੂ-ਸੰਸਥਾ ਦੇ ਹਵਾਲੇ ਵਿਚ ਗੁਰੂ ਅਤੇ ਸੰਗਤ ਦਾ ਪਰਸਪਰ ਸੰਬੰਧ ਹੈ। ਗੁਰੂ ਆਪਣੇ ਆਪ ਵਿਚ ਸੰਗਤ ਦਾ ਮੂਲ ਸੋਮਾ ਅਥਵਾ ਆਤਮਿਕ ਧੁਰਾ ਹੋਣ ਦੇ ਨਾਲ-ਨਾਲ ਇਸ ਦਾ ਸੰਚਾਲਕ ਤੇ ਸੰਸਥਾਪਕ ਵੀ ਹੈ। ਗੁਰੂ ਦੀ ਸੰਚਾਲਕ ਸ਼ਕਤੀ ਅਧੀਨ ਹੀ ਸੰਗਤ ਇਕ ਅਜਿਹੀ ਧਾਰਾ ਹੈ ਜਿਹੜੀ ਗੁਰੂ ਆਸ਼ੇ/ਸੰਦੇਸ਼ ਨੂੰ ਅਸਲੀ ਰੂਪ ਪ੍ਰਦਾਨ ਕਰਦੀ ਹੈ। ਇਸ ਲਈ ਗੁਰੂ ਅਤੇ ਸੰਗਤ ਸਦਾ ਅਨਿਖੜ ਹਨ। ਇਹ ਦੋ ਅਲਗ-ਅਲਗ ਹਸਤੀਆਂ ਨਹੀਂ, ਸਗੋਂ ਇਕ ਰੂਪ ਹਨ। ਗੁਰੂ ਜੋਤਿ ਰੂਪ ਵਿਚ ਸੰਗਤ ਦਾ ਰੂਪ ਧਾਰਦਾ ਹੋਇਆ ਸਮਾਜ ਕਲਿਆਣ ਦੇ ਆਪਣੇ ਉਦੇਸ਼ ਨੂੰ ਪੂਰਾ ਕਰਦਾ ਹੈ। ਮਨੁਖਤਾ ਦੇ ਸਰਵ-ਪੱਖੀ ਵਿਕਾਸ ਨੂੰ ਮੁਖ ਰਖਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੀ ਮਾਨਸਿਕ, ਸਮਾਜਿਕ ਅਤੇ ਰਾਜਨੀਤਕ ਦਸ਼ਾ ਸੁਧਾਰਨ ਲਈ, ਉਨ੍ਹਾਂ ਨੂੰ ਜਥੇਬੰਦ ਕੀਤਾ। ਇਹ ਜਥੇਬੰਦਕ ਢਾਂਚਾ ਹੀ 'ਸੰਗਤ' ਹੈ।

### 4.1.2 ਧਰਮਸਾਲ

ਗੁਰੂ ਨਾਨਕ ਦੇਵ ਜੀ ਨੇ ਆਪਣੇ ਦੈਵੀ ਮਿਸ਼ਨ ਦੀ 'ਜੁਗਤਿ' ਅਧੀਨ ਸੰਗਤ ਨੂੰ ਜਥੇਬੰਦ ਕਰ ਕੇ ਇਕ ਕੇਂਦਰੀ ਸਥਾਨ ਦਿਤਾ, ਜਿਸ ਨੂੰ 'ਧਰਮਸਾਲ' ਕਿਹਾ ਗਿਆ। ਧਰਮਸਾਲ ਦਾ ਸ਼ਾਬਦਿਕ ਅਰਥ ਹੈ ਧਰਮ ਕਮਾਉਣ ਵਾਲਾ ਅਸਥਾਨ। ਬੇਸ਼ਕ ਗੁਰੂ ਸਾਹਿਬ ਨੇ ਪੂਰੀ ਧਰਤੀ ਨੂੰ ਧਰਮਸਾਲ ਦੀ ਸੰਗਿਆ ਦਿਤੀ ਹੈ[21], ਪਰੰਤੂ ਇਸ ਨੂੰ ਜਾਹਰਾ ਰੂਪ ਵਿਚ ਪ੍ਰਗਟ ਕਰਨ ਲਈ ਗੁਰੂ ਸਾਹਿਬ ਨੇ ਉਦਾਸੀਆਂ ਦੌਰਾਨ ਅਜਿਹੇ ਕੇਂਦਰਾਂ ਦੀ ਸਥਾਪਨਾ ਕੀਤੀ, ਜਿਥੇ ਸੰਗਤ ਸਵੇਰ-ਸ਼ਾਮ ਬੈਠ ਕੇ

---

[18] *ਇਕੁ ਸਿਖੁ ਦੁਇ ਸਾਧ ਸੰਗੁ ਪੰਜੀ ਪਰਮੇਸਰੁ॥ ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ - ੧੩/੧੯.
[19] *ਸਤਸੰਗਤਿ ਊਤਮ ਸਤਿਗੁਰ ਕੇਰੀ... ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੁ ਸੂਹੀ ਮਹਲਾ ੪, ੭੩੧.
[20] *ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥* ਉਹੀ, ਕਾਨੜੇ ਕੀ ਵਾਰ ਮ: ੪, ੧੩੧੬.
[21] *ਧਰਤਿ ਉਪਾਇ ਧਰੀ ਧਰਮ ਸਾਲਾ॥* ਉਹੀ, ਮਾਰੂ ਮਹਲਾ ੧ ਦਖਣੀ, ੧੦੩੩.

ਵਾਹਿਗੁਰੂ ਦੀ ਸਿਫਤ ਸਲਾਹ ਕਰ ਸਕਣ। ਗੁਰੂ ਅਰਜਨ ਦੇਵ ਜੀ 'ਸਚੀ ਧਰਮਸਾਲ' ਦੇ ਹਵਾਲੇ ਨਾਲ ਸਿੱਖ ਧਰਮ ਵਿਚਲੀ ਇਸ ਸੰਸਥਾ ਦਾ ਇਸ਼ਾਰਾ ਕਰਦੇ ਹਨ:

*ਮੈ ਬਧੀ ਸਚੁ ਧਰਮ ਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥*[22]

ਗੁਰਬਾਣੀ ਦੇ ਆਸ਼ੇ ਅਨੁਸਾਰ ਧਰਮਸਾਲ ਗੁਰਸਿੱਖਾਂ ਦੇ ਇਕਠੇ ਹੋਣ ਦੀ ਇਕ ਅਜਿਹੀ ਥਾਂ ਹੈ ਜਿਥੇ ਧਰਮ ਕਮਾਇਆ ਜਾ ਸਕਦਾ ਹੈ। ਭਟ ਗਯੰਦ ਜੀ ਗੁਰੂ-ਸੰਸਥਾ ਦਾ ਬੁਨਿਆਦੀ ਉਦੇਸ਼ ਧਰਮ ਦੀ ਸਥਾਪਨਾ ਦਸਦੇ ਹਨ।[23] ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ 'ਧਰਮ ਚਲਾਉਣ'[24] ਦਾ ਆਪਣਾ ਉਦੇਸ਼ ਦਸ ਕੇ ਧਰਮਸਾਲ ਦੀ ਸੰਸਥਾ ਪੁਸ਼ਟ ਕਰਦੇ ਹਨ।

ਜ਼ਿਕਰਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸੰਗਤਾਂ ਦਾ ਦੇਸ਼-ਵਿਆਪੀ ਪ੍ਰਸਾਰ ਹੋਣ ਲਗ ਗਿਆ ਸੀ। ਇਸ ਪ੍ਰਥਾਇ ਭਾਈ ਗੁਰਦਾਸ ਜੀ ਦਾ ਇਸ਼ਾਰਾ 'ਘਰਿ ਘਰਿ ਅੰਦਿਰ ਧਰਮਸਾਲ'[25] ਉਲੇਖਯੋਗ ਹੈ। *ਪੁਰਾਤਨ ਜਨਮਸਾਖੀ* ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਧਰਮਸਾਲ ਭਾਈ ਸਜਣ ਦੇ ਇਲਾਕੇ ਤੁਲੰਭੇ ਵਿਖੇ ਸਥਾਪਿਤ ਕੀਤੀ।[26] ਪ੍ਰਿੰ. ਤੇਜਾ ਸਿੰਘ ਨੇ ਅਜਿਹੀਆਂ ਧਰਮਸਾਲਾਵਾਂ ਵਿਚ ਜਗਨਨਾਥ, ਕਾਮਰੂਪ (ਆਸਾਮ), ਸੂਰਤ, ਕਟਕ, ਬਿਹਾਰ, ਨਾਨਕਮਤਾ, ਕਾਠਮੰਡੂ, ਆਦਿ ਨੂੰ ਸ਼ਾਮਿਲ ਕੀਤਾ ਹੈ।[27] ਇਹੋ ਧਰਮਸਾਲਾਵਾਂ ਬਾਅਦ ਵਿਚ ਗੁਰਦੁਆਰੇ ਦਾ ਰੂਪ ਧਾਰਦੀਆਂ ਹਨ। ਗੁਰਬਾਣੀ ਦੇ ਆਸ਼ੇ ਅਨੁਸਾਰ ਗੁਰਦੁਆਰੇ ਜਾ ਕੇ ਪਰਮਾਤਮਾ ਦੀ ਕੀਰਤੀ ਸੁਣਨੀ ਚਾਹੀਦੀ ਹੈ।[28] ਗੁਰਦੁਆਰਾ, ਕਿਉਂਕਿ ਸੰਗਤਾਂ ਨੂੰ ਜਥੇਬੰਦ ਕਰਨ ਲਈ ਬਣਾਈ ਇਕ ਵਿਸ਼ੇਸ਼ ਸੰਸਥਾ ਹੈ, ਇਸ ਲਈ ਇਸ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਗੁਰੂ ਸਾਹਿਬ ਨੇ ਉਚ-ਜੀਵਨ ਵਾਲੇ ਗੁਰਸਿੱਖਾਂ ਨੂੰ ਇਨ੍ਹਾਂ ਧਰਮਸਾਲਾਵਾਂ ਦੇ ਮੁਖੀ ਥਾਪਿਆ। ਇਨ੍ਹਾਂ ਵਿਚੋਂ ਕਈਆਂ ਦੇ ਨਾਂ ਭਾਈ ਗੁਰਦਾਸ ਜੀ ਨੇ ਵੀ ਦਿਤੇ ਹਨ:

---

[22] ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮਹਲਾ ੫, ੭੩.

[23] *ਲਹਣੈ ਪੰਥੁ ਧਰਮ ਕਾ ਕੀਆ॥* ਉਹੀ, ਸਵਈਏ ਮਹਲੇ ਚਉਥੇ ਕੇ ੪, ੧੪੦੧.

[24] *ਧਰਮ ਚਲਾਵਨ ਸੰਤ ਉਭਾਰਨ॥... ਸ਼ਬਦਾਰਥ ਦਸਮ ਗ੍ਰੰਥ ਸਾਹਿਬ,* ਪੰਨਾ 74.

[25] *ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥ ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ - ੧/੨੭.

[26] *ਤਬ ਦਰਸਨ ਕਾ ਸਦਕਾ [ਸਜਣ ਨੂੰ] ਬੁਧਿ ਹੋਇ ਆਈ... ਨਾਉ ਧਰੀਕ ਸਿਖ ਹੋਆ॥*
*ਪਹਿਲੀ ਧਰਮਸਾਲ ਓਥੇ ਬਧੀ॥... ਪੁਰਾਤਨ ਜਨਮਸਾਖੀ,* ਸਾਖੀ/ਪੰਨਾ - ੧੩/੫੩.

[27] Teja Singh, *Sikhism : Its Ideals and Institutions*, p. 36.

[28] *ਗੁਰ ਦੁਆਰੈ ਹਰਿ ਕੀਰਤਨੁ ਸੁਣੀਐ॥ ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮਹਲਾ ੫ ਸੋਲਹੇ, ੧੦੭੫.

*ਗੰਗਾ ਸਹਗਲੁ ਸੂਰਮਾ ਹਰਵੰਸ ਤਪੇ ਟਹਲ ਧਰਮਸਾਲਾ॥*[29]

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਅੰਤਲੇ ਸਮੇਂ ਕਰਤਾਰਪੁਰ ਵਿਖੇ ਧਰਮਸਾਲ ਬਣਾਈ, ਜਿਥੇ ਸਿੱਖੀ ਦਾ ਪ੍ਰਚਾਰ ਵਿਵਸਥਿਤ ਰੂਪ ਵਿਚ ਕੀਤਾ ਜਾਣਾ ਸ਼ੁਰੂ ਹੋਇਆ। ਬਾਅਦ ਵਿਚ ਜਿਵੇਂ-ਜਿਵੇਂ ਗੁਰੂ-ਸੰਸਥਾ ਦਾ ਵਿਗਾਸ ਹੋਇਆ, ਤਿਵੇਂ-ਤਿਵੇਂ ਨਵੀਆਂ ਧਰਮਸਾਲਾਵਾਂ ਹੋਂਦ ਵਿਚ ਆਉਂਦੀਆਂ ਗਈਆਂ।

ਸਿਧਾਂਤਕ ਤੌਰ 'ਤੇ ਗੁਰਦੁਆਰਾ ਇਕ ਅਜਿਹੀ ਥਾਂ ਹੈ ਜਿਥੋਂ ਸਿੱਖ ਸੰਗਤਾਂ ਨੂੰ ਜੀਵਨ ਦੇ ਹਰੇਕ ਪਹਿਲੂ ਤੋਂ ਅਗਵਾਈ ਮਿਲਦੀ ਹੈ, ਉਹ ਚਾਹੇ ਮਾਨਸਿਕ ਹੋਵੇ, ਵਿਅਕਤੀਗਤ, ਸਮਾਜਿਕ, ਰਾਜਨੀਤਕ ਜਾਂ ਫਿਰ ਆਰਥਿਕ ਹੀ ਕਿਉਂ ਨਾ ਹੋਵੇ। ਇਥੇ ਵਖ-ਵਖ ਧਰਮ, ਪਿਛੋਕੜ ਅਤੇ ਮਾਨਸਿਕਤਾ ਦੇ ਲੋਕ ਆ ਕੇ ਇਕ ਸੂਤਰ ਵਿਚ ਪਰੋਏ ਜਾਂਦੇ ਹਨ। ਇਥੇ ਆ ਕੇ ਉਨ੍ਹਾਂ ਨੂੰ ਇਕ ਸ਼ਕਤੀ ਪ੍ਰਾਪਤ ਹੁੰਦੀ ਹੈ, ਜਿਸ ਸਦਕਾ ਉਹ ਆਪਣੇ ਨਿਜੀ/ਸਮਾਜਿਕ ਜੀਵਨ ਵਿਚ ਦ੍ਰਿੜਤਾ ਪ੍ਰਾਪਤ ਕਰਦੇ ਹਨ। ਗੁਰਦੁਆਰਾ ਗੁਰੂ ਦੇ ਨਿਵਾਸ ਦਾ ਸੰਕੇਤਕ ਹੈ, ਜਿਥੇ ਆ ਕੇ ਮਨੁਖ ਨੂੰ ਸੋਝੀ ਪ੍ਰਾਪਤ ਹੁੰਦੀ ਹੈ।[30] ਗੁਰੂ-ਸੰਸਥਾ ਦਾ ਅਧਾਰ ਗੁਰੂ ਹੈ, ਜਿਸ ਕਾਰਨ ਇਸ ਦਾ ਬਹੁ-ਪਖੀ ਪਾਸਾਰ ਸਾਹਮਣੇ ਆਉਂਦਾ ਹੈ। ਗੁਰੂ ਕੇਂਦਰ ਵਿਚ ਹੋਣ ਕਾਰਨ ਗੁਰਦੁਆਰੇ ਦਾ ਸੰਸਥਾਪਕ ਗੁਰੂ ਹੈ, ਇਸ ਦੀ ਅਨੁਯਾਈ ਗੁਰਸੰਗਤਿ ਹੈ, ਜਿਹੜੀ ਗੁਰਦੁਆਰੇ ਵਿਚ ਇਕਤਰ ਹੁੰਦੀ ਹੈ। ਸੰਗਤ ਵਿਚਲੇ ਉਚ-ਜੀਵਨ ਵਾਲੇ ਵਿਅਕਤੀਆਂ ਨੂੰ ਗੁਰਮੁਖ ਜਾਂ ਗੁਰਸਿਖ ਦੀ ਉਪਾਧੀ ਦਿਤੀ ਜਾਂਦੀ ਹੈ, ਜਿਨ੍ਹਾਂ ਦਾ ਧੁਰਾ ਵੀ ਗੁਰੂ ਹੀ ਹੈ। ਗੁਰਦੁਆਰਾ ਪੂਜਾਚਾਰ ਦਾ ਸਥਾਨ (Place of Worship) ਹੋਣ ਦੇ ਨਾਲ-ਨਾਲ ਸਿੱਖਾਂ ਦੀ ਰਾਜਨੀਤਕ ਅਗਵਾਈ ਵੀ ਕਰਦਾ ਹੈ। ਇਥੇ ਬੈਠ ਕੇ ਸਿੱਖ ਸੰਗਤ 'ਗੁਰਮਤਾ' ਕਰਦੀ ਹੈ, ਜਿਹੜਾ ਕਿ ਸਿੱਖਾਂ ਦੇ ਵਿਸ਼ਵਾਸ ਦਾ ਇਕ ਨਿਯਮਤ ਢੰਗ/ਤਰੀਕਾ (System of Belief) ਹੈ। ਗੁਰੂ ਦੇ ਸਨਮੁਖ ਮਥਾ ਟੇਕਣਾ (ਸੀਸ ਝੁਕਾਉਣਾ), ਪਰਿਕਰਮਾ ਕਰਨੀ, ਮੰਜੀ ਸਾਹਿਬ ਦੀ ਮੁਠੀ-ਚਾਪੀ ਕਰਨੀ, ਪਾਲਕੀ 'ਤੇ ਮਥਾ ਟੇਕਣਾ, ਨਿਸ਼ਾਨ ਸਾਹਿਬ ਨੂੰ ਫਤਹਿ ਗਜਾਉਣੀ, ਆਦਿ ਸਾਰੇ ਕਰਮ ਗੁਰੂ ਦੇ ਸੰਸਥਾਈਕਰਨ ਦਾ ਹੀ ਅੰਗ ਹਨ। ਦੂਜੇ ਸ਼ਬਦਾਂ ਵਿਚ ਇਹ ਸਾਰੀ ਸੰਸਥਾਈਕਰਨ ਦੀ ਹੀ ਪ੍ਰਕ੍ਰਿਆ ਹੈ।

---

29 *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ - ੧੧/੨੭.

30 *ਗੁਰੂ ਦੁਆਰੈ ਹੋਇ ਸੋਝੀ ਪਾਇਸੀ॥*... ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮਹਲਾ ੧, ੭੩੦.

### 4.1.3 ਲੰਗਰ

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੌਰਾਨ ਸੰਗਤਾਂ ਸਥਾਪਿਤ ਕਰਕੇ, ਉਨ੍ਹਾਂ ਨੂੰ ਜਥੇਬੰਦ ਕਰ ਕੇ ਜਿਥੇ ਇਕ ਕੇਂਦਰੀ ਸਥਾਨ ਦਿਤਾ, ਉਥੇ ਨਾਲ ਹੀ ਇਸ ਸਥਾਨ 'ਤੇ ਆਉਣ ਵਾਲਿਆਂ ਨੂੰ ਜੀਵਨ ਨਿਰਬਾਹ ਦੀ ਮੁਢਲੀ ਜਰੂਰਤ 'ਭੋਜਨ' ਦੇਣ ਦੀ ਵਿਵਸਥਾ ਵੀ ਕੀਤੀ ਗਈ, ਜਿਸ ਨੂੰ ਸਿੱਖ ਸ਼ਬਦਾਵਲੀ ਵਿਚ 'ਲੰਗਰ' ਕਿਹਾ ਜਾਂਦਾ ਹੈ। *ਆਦਿ ਸਾਖੀਆਂ* ਦੀ ਗਵਾਹੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਧਰਮਸਾਲਾ ਵਿਚ ਲੰਗਰ ਦਾ ਪੁਖਤਾ ਪ੍ਰਬੰਧ ਕੀਤਾ, ਜਿਥੇ ਦੋ ਵਕਤ ਸੰਗਤਾਂ ਨੂੰ ਭੋਜਨ ਮਿਲਦਾ ਸੀ:

*ਜਬ ਰਸੋਈ ਹੋਵੈ ਤਾ ਰਸੋਈਆ ਆਇ ਖੜਾ ਹੋਵੈ॥*
*ਰਸੋਈਆ ਚੁਪ ਕਰਿ ਕੈ ਜਾਇ ਖੜਾ ਹੋਵੈ॥*
*ਜਬ ਬਾਬਾ ਨਦਰਿ ਕਰਿ ਵੇਖੈ ਤਾ ਆਖੈ ਪੁਰਖਾ ਰਸੋਈ ਹੋਈ ਹੈ॥*
*ਤਾ ਰਸੋਈਆ ਕਹੈ ਪਿਛੋ ਦੀ ਜੀਓ ਪਾਤਿਸਾਹੁ ਹੋਈ ਹੈ॥*
*ਤਾ ਬਾਬਾ ਰਸੋਈ ਵਿਚ ਬਹਿ ਕਰਿ ਆਗਿਆ ਕਰੈ ਜਾਹਿ ਬਚਾ ਜੇਵਹੁ॥*
*ਸਿਆਲ ਹੋਇ ਤਾ ਖਿਚੜੀ ਰੋਟੀ॥ ਜੇ ਉਨਾਲ ਹੋਇ ਤਾ ਦਾਲ ਰੋਟੀ॥*
*ਜਿਤਨਾ ਆਹਾਰ ਕਿਸੈ ਦਾ ਹੋਵੈ ਸੋ ਲੈ ਉਠੈ॥...*
*ਦੁਇ ਵਖਤ ਸਿਖਾ ਕੋ ਰਸੋਈ ਹੁੰਦੀ॥*
*ਜੇਹੀ ਜਿਨਸ ਦਾ ਕੋਈ ਸੰਸਾਰੀ ਸਿਖ ਆਵੈ ਤੇਹਾ ਜੇਹਾ ਪਰਸਾਦ ਮਿਲਦਾ॥...*[31]

ਧਰਮਸਾਲਾ ਵਿਚ ਸਾਰੇ ਮਨੁਖ ਬਿਨਾਂ ਕਿਸੇ ਭੇਦ-ਭਾਵ ਦੇ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਦੇ, ਜਿਸ ਨਾਲ ਛੂਤ-ਛਾਤ, ਸੁਚ-ਭਿਟ ਅਤੇ ਜਾਤੀ ਪ੍ਰਥਾ ਨਾਲ ਜੁੜੀ ਮਾਨਸਿਕਤਾ, ਵਹਿਮ-ਭਰਮ ਅਤੇ ਰੂੜ੍ਹੀਵਾਦੀ ਧਾਰਮਿਕ ਵਿਚਾਰਾਂ ਦੀਆਂ ਖੋਖਲੀਆਂ ਬੁਨਿਆਦਾਂ ਢਹਿ-ਢੇਰੀ ਹੋ ਗਈਆਂ। ਇਸ ਸੰਬੰਧੀ ਅਠਾਰਵੀਂ ਸਦੀ ਵਿਚ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਲੰਗਰ-ਪੰਗਤ ਦੀ ਅਖੀਂ ਡਿਠੀ ਗਵਾਹੀ ਪੇਸ਼ ਕਰਦਾ ਹੋਇਆ ਭਾਈ ਕੇਸਰ ਸਿੰਘ ਛਿਬਰ ਇਉਂ ਅੰਕਿਤ ਕਰਦਾ ਹੈ :

---

[31] *ਆਦਿ ਸਾਖੀਆਂ*, ਸਾਖੀ/ਪੰਨਾ- ੨੪/੨੭੨-੮.

*ਸਦਾ ਬ੍ਰਿਤ ਜੋ ਕੋਈ ਸਾਧ ਸੰਤ ਸਿਖ ਫਕੀਰ ਪਰਦੇਸੀ ਆਵੈ॥...*

*ਸੂਰਦਾਸ ਲੰਗਾ ਬੁਢਾ ਹੀਣਾ ਅਰਥੀ...*

*ਹੋਰੁ ਮਾਈ ਬੁਢੀ ਠੇਰੀ... ਸੋਈ ਭੋਜਨ ਮਾਤ੍ਰ ਦਰਬਾਰੋ ਲੇਵੈ।*

*ਇਸ ਖਰਚ ਤੇ ਲੈ ਵਧੇ ਜੋ ਮਾਇਆ।*

*ਮਹੀਨੇ ਕਾਮਿਆ ਮੁਸੰਦੀਆ ਦਰੋਗਿਆ ਏ ਠਹਿਰਾਇਆ॥*[32]

*ਗੁਰਬਿਲਾਸ ਪਾ: ੬* ਦੇ ਹਵਾਲੇ ਅਨੁਸਾਰ ਗੁਰਦੁਆਰੇ ਦੀ ਓਟ ਸੰਗਤ-ਪੰਗਤ ਹੀ ਹੈ, ਜਿਥੇ ਸਾਰੇ ਵਰਣਾਂ ਦੇ ਲੋਕਾਂ ਲਈ ਸਾਂਝਾ ਲੰਗਰ ਚਲਦਾ ਹੈ, ਜਿਸ ਵਿਚ ਰਾਜੇ ਤੋਂ ਲੈ ਕੇ ਭਿਖਾਰੀ ਤਕ ਆਉਂਦੇ ਹਨ।[33] ਲੰਗਰ ਦੇ ਸਿਧਾਂਤਕ ਪਖ ਨੂੰ ਅਮਲੀ ਰੂਪ ਵਿਚ ਪ੍ਰਗਟ ਕਰਨ ਲਈ ਗੁਰੂ ਸਾਹਿਬ ਆਪ ਵੀ ਸੰਗਤਾਂ ਵਿਚ ਬੈਠ ਕੇ ਪ੍ਰਸ਼ਾਦ ਛਕਦੇ ਸਨ।[34] *ਮਹਿਮਾ ਪ੍ਰਕਾਸ਼* ਦੇ ਕਰਤਾ ਅਨੁਸਾਰ ਸੰਗਤ-ਪੰਗਤ ਅਤੇ ਲੰਗਰ ਆਦਿ ਸੰਸਥਾਵਾਂ ਨੂੰ ਗੁਰੂ ਸਾਹਿਬ ਨੇ ਅਧਿਆਤਮਕ ਉਨਤੀ ਦਾ ਸਾਧਨ ਬਣਾਇਆ।[35] ਲੰਗਰ ਦੀ ਮਹਾਨਤਾ ਇਸ ਤਥ ਤੋਂ ਵੀ ਉਜਾਗਰ ਹੁੰਦੀ ਹੈ ਕਿ ਗੁਰੂ ਸਾਹਿਬ ਜਦੋਂ ਵੀ ਕਿਸੇ ਵਿਅਕਤੀ 'ਤੇ ਆਪਣੀ ਖੁਸ਼ੀ ਪ੍ਰਗਟ ਕਰਦੇ ਤਾਂ ਉਸ ਨੂੰ ਲੰਗਰ ਦੀ ਸੇਵਾ ਬਖਸ਼ਦੇ।[36] ਲੋੜਵੰਦ ਜਾਂ ਗਰੀਬ ਨੂੰ ਲੰਗਰ ਛਕਾਉਣਾ ਗੁਰੂ ਨੂੰ ਪ੍ਰਸ਼ਾਦ ਛਕਾਉਣ ਦੇ ਬਰਾਬਰ ਹੈ। ਗੁਰੂ ਅਮਰਦਾਸ ਜੀ ਨੇ *ਪਹਿਲੇ ਪੰਗਤ ਪਾਛੈ ਸੰਗਤ* ਦਾ ਜਰੂਰੀ ਹੁਕਮ ਵੀ ਕੀਤਾ ਸੀ, ਜਿਹੜਾ ਕਿ ਸਮਕਾਲੀ ਬਾਦਸ਼ਾਹ ਅਕਬਰ ਨੂੰ ਵੀ ਮੰਨਣਾ ਪਿਆ।[37] ਗੁਰੂ-ਸੰਸਥਾ ਅਧੀਨ ਗੁਰੂ ਨਾਨਕ ਦੇਵ ਜੀ ਦੁਆਰਾ ਅਪਣਾਈ 'ਜੁਗਤਿ' ਦੇ ਪਾਸਾਰ ਵਜੋਂ ਕੀਤੀ ਲੰਗਰ ਦੀ ਸ਼ੁਰੂਆਤ ਦੇ ਪ੍ਰਸੰਗ ਵਿਚ ਪ੍ਰੋ. ਪੂਰਨ ਸਿੰਘ ਬਹੁਤ ਖੂਬਸੂਰਤ ਵਿਆਖਿਆ ਕਰਦੇ ਹਨ:

---

[32] *ਬੰਸਾਵਲੀਨਾਮਾ*, ਚਰਣ/ਬੰਦ/ਪੰਨਾ - ੧੩/੧੬-੮/੧੪੩.

[33] *ਗੁਰ ਨਾਨਕ ਸਦ ਲੰਗਰ ਤੁਰੈ॥ ਤਬੈ ਸ਼ਾਹ ਪੁਨਿ ਬਿਨਤਿ ਉਚਰੈ॥ ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ - ੧/੧੦੪/੧੨.

[34] *ਸਿਖ ਬੁਲਾਇ ਬੈਠਾਇ ਪੰਗਤ ਆਪਿ ਛਕਾਵਤ ਬੈਠਿ ਮੁਰਾਰਾ॥ ਉਹੀ*, ੯/੮੧੬/੩੮੫.

[35] *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ-1), ਸਾਖੀ/ਬੰਦ/ਪੰਨਾ - ੫/੨/੧੬੫.

[36] *ਉਹੀ*, ੬/੧੭-੮/੩੨੮.

[37] *ਮਹਿਮਾ ਪ੍ਰਕਾਸ਼* (ਵਾਰਤਕ), ਸਾਖੀ/ਪੰਨਾ - ੩੭/੮੬.

*ਘਰ ਕੀ ਹੈ? ਬਚਿਆਂ ਨੂੰ ਪਾਲਣ-ਪੋਸ਼ਣ ਦੀ ਥਾਂ, ਜਿਥੇ ਉਨ੍ਹਾਂ ਨੂੰ ਭੋਜਨ ਦੇ ਨਾਲ-ਨਾਲ ਪਿਆਰ ਅਤੇ ਵਿਸ਼ਵਾਸ ਮਿਲ ਸਕੇ। ਇਸ ਸਰੀਰ ਦੇ ਮੰਦਰ ਅੰਦਰ ਅਧਿਆਤਮਕ ਜੀਵਨ ਕੀ ਹੈ, ਜੇਕਰ ਇਸ ਨੂੰ ਪਹਿਲਾਂ ਸੰਪੂਰਨ ਆਹਾਰ ਨਾ ਮਿਲੇ? ਇਸ ਲਈ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਜਿਹੜਾ ਮੰਦਰ ਉਸਾਰਿਆ, ਉਹ ਸੀ 'ਭੋਜਨ-ਮੰਦਰ' ਜਾਂ 'ਗੁਰੂ ਕਾ ਲੰਗਰ'। ਇਸ ਸਾਂਝੇ ਲੰਗਰ ਵਿਚ ਪਰਮਾਤਮਾ ਦਾ ਭੋਜਨ ਬਿਨਾਂ ਕਿਸੇ ਕੀਮਤ ਦੇ ਲੋਕਾਂ ਵਿਚ ਵੰਡਿਆ ਜਾਣ ਲਗਾ। ਇਹ ਅਜਿਹੀ ਥਾਂ ਹੈ ਜਿਥੇ ਪਰਮਾਤਮਾ ਦੀ ਜੋਤਿ ਮੌਜੂਦ ਹੈ, ਇਸ ਲਈ ਇਥੋਂ ਕੋਈ ਵਿਅਕਤੀ ਭੁਖਾ ਨਹੀਂ ਮੁੜਨਾ ਚਾਹੀਦਾ। ਗੁਰੂ ਅਤੇ ਗੁਰੂ ਦੇ ਸਿੱਖ (ਸੰਗਤ) ਇਕ ਘਰ ਅਤੇ ਇਕ ਪਰਿਵਾਰ ਵਾਂਗ ਹਨ; ਇਹ ਕੋਈ ਖਿਆਲੀ-ਉਡਾਰੀ ਨਹੀਂ, ਇਹ ਅਜੋਕੇ ਕਿਰਤੀ ਲੋਕਤੰਤਰ ਵਾਂਗ ਨਹੀਂ; ਇਹ ਆਤਮਿਕ ਲੋਕਤੰਤਰ ਹੈ, ਜਿਹੜਾ ਗੁਰੂ ਦੁਆਰਾ ਮਨੁਖੀ ਮਨ ਅੰਦਰ ਪ੍ਰਕਾਸ਼ਮਾਨ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਕੋਲ ਜਿਹੜੇ ਲੋਕ ਆਏ, ਉਨ੍ਹਾਂ ਦੀ ਨਿਜਤਾ ਦਾ ਸੰਪੂਰਨ ਖਾਤਮਾ ਹੋ ਗਿਆ। ਉਨ੍ਹਾਂ ਅੰਦਰ ਕਿਸੇ ਕਿਸਮ ਦਾ ਦ੍ਵੈਤ ਭਾਵ ਨਾ ਰਿਹਾ। ਸੰਗਤ ਵਿਚ ਆ ਕੇ ਲੋਕ ਆਪਣੀ ਹਉਮੈ ਤੇ ਸਵਾਰਥ ਗੁਰੂ ਦੇ ਚਰਨਾਂ 'ਤੇ ਰਖ ਕੇ ਤਿਲ ਜਿੰਨੀ ਸੇਵਾ ਦੀ ਜਾਚਨਾ ਕਰਦੇ ਹਨ। ਉਹ ਸਮਝਦੇ ਹਨ ਕਿ ਸੰਗਤ ਦੀ ਸੇਵਾ ਹੀ ਗੁਰੂ ਦੀ ਸੇਵਾ ਹੈ। ਇਥੇ ਆਈ ਸੰਗਤ ਇਕ ਦੂਜੇ ਵਿਚ ਇਉਂ ਅਭੇਦ ਹੋ ਜਾਂਦੀ ਹੈ ਕਿ ਉਨਾਂ ਨੂੰ ਸੇਵਾ ਕਰਨ ਸਮੇਂ ਇਹ ਅਹਿਸਾਸ ਨਹੀਂ ਰਹਿੰਦਾ ਕਿ ਸੇਵਾ ਵਿਚ ਲਗੇ ਹਥ ਉਨ੍ਹਾਂ ਦੇ ਆਪਣੇ ਹਨ ਕਿ ਗੁਰੂ ਦੇ।*[38]

---

[38] "What is a home, but a hospitable feasting of children with bread and love and faith? What is spiritual life in the temple of flesh, without a full meal first? The very first Temple made by Guru Nanak, therefore, was the Temple of Bread, or Guru's Langar. In One common Temple of Bread of God was made free to the children of man. Let none be hungry where the spirit of God prevails. The Guru's people and the Guru were one home and one family; but it was no Utopian Idea, as of the democracy of labour; it was the democracy of soul, so gloriously invoked in the temple of the human heart by the genius of the Guru. The sacrifice of selfishness was made for the gladness of soul that the act gave to the people who came round Guru Nanak. The soul of the people was so fully nourished and satisfied that they could not entertain feelings of difference and duality … The People came and laid their selfishness at his feet, and begged a little of it for his service. To serve the devotees was serving the Master. This Union was so spiritually cooperative that none knew if his own hands were his own or of the devotees of the Guru." *The Book of the Ten Masters,* pp. 104-05.

ਪੂਰਨ ਸਿੰਘ ਦੀ ਉਕਤ ਵਿਆਖਿਆ ਵਿਚਲੇ ਇਸ਼ਾਰੇ 'ਗੁਰੂ ਕਾ ਲੰਗਰ' ਦਾ ਸਿਧਾ ਸੰਬੰਧ ਗੁਰੂ-ਸੰਸਥਾ ਦੀ ਦੈਵੀ 'ਜੁਗਤਿ' ਨਾਲ ਹੈ। ਜ਼ਿਕਰਯੋਗ ਹੈ ਕਿ ਲੰਗਰ ਕੇਵਲ ਸਰੀਰਕ ਤ੍ਰਿਪਤੀ ਦਾ ਸਾਧਨ-ਮਾਤਰ ਨਹੀਂ, ਬਲਕਿ ਇਹ ਅਧਿਆਤਮਕ ਵਿਗਾਸ ਦਾ ਇਕ ਅੰਗ ਹੈ, ਜਿਹੜਾ ਗੁਰੂ ਦੁਆਲੇ ਕੇਂਦਰਿਤ ਹੈ।

ਗੁਰੂ ਨਾਨਕ ਦੇਵ ਜੀ ਨੇ ਸਮਾਜ ਦੇ ਸਮੁਚੇ ਭਲੇ ਲਈ ਆਪਣੀ 'ਜੁਗਤਿ' ਅਧੀਨ ਨਗਰ ਉਸਾਰੀ ਦਾ ਕਾਰਜ ਵੀ ਅਰੰਭਿਆ। ਉਨ੍ਹਾਂ ਨੇ ਸੰਮਤ 1561 ਵਿਚ ਕਰਤਾਰਪੁਰ ਨਗਰ ਵਸਾਇਆ, ਜਿਥੇ ਗੁਰੂ ਸਾਹਿਬ ਨੇ ਉਦਾਸੀਆਂ ਮਗਰੋਂ 1579 ਸੰਮਤ ਵਿਚ ਨਿਵਾਸ ਕੀਤਾ। ਇਹ ਨਗਰ ਵਸਾਉਣ ਵਿਚ ਉਨ੍ਹਾਂ ਨੂੰ ਭਾਈ ਦੋਦਾ ਅਤੇ ਭਾਈ ਦੁਨੀ ਚੰਦ ਦਾ ਬਹੁਤ ਸਹਿਯੋਗ ਮਿਲਿਆ। ਭਾਈ ਦੁਨੀ ਚੰਦ ਦੀ ਜ਼ੁਬਾਨੀ ਮਹਿਮਾ ਪ੍ਰਕਾਸ਼ ਦਾ ਕਰਤਾ ਕਰਤਾਰਪੁਰ ਵਸਾਉਣ ਬਾਰੇ ਇਉਂ ਸੰਕੇਤ ਦਿੰਦਾ ਹੈ:

*ਇਕ ਅਰਜ ਕਰੋ ਜੋ ਹੋਇ ਕਬੂਲ। ਤਬ ਜਾਨੋ ਮਾਫ ਭਈ ਇਹ ਭੂਲ॥*
*ਸੌ ਬਿਗੇ ਕਾ ਗਾਉ ਈਹਾਂ ਕਰੋ। ਨਾਨਕ-ਚਕ ਨਾਮ ਤਿਸ ਧਰੋਂ॥*
*ਪ੍ਰਭ ਸ੍ਰਧਾ ਦੇਖ ਮਨਜੂਰ ਯਹ ਕਰਾ। ਕਰਤਾਰਪੁਰ ਨਾਮ ਚਕ ਕਾ ਧਰਾ॥*[39]

## 4.2 ਦੂਜੀ ਨਾਨਕ-ਜੋਤਿ: ਗੁਰੂ ਅੰਗਦ ਦੇਵ ਜੀ

ਇਤਿਹਾਸਕ ਤੌਰ 'ਤੇ ਗੁਰੂ-ਸੰਸਥਾ ਅਧੀਨ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਨਾਨਕ-ਜੋਤਿ ਗੁਰੂ ਅੰਗਦ ਦੇਵ ਜੀ ਵਿਚ ਆਈ। ਇਥੇ ਇਹ ਗਲ ਸਪਸ਼ਟ ਕਰਨੀ ਬਣਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਗੁਰਿਆਈ ਮਿਲਣੀ ਨਿਰੋਲ ਰੂਪ ਵਿਚ ਅਧਿਆਤਮਕ ਪ੍ਰਕ੍ਰਿਆ ਸੀ, ਜਦੋਂ ਕਿ ਇਹੀ ਗੁਰਿਆਈ ਗੁਰੂ ਅੰਗਦ ਦੇਵ ਜੀ ਨੂੰ ਪ੍ਰਾਪਤ ਹੋਈ ਤਾਂ ਅਧਿਆਤਮਕ ਹੋਣ ਦੇ ਨਾਲ-ਨਾਲ ਇਹ ਇਤਿਹਾਸਕ ਵੀ ਬਣ ਗਈ। ਭਾਵ, ਕਾਲ ਦੇ ਇਕ ਖਾਸ ਖੰਡ ਵਿਚ ਬਾਹਰੀ ਚਿੰਨ੍ਹਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਣਾ ਜੀ ਨੂੰ ਸੰਗਤ ਦੀ ਹਾਜ਼ਰੀ ਵਿਚ ਆਪਣੀ 'ਜੋਤਿ' ਉਨ੍ਹਾਂ ਦੇ ਹਿਰਦੇ ਵਿਚ ਟਿਕਾ ਕੇ ਭਾਈ ਲਹਣਾ ਜੀ ਨੂੰ ਗੁਰੂ ਥਾਪ ਦਿਤਾ। ਸਿੱਖ ਸਰੋਤਾਂ ਨੇ ਗੁਰੂ ਅੰਗਦ ਦੇਵ ਜੀ ਦੀ ਗੁਰਿਆਈ ਬਾਰੇ ਜਿੰਨਾ ਲਿਖਿਆ ਹੈ, ਸ਼ਾਇਦ ਕਿਸੇ ਹੋਰ ਨਾਨਕ-ਜੋਤਿ ਬਾਰੇ ਨਹੀਂ ਲਿਖਿਆ। ਇਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ

[39] *ਮਹਿਮਾ ਪ੍ਰਕਾਸ਼* (ਭਾਗ ਪਹਿਲਾ), ਸਾਖੀ/ਬੰਦ/ਪੰਨਾ - ੫੦/੧੩-੪/੩੯੩.

ਪਿਛੇ ਦਿਤੇ ਸੰਕੇਤ ਅਨੁਸਾਰ ਇਤਿਹਾਸਕ ਤੌਰ ਉਤੇ ਗੁਰੂ-ਸੰਸਥਾ ਦਾ ਆਰੰਭ ਭਾਈ ਲਹਣਾ ਜੀ ਨੂੰ ਗੁਰਿਆਈ ਦੇਣ ਨਾਲ ਹੁੰਦਾ ਹੈ। ਇਹ ਆਪਣੇ-ਆਪ ਵਿਚ ਪਹਿਲਾ ਅਤੇ ਨਿਵੇਕਲਾ ਦ੍ਰਿਸ਼ਟਾਂਤ ਹੋਣ ਕਾਰਨ, ਇਤਿਹਾਸਕਾਰਾਂ ਦੀ ਖਿਚ ਦਾ ਕਾਰਨ ਬਣਿਆ, ਜਿਸ ਦੀ ਉਨ੍ਹਾਂ ਨੇ ਵਿਸਤ੍ਰਿਤ ਵਿਆਖਿਆ ਕੀਤੀ।

ਗੁਰਿਆਈ 'ਸੇਵਕ' ਦੀ ਵਸਤ ਹੋਣ ਕਾਰਨ, ਗੁਰੂ ਨਾਨਕ ਦੇਵ ਜੀ ਨੇ ਭਾਈ ਲਹਣਾ ਜੀ ਦੀ ਸੇਵਾ ਭਾਵਨਾ ਪਰਖ ਕੇ, ਉਨ੍ਹਾਂ ਨੂੰ ਗੁਰਿਆਈ ਦੀ ਬਖਸ਼ਿਸ਼ ਕੀਤੀ। ਇਸ ਪ੍ਰਸੰਗ ਵਿਚ ਪ੍ਰਾਪਤ ਪ੍ਰਸੰਸਾ ਰੂਪ ਵਿਚ ਸਾਖੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਦੋਂ ਭਾਈ ਲਹਣਾ ਜੀ ਦੀ ਪ੍ਰੀਖਿਆ ਲੈਣ ਲਈ ਖੇਤ ਵਿਚੋਂ ਘਾਹ ਦੀ ਚਿਕੜ ਨਾਲ ਲਿਬੜੀ ਪੰਡ ਚੁਕਣ ਲਈ ਕਿਹਾ ਤਾਂ ਭਾਈ ਲਹਣਾ ਜੀ ਨੇ ਬਿਨਾਂ ਦੇਰੀ, ਪੰਡ ਸਿਰ ਉਤੇ ਚੁਕ ਲਈ ਅਤੇ ਘਰ ਲੈ ਗਏ। ਪੰਡ ਵਿਚੋਂ ਗੰਦਾ ਪਾਣੀ ਆਦਿ ਨਿਕਲਣ ਕਾਰਨ ਉਨ੍ਹਾਂ ਦੇ ਕਪੜੇ ਮਿਟੀ ਨਾਲ ਗੰਦੇ ਹੋ ਗਏ। ਇਹ ਦੇਖ ਕੇ ਗੁਰੂ ਸਾਹਿਬ ਦੇ ਮਾਤਾ ਜੀ ਉਨ੍ਹਾਂ ਨੂੰ ਕਹਿਣ ਲਗੇ ਕਿ ਉਹ ਕੰਮ ਕਰਾਉਣ ਲਗਿਆਂ ਵਿਅਕਤੀ ਆਦਿ ਦੀ ਵਿਚਾਰ ਕਰ ਲਿਆ ਕਰਨ। ਉਸ ਸਮੇਂ ਗੁਰੂ ਸਾਹਿਬ ਨੇ ਜਵਾਬ ਦਿਤਾ ਕਿ ਹੇ ਮਾਤਾ! ਤੁਸੀਂ ਅਸਲ ਰਮਜ਼ ਨਹੀਂ ਸਮਝੀ। ਮੈਂ ਤਾਂ ਦੀਨ ਦੁਨੀਆਂ ਦਾ ਤਾਜ (ਛਤਰ) ਇਨ੍ਹਾਂ ਦੇ ਸਿਰ ਉਤੇ ਸਜਾ ਦਿਤਾ ਹੈ। ਇਹ ਚਿਕੜ ਨਹੀਂ, ਸਗੋਂ ਕੇਸਰ ਹੈ, ਭਾਵ ਇਹ ਸ਼ਗਨ ਦੀ ਗਲ ਹੈ। ਇਹ ਲੈਣਦਾਰ ਹੈ ਅਤੇ ਮੈਂ ਦੇਣਦਾਰ ਹਾਂ। ਮੇਰੀ ਅਤੇ ਇਸ ਦੀ ਪ੍ਰੀਤ ਬਹੁਤ ਪੁਰਾਣੀ ਹੈ। ਇਹ ਤਾਂ ਮੇਰੇ ਰਾਜ ਦਾ ਵਾਰਿਸ ਹੈ। ਮੈਂ ਇਨ੍ਹਾਂ ਦੇ ਹਿਰਦੇ ਵਿਚ ਵਸਦਾ ਹਾਂ ਤੇ ਇਹ ਮੇਰੇ ਸਚੇ ਮਿਤਰ ਹਨ:

*ਨਿਜ ਗੁਰਿਆਈ ਬੋਝ ਬਿਚਾਰੀ। ਲਹਣੇ ਓਰ ਸੁ ਦ੍ਰਿਸਟਿ ਨਿਹਾਰੀ॥*
*ਤਤਕਾਲ ਤਿਨ ਲੀਨ ਉਠਾਈ। ਕਛੁ ਸ਼ੰਕਾ ਨਹਿ ਮਨ ਮੈ ਪਾਈ॥*
*ਆਗੇ ਆਗੇ ਸਤਿਗੁਰ ਭਏ। ਪਾਛੇ ਲਹਣਾ ਪੋਟ ਉਠਏ॥*
*ਸਤਿਗੁਰ ਚਰਨ ਕਮਲ ਚਿਤ ਲਾਈ। ਤਨ ਮਨ ਦੇ ਅਤਿ ਹਰਖ ਧਰਾਈ॥*
*ਚੋਣਤ ਚੀਕੜ ਬਸਤ੍ਰ ਅਪਾਰਾ। ਕੇਸਰ ਛਿਟਕਜੋ ਪ੍ਰਭੂ ਵਿਚਾਰਾ॥*
*ਤਿਹ ਗੁਰਿਆਈ ਬੋਝ ਦੀਯੋ ਸਿਰਿ। ਕੇਸਰ ਡਾਰਜੋ ਗੁਰ ਨਾਨਕ ਬਰੁ॥*
*ਸ੍ਰੀ ਗੁਰ ਨਾਨਕ ਡੇਰੇ ਆਏ। ਮਮ ਦਾਦੀ ਵਿਖਿ ਬਿਸਮੈ ਪਾਏ॥*
*ਕਹਜੋ ਤੋਹਿ ਕਛੁ ਸ਼ੰਕ ਨ ਲਜਾ। ਕਹਜੋ ਕਰਤ ਕੋ ਜਗਿ ਅਸ ਕਾਜਾ॥*[40]

---

[40] *ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ - ੧੬/੨੨੯-੩੨/੫੪੭.

ਇਸ ਸਾਖੀ ਦੀ ਗਵਾਹੀ *ਮਹਿਮਾ ਪ੍ਰਕਾਸ਼* ਦਾ ਕਰਤਾ ਵੀ ਭਰਦਾ ਹੈ:

> *ਪ੍ਰਭ ਕਰੌ ਟਹਲ ਜੋ ਆਗਿਆ ਹੋਇ। ਕਹਾ: ਜੋ ਸਭ ਕਰੇਂ ਕਰੋ ਤੁਮ ਸੋਇ॥*
> *ਖੇਤ ਸੋਹਿ ਲਹਨਾ ਨਹੀ ਜਾਨੇ। ਦੇਖ ਦਿਆਲ ਗੁਰ ਬਚਨ ਬਖਾਨੇ॥*
> *ਨਿਕਸਾ ਨਦੀਨ ਬੰਧ ਲੇ ਚਲੋ। ਅੰਗਨ ਮੋ ਭੈਸ ਰਹੈ ਤਹਾ ਡਾਲੋ॥...*
> *ਹੇ ਮਾਤਾ ਜੀ ਤੁਮ ਮਰਮ ਨ ਜਾਨਾ। ਮੈਂ ਦੀਨ ਦੁਨੀਆ ਦਾ ਛਤ੍ਰ ਸਿਰ ਧਾਰਾ॥*
> *ਵਹ ਕੀਚ ਜਲ ਨਹੀਂ ਕੇਸਰ ਸਿਰ ਡਾਰਾ।ਇਹੁ ਲਹਨਾ ਮੈ ਇਸ ਕਾ ਦੇਨਾ॥...*
> *ਇਨ ਕੀ ਮੋ ਹੈ ਬਿਧ ਬਨੀ। ਮੇਰੇ ਰਾਜ ਕੋ ਆਇਓ ਧਨੀ॥*
> *ਮੇਰੀ ਇਨ ਸੋ ਬਨ ਰਹੀ ਪਰਮ ਪੁਰਾਤਨ ਪ੍ਰੀਤ॥*
> *ਮੈ ਇਨ ਕੇ ਹਿਰਦੇ ਬਸੋ ਇਹ ਮੇਰੇ ਸਤ ਮੀਤ॥* [41]

*ਜਨਮਸਾਖੀ* ਵਿਚ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਮਿਲਣ ਦਾ ਚਿਤ੍ਰਣ ਇਉਂ ਹੈ:

> *ਤਬ ਬਾਬਾ ਜੀ ਰਾਵੀ ਦੇ ਕਿਨਾਰੇ ਆਇਆ। ਤਦਹੁੰ ਪੈਸੇ ਪੰਜਿ ਬਾਬੇ ਜੀ ਗੁਰੂ ਅੰਗਦ ਜੀ ਕੈ ਅਗੈ ਰਖਿ ਕੈ ਪੈਰੀ ਪਇਆ। ਤਦਹੁੰ ਪਰਵਾਰ ਵਿਚਿ ਖਬਰਿ ਹੋਈ, ਤਾ ਸਰਬਤਿ ਸੰਗਤਿ ਵਿਚ ਖਬਰਿ ਹੋਈ, ਜੇ ਗੁਰੂ ਬਾਬਾ ਚਲਾਣੈ ਦੇ ਘਰਿ ਹੈ। ਤਦਹੁੰ ਗੁਰੂ ਅੰਗਦੁ ਹਥਿ ਜੋੜ ਖੜਾ ਹੋਇਆ। ਤਬ ਬਾਬੈ ਆਖਿਆ: 'ਕੁਛ ਮੰਗੁ' ਤਬ ਗੁਰੂ ਅੰਗਦ ਜੀ ਆਖਿਆ: 'ਜੀ ਪਾਤਿਸਾਹੁ! ਤੁਧੁ ਭਾਵੈ ਤ ਏਹ ਜੋ ਸੰਗਤਿ ਨਾਲਹੁੰ ਤੁਟੀ ਹੈ, ਸੋ ਲੜਿ ਲਾਈਐ ਜੀ। ਤਾ ਬਚਨ ਹੋਇਆ ਗੁਰੂ ਅੰਗਦੁ ਨੂੰ ਜੋ 'ਤੇਰਾ ਸਦਕਾ ਸਭਾ ਬਖਸ਼ੀ'। ਤਬ ਗੁਰੂ ਅੰਗਦੁ ਪੈਰੀਂ ਪਾਇਆ। ਉਤ ਮਹਲਿ ਸਬਦੁ ਹੋਇਆ।...*[42]

ਭਾਈ ਲਹਣਾ ਜੀ ਨੂੰ ਗੁਰਿਆਈ ਦੇਣ ਸਮੇਂ ਦਾ ਦ੍ਰਿਸ਼ ਪੇਸ਼ ਕਰਦਾ ਹੋਇਆ ਮਹਿਮਾ ਪ੍ਰਕਾਸ਼ ਦਾ ਕਰਤਾ ਦਸਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਣਾ ਜੀ ਦੀ ਸੇਵਾ ਤੋਂ ਖੁਸ਼ ਹੋ

---

[41] *ਮਹਿਮਾ ਪ੍ਰਕਾਸ਼* (ਭਾਗ ਪਹਿਲਾ), ਸਾਖੀ/ਬੰਦ/ਪੰਨਾ – ੫੧/੨੯-੩੬/੩੮੮.
[42] *ਪੁਰਾਤਨ ਜਨਮਸਾਖੀ*, ਸਾਖੀ/ਪੰਨਾ – ੫੬/੨੫.

ਕੇ ਉਨ੍ਹਾਂ ਨੂੰ ਆਪਣੇ ਅੰਗ ਨਾਲ ਲਗਾ ਕੇ ਅੰਗਦ ਬਣਾ ਲਿਆ ਅਤੇ ਆਪਣਾ ਰੂਪ ਬਣਾ ਕੇ ਗੁਰੂ-ਪਦ ਬਖਸ਼ਿਸ਼ ਕੀਤਾ:

*...ਉਠੇ ਦਿਆਲ ਲੀਏ ਅੰਕ ਲਗਾਏ। ਕਹੇ ਸੁੰਦਰ ਬਚਨ ਪ੍ਰੇਮ ਕੇ ਭਾਇ।*
*ਅਬ ਤੂ ਮੇਰੇ ਅੰਗ ਤੇ ਭਇਆ। ਤੁਮ ਲਹਨਾ ਮੈ ਦੇਨ ਦਇਆ।*
*ਅਬ ਗੁਰੂ ਅੰਗਤ ਜਗ ਨਾਮੁ ਤੁਮਾਰਾ। ਮੈਂ ਅਪਨਾ ਗੁਰੂ ਤੁਮ ਕੋ ਧਾਰਾ।*
*ਮੈਂ ਤੇਰਾ ਗੁਰੂ ਤੂੰ ਮੇਰਾ ਗੁਰੂ। ਭਏ ਏਕ ਮੇਕ ਨਿਕਟਿ ਨਹੀਂ ਦੂਰਿ।*[43]

ਗੁਰੂ ਨਾਨਕ ਦੇਵ ਜੀ ਜੋਤੀ-ਜੋਤਿ ਸਮਾਉਣ ਲਗਿਆਂ ਗੁਰੂ ਅੰਗਦ ਸਾਹਿਬ ਨੂੰ ਗੁਰੂ-ਸੰਸਥਾ ਦੀ ਜਿੰਮੇਵਾਰੀ ਦੇਣ ਉਪਰੰਤ ਜਿਵੇਂ ਗੁਰੂ ਅੰਗਦ ਸਾਹਿਬ ਨੂੰ ਸੰਬੋਧਿਤ ਹੁੰਦੇ ਹਨ, *ਮਹਿਮਾ ਪ੍ਰਕਾਸ਼* ਦਾ ਕਰਤਾ ਉਸ ਦ੍ਰਿਸ਼ ਦਾ ਇਉਂ ਵਰਨਣ ਕਰਦਾ ਹੈ:

*...ਤਬ ਦਿਆਲ ਐਸੇ ਮੁਖ ਕਹਿਓ। ਤੁਮ ਤੇ ਭਿੰਨ ਨ ਕਛੁ ਮਮ ਅਹਿਓ॥*
*ਤਮ ਸਦਾ ਬਸੋ ਮੇਰੇ ਉਰ ਮਾਹੀ। ਭੇਦ ਭਾਉ ਤੁਮਾਰੇ ਕਛੁ ਨਾਹੀ॥...*
*ਯਹ ਲੀਲਾ ਗੁਪਤ ਨ ਕੋਊ ਜਾਨੈ। ਆਪੇ ਕਹੇ ਆਪੇ ਹੀ ਮਾਨੇ॥*[44]

ਕਵੀ ਕੰਕਣ ਅਨੁਸਾਰ ਗੁਰੂ ਨਾਨਕ ਦੇਵ ਦੀ 'ਜੋਤਿ' ਗੁਰੂ ਅੰਗਦ ਦੇਵ ਜੀ ਵਿਚ ਪ੍ਰਵੇਸ਼ ਹੋਈ:

*-ਜੋਤਹਿ ਜੋਤਿ ਮਿਲਾਇ ਨਾਨਕ ਗੁਰ ਅੰਗਦ ਕੀਆ॥*
*ਦਈ ਥਾਪਨਾ ਤਾਹਿ ਦੀਪ ਜਗਾਯੋ ਦੀਪ ਸੋ॥*[45]
*-ਥਾਪ ਕੀਆ ਲਹਿਣਾ ਗੁਰੂ ਅੰਗਦ ਅੰਗ ਸੋ ਲਾਇ ਦਈ ਗੁਰਿਆਈ॥*
*ਰੂਪ ਭਏ ਬਿਬ ਜੋਤਿ ਵਹੀ ਜੈਸੇ ਦੀਪ ਕੀ ਜੋਤਿ ਸੋ ਦੀਪ ਜਗਾਈ॥*
*ਐਸੇ ਹੀ ਰੂਪ ਭਏ ਗੁਰੂ ਅੰਗਦੁ ਤੀਨਹੂੰ ਲੋਕ ਮਹਿ ਦੀਪ ਜਗਾਈ॥...*[46]

ਗੁਰੂ ਨਾਨਕ ਦੇਵ ਜੀ ਗੁਰੂ ਅੰਗਦ ਸਾਹਿਬ ਦੇ ਹਿਰਦੇ ਵਿਚ ਨਿਵਾਸ ਕਰਦੇ ਹਨ:

---

43 *ਮਹਿਮਾ ਪ੍ਰਕਾਸ਼* (ਭਾਗ ਪਹਿਲਾ), ਸਾਖੀ/ਬੰਦ/ਪੰਨਾ - ੫੯/੩੦-੩੧/੪੧੨.
44 *ਉਹੀ,* ੬੧/੧੩-੧੭/੪੧੯.
45 *ਸੰਛੇਪ ਦਸ ਗੁਰ ਕਥਾ*, ਬੰਦ/ਪੰਨਾ - ੯/੩੨.
46 *ਉਹੀ,* ੧੧/੩੨.

*ਬਾਬਾ ਮੜੀ ਨ ਗੋਰੁ ਗੁਰੂ ਅੰਗਦੁ ਕੇ ਹੀਯ ਮਾਹਿ॥*

*ਜਾ ਸਤਿ ਸੰਗਤਿ ਠੌਰ ਜਾ ਮੈ ਪ੍ਰਭੁ ਜੀਓ ਬਸੈ॥*[47]

### 4.2.1 ਗੁਰਮੁਖੀ ਲਿਪੀ

ਗੁਰੂ ਅੰਗਦ ਦੇਵ ਜੀ ਕਿਉਂਕਿ ਗੁਰੂ ਨਾਨਕ ਦੇਵ ਜੀ ਦੀ ਹੀ ਜੋਤਿ ਹਨ, ਇਸ ਪ੍ਰਸੰਗ ਵਿਚ ਉਨ੍ਹਾਂ ਨੇ ਜਿਹੜੇ ਵੀ ਕਾਰਜ ਕੀਤੇ ਉਹ ਗੁਰੂ ਨਾਨਕ ਦੇਵ ਜੀ ਦੀ 'ਜੁਗਤਿ' ਦਾ ਪਸਾਰ ਹੀ ਸਨ। ਗੁਰਿਆਈ ਮਿਲਣ ਉਪਰੰਤ ਗੁਰੂ ਅੰਗਦ ਦੇਵ ਜੀ ਨੇ ਬਾਬਾ ਬੁਢਾ ਜੀ ਦੀ ਮਦਦ ਨਾਲ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਮਰਯਾਦਾ' (System/ਤਰਤੀਬ) ਵਿਚ ਕੀਤੀ। *ਮਹਿਮਾ ਪ੍ਰਕਾਸ਼ (ਵਾਰਤਕ)* ਅਨੁਸਾਰ:

*ਸ੍ਰੀ ਗੁਰੂ ਜੀ ਨੇ ਆਗਿਆ ਕੀਤੀ ਬੁਢੇ ਕੋ-ਭਾਈ ਬਾਣੀ ਗੁਰੂ ਜੀ*
*ਕੀ ਜੋ ਹੋਈ ਹੈ ਸੋ ਸਭ ਮਿਰਜਾਦ (ਮਰਿਆਦਾ) ਸੋ ਲਿਖੀ ਚਾਹੀਐ।...*[48]

*ਮਹਿਮਾ ਪ੍ਰਕਾਸ਼* (ਕਵਿਤਾ) ਵਿਚ ਵੀ ਉਕਤ ਤਥ ਦਾ ਉਲੇਖ ਮਿਲਦਾ ਹੈ:

*... ਅਛਰ ਲਿਖ ਤਿਨ ਮਾਤ੍ਰਾ ਲਾਈ। ਗੁਰਮੁਖੀ ਅਖਰ ਨਾਮ ਤਿਨ ਧਰਾ।*
*ਸ੍ਰੀ ਮੁਖ ਬਾਲੀ ਲਿਖ ਪੋਥੀ ਕਰਾ। ਅਖਰ ਮਿਰਜਾਦ ਪੰਥ ਕਾ ਕੀਆ।...*[49]

ਗੁਰੂ ਨਾਨਕ ਦੇਵ ਜੀ ਨੇ 'ਧੁਰ ਕੀ ਬਾਣੀ' ਨੂੰ ਸਮਾਜ ਦੀਆਂ ਸਥਾਪਿਤ ਧਿਰਾਂ ਦੁਆਰਾ ਅਪਣਾਈ ਸੰਸਕ੍ਰਿਤ ਭਾਸ਼ਾ (ਜਿਸ ਨੂੰ ਪੜ੍ਹਨ-ਲਿਖਣ ਦਾ ਅਧਿਕਾਰ ਕੇਵਲ ਬ੍ਰਾਹਮਣ ਨੂੰ ਸੀ) ਦੀ ਬਜਾਇ, ਸੌਖੀ ਭਾਸ਼ਾ (ਲੋਕ ਬੋਲੀ) ਪ੍ਰਚਾਰਨ ਦਾ ਫੈਸਲਾ ਕੀਤਾ। ਇਸ ਅਧੀਨ ਆਪ ਨੇ ਪੈਂਤੀ ਅਖਰੀ ਵਰਣਮਾਲਾ ਨਿਸਚਿਤ ਕਰਕੇ ਆਸਾ ਰਾਗ ਵਿਚ 'ਪਟੀ' ਬਾਣੀ ਉਚਾਰੀ। ਉਪਰੰਤ ਗੁਰੂ ਅੰਗਦ ਰੂਪ ਵਿਚ ਆਪ ਨੇ ਇਸ ਨੂੰ ਲਗਾਂ-ਮਾਤਰਾਂ ਸਹਿਤ ਪੰਜਾਬੀ ਰੂਪ ਦਿੰਦੇ ਹੋਏ ਗੁਰਮੁਖੀ (ਗੁਰੂ ਦੇ ਮੁਖ ਤੋਂ ਉਚਾਰੀ ਹੋਈ) ਲਿਪੀ ਇਜ਼ਾਦ ਕੀਤੀ। ਇਸ ਤਰ੍ਹਾਂ ਧਰਮ ਉਪਦੇਸ਼ ਸੰਸਕ੍ਰਿਤ ਦੇ ਘੇਰੇ ਵਿਚੋਂ ਨਿਕਲ ਕੇ ਸਾਰੀ ਮਨੁਖਤਾ ਦਾ ਹੋ ਗਿਆ, ਜਿਸ ਨੇ ਗੁਰੂ ਦੇ ਸਿੱਖਾਂ ਨੂੰ ਨਾ ਕੇਵਲ

---

[47] *ਸੰਛੇਪ ਦਸ ਗੁਰ ਕਥਾ*, ਬੰਦ/ਪੰਨਾ - ੮/੩੨.
[48] *ਮਹਿਮਾ ਪ੍ਰਕਾਸ਼* (ਵਾਰਤਕ), ਸਾਖੀ/ਪੰਨੇ - ੨੨/੫੭-੮.
[49] *ਮਹਿਮਾ ਪ੍ਰਕਾਸ਼* (ਭਾਗ ਪਹਿਲਾ), ਸਾਖੀ/ਬੰਦ/ਪੰਨਾ - ੬੨/੧੮-੯/੪੨੨.

ਬ੍ਰਾਹਮਣ ਦੀ ਅਗਵਾਈ ਤੋਂ ਆਜ਼ਾਦ ਕਰਵਾ ਦਿਤਾ, ਸਗੋਂ ਇਸ ਨਾਲ ਸਿੱਖਾਂ ਦੀ ਹਿੰਦੂ-ਮੁਸਲਮਾਨਾਂ ਤੋਂ ਨਿਆਰੀ ਹੋਂਦ ਕਾਇਮ ਕਰਨ ਦਾ ਪਹਿਲਾ ਕਦਮ ਵੀ ਪੁਟਿਆ ਗਿਆ। ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਦੇ ਆਗਾਜ਼ ਨਾਲ ਆਪਣੀ ਪਹਿਲੀ ਜੋਤਿ (ਗੁਰੂ ਨਾਨਕ) ਵਲੋਂ ਚਲਾਏ ਮਿਸ਼ਨ ਨੂੰ ਵਖਰੀ 'ਹੋਂਦ' ਤੇ ਆਪਣਾ 'ਨਾਮ' ਦਿਤਾ। ਗੁਰਮੁਖੀ ਲਿਪੀ ਦੇ ਪ੍ਰਸੰਗ ਵਿਚ ਡਾ. ਤਾਰਨ ਸਿੰਘ ਇਕ ਥਾਂ ਵਿਸ਼ੇਸ਼ ਕਥਨ ਕਰਦੇ ਹਨ:

> *ਕਿਸੇ ਕੌਮ ਦੀ ਹੋਂਦ ਨੂੰ ਦੂਜੀਆਂ ਕੌਮਾਂ ਤੋਂ ਨਿਆਰਾ ਸਿਧ ਕਰਨ ਲਈ, ਉਸ ਦੇ ਧਰਮ ਵਿਸ਼ਵਾਸ, ਧਰਮ ਗ੍ਰੰਥ ਤੇ ਧਰਮ ਅਸਥਾਨ, ਉਸ ਦੇ ਰੂਪ ਤੇ ਰਹਿਣੀ, ਉਸ ਦੀਆਂ ਸਮਾਜਿਕ ਰੀਤਾਂ ਅਤੇ ਉਸ ਦੀ ਸਮੁਚੀ ਵਿਚਾਰਧਾਰਾ ਨੂੰ ਵਿਸ਼ੇਸ਼ ਮਹਤਤਾ ਪ੍ਰਾਪਤ ਹੁੰਦੀ ਹੈ ਪਰ ਇਨ੍ਹਾਂ ਤੋਂ ਭੀ ਜੇ ਵਧ ਨਹੀਂ ਤਾਂ ਸਮਾਨ ਥਾਂ ਉਨ੍ਹਾਂ ਦੀ ਮਾਤ ਭਾਸ਼ਾ ਅਤੇ ਉਸ ਭਾਸ਼ਾ ਦੀ ਲਿਪੀ ਨੂੰ ਪ੍ਰਾਪਤ ਹੁੰਦਾ ਹੈ।*[50]

ਗੁਰੂ ਅੰਗਦ ਦੇਵ ਜੀ ਨੇ ਪਹਿਲੀ ਜੋਤਿ-ਰੂਪ (ਗੁਰੂ ਨਾਨਕ) ਵਿਚ ਸ਼ੁਰੂ ਕੀਤੇ ਲੰਗਰ ਨੂੰ ਪ੍ਰਬੰਧ ਰੂਪ ਵਿਚ ਚਲਾਉਣਾ ਸ਼ੁਰੂ ਕੀਤਾ। ਇਸ ਸੇਵਾ ਵਿਚ ਗੁਰੂ ਸਾਹਿਬ ਦੀ ਸੁਪਤਨੀ ਨੇ ਵਡਮੁਲਾ ਯੋਗਦਾਨ ਪਾਇਆ। ਭਾਰਤੀ ਸੰਸਕ੍ਰਿਤੀ/ਸਮਾਜ 'ਤੇ ਇਹ ਭਾਰੀ ਸਟ ਤੋਂ ਘਟ ਨਹੀਂ ਸੀ, ਜਿਥੇ ਇਸਤਰੀ ਨੂੰ ਸੁਚ-ਭਿਟ ਦੇ ਨਜ਼ਰੀਏ ਤੋਂ ਅਪਵਿਤਰ ਸਮਝਿਆ ਜਾਂਦਾ ਸੀ। ਅਜਿਹੀ ਸਥਿਤੀ ਵਿਚ ਮਾਤਾ ਖੀਵੀ ਜੀ ਦਾ ਲੰਗਰ ਦੇ ਪ੍ਰਬੰਧਕ ਰੂਪ ਵਿਚ ਸਾਹਮਣੇ ਆਉਣਾ, ਇਸ ਗਲ ਦਾ ਲਖਾਇਕ ਹੈ ਕਿ ਗੁਰੂ ਸਾਹਿਬ ਉਕਤ ਵਿਚਾਰਾਂ ਨੂੰ ਲੋਕ-ਮਾਨਸਿਕਤਾ ਵਿਚੋਂ ਕਢਣਾ ਚਾਹੁੰਦੇ ਸਨ। ਮਾਤਾ ਜੀ ਗੁਰੂ ਕੇ ਲੰਗਰ ਵਿਚ ਅਨੇਕ ਤਰ੍ਹਾਂ ਦੇ ਭੋਜਨ ਤਿਆਰ ਕਰਕੇ, ਬਿਨਾਂ ਕਿਸੇ ਭੇਦ-ਭਾਵ ਦੇ ਸੰਗਤਾਂ ਨੂੰ ਛਕਾਉਂਦੇ। ਭਾਈ ਬਲਵੰਡ ਜੀ ਇਸ ਪ੍ਰਥਾਇ ਇਸ਼ਾਰਾ ਕਰਦੇ ਹਨ:

> *ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤ ਛਾਉ ਪਤ੍ਰਾਲੀ॥*
> *ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ॥*[51]

---

[50] *ਸ੍ਰੀ ਗੁਰੂ ਅੰਗਦ ਦੇਵ ਜੀ ਦਾ ਆਤਮਕ ਦਰਸ਼ਨ* (ਟ੍ਰੈਕਟ), ਪੰਨਾ ੧੫.
[51] ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਕੀ ਵਾਰ, ੯੬੭.

ਮਾਤਾ ਜੀ ਨੇ ਗੁਰੂ-ਘਰ ਦੇ ਪ੍ਰਮੁਖ ਸਿੱਖਾਂ ਦੀ ਸਹਾਇਤਾ ਨਾਲ ਲੰਗਰ ਦੀ ਐਨੀ ਵਡੀ ਸੇਵਾ ਸੰਭਾਲੀ ਕਿ ਕਿਸੇ ਕਿਸਮ ਦੀ ਤੋਟ ਨਾ ਰਹੀ।[52]

ਲੰਗਰ ਦੇ ਪ੍ਰਸੰਗ ਵਿਚ ਗੁਰੂ ਅੰਗਦ ਦੇਵ ਜੀ ਦੇ ਯੋਗਦਾਨ ਬਾਰੇ ਟਿਪਣੀ ਕਰਦਾ ਹੋਇਆ ਗੋਕਲ ਚੰਦ ਨਾਰੰਗ ਇਸ ਨੂੰ ਕਈ ਪਖਾਂ ਤੋਂ ਵਿਚਾਰਦਾ ਹੈ। ਉਸ ਦੀ ਨਜ਼ਰ ਵਿਚ ਲੰਗਰ-ਸੰਸਥਾ ਨੇ ਈਸਾਈ ਮਿਸ਼ਨਰੀਆਂ ਦੁਆਰਾ ਚਲਾਏ ਯਤੀਮਖਾਨਿਆਂ, ਹਸਪਤਾਲਾਂ, ਆਸ਼ਰਮਾਂ ਅਤੇ ਹੋਰ ਖੈਰਾਤੀ ਸੰਸਥਾਵਾਂ ਦਾ ਕਰਤਵ ਨਿਭਾਇਆ। ਇਸ ਨੇ ਜਿਥੇ ਨਿਰਆਸਰਾ ਅਤੇ ਲੋੜਵੰਦਾਂ ਦੀ ਸਹਾਇਤਾ ਕੀਤੀ, ਉਥੇ ਇਸ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਵੀ ਹੋਇਆ। ਲੰਗਰ ਸੰਸਥਾ ਨੇ ਸੰਗਤਾਂ ਵਲੋਂ ਕਢੇ ਜਾਂਦੇ ਦਸਵੰਧ ਨੂੰ ਇਕ ਨਵੀਂ ਦਿਸ਼ਾ ਦਿਤੀ। ਸਮੂਹ ਸੰਗਤਾਂ ਦੇ ਸਹਿਯੋਗ ਨਾਲ ਚਲਾਇਆ ਜਾਂਦਾ ਲੰਗਰ, ਉਨ੍ਹਾਂ ਲਈ ਸਿਖਿਆ ਦੇ ਰੂਪ ਵਿਚ ਕਾਰਜਸ਼ੀਲ ਹੋਇਆ, ਜਿਸ ਨਾਲ ਗੁਰੂ-ਘਰ ਪ੍ਰਤੀ ਸਿੱਖ ਸੰਗਤਾਂ ਦੀ ਭਾਵਨਾ ਹੋਰ ਮਜ਼ਬੂਤ ਹੋਈ। ਇਹ ਸੰਸਥਾ ਪਿਛੇ ਦਿਤੇ ਸੰਕੇਤ ਮੁਤਾਬਿਕ ਜਾਤ-ਪਾਤ ਦੇ ਬੰਧਨ ਤੋੜਨ ਵਿਚ ਪ੍ਰਬਲ ਹਥਿਆਰ ਵਜੋਂ ਸਿਧ ਹੋਈ, ਕਿਉਂਕਿ ਅਮੀਰ-ਗਰੀਬ, ਬ੍ਰਾਹਮਣ-ਸ਼ੂਦਰ, ਗਲ ਕੀ, ਸਾਰੇ ਮਨੁਖ ਬਿਨਾਂ ਕਿਸੇ ਭੇਦ-ਭਾਵ ਤੋਂ ਇਕ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਦੇ।[53] ਗੁਰੂ ਨਾਨਕ ਦੇਵ ਜੀ ਵਲੋਂ ਸਥਾਪਿਤ ਕੀਤੀਆਂ ਸੰਗਤਾਂ ਦੀ ਸੰਭਾਲ ਲਈ ਗੁਰੂ ਅੰਗਦ ਦੇਵ ਜੀ ਨੇ ਬਾਣੀ ਦੇ ਉਤਾਰੇ ਕਰਵਾ ਕੇ ਥਾਂ-ਥਾਂ ਭੇਜੇ ਤਾਂ ਜੋ ਗੁਰੂ ਨਾਨਕ ਦੇ ਸਿੱਖਾਂ ਨੂੰ ਬਾਣੀ ਤੋਂ ਅਗਵਾਈ ਮਿਲਦੀ ਰਹੇ। ਇਸ ਦਾ ਇਕ ਕਾਰਨ ਇਹ ਸੀ ਕਿ ਜਿਥੇ-ਜਿਥੇ ਗੁਰੂ ਨਾਨਕ ਦੇਵ ਜੀ ਗਏ ਸਨ, ਉਥੋਂ ਦੇ ਲੋਕਾਂ ਨੂੰ ਅਣਮਤਾਂ ਦੇ ਪ੍ਰਭਾਵ ਤੋਂ ਮੁਕਤ ਕਰਵਾਇਆ ਜਾ ਸਕੇ। ਇਸ ਤਰ੍ਹਾਂ ਕਰਨ ਨਾਲ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਸਮੇਂ ਸਥਾਪਿਤ ਹੋਈਆਂ ਸੰਗਤਾਂ ਨੂੰ ਸਦੀਵੀਂ ਸਥਿਰਤਾ ਪ੍ਰਦਾਨ ਕੀਤੀ।

ਗੁਰੂ ਅੰਗਦ ਦੇਵ ਜੀ ਨੇ ਗੁਰੂ-ਸਬਦ ਦਾ ਲੰਗਰ ਚਲਾਉਂਦੇ ਹੋਏ ਸਮਕਾਲੀ ਸਿੱਖ ਸਮਾਜ ਨੂੰ ਵਿਰੋਧੀਆਂ ਤੋਂ ਬਚਾਉਣ ਲਈ ਗੁਰੂ ਨਾਨਕ ਦੇਵ ਜੀ ਦੀ ਨਗਰ-ਸਥਾਪਨਾ ਦੀ ਜੁਗਤਿ ਅਧੀਨ ਨਵਾਂ ਨਗਰ, ਖਡੂਰ ਸਾਹਿਬ ਵਸਾਇਆ। ਉਪਰੰਤ ਉਹ ਗੁਰੂ ਨਾਨਕ ਦੇਵ ਜੀ ਦੁਆਰਾ

---

[52] *ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਕੀ ਵਾਰ, ੯੬੭.

[53] *ਸਿੱਖ ਮਤ ਦਾ ਪਰਿਵਰਤਨ,* ਪੰਨੇ 16-7.

ਸਥਾਪਿਤ 'ਨਿਰਮਲ ਪੰਥ' ਦੇ 'ਅਚਲ ਰਾਜ' ਦੀ ਪਾਤਿਸ਼ਾਹੀ ਨੂੰ ਅਗੇ ਤੋਰਨ ਲਈ ਗੁਰੂ ਹੁਕਮਾਨੁਸਾਰ ਖਡੂਰ ਸਾਹਿਬ ਆ ਟਿਕੇ।[54]

## 4.3 ਤੀਜੀ ਨਾਨਕ-ਜੋਤਿ: ਗੁਰੂ ਅਮਰ ਦਾਸ ਜੀ

ਗੁਰੂ ਨਾਨਕ ਦੇਵ ਜੀ ਦੀ ਇਲਾਹੀ ਜੋਤਿ ਗੁਰੂ ਅੰਗਦ ਜੀ ਦੀ ਦੋਹੀ ਫਿਰਾ ਕੇ ਗੁਰੂ ਅਮਰਦਾਸ ਜੀ ਦੇ ਰੂਪ ਵਿਚ ਵਿਦਮਾਨ ਹੋਈ:

*... ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ॥*

*ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਦਿ ਇਲਾਹੀ॥...*[55]

ਭਾਈ ਗੁਰਦਾਸ ਜੀ ਜੋਤਿ-ਜੁਗਤਿ ਦੇ ਵਰਤਾਰੇ ਨੂੰ ਗੁਰੂ ਅਮਰਦਾਸ ਜੀ ਦੇ ਹਵਾਲੇ ਨਾਲ ਕਹਿੰਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਪਹਿਲੀ/ ਦੂਜੀ ਜੋਤਿ ਵਾਂਗ ਹੀ 'ਸਚਾ ਹੁਕਮ' ਚਲਾਇਆ:

*ਸਤਿਗੁਰ ਹੋਆ ਸਤਿਗੁਰਹੁ ਅਚਰਜੁ ਅਮਰ ਅਮਰਿ ਵਰਤਾਇਆ॥*

*ਸੋ ਟਿਕਾ ਸੋ ਬੈਹਣਾ ਸੋਈ ਸਚਾ ਹੁਕਮੁ ਚਲਾਇਆ॥*[56]

ਕਵੀ ਕੰਕਣ ਦੇ ਸ਼ਬਦਾਂ ਵਿਚ ਗੁਰੂ ਅਮਰ ਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਕੇ ਗੁਰੂ ਦੀ ਉਤਮ ਪਦਵੀ ਹਾਸਿਲ ਕੀਤੀ। ਗੁਰਿਆਈ ਪ੍ਰਾਪਤ ਕਰਨ ਤੋਂ ਬਾਅਦ ਗੁਰੂ ਅੰਗਦ ਤੇ ਅਮਰ ਦਾਸ ਵਿਚ ਕਿਸੇ ਕਿਸਮ ਦਾ ਭੇਦ ਨਾ ਰਿਹਾ:

*ਅਮਰਦਾਸ ਕੋ ਥਾਪਨਾ ਗੁਰ ਅੰਗਦ ਸਭ ਕੀਨ।*

*ਟਹਿਲ ਕਮਾਈ ਗੁਰੂ ਕੀ ਊਤਮ ਪਦਵੀ ਲੀਨ।...*

*ਗੁਰ ਅੰਗਦ ਗੁਰ ਅਮਰ ਮਹਿ ਭੇਦ ਨ ਦੂਸਰ ਕੋਇ।*

*ਬਾਸਨ ਅਵਰੁ ਪਛਾਨੀਏ ਵਸਤੁ ਏਕ ਹੀ ਹੋਇ।*[57]

---

[54] *... ਦਿਤਾ ਛੋੜਿ ਕਰਤਾਰ ਪੁਰੁ ਬੈਠਿ ਖਡੂਰੇ ਜੋਤਿ ਜਗਾਈ।... ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ - ੧/੪੬.

[55] *ਉਹੀ,* ੧/੪੬.

[56] *ਉਹੀ,* ੨੪/੧੨.

[57] *ਸੰਛੇਪ ਦਸ ਗੁਰ ਕਥਾ,* ਬੰਦ/ਪੰਨਾ - ੧੭-੯/੩੩.

ਇਤਿਹਾਸਕ ਦ੍ਰਿਸ਼ਟੀ ਤੋਂ ਗੁਰੂ ਅੰਗਦ ਸਾਹਿਬ ਨੇ ਸਿੱਖ ਧਰਮ ਦੇ ਵਿਧੀਬਧ ਵਿਕਾਸ ਦੀ ਨੀਂਹ ਰਖੀ। ਨਾਨਕ-ਜੋਤਿ ਦੇ ਤੀਜੇ ਜਾਮੇ ਵਿਚ ਆਉਣ ਨਾਲ ਪਹਿਲੇ/ਦੂਜੇ ਜਾਮੇ ਦੌਰਾਨ ਆਰੰਭ ਕੀਤੇ ਸਮੁਚੇ ਕਾਰਜ ਨਿਰਵਿਘਨ ਚਲਦੇ ਰਹੇ। ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਸਿੱਖ ਪੰਥ ਨੂੰ ਨਿਰਾਲਾ ਰੂਪ ਦੇਣ ਲਈ ਇਕ-ਇਕ ਕਰਕੇ ਨਵੇਂ ਵਾਧੇ ਕੀਤੇ ਜਾਣੇ ਸ਼ੁਰੂ ਹੋਏ, ਜਿਸ ਨਾਲ ਸਿੱਖ-ਸੰਗਤਾਂ ਦਾ ਅਣਮਤੀਆਂ ਨਾਲ ਰਿਸ਼ਤਾ ਟੁਟਣ ਲਗਾ। ਗੁਰੂ ਸਾਹਿਬ ਦੁਆਰਾ ਸਿੱਖਾਂ ਨੂੰ ਆਤਮ ਨਿਰਭਰ ਕਰਨ ਲਈ ਹਰ ਸੰਭਵ ਜਤਨ ਕੀਤੇ ਗਏ। ਇਸ ਤਥ ਦੀ ਸਪਸ਼ਟਤਾ ਨਾਨਕ-ਜੋਤਿ ਦੇ ਅਗਲੇ ਅਠ ਉਤਰਾਧਿਕਾਰੀਆਂ ਦੁਆਰਾ ਅਪਨਾਈ ਜੁਗਤੀ ਤੋਂ ਭਲੀ-ਪ੍ਰਕਾਰ ਹੋ ਜਾਂਦੀ ਹੈ।

### 4.3.1 ਮੰਜੀ ਸੰਸਥਾ

ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਸੰਗਤਾਂ ਦਾ ਉਨ੍ਹਾਂ ਤੋਂ ਬਾਅਦ ਲਗਾਤਾਰ ਵਾਧਾ ਹੁੰਦਾ ਗਿਆ। ਗੁਰੂ ਅਮਰਦਾਸ ਜੀ ਨੇ ਇਸ ਵਾਧੇ ਨੂੰ ਦੇਖਦੇ ਹੋਏ 'ਮੰਜੀ[58] ਪ੍ਰਥਾ' ਦੀ ਸਥਾਪਨਾ ਕੀਤੀ। ਇਸ ਰਾਹੀਂ ਗੁਰੂ ਅਮਰਦਾਸ ਜੀ ਨੇ ਕੁਝ ਚੋਣਵੇਂ ਗੁਰਸਿਖਾਂ ਨੂੰ ਆਪਣੀ ਥਾਂ 'ਤੇ ਵਖ-ਵਖ ਇਲਾਕਿਆਂ ਵਿਚ ਗੁਰੂ-ਉਪਦੇਸ਼ਾਂ ਦਾ ਪ੍ਰਚਾਰ ਕਰਨ ਹਿਤ ਭੇਜਿਆ ਤਾਂ ਜੋ ਸਥਾਨਕ ਸੰਗਤ ਗੁਰੂ-ਘਰ ਨਾਲ ਜੁੜੀ ਰਹਿ ਸਕੇ। ਇਨ੍ਹਾਂ ਮੰਜੀਆਂ ਦੀ ਕੁਲ ਗਿਣਤੀ 22 ਸੀ[59], ਜਿਹੜੀਆਂ ਸਿੱਖੀ ਦੇ ਪ੍ਰਚਾਰ ਕੇਂਦਰ ਵਜੋਂ ਸਥਾਪਿਤ ਹੋਈਆਂ। ਮੰਜੀਦਾਰ ਇਕ ਤਰ੍ਹਾਂ ਦਾ ਅਹੁਦਾ ਸੀ, ਜਿਹੜਾ ਗੁਰੂ ਅਮਰਦਾਸ ਜੀ ਵਲੋਂ ਸਤਿਕਾਰਤ ਸਨਮਾਨ ਸੀ। ਗੋਕਲ ਚੰਦ ਨਾਰੰਗ ਨੇ ਇਸ ਨੂੰ 'ਪਰਗਣਾ'[60] ਦੀ ਸੰਗਿਆ ਵੀ ਦਿਤੀ ਹੈ। ਮੰਜੀ 'ਤੇ ਬੈਠ ਕੇ ਉਪਦੇਸ਼ ਕਰਨ ਦਾ ਸੰਕੇਤ ਭਾਈ ਗੁਰਦਾਸ ਜੀ ਵੀ ਗੁਰੂ ਨਾਨਕ ਦੇਵ ਜੀ ਦੇ ਪ੍ਰਸੰਗ ਵਿਚ ਦਿੰਦੇ ਹਨ:

*ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ॥*
*ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ॥*[61]

---

[58] ਮੰਜੀ ਤੋਂ ਭਾਵ ਉਸ ਚੌਕੀ ਤੋਂ ਹੈ, ਜਿਸ ਉਤੇ ਬੈਠ ਕੇ ਗੁਰੂ ਸਾਹਿਬ ਵਲੋਂ ਵਰੋਸਾਏ ਪ੍ਰਚਾਰਕ ਉਪਦੇਸ਼ ਕਰਦੇ ਸਨ। ਵੇਖੋ: *Glossory of Punjab Tribes and Castes* (Vol. I), p. 681.

[59] ਤੋਲਾ ਸਿੰਘ ਭੱਲਾ, *ਗੁਰ ਰਤਨਾਵਲੀ*, ਸਾਖੀ/ਬੰਦ/ਪੰਨਾ – ੩/੪੬/੮੭.

[60] *ਸਿੱਖ ਮਤ ਦਾ ਪਰਿਵਰਤਨ* (ਪੰਜਾਬੀ ਅਨੁ.), ਪੰਨਾ 20.

[61] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੧/੩੮.

ਉਕਤ ਪ੍ਰਮਾਣ ਤੋਂ ਇਹ ਗਲ ਵੀ ਸਪਸ਼ਟ ਹੁੰਦੀ ਹੈ ਕਿ ਗੁਰਿਆਈ ਦੇ ਪ੍ਰਸੰਗ ਵਿਚ ਵੀ 'ਮੰਜੀ' ਸ਼ਬਦ ਦੀ ਵਰਤੋਂ ਹੁੰਦੀ ਆਈ ਹੈ। ਮੰਜੀਦਾਰ ਬੇਸ਼ਕ ਗੁਰੂ ਸਾਹਿਬ ਦੇ ਬਰਾਬਰ ਨਹੀਂ ਸੀ, ਪਰੰਤੂ ਫਿਰ ਵੀ ਉਹ ਗੁਰੂ ਸਾਹਿਬ ਦੇ ਅਧੀਨ ਜਰੂਰ ਸਨ। ਗੁਰੂ ਅਮਰਦਾਸ ਜੀ ਨੇ ਜਿਹੜੇ ਮੰਜੀਦਾਰ ਥਾਪੇ ਉਹ ਅਧਿਆਤਮਕ ਜੀਵਨ ਵਾਲੇ ਗੁਰਮੁਖ ਸਨ, ਜਿਨ੍ਹਾਂ 'ਤੇ ਗੁਰੂ ਦੀ 'ਨਦਰਿ' ਹੋਈ ਤੇ ਗੁਰੂ ਸਾਹਿਬ ਨੇ ਆਪਣਾ ਰੂਪ ਬਣਾ ਕੇ ਉਨ੍ਹਾਂ ਨੂੰ ਸਿੱਖ-ਸੰਗਤਾਂ ਵਿਚ ਪ੍ਰਚਾਰ ਕਰਨ ਲਈ ਭੇਜਿਆ। ਇਨ੍ਹਾਂ ਮੰਜੀਦਾਰਾਂ ਨੂੰ ਸੰਗਤ ਨੇ ਗੁਰੂ-ਰੂਪ ਵਿਚ ਹੀ ਪ੍ਰਵਾਨ ਕੀਤਾ।

ਵਰਨਣਯੋਗ ਹੈ ਕਿ ਮੰਜੀ ਸੰਸਥਾ ਕਿਸੇ ਪ੍ਰਕਾਰ ਦੀ ਸਮਕਾਲੀ ਲੋੜ ਦੀ ਉਪਜ ਨਹੀਂ ਸੀ, ਜਿਹਾ ਕਿ ਕਈ ਇਤਿਹਾਸਕਾਰਾਂ[62] ਨੇ ਚਿਤਵਿਆ ਹੈ, ਬਲਕਿ ਇਹ ਦੈਵੀ-ਜੁਗਤਿ ਦਾ ਹੀ ਇਕ ਹਿਸਾ ਸੀ। ਜੇਕਰ ਇਹ ਕਹਿ ਲਿਆ ਜਾਵੇ ਕਿ ਇਹ ਇਕ ਤਰ੍ਹਾਂ ਨਾਲ ਸੰਗਤਿ (ਪੰਥ) ਨੂੰ ਗੁਰਿਆਈ ਦੇਣ ਦੀ ਤਿਆਰੀ ਸੀ, ਜਿਸ ਨੂੰ 'ਸੰਗਤਿ ਕੀਨੀ ਖਾਲਸਾ' ਕਹਿ ਕੇ ਵਡਿਆਇਆ ਗਿਆ ਹੈ, ਕੋਈ ਅਤਿ-ਕਥਨੀ ਨਹੀਂ। ਬੇਸ਼ਕ ਅਗੇ ਚਲ ਕੇ ਮੰਜੀ ਸੰਸਥਾ ਵਿਚ ਵਿਗਾੜ ਆ ਗਿਆ, ਪਰੰਤੂ ਫਿਰ ਵੀ ਇਹ ਕਹਿਣ ਵਿਚ ਕੋਈ ਖੇਦ ਨਹੀਂ ਕਿ ਮੰਜੀ ਸੰਸਥਾ, ਗੁਰੂ-ਸੰਸਥਾ ਦੇ ਰੂਪ ਵਿਚ ਕਾਰਜਸ਼ੀਲ ਰਹੀ ।

ਇਤਿਹਾਸਕਾਰ ਦੁਨਿਆਵੀ ਧਰਾਤਲ 'ਤੇ ਹੀ ਤਥਾਂ ਦੀ ਪੁੰਨ-ਛਾਣ ਕਰਕੇ ਸਿਟੇ ਕਢਦੇ ਹਨ, ਜਦੋਂ ਕਿ ਗੁਰੂ-ਸੰਸਥਾ ਦਾ ਇਹ ਵਰਤਾਰਾ ਨਿਰੋਲ ਅਧਿਆਤਕ ਸੀ, ਜਿਹੜਾ ਲੋਕਾਂ ਦੀ ਸਮਝ ਵਿਚ ਨਹੀਂ ਆਇਆ।

*ਪੰਥ ਪ੍ਰਕਾਸ਼* ਦੇ ਕਰਤਾ ਨੇ ਮੰਜੀ ਸੰਸਥਾ ਨੂੰ ਰਾਜਨੀਤਕ ਪ੍ਰਸੰਗ ਵਿਚ ਪੇਸ਼ ਕੀਤਾ ਹੈ। ਪਿਛਲੇ ਅਧਿਆਇ ਵਿਚ ਦਿਤੇ ਸੰਕੇਤ ਅਨੁਸਾਰ ਰਤਨ ਸਿੰਘ ਭੰਗੂ ਗੁਰੂ ਨਾਨਕ ਦੇਵ ਜੀ ਨੂੰ 'ਸਚਾ ਪਾਤਿਸ਼ਾਹ' ਕਹਿ ਕੇ ਵਡਿਆਉਂਦਾ ਹੈ, ਜਿਨ੍ਹਾਂ ਨੇ ਸਿੱਖਾਂ ਨੂੰ ਪਾਤਿਸ਼ਾਹੀ ਦਿਤੀ।[63] ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਜੋਤਿ-ਸਰੂਪ, ਗੁਰੂ ਅਮਰਦਾਸ ਜੀ ਨੂੰ, ਮੰਜੀ ਸੰਸਥਾ ਦੀ ਸਥਾਪਨਾ ਰਾਹੀਂ ਪਾਤਿਸ਼ਾਹੀ ਦਾਵਾ ਕਰਦੇ ਦਰਸਾਉਂਦਾ ਹੋਏ ਭੰਗੂ ਕਹਿੰਦਾ ਹੈ:

---

[62] ਮਿਸਾਲ ਵਜੋਂ, ਇੰਦੂਭੂਸ਼ਨ ਬੈਨਰਜੀ, *ਖਾਲਸੇ ਦੀ ਉਤਪਤੀ* (ਪੰਜਾਬੀ ਅਨੁ.), (ਜਿਲਦ ਪਹਿਲੀ), ਪੰਨਾ 107.
[63] ਵੇਖੋ: ਅਧਿਆਇ 3, ਪੰਨੇ 69-70.

*...ਅੰਗਦ ਤੇ ਗੁਰ ਭਯੋ ਅਮਰਦਾਸ। ਕੀਯੋ ਪਾਤਸ਼ਾਹੀ ਦਾਵਾ ਜਾਸ।*

*ਬਾਈ ਸੂਬੇ ਜਿਮ ਬਾਯੋ ਮੰਜੀ ਬਨਾਈ। ਸਭ ਜਤਨ ਜਤਾਏ ਜਿਮੈ ਪਤਿਸ਼ਾਹੀ।*[64]

ਭੰਗੂ ਦੇ ਉਕਤ ਵਿਚਾਰਾਂ ਦੀ ਪੁਸ਼ਟੀ ਕਵੀ ਸੰਤੋਖ ਸਿੰਘ ਨੇ ਵੀ ਕੀਤੀ ਹੈ। ਸੂਰਜ ਪ੍ਰਕਾਸ਼ ਦੇ ਕਰਤਾ ਨੇ 22 ਮੰਜੀਆਂ ਦੇ ਮੰਜੀਦਾਰਾਂ ਨੂੰ ਦਿੱਲੀ ਦੇ ਉਮਰਾਵਾਂ ਨਾਲ ਤੁਲਨਾ ਕੀਤੀ ਹੈ:

*ਦਿੱਲੀ ਪਤਿ ਪ੍ਰਸੰਨ ਜਿਮ ਹੋਇ। ਕਿਯ ਉਮਰਾਵ ਬੀਸ ਅਰੁ ਦੋਇ॥*
*ਇਸ ਜਗ ਕੇ ਨਸ੍ਵਰ ਸੁਖ ਦੀਨੇ। ਬਡਿਆਈ ਪਦ ਮਹਿਂ ਥਿਤ ਕੀਨ॥*
*ਤਿਮਿ ਸ੍ਰੀ ਅਮਰਦਾਸ ਨਿਜ ਦਾਸ। ਜਿਸ ਪਰ ਭਏ ਪ੍ਰਸੰਨ ਹੁਲਾਸ॥*
*ਦੋਨੋਂ ਲੋਕਨ ਕੋ ਸੁਖ ਦੀਨ। ਮੰਜੀ ਪਰ ਬੈਠਾਵਨਿ ਕੀਨਿ॥*
*ਦੇਸ਼ਨਿ ਭੇਜੇ ਗੁਰੂ ਬਨਾਇ। ਇਹਾਂ ਗ੍ਰਸਤਿ ਮਹਿਂ ਸਭਿ ਸੁਖ ਪਾਇ॥*
*ਗਨ ਦੇਸ਼ਨਿ ਪਰ ਹੁਕਮ ਕਰੰਤੇ। ਨਰ ਅਨੇਕ ਮਿਲਿ ਸੇਵ ਕਰੰਤੇ॥*
*ਮੁਕਤਿ ਭਏ ਸੁਖ ਭਾ ਪਰਲੋਕ। ਐਸੇ ਅਪਨੇ ਸਿੱਖ ਅਸ਼ੋਕ॥*
*ਦ੍ਵੈ ਬਿੰਸਤ ਮੰਜੀ ਅਧਿਕਾਰ। ਬੈਠਾਰੇ ਗੁਰ ਨਿਜ ਦਰਬਾਰ॥*
*ਪਾਤਿਸ਼ਾਹੁ ਦ੍ਵੈ ਲੋਕਨਿ ਕੇਰੇ। ਇਮ ਪਤਿਸ਼ਾਹਿਤ ਕੀਨ ਘਨੇਰੇ॥*
*ਬਾਇਸ ਮੰਜਿਨਿ ਕੇ ਉਮਰਾਵ। ਕਰਿ ਸ੍ਰੀ ਗੁਰ ਨਿਜ ਮਹਿਦ ਪ੍ਰਭਾਵ॥*[65]

ਮੰਜੀਦਾਰਾਂ ਦੀ ਬੇਸ਼ਕ ਮੁਖ ਸੇਵਾ ਧਰਮ-ਪ੍ਰਚਾਰ ਸੀ, ਪਰੰਤੂ ਉਹ ਕੇਵਲ ਧਰਮ-ਪ੍ਰਚਾਰ ਹੀ ਨਹੀਂ ਕਰਦੇ ਸਨ, ਬਲਕਿ ਆਪੋ-ਆਪਣੇ ਇਲਾਕੇ ਦੇ ਹੋਰ ਮਸਲੇ (ਸਮਾਜਕ/ਆਰਥਕ/ਰਾਜਨੀਤਕ) ਵੀ ਨਜਿਠਦੇ ਸਨ। ਉਨ੍ਹਾਂ ਨੂੰ ਗੁਰੂ ਅਮਰਦਾਸ ਜੀ ਦੀਆਂ ਬਖਸ਼ਿਸ਼ਾਂ ਵੀ ਪ੍ਰਾਪਤ ਸਨ।[66]

ਮੰਜੀਦਾਰਾਂ ਦਾ ਇਕ ਵਿਸ਼ੇਸ਼ ਕੰਮ, ਸੰਗਤਾਂ ਵਲੋਂ ਭੇਂਟ ਕੀਤੀ ਮਾਇਆ, ਅਨਾਜ ਜਾਂ ਕਿਸੇ ਪ੍ਰਕਾਰ ਦੀ ਹੋਰ ਵਸਤੂ, ਗੁਰੂ-ਘਰ ਵਿਚ ਪਹੁੰਚਾਉਣ ਦਾ ਸੀ। ਇਹ ਭੇਂਟ ਮੰਜੀਦਾਰ ਸਾਲ ਵਿਚ

---

[64] *ਸ੍ਰੀ ਗੁਰ ਪੰਥ ਪ੍ਰਕਾਸ਼*, ਸਾਖੀ/ਬੰਦ/ਪੰਨਾ - ੧੨/੩/੨੨, ਇਸ ਬੰਦ ਵਿਚ ਭੰਗੂ ਨੇ ੨੨ ਮੰਜੀਆਂ ਦੀ ਤੁਲਨਾ ਅਕਬਰ ਦੇ 22 ਸੂਬਿਆਂ ਨਾਲ ਕੀਤੀ ਹੈ, ਜਿਹੜੀ ਕਿ ਠੀਕ ਨਹੀਂ।

[65] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਰਾਸਿ/ਅੰਸੂ/ਪੰਨੇ - ੨/੧੩/੧੬੯੩-੪.

[66] *ਸਿੱਖ ਮਤ ਦਾ ਪਰਿਵਰਤਨ*, ਪੰਨਾ 20.

ਦੋ ਵਾਰ (ਵਿਸਾਖੀ ਤੇ ਦੀਵਾਲੀ ਸਮੇਂ) ਗੁਰੂ ਦਰਬਾਰ ਵਿਚ ਲੈ ਕੇ ਹਾਜ਼ਰ ਹੁੰਦੇ ਸਨ। ਇਸ ਭੇਂਟ ਨਾਲ ਹੀ ਗੁਰੂ-ਘਰ ਦੇ ਹੋਰ ਕਾਰਜ- ਲੰਗਰ/ਇਮਾਰਤਾਂ ਆਦਿ ਦਾ ਪ੍ਰਬੰਧ ਚਲਦਾ ਸੀ।

ਗੁਰੂ ਅਮਰਦਾਸ ਜੀ ਨੇ ਲੰਗਰ ਸੰਸਥਾ ਨੂੰ ਸਿਧਾਂਤਕ ਪਧਰ 'ਤੇ ਹੋਰ ਮਜ਼ਬੂਤ ਕਰਨ ਲਈ ਅਮਲੀ ਜਤਨ ਕੀਤੇ। ਉਨ੍ਹਾਂ ਦੇ ਹੁਕਮ 'ਪਹਿਲੇ ਪੰਗਤ ਪਾਛੈ ਸੰਗਤ' ਨੇ ਸਮਕਾਲੀ ਹੁਕਮਰਾਨ ਬਾਦਸ਼ਾਹ ਅਕਬਰ ਨੂੰ ਵੀ ਲੰਗਰ ਵਿਚ ਬੈਠ ਕੇ ਪਰਸ਼ਾਦਾ ਛਕਣ ਲਈ ਮਜਬੂਰ ਕੀਤਾ। *ਮਹਿਮਾ ਪ੍ਰਕਾਸ਼ ਵਾਰਤਕ* ਦਾ ਕਰਤਾ ਇਸ ਘਟਨਾ ਨੂੰ ਕਲਮਬੰਦ ਕਰਦਾ ਹੈ:

> *ਏਕ ਸਮੇ ਅਕਬਰ ਪਾਤਸਾਹ ਗੁਰੂ ਜੀ ਕੇ ਦਰਸਨ ਕੋ ਆਇਆ।...*
> *ਸਾਹਿਬ ਕਾ ਬਚਨ ਥਾ ਕੀ ਲੰਗਰ ਕਾ ਪ੍ਰਸਾਦਿ ਖਾਇ ਕਰ ਦਰਸਨ ਕਰੇ।...*[67]

ਗੁਰੂ-ਸੰਸਥਾ ਦੀ ਜੁਗਤਿ ਦੇ ਅੰਤਰਗਤ ਚਲ ਰਹੇ ਦੈਵੀ ਉਦੇਸ਼ ਦੀ ਪੂਰਤੀ ਹਿਤ ਨਵੇਂ ਨਗਰ ਵਸਾਉਣ ਦੀ ਪ੍ਰਕ੍ਰਿਆ ਤਹਿਤ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਹੁਕਮਾਨੁਸਾਰ ਬਿਆਸ ਦੇ ਕੰਢੇ ਉਤੇ ਗੋਇੰਦਵਾਲ ਨਗਰ ਵਸਾਇਆ।[68] ਇਸ ਨਗਰ ਬਾਰੇ ਭਟ ਜਲ੍ਹਣ ਵੀ ਸੰਕੇਤ ਕਰਦੇ ਹਨ:

> *ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਹਣ ਤੀਰਿ ਬਿਪਾਸ ਬਨਾਯਉ॥*[69]

### 4.3.2 ਬਾਉਲੀ ਦਾ ਨਿਰਮਾਣ

ਗੋਇੰਦਵਾਲ ਨਗਰ ਵਸਾਉਣ ਉਪਰੰਤ ਗੁਰੂ ਅਮਰਦਾਸ ਜੀ ਨੇ ਸਿੱਖ ਸੰਗਤਾਂ ਨੂੰ ਨਿਵੇਕਲੀ ਪਛਾਣ ਦੇਣ ਹਿਤ ਨਵਾਂ ਤੀਰਥ ਸਥਾਨ ਮੁਹਈਆ ਕਰਵਾਉਣ ਦੀ ਵਿਉਂਤ ਬਣਾਈ। ਇਸ ਤਹਿਤ ਗੁਰੂ ਸਾਹਿਬ ਨੇ ਗੋਇੰਦਵਾਲ ਵਿਖੇ ਬਾਉਲੀ ਦਾ ਨਿਰਮਾਣ ਕਰਵਾਇਆ। ਇਸ ਬਾਉਲੀ ਵਿਚ 84 ਪਉੜੀਆਂ ਬਣਵਾਈਆਂ ਗਈਆਂ। ਸਿੱਖ ਪਰੰਪਰਾ ਵਿਚ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਜਿਹੜਾ ਮਨੁਖ ਪ੍ਰੇਮ ਤੇ ਸ਼ਰਧਾ ਨਾਲ ਹਰੇਕ ਪਉੜੀ ਉਤੇ 'ਜਪੁ' ਬਾਣੀ ਦਾ ਸੰਪੂਰਨ ਪਾਠ ਇਕਾਗਰ ਚਿਤ ਹੋ ਕੇ ਕਰੇਗਾ, ਉਹ ਚੌਰਾਸੀ ਦੇ ਚਕਰ (ਜਨਮ-ਮਰਨ ਦਾ ਗੇੜ) ਤੋਂ ਮੁਕਤ ਹੋ ਜਾਵੇਗਾ।[70]

---

[67] *ਮਹਿਮਾ ਪ੍ਰਕਾਸ਼ ਵਾਰਤਕ*, ਸਾਖੀ/ਪੰਨਾ - ੪੨/੯੬.
[68] *ਸਿੱਖ ਮਤ ਦਾ ਪਰਿਵਰਤਨ*, ਪੰਨਾ 21.
[69] ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਈਏ ਮਹਲੇ ਚਉਥੇ ਕੇ ੪, ੧੪੦੦.
[70] *ਖਾਲਸੇ ਦੀ ਉਤਪਤੀ* (ਜਿਲਦ ਪਹਿਲੀ), ਪੰਨਾ 109.

ਬਾਉਲੀ ਦੀ ਸਥਾਪਨਾ ਨਾਲ ਗੋਇੰਦਵਾਲ ਸਾਹਿਬ ਸਿੱਖਾਂ ਦਾ ਮਹਤਵਪੂਰਨ ਤੀਰਥ ਬਣ ਗਿਆ।[71] *ਮਹਿਮਾ ਪ੍ਰਕਾਸ਼* ਅਨੁਸਾਰ ਗੁਰੂ ਸਾਹਿਬ ਨੇ ਬਾਉਲੀ ਜਗਤ ਦੇ ਤਾਰਨ ਹਿਤ ਬਣਵਾਈ, ਜਿਸ ਦੀ ਮਹਿਮਾ ਕਹਿਣ ਕਥਨ ਤੋਂ ਬਾਹਰ ਹੈ:

*ਜਗ ਤਾਰਨ ਕਾਰਨ ਬਨਾ ਤੀਰਥ ਪੁਨ ਸਰੂਪ॥*
*ਕੋ ਕਿਆ ਮਹਿਮਾ ਤਾ ਕੋ ਕਹੇ ਪਰਮਾਰਥ ਛੇਤ੍ਰ ਅਨੂਪ॥*[72]

ਕਰਤਾ ਦਸਦਾ ਹੈ ਕਿ ਇਹ ਤੀਰਥ ਸਾਰੇ ਖਜ਼ਾਨਿਆਂ ਦਾ ਦਾਤਾ ਹੈ, ਜਿਹੜਾ ਹਿੰਦੂਆਂ ਦੇ 68 ਤੀਰਥਾਂ ਤੋਂ ਵੀ ਵਡਾ ਹੈ:

*ਸ੍ਰੀ ਸਤਿਗੁਰ ਦਇਆਲ ਤੀਰਥ ਰਚਾ ਪੂਰਨ ਪੁੰਨ ਪ੍ਰਮਾਨ॥*
*ਤਿਸ ਅਠਸਠ ਤੀਰਥ ਨ ਪੁਜੇ ਯਹ ਦਾਤਾ ਸਰਬ ਨਿਧਾਨ॥*[73]

ਇਸ ਬਾਉਲੀ ਦੇ ਨਿਰਮਾਣ ਵੇਲੇ ਗੁਰੂ ਦੇ ਬਹੁਤੇ ਸਿੱਖਾਂ ਨੇ ਸੇਵਾ ਕੀਤੀ, ਜਿਸ ਨਾਲ ਇਥੇ ਹਰ ਰੋਜ਼ ਭਗਤੀ ਦੇ ਮਾਨੋ ਭੰਡਾਰ ਖੁਲਦੇ ਸਨ:

*ਬਾਵਲੀ ਤੀਰਥ ਸਤਿਗੁਰ ਰਚਾ। ਛੇਤ੍ਰ ਧਰਮ ਮਗਤ ਕੋ ਸਚਾ।*
*ਬਹੁ ਗੁਰਸਿਖ ਕਰੈ ਤਹਾਂ ਕਾਰ। ਨਿਸਦਿਨ ਖੁਲੈ ਭਗਤ ਭੰਡਾਰ।*[74]

ਉਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਕਿਸ ਪ੍ਰਕਾਰ ਗੁਰੂ ਅਮਰਦਾਸ ਜੀ ਨੇ ਸਿੱਖ ਪੰਥ ਦੇ 'ਵਿਗਾਸ' ਵਿਚ ਆਪਣੀ ਅਹਿਮ ਭੂਮਿਕਾ ਨਿਭਾਈ।

---

[71] ਇਥੇ ਸਪਸ਼ਟ ਕਰਨਾ ਬਣਦਾ ਹੈ ਕਿ ਇਕ ਪਾਸੇ ਗੁਰਮਤਿ ਤੀਰਥਾਂ ਦਾ ਖੰਡਨ ਕਰਦੀ ਹੈ, ਦੂਜੇ ਪਾਸੇ ਗੁਰੂ ਸਾਹਿਬ ਖੁਦ ਆਪ ਤੀਰਥਾਂ ਦਾ ਨਿਰਮਾਣ ਕਿਉਂ ਕਰਵਾ ਰਹੇ ਸਨ। ਇਸ ਪਿਛੇ ਕਾਰਨ ਇਹ ਜਾਪਦਾ ਹੈ ਕਿ ਉਸ ਸਮੇਂ ਤੀਰਥਾਂ ਦਾ ਸਮੁਚਾ ਪ੍ਰਬੰਧ ਬ੍ਰਾਹਮਣਾਂ ਕੋਲ ਸੀ, ਜਿਹੜੇ ਆਪ ਧਰਮ ਤੋਂ ਹੀਣੇ ਹੋ ਕੇ ਜਿਥੇ ਆਚਰਣ ਤੋਂ ਡਿਗ ਚੁਕੇ ਸਨ, ਉਥੇ ਉਹ ਤੀਰਥ ਦੇ ਫਲਸਫੇ ਅਤੇ ਉਸ ਦੀ ਉਪਯੋਗਤਾ ਤੋਂ ਵੀ ਮੂੰਹ ਮੋੜ ਚੁਕੇ ਸਨ। ਲੋਕ ਤੀਰਥਾਂ ਉਤੇ ਮੁਕਤੀ ਕਰਵਾਉਣ ਲਈ ਜਾਂਦੇ ਸਨ, ਪਰੰਤੂ ਅਜਿਹਾ ਹੁੰਦਾ ਨਹੀਂ ਸੀ। ਤੀਰਥ ਉਤੇ ਜਾਣਾ ਕੇਵਲ ਕਰਮਕਾਂਡ ਬਣ ਕੇ ਰਹਿ ਗਿਆ ਸੀ। ਇਸ ਲਈ ਗੁਰੂ ਸਾਹਿਬ ਨੇ ਸਿੱਖਾਂ ਨੂੰ ਆਪਣਾ ਨਿਵੇਕਲਾ ਤੀਰਥ ਮੁਹਈਆ ਕਰਵਾਇਆ, ਜਿਥੇ ਜਾਣ ਨਾਲ ਉਨ੍ਹਾਂ ਦੀ ਸਮਾਜਿਕ ਮੁਕਤੀ ਹੋਈ, ਭਾਵ ਸੁਚ-ਭਿਟ, ਜਾਤ-ਪਾਤ ਆਦਿ ਦੇ ਬੰਧਨ ਕਟੇ ਗਏ। ਇਸ ਦਾ ਦੂਜਾ ਲਾਭ ਇਹ ਹੋਇਆ ਕਿ ਸਿੱਖਾਂ ਨੂੰ ਹਿੰਦੂ ਤੀਰਥਾਂ ਦਾ ਬਦਲ ਮਿਲ ਗਿਆ, ਜਿਸ ਨਾਲ ਉਨ੍ਹਾਂ ਦੀ ਵਖਰੀ ਪਛਾਣ ਦਾ ਇਕ ਨਵਾਂ ਅਧਿਆਇ ਵੀ ਜੁੜਿਆ। ਇਸ ਦਾ ਦੂਜਾ ਕਾਰਨ ਇਹ ਵੀ ਲਗਦਾ ਹੈ ਕਿ ਉਸ ਸਮੇਂ ਪਾਣੀ ਦੀ ਬਹੁਤ ਘਾਟ ਸੀ, ਜਿਸ ਦੀ ਪੂਰਤੀ ਹਿਤ ਗੁਰੂ ਸਾਹਿਬ ਨੇ ਤੀਰਥਾਂ ਦਾ ਨਿਰਮਾਣ ਸ਼ੁਰੂ ਕਰਵਾਇਆ।

[72] *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ -1), ਸਾਖੀ/ਬੰਦ/ਪੰਨਾ – ੧੬/੧੧/੨੨੩.

[73] *ਉਹੀ,* ੧੫/੧/੨੧੮.

[74] *ਉਹੀ,* ੧੫/੩/੨੧੮.

### 4.4 ਚੌਥੀ ਨਾਨਕ-ਜੋਤਿ: ਗੁਰੂ ਰਾਮ ਦਾਸ ਜੀ

ਨਾਨਕ ਜੋਤਿ ਨੇ ਇਤਿਹਾਸਕ ਤੌਰ ’ਤੇ ਚੌਥੀ ਵਾਰ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਚੋਲਾ ਬਦਲਿਆ। ਭਾਈ ਗੁਰਦਾਸ ਜੀ ਅਨੁਸਾਰ ਗੁਰੂ ਅਮਰਦਾਸ ਜੀ ਦੀ ਜੋਤਿ ਹੀ ਗੁਰੂ ਰਾਮਦਾਸ ਜੀ ਵਿਚ ਪ੍ਰਵੇਸ਼ ਹੋਈ:

*...ਗੁਰੁ ਅਮਰਹੁ ਗੁਰੁ ਰਾਮਦਾਸੁ ਜੋਤੀ ਜੋਤਿ ਜਗਾਇ ਜੁਹਾਰਾ॥*[75]

ਭਾਈ ਗੁਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ‘ਸੋਢੀ ਪਾਤਿਸਾਹੁ’ ਕਹਿ ਕੇ ਵਡਿਆਇਆ ਹੈ, ਜਿਹੜਾ ਕਿ ਸਿੱਖ ਪਰੰਪਰਾ ਵਿਚ ਅਜ ਤਕ ਉਸੇ ਤਰ੍ਹਾਂ ਸਤਿਕਾਰਿਆ ਜਾ ਰਿਹਾ ਹੈ:

*...ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥*[76]

ਗੁਰੂ-ਸੰਸਥਾ ਦੇ ਉਦੇਸ਼ ਬਾਰੇ ਸੰਕੇਤ ਦਿੰਦਾ ਹੋਇਆ ਮਹਿਮਾ ਪ੍ਰਕਾਸ਼ ਦਾ ਕਰਤਾ ਗੁਰੂ ਰਾਮਦਾਸ ਜੀ ਦੇ ਪ੍ਰਸੰਗ ਵਿਚ ਦਸਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਸੰਸਾਰ ਸਾਗਰ ਤੋਂ ਪਾਰ ਉਤਾਰਨ ਲਈ ਬੋਹਿਥ ਰੂਪ ਵਜੋਂ ਥਾਪਿਆ:

*ਸ੍ਰੀ ਰਾਮਦਾਸ ਗੁਰ ਅਮਰ ਥਾਪਿਓ ਬੋਹਥ ਭਵ ਪਾਰ ਉਤਾਰਨ ਕਉ॥*[77]

ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਗੁਰਿਆਈ ਦਾ ਤਿਲਕ ਲਗਾ ਕੇ ਸਿੰਘਾਸਨ ਉਤੇ ਬਿਠਾ ਦਿਤਾ। ਇਸ ਪ੍ਰਕਾਰ ਗੁਰੂ ਰਾਮਦਾਸ ਜੀ ਨੂੰ ਅਟਲ ਗੁਰਿਆਈ ਪ੍ਰਾਪਤ ਹੋਈ:

*ਤਿਲਕ ਸਿੰਘਾਸਨ ਅਮਰ ਗੁਰ ਦੀਨਾ ਗੁਰ ਰਾਮਦਾਸ।*
*ਅਟਲ ਗੁਰਿਆਈ ਸਦਾ ਦਈ ਗੁਰ ਰਾਮਹਿ ਕੁਲਹਿ ਨਿਵਾਸ।*[78]

ਗੁਰੂ ਸਾਹਿਬ ਨੇ ਤਿਲਕ ਲਗਾ ਕੇ ਗੁਰਿਆਈ ਦੇਣ ਦੀ ਸਮੁਚੀ ਪ੍ਰਕ੍ਰਿਆ ਨਿਭਾਈ, ਜਿਸ ਅਧੀਨ ਜੇਠਾ ਜੀ ਨੂੰ ਇਸ਼ਨਾਨ ਕਰਵਾ ਕੇ ਨਵੇਂ ਵਸਤਰ ਪਹਿਨਾਏ ਗਏ:

*...ਤਬ ਬਲੂ ਕੌ ਪ੍ਰਭ ਆਗਿਆ ਕਰੀ। ਤਿਲਕ ਨਲਏਰ ਲਿਆਉ ਇਹ ਘਰੀ।*
*ਜੇਠੇ ਕੋ ਇਸਨਾਨ ਕਰਾਵੋ। ਸਗਲ ਨਵੀਨ ਬਸਤ੍ਰ ਪਹਰਾਵੋਂ।*

---

75 *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ - ੨੪/੧੪.
76 *ਉਹੀ,* ੧/੪੭.
77 *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ-I), ਸਾਖੀ/ਬੰਦ/ਪੰਨਾ - ੪/੭/੨੭੯.
78 *ਉਹੀ,* ੫/੬/੩੦੯.

*ਜੇਠਾ ਜੀ ਇਸਨਾਨ ਕਰ ਪਹਰੇ ਬਸਤ੍ਰ ਨਵੀਨ।*

*ਸਤਿਗੁਰ ਕੀ ਚਰਨੀ ਲਗੇ ਭਈ ਜੋਤ ਜੋਤ ਮੋ ਲੀਨ।*[79]

ਗੁਰੂ ਰਾਮਦਾਸ ਜੀ, ਗੁਰੂ ਨਾਨਕ, ਗੁਰੂ ਅੰਗਦ ਅਤੇ ਗੁਰੂ ਅਮਰਦਾਸ ਜੀ ਦਾ ਹੀ ਰੂਪ ਸਨ:

*...ਬਚਨ ਬਿਨੀਤ ਮੋਹਰੀ ਭਾਖਾ। ਗੁਰ ਰਾਮਦਾਸ ਨਾਮ ਪ੍ਰਭੂ ਰਾਖਾ।*

*ਗੁਰ ਨਾਨਕ ਅੰਗਤ ਅਮਰ ਸਰੂਪ। ਗੁਰ ਰਾਮਦਾਸ ਭਾਸਤ ਇਕ ਰੂਪ।*[80]

ਚੌਥੀ ਨਾਨਕ-ਜੋਤਿ ਨੇ ਗੁਰਿਆਈ ਪ੍ਰਾਪਤੀ ਤੋਂ ਬਾਅਦ ਆਪਣੀ ਜੁਗਤਿ ਦਾ ਪਾਸਾਰ ਜਾਰੀ ਰਖਦੇ ਹੋਏ ਸੰਗਤ-ਪੰਗਤ (ਲੰਗਰ) ਦਾ ਵਿਸਤਾਰ ਕੀਤਾ।

### 4.4.1 ਅੰਮ੍ਰਿਤ ਸਰੋਵਰ

ਗੁਰੂ-ਮਿਸ਼ਨ ਅਧੀਨ ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਬਣਵਾਉਣ ਦੀ ਯੋਜਨਾ ਬਣਾਈ। *ਮਹਿਮਾ ਪ੍ਰਕਾਸ਼* ਨੇ ਇਸ ਸਰੋਵਰ ਨੂੰ 'ਮੁਕਤਛੇਤ੍ਰ' ਦੀ ਸੰਗਿਆ ਦਿਤੀ ਹੈ,[81] ਜਿਥੋਂ ਸਮਾਜਿਕ ਤੌਰ 'ਤੇ ਲੋਕਾਂ ਦੀ ਮੁਕਤੀ[82] ਹੋ ਸਕੇ। ਗੁਰੂ ਸਾਹਿਬ ਦਾ ਇਹ ਦੈਵੀ ਮਿਸ਼ਨ ਸੀ, ਜਿਸ ਅਧੀਨ ਉਨ੍ਹਾਂ ਨੇ ਲੋਕਾਂ ਦੀ ਆਪਸੀ ਵੰਡ ਦੂਰ ਕਰਨ ਲਈ, ਸਭ ਤੋਂ ਉਤਮ ਵਸੀਲਾ, ਪਾਣੀ ਨੂੰ ਬਾਉਲੀ ਤੋਂ ਬਾਅਦ ਸਰੋਵਰ ਰੂਪ ਵਿਚ ਵਰਤਿਆ। ਗੁਰਬਾਣੀ ਦੀ ਸੇਧ[83] ਅਨੁਸਾਰ ਗੁਰੂ ਸਾਹਿਬ ਨੇ ਮਨੁਖ ਦੀ ਮੁਢਲੀ ਜਰੂਰਤ (ਪਾਣੀ) ਨੂੰ ਪ੍ਰਚਾਰ ਦਾ ਜਰੀਆ ਬਣਾਇਆ। ਲੋਕਾਂ ਦੇ ਮਨਾਂ ਵਿਚੋਂ ਜਾਤੀ ਸੁਚ-ਭਿਟ ਨੂੰ ਦੂਰ ਕਰਨ ਹਿਤ ਸਰੋਵਰ ਦੀ ਤਿਆਰੀ ਆਰੰਭ ਕੀਤੀ ਗਈ:

*...ਆਗਿਆ ਕੀਨੀ ਸਤਿਗੁਰ ਦਇਆਲ। ਯਹ ਧਰਮ ਛੇਤ੍ਰ ਖੋਦੋ ਤੁਮ ਤਾਲ॥*

*ਜੋ ਖੋਦੇ ਮਨ ਪ੍ਰੀਤ ਬਢਾਇ। ਜੋ ਚਿਤਵੈ ਸੋਈ ਫਲ ਪਾਇ॥*[84]

ਵਰਨਣਯੋਗ ਹੈ ਕਿ ਸਰੋਵਰ ਦੀ ਖੁਦਾਈ ਦਾ ਸੰਬੰਧ ਕੇਵਲ ਸਮਾਜਿਕ ਹੀ ਨਹੀਂ ਸੀ, ਬਲਕਿ ਇਹ ਬਹੁ-ਪਾਸਾਰੀ ਉਪਰਾਲਾ ਸੀ, ਜਿਹੜਾ ਲੋਕਾਂ ਦੀ ਹਰ ਪਖ ਤੋਂ ਕਲਿਆਣ ਕਰਨ ਲਈ

---

[79] *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ-I), ਸਾਖੀ/ਬੰਦ/ਪੰਨਾ - ੩/੧੦-੧੧/੨੭੩.

[80] *ਉਹੀ*, ੩੨/੧੪/੨੭੩.

[81] *ਉਹੀ*, ੫/੧/੨੯੪.

[82] *...ਜਗ ਮੁਕਤ ਭੁਗਤ ਕੋ ਬਨੇ ਸਮਾਜ॥...ਉਹੀ*, ੫/੧੩/੨੯੫.

[83] *ਪਹਿਲਾ ਪਾਣੀ ਜੀਉ ਹੈ...॥* ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮਹਲਾ ੧, ੪੭੨.

[84] *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ 1), ੫/੧੮/੨੯੫.

ਬਣਵਾਇਆ ਜਾ ਰਿਹਾ ਸੀ। ਸਰੋਵਰ ਅੰਦਰ ਗੁਰੂ-ਗ੍ਰੰਥ ਦਾ ਪ੍ਰਕਾਸ਼ ਕਰਨਾ ਪਹਿਲੋਂ ਹੀ ਨਿਸ਼ਚਿਤ ਸੀ, ਕਿਉਂਕਿ ਬਾਣੀ ਅਤੇ ਪਾਣੀ ਦਾ ਸੰਬੰਧ ਅਧਿਆਤਮਕ ਹੈ। ਇਤਿਹਾਸਕ ਦ੍ਰਿਸ਼ਟੀਕੋਣ ਤੋਂ ਜਿੰਨੀਆਂ ਵੀ ਪੁਰਾਣੀਆਂ ਸਭਿਆਤਾਵਾਂ ਵਿਕਸਿਤ ਹੋਈਆਂ, ਪਾਣੀ/ਦਰਿਆਵਾਂ ਦੇ ਕੰਢੇ ਹੀ ਹੋਈਆਂ।

*ਮਹਿਮਾ ਪ੍ਰਕਾਸ਼* ਅਨੁਸਾਰ ਇਹ ਸਰੋਵਰ ਧਰਮ ਨਿਧਾਨ ਹੈ।[85] ਸਰੋਵਰ ਦੀ ਕਾਰਸੇਵਾ ਸੰਪੂਰਨ ਹੋਣ 'ਤੇ ਗੁਰੂ ਰਾਮਦਾਸ ਜੀ ਨੇ ਇਸ ਦਾ ਨਾਮ 'ਅੰਮ੍ਰਿਤਸਰ' ਰਖਿਆ:

*...ਭਗਤ ਸਰੋਵਰ ਅੰਮ੍ਰਿਤ ਭਰਾ। ਗੁਰ ਸ੍ਰੀਮੁਖ ਨਾਮ ਅੰਮ੍ਰਿਤਸਰੁ ਧਰਾ।*[86]

ਭਾਈ ਗੁਰਦਾਸ ਜੀ ਦੇ ਖਿਆਲ ਅਨੁਸਾਰ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸਰੋਵਰ ਵਿਚ ਭਗਤੀ/ਸੇਵਾ ਰਾਹੀਂ ਆਪਣੀ ਜੋਤਿ ਜਗਾਈ :

*ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ॥*[87]

ਗੁਰੂ ਰਾਮਦਾਸ ਜੀ ਨੇ ਅਜਿਹਾ ਸਰੋਵਰ ਤਿਆਰ ਕਰਵਾਇਆ ਜਿਥੇ ਕਿਸੇ ਪ੍ਰਕਾਰ ਦਾ ਕੋਈ ਨਾਟਕ-ਚੇਟਕ ਨਹੀਂ ਹੋ ਸਕਦਾ, ਕੇਵਲ ਕੀਰਤਨ-ਭਗਤੀ ਹੀ ਹੋ ਸਕਦੀ ਹੈ:

*ਬਿਨਾ ਭਗਤ ਤਹਿ ਅਵਰ ਨਾ ਕੋਇ। ਨਾਟਕ ਚੇਟਕ ਤਹਾ ਨ ਕੋਇ॥*
*ਨਿਰਬਾਨ ਕੀਰਤਨ ਭਜਨ ਬਿਲਾਸ। ਕੌਤੂਹਲ ਸੰਤ ਦਰਸ ਸੁਖਰਾਸ॥*[88]

### 4.4.2 ਅੰਮ੍ਰਿਤਸਰ ਨਗਰ

ਅੰਮ੍ਰਿਤਸਰ ਸਰੋਵਰ ਬਣਵਾਉਣ ਉਪਰੰਤ ਇਸ ਅਸਥਾਨ ਨੂੰ ਸਿੱਖੀ ਦਾ ਕੇਂਦਰ ਸਥਾਪਿਤ ਕਰਨ ਦੀ ਜੁਗਤਿ ਨਾਲ ਗੁਰੂ ਰਾਮਦਾਸ ਜੀ ਨੇ ਇਥੇ ਇਕ ਨਗਰ ਵਸਾਇਆ (ਮੌਜੂਦਾ ਅੰਮ੍ਰਿਤਸਰ), ਜਿਸ ਨੂੰ ਸਿੱਖ ਪਰੰਪਰਾ ਵਿਚ 'ਗੁਰੂ ਕਾ ਚਕ', ਰਾਮਦਾਸਪੁਰ ਜਾਂ ਚਕ ਰਾਮਦਾਸ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।[89] ਗੁਰੂ ਨਾਨਕ ਦੇਵ ਜੀ ਨੇ ਆਰੰਭ ਤੋਂ ਹੀ 'ਕਿਰਤ ਕਰੋ, ਨਾਮ ਜਪੋ,

---

[85] *ਗੁਰ ਅਸਥਾਨ ਹੈ ਪਰਮ ਨਿਧਾਨ॥ ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ 1), ਸਾਖੀ/ਬੰਦ/ਪੰਨਾ - ੫/੧੮/੨੯੫.
[86] *ਓਹੀ*, ੫/੨੦/੨੯੫.
[87] *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ - ੧/੪੭.
[88] *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ 1), ਸਾਖੀ/ਬੰਦ/ਪੰਨਾ - ੫/੨੫/੨੯੬.
[89] *ਸਿੱਖ ਮਤ ਦਾ ਪਰਿਵਰਤਨ*, ਪੰਨਾ 22.

ਵੰਡ ਛਕੋ' ਦਾ ਸਿਧਾਂਤ ਦ੍ਰਿੜ ਕਰਵਾਇਆ ਸੀ। ਇਸੇ ਲਈ ਗੁਰੂ ਸਾਹਿਬ ਨੇ ਚੌਥੇ ਸਰੂਪ ਵਿਚ ਵੀ ਕਿਰਤੀਆਂ ਨੂੰ ਉਤਸ਼ਾਹਿਤ ਕੀਤਾ। ਨਵੇਂ ਬਣਾਏ ਨਗਰ ਵਿਚ ਸਿੱਖਾਂ ਨੂੰ ਵਸਾਉਣ ਲਈ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਆਰਥਿਕ ਪਖ ਨੂੰ ਵਿਚਾਰਦੇ ਹੋਏ ਲੋਕਾਂ ਨੂੰ ਵਾਪਾਰ ਕਰਨ ਲਈ ਪ੍ਰੇਰਿਆ। ਗੁਰੂ ਸਾਹਿਬ ਚਾਹੁੰਦੇ ਸਨ ਕਿ ਇਥੇ ਰਹਿਣ ਵਾਲੇ ਲੋਕ ਧਾਰਮਿਕ ਹੋਣ ਦੇ ਨਾਲ-ਨਾਲ ਸਮਾਜਿਕ ਅਤੇ ਆਰਥਿਕ ਪਖ ਤੋਂ ਵੀ ਖੁਸ਼ਹਾਲ ਹੋਣ। ਸਮਾਜ ਵਿਚ ਕਿਰਤੀ ਸਭਿਆਚਾਰ ਜੇਕਰ ਹੋਵੇਗਾ ਤਾਂ ਹੀ ਲੋਕ, ਵਿਹਲੜ ਨਾ ਹੋ ਕੇ, ਸਰਬਤ ਦੇ ਭਲੇ ਲਈ 'ਹਥੋਂ ਦੇ ਕੈ ਭਲਾ ਮਨਾਵੈ' ਦੇ ਸਿਧਾਂਤ ਨੂੰ ਦ੍ਰਿੜ ਕਰ ਸਕਣਗੇ। ਚੌਥੇ-ਨਾਨਕ ਨੇ 'ਦੈਵੀ-ਜੁਗਤਿ' ਦੀ ਨਿਸ਼ਾਨਦੇਹੀ ਕਰਦੇ ਹੋਏ ਨਗਰ ਵਸਾਇਆ, ਜਿਸ ਬਾਰੇ *ਮਹਿਮਾ ਪ੍ਰਕਾਸ਼* ਦੀ ਗਵਾਹੀ ਯੋਗ ਹੈ:

*... ਇਸੀ ਸਾਲ ਮੇ ਜਾਨੋ ਖਾਸ॥ ਰਾਮਦਾਸ ਪੁਰ ਦਯੋ ਬਸਾਇ॥*[90]

ਸਰੋਵਰ ਦੀ ਸੇਵਾ ਨਿਰਵਿਘਨ ਚਲ ਸਕੇ ਅਤੇ ਇਸ ਅਸਥਾਨ ਉਤੇ 'ਹਰਿਮੰਦਿਰ' ਦੀ ਉਸਾਰੀ ਕਰਵਾਈ ਜਾ ਸਕੇ, ਇਸ ਸਾਰੇ ਪ੍ਰਬੰਧ ਲਈ ਮਾਇਆ ਦੀ ਸਖਤ ਲੋੜ ਸੀ। ਇਸ ਤਹਿਤ ਗੁਰੂ ਰਾਮਦਾਸ ਜੀ ਨੇ 'ਮਸੰਦ ਪ੍ਰਥਾ' ਦੀ ਸ਼ੁਰੂਆਤ ਕੀਤੀ, ਤਾਂ ਜੋ ਗੁਰੂ-ਘਰ ਲਈ ਦਸਵੰਧ ਦੇ ਰੂਪ ਵਿਚ ਮਾਇਆ ਇਕਠੀ ਹੋ ਸਕੇ। ਇਸ ਪ੍ਰਥਾ ਦਾ ਵਿਸਤਾਰ ਗੁਰੂ ਅਰਜਨ ਦੇਵ ਜੀ ਨੇ ਕੀਤਾ।

## 4.5 ਪੰਜਵੀਂ ਨਾਨਕ-ਜੋਤਿ: ਗੁਰੂ ਅਰਜਨ ਦੇਵ ਜੀ

ਨਾਨਕ-ਜੋਤਿ ਨੇ ਪੰਜਵਾਂ ਰੂਪ ਗੁਰੂ ਅਰਜਨ ਦੇਵ ਵਜੋਂ ਧਾਰਿਆ। ਗੁਰੂ ਸਾਹਿਬ ਨੂੰ ਗੁਰਿਆਈ ਪਿਤਾ ਗੁਰੂ ਰਾਮਦਾਸ ਜੀ ਪਾਸੋਂ ਪ੍ਰਾਪਤ ਹੋਈ, ਜਿਸ ਦਾ ਸੰਕੇਤ ਭਾਈ ਗੁਰਦਾਸ ਜੀ ਦਿੰਦੇ ਹਨ:

*...ਫਿਰਿ ਆਈ ਘਰਿ ਅਰਜਣੇ ਪੁਤੁ ਸੰਸਾਰੀ ਗੁਰੂ ਕਹਾਵੈ॥*[91]

ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਬਾਰੇ *ਗੁਰਬਿਲਾਸ ਪਾ: ੬* ਨੇ ਭਾਵ-ਪੂਰਤ ਦ੍ਰਿਸ਼ ਪੇਸ਼ ਕੀਤਾ ਹੈ। ਕਰਤਾ ਅਨੁਸਾਰ ਗੁਰੂ ਰਾਮਦਾਸ ਜੀ ਨੇ ਬੜੀ ਸੋਚ-ਵਿਚਾਰ ਪਿਛੋਂ ਫੈਸਲਾ ਕੀਤਾ ਕਿ ਗੁਰਿਆਈ 'ਭਾਰੀ' ਵਸਤੂ ਹੈ, ਜਿਹੜੀ 'ਯੋਗ' ਵਿਅਕਤੀ ਨੂੰ ਦੇਣੀ ਚਾਹੀਦੀ ਹੈ। ਇਹ 'ਸੇਵਾਦਾਰ' ਦਾ ਹਕ ਵੀ ਹੈ। ਗੁਰਿਆਈ ਆਮ ਵਿਅਕਤੀ ਤੋਂ ਜਰਨ ਵਾਲੀ ਸ਼ੈਅ ਨਹੀਂ, ਇਸ

---

[90] *ਪੰਥ ਪ੍ਰਕਾਸ਼*, ਪੰਨਾ 101.

[91] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੧/੪੭.

ਲਈ ਕੋਈ ਈਰਖਾ ਵਸ ਗੁਰਿਆਈ ਹਾਸਿਲ ਨਹੀਂ ਕਰ ਸਕਦਾ। ਗੁਰੂ ਰਾਮਦਾਸ ਜੀ ਨੇ ਇਹ ਸਭ ਵਿਚਾਰਦੇ ਹੋਏ ਅਰਜਨ ਦੇਵ ਜੀ ਨੂੰ ਗੁਰਿਆਈ ਦੇਣ ਦਾ ਫੈਸਲਾ ਕਰ ਕੇ ਬਾਬਾ ਬੁਢਾ ਜੀ ਨੂੰ 'ਤਿਲਕ' ਲਗਾਉਣ ਲਈ ਕਿਹਾ:

*ਨਿਜ ਮਨ ਮੈ ਗੁਰ ਐਸ ਬਿਚਾਰੀ। ਗੁਰਿਆਈ ਧਨੁ ਗੁਰ ਨਾਨਕ ਭਾਰੀ॥*
*ਇਹ ਲਾਇਕ ਅਰਜਨ ਅਬ ਭਜੋ। ... ਤੁਮ ਗੁਰ ਨਾਨਕ ਰੂਪ ਹੋ ਦੇਖੋ ਮਨਿ ਧਰਿ ਧਿਆਨੁ॥*
*ਗੁਰਿਆਈ ਅਜਰੁ ਰੂਪ ਹੈ ਲਾਇਕ ਅਰਜਨੁ ਜਾਨੁ॥...*
*ਇਹ ਸੇਵਕ ਕੀ ਚੀਜ ਹੈ ਕੋਈ ਨ ਈਰਖ ਪਾਇ॥...*
*ਬੁਢੇ ਬਚਨ ਸੁਨਿ ਗੁਰ ਸੁਖੁ ਪਾਯੋ। ਪੈਸੇ ਪਾਂਚ ਨਰੇਲ ਮੰਗਾਯੋ॥*
*ਗੁਰ ਅਰਜਨ ਕੇ ਅਗ੍ਰ ਧਰਾਇ। ਟੇਕਯੋ ਮਾਥ ਸੁ ਅਨੰਦ ਪਾਇ॥*
*ਗੁਰ ਅਰਜਨ ਕੇ ਭਾਲ ਮਝਾਰਿ। ਸਾਹਿਬ ਬੁਢੇ ਤਿਲਕੁ ਸਵਾਰਿ॥...*[92]

### 4.5.1 ਮਸੰਦ ਪ੍ਰਥਾ

ਗੁਰੂ ਨਾਨਕ ਦੇਵ ਜੀ ਨੇ ਜਦੋਂ 'ਸੰਗਤ' ਦੀ ਸਥਾਪਨਾ ਕੀਤੀ ਤਾਂ ਉਸ ਸਮੇਂ ਉਹ ਆਪਣੇ ਅਨੁਯਾਈਆਂ ਨੂੰ ਸਿੱਖਿਆ/ਉਪਦੇਸ਼ ਦੇਣ ਦੇ ਸਮਰਥ ਸਨ। ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਲੈ ਕੇ ਹੌਲੀ-ਹੌਲੀ ਇਨ੍ਹਾਂ ਅਨੁਯਾਈਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੁੰਦਾ ਗਿਆ, ਜਿਸ ਕਾਰਨ ਸੰਗਤਾਂ ਲਈ ਸਥਾਨਕ ਕੇਂਦਰ ਖੋਲ੍ਹਣੇ ਪਏ। ਗੁਰੂ ਅਮਰ ਦਾਸ ਜੀ ਨੇ ਇਸ ਸਮਸਿਆ ਨੂੰ ਮੁਖ ਰਖ ਕੇ ਮੰਜੀ ਪ੍ਰਥਾ ਆਰੰਭ ਕੀਤੀ, ਜਿਸ ਦਾ ਵੇਰਵਾ ਅਸੀਂ ਪਿਛੇ ਦੇ ਆਏ ਹਾਂ। ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਸੰਗਤਾਂ ਦਾ ਪਾਸਾਰ ਪੰਜਾਬ ਤੋਂ ਬਾਹਰ ਤਕ ਹੋ ਗਿਆ ਸੀ। ਇਨ੍ਹਾਂ ਸੰਗਤਾਂ ਨੂੰ ਸੁਚਾਰੂ ਢੰਗ ਨਾਲ ਅਗਵਾਈ ਦੇਣ ਲਈ ਗੁਰੂ ਰਾਮਦਾਸ ਜੀ ਨੇ ਪਿਛੇ ਦਿਤੇ ਸੰਕੇਤ ਅਨੁਸਾਰ 'ਮਸੰਦ ਪ੍ਰਥਾ'[93] ਆਰੰਭ ਕੀਤੀ, ਜਿਸ ਨੂੰ ਵਿਧੀਬਧ ਰੂਪ ਗੁਰੂ ਅਰਜਨ ਦੇਵ ਜੀ ਨੇ ਦਿਤਾ। ਮਸੰਦਾਂ ਦੀ ਚੋਣ ਪਵਿਤਰਤਾ, ਵਫਾਦਾਰੀ ਅਤੇ ਉਚ ਆਚਰਨ ਦੇ ਅਧਾਰ ਉਤੇ

---

[92] *ਗੁਰ ਬਿਲਾਸ ਪਾ: ੬,* ਅਧਿਆਇ/ਬੰਦ/ਪੰਨਾ - ੮/੮੫੦-੫੫/੨੮੩.

[93] 'ਮਸੰਦ' ਸ਼ਬਦ ਫਾਰਸੀ ਦੇ ਸ਼ਬਦ 'ਮਸਨਦ' ਤੋਂ ਬਣਿਆ ਹੈ, ਜਿਸ ਦਾ ਭਾਵ ਉਚੀ ਥਾਂ ਹੈ। ਇਸ ਲਈ 'ਗੱਦੀ' ਸ਼ਬਦ ਵੀ ਵਰਤਿਆ ਜਾਂਦਾ ਸੀ। ਸਿੱਖ ਪ੍ਰਚਾਰਕ ਜੋ ਗੁਰੂ ਸਾਹਿਬਾਨ ਦੇ ਪ੍ਰਤੀਨਿਧ ਸਨ, ਉਨ੍ਹਾਂ ਨੂੰ ਸੰਗਤ ਵਿਚ ਉਚੇ ਆਸਣਾਂ ਜਾਂ ਗੱਦੀ ਉਤੇ ਬਿਠਾਇਆ ਜਾਂਦਾ ਸੀ। ਉਨ੍ਹਾਂ ਨੂੰ ਮਸਨਦ ਜਾਂ ਮਸੰਦ ਕਿਹਾ ਜਾਂਦਾ ਸੀ। ਇਨ੍ਹਾਂ ਦਾ ਇਕ ਹੋਰ ਨਾਮ ਰਾਮ ਦਾਸ ਵੀ ਪ੍ਰਚਲਤ ਸੀ। ਵੇਖੋ: *ਸਿੱਖ ਇਤਿਹਾਸ,* ਪੰਨਾ 27, ਫੁਟ ਨੋਟ 54.

ਕੀਤੀ ਜਾਂਦੀ ਸੀ।[94] ਮਸੰਦ, ਕਿਉਂਕਿ ਗੁਰੂ ਸਾਹਿਬ ਦੁਆਰਾ ਥਾਪੇ ਗਏ ਸਨ, ਇਸ ਲਈ ਸੰਗਤਾਂ ਵਲੋਂ ਉਨ੍ਹਾਂ ਨੂੰ ਸਤਿਕਾਰ ਮਿਲਣਾ ਸੁਭਾਵਿਕ ਸੀ, ਇਸ ਕਾਰਨ ਭਾਈ ਗੁਰਦਾਸ ਵੀ ਮਸੰਦ ਲਈ 'ਗੁਰਮੁਖਿ' ਸ਼ਬਦ ਵਰਤਦੇ ਹਨ।[95] ਗੁਰੂ ਅਰਜਨ ਦੇਵ ਜੀ ਨੇ ਮਸੰਦਾਂ ਦਾ ਪੁਨਰਗਠਨ ਕਰ ਕੇ ਗੁਰੂ-ਘਰ ਦੇ ਕਾਰਜਾਂ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਣ ਲਈ ਆਰਥਿਕ ਪਧਰ ਉਤੇ 'ਦਸਵੰਧ' ਦਾ ਠੋਸ ਰੂਪ ਬਣਾਇਆ। ਮਸੰਦਾਂ ਦਾ ਮੁਖ ਕਾਰਜ ਸਿੱਖੀ ਪ੍ਰਚਾਰ ਦੇ ਨਾਲ-ਨਾਲ ਸੰਗਤਾਂ ਤੋਂ ਦਸਵੰਧ ਇਕਠਾ ਕਰਨਾ ਸੀ। ਇਹ ਦਸਵੰਧ ਮਸੰਦ ਵਿਸਾਖੀ ਮੌਕੇ ਗੁਰੂ ਦਰਬਾਰ ਵਿਚ ਪਹੁੰਚਾਉਂਦੇ ਸਨ। ਜ਼ਿਕਰਯੋਗ ਹੈ ਕਿ ਸਮਕਾਲੀ ਮੁਗਲ-ਪ੍ਰਬੰਧ ਵਿਚ ਬਾਦਸ਼ਾਹ ਆਪਣੇ ਅਹਿਲਕਾਰਾਂ ਤੋਂ ਨਜ਼ਰਾਨੇ ਭੇਂਟ ਲੈਂਦਾ ਸੀ। ਇਸ ਸੰਦਰਭ ਵਿਚ ਕਈ ਵਿਦਵਾਨ ਗੁਰੂ-ਘਰ ਵਿਚ ਆਉਣ ਵਾਲੇ ਦਸਵੰਧ ਨੂੰ ਵੀ ਉਕਤ ਪ੍ਰਬੰਧ ਨਾਲ ਜੋੜ ਕੇ ਵੇਖਦੇ ਹੋਏ ਇਸ ਨੂੰ ਸੰਗਤਾਂ ਉਤੇ ਲਗਿਆ 'ਕਰ' (Tax) ਸਮਝਦੇ ਹਨ।[96] ਅਸਲ ਵਿਚ 'ਦਸਵੰਧ' ਸਿੱਖ ਸੰਗਤਾਂ ਦੁਆਰਾ ਕੀਤੀ ਸਚੀ-ਸੁਚੀ ਕਿਰਤ ਕਮਾਈ ਦਾ ਦਸਵਾਂ ਭਾਗ (ਹਿਸਾ) ਹੁੰਦਾ ਹੈ, ਜਿਹੜਾ ਉਹ ਆਪਣੀ ਸ੍ਵੈ ਇਛਾ ਨਾਲ ਗੁਰੂ-ਘਰ ਵਿਚ ਦਿੰਦੇ ਸਨ। ਇਤਿਹਾਸ ਵਿਚ ਇਕ ਵੀ ਕੋਈ ਅਜਿਹਾ ਹਵਾਲਾ ਪ੍ਰਾਪਤ ਨਹੀਂ, ਜਿਥੇ ਗੁਰੂ-ਘਰ ਵਿਚੋਂ ਕਿਸੇ ਨੇ ਜ਼ਬਰੀ/ਮਜ਼ਬੂਰ ਕਰਕੇ ਦਸਵੰਧ ਪ੍ਰਾਪਤ ਕੀਤਾ ਹੋਵੇ। ਸੰਗਤਾਂ ਵਲੋਂ ਆਪਣੀ ਖੁਸ਼ੀ ਨਾਲ ਮਸੰਦਾਂ ਨੂੰ ਦਿਤਾ 'ਦਸਵੰਧ' ਪੈਸਾ/ ਫਸਲ/ ਜਾਂ ਕਿਸੇ ਹੋਰ ਪਦਾਰਥ ਦੇ ਰੂਪ ਵਿਚ ਹੁੰਦਾ ਸੀ। ਗੁਰਬਾਣੀ ਦੀ ਸੇਧ 'ਕਿਰਤ ਕਰ ਕੇ ਹਥੋਂ ਦੇਣ'[97] ਦਾ ਇਹ ਅਮਲੀ ਪ੍ਰਗਟਾਵਾ ਸੀ।

ਮਸੰਦ, ਗੁਰੂ ਸਾਹਿਬ ਅਤੇ ਸੰਗਤਾਂ ਵਿਚਕਾਰ ਇਕ ਕੜੀ ਦਾ ਕੰਮ ਕਰਦੇ ਸਨ, ਜਿਹੜੇ ਕੇਵਲ ਪ੍ਰਚਾਰ ਜਾਂ ਦਸਵੰਧ ਹੀ ਇਕਠਾ ਨਹੀਂ ਸਨ ਕਰਦੇ। ਗੁਰੂ ਸਾਹਿਬ ਦੁਆਰੇ 'ਥਾਪੇ' ਹੋਣ ਕਾਰਨ, ਉਹ ਜਿਥੇ ਗੁਰੂ ਸਾਹਿਬ ਨੂੰ ਜਵਾਬਦੇਹ ਸਨ, ਉਥੇ ਉਹ ਗੁਰੂ-ਰੂਪ ਹੋ ਕੇ ਗੁਰੂ ਦਾ ਰੋਲ ਵੀ ਅਦਾ ਕਰਦੇ ਸਨ। ਇਸ ਹੈਸੀਅਤ ਵਿਚ ਉਹ ਸੰਗਤਾਂ ਦੇ ਸਥਾਨਕ ਮਸਲੇ ਵੀ ਹਲ ਕਰਦੇ ਸਨ। ਮਸੰਦ ਤਨਖਾਹ ਨਹੀਂ ਲੈਂਦੇ ਸਨ। *ਦਾਬਿਸਤਾਨ* ਦੀ ਗਵਾਹੀ ਅਨੁਸਾਰ ਮਸੰਦ ਸੰਗਤਾਂ ਕੋਲੋਂ

---

[94] *ਸਿੱਖ ਮਤ ਦਾ ਪਰਿਵਰਤਨ*, ਪੰਨਾ 32, ਫੁਟ ਨੋਟ 1 .

[95] *ਗੁਰਮੁਖਿ ਵਡਿਆ ਵਡੇ ਮਸੰਦਾ॥ ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ – ੧੧/੨੨.

[96] *ਸਿੱਖ ਮਤ ਦਾ ਪਰਿਵਰਤਨ*, ਪੰਨਾ 32 ; ਗੰਡਾ ਸਿੰਘ, *ਸਿੱਖ ਇਤਿਹਾਸ*, ਪੰਨਾ 27.

[97] *ਘਾਲਿ ਖਾਇ ਕਿਛੁ ਹਥਹੁ ਦੇਇ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੰਗ ਕੀ ਵਾਰ ਸਲੋਕ ਮ: ੧, ੧੨੪੫.

ਇਕਠੇ ਕੀਤੇ ਪੈਸੇ ਨੂੰ ਆਪ ਨਹੀਂ ਖਰਚਦੇ ਸਨ।[98] ਗੁਰੂ-ਘਰ ਪਹੁੰਚਣ ਵੇਲੇ ਮਸੰਦਾਂ ਨੂੰ ਗੁਰੂ ਸਾਹਿਬ ਵਲੋਂ 'ਸਿਰਪਾਉ' ਦੇ ਕੇ ਸਨਮਾਨਿਤ ਵੀ ਕੀਤਾ ਜਾਂਦਾ ਸੀ।

ਬੇਸ਼ਕ ਮਸੰਦ-ਪ੍ਰਥਾ ਨੇ ਸਿੱਖ ਧਰਮ ਦੇ 'ਵਿਗਾਸ' ਵਿਚ ਵਡਮੁਲਾ ਯੋਗਦਾਨ ਪਾਇਆ, ਪਰ ਸਮੇਂ ਦੇ ਬੀਤਣ ਨਾਲ ਇਸ ਵਿਚ ਗਿਰਾਵਟ ਆਉਣੀ ਸ਼ੁਰੂ ਹੋ ਗਈ। ਇਸ ਦਾ ਇਕ ਮੁਖ ਕਾਰਨ ਮਸੰਦਾਂ ਦੁਆਰਾ 'ਪੂਜਾ ਦਾ ਧਾਨ' ਖਾਣਾ ਸੀ। ਮਸੰਦ, ਜਿੰਨਾ ਚਿਰ ਆਪਣੀ ਕਿਰਤ ਉਤੇ ਗੁਜ਼ਾਰਾ ਕਰਦੇ ਰਹੇ, ਗੁਰੂ ਦੀ ਭੈਅ-ਭਾਵਨੀ ਵਿਚ ਰਹੇ। ਪਰੰਤੂ ਦਸਵੰਧ ਦੇ ਲਗਾਤਾਰ ਵਾਧੇ ਨੇ ਇਨ੍ਹਾਂ ਨੂੰ ਆਪਣੇ ਈਮਾਨ ਤੋਂ ਡਗਮਗਾ ਦਿਤਾ। ਦੂਜਾ ਕਾਰਨ, ਇਨ੍ਹਾਂ ਵਿਚ ਕੁਝ ਨਕਲੀ ਮਸੰਦ ਵੀ ਪ੍ਰਵੇਸ਼ ਹੋ ਗਏ, ਜਿਨ੍ਹਾਂ ਨੇ ਸੰਗਤਾਂ ਨੂੰ ਲੁਟਣਾ ਸ਼ੁਰੂ ਕਰ ਦਿਤਾ। ਦਸਵੇਂ ਪਾਤਿਸ਼ਾਹ ਤਕ ਮਸੰਦਾਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ ਸੀ। *ਸ੍ਰੀ ਗੁਰ ਸੋਭਾ* ਦਾ ਕਰਤਾ ਦਸਦਾ ਹੈ ਕਿ ਸੰਸਾਰ ਦੀ ਕਲਿਆਣ ਹਿਤ ਗੁਰੂ ਸਾਹਿਬ ਨੇ ਮਸੰਦਾਂ ਨੂੰ ਦੂਰ ਕੀਤਾ।[99] ਗੁਰੂ ਸਾਹਿਬ ਨੇ ਸੰਗਤ ਨੂੰ ਸਪਸ਼ਟ ਤੌਰ ਉਤੇ ਮਸੰਦਾਂ ਨੂੰ ਛਡਣ ਦਾ ਆਦੇਸ਼ ਦਿਤਾ ਅਤੇ ਉਨ੍ਹਾਂ ਨੂੰ ਕਿਹਾ ਕਿ ਉਹ ਦਸਵੰਧ-ਭੇਟਾ ਆਪਣੇ ਘਰ ਹੀ ਰਖਣ।[100]

### 4.5.2 ਅੰਮ੍ਰਿਤਸਰ ਸਰੋਵਰ

ਮਸੰਦਾਂ ਦੁਆਰਾ ਇਕਠੇ ਕੀਤੇ ਜਾਂਦੇ ਦਸਵੰਧ ਦਾ ਇਕ ਲਾਭ ਇਹ ਹੋਇਆ ਕਿ ਗੁਰੂ ਰਾਮਦਾਸ ਜੀ ਦੁਆਰਾ ਅਰੰਭੇ ਸਰੋਵਰ ਦੀ ਖੁਦਾਈ-ਕਾਰਜ ਨੂੰ ਗੁਰੂ ਅਰਜਨ ਦੇਵ ਜੀ ਨੇ ਨਿਰਵਿਘਨਤਾ ਸਹਿਤ ਨੇਪਰੇ ਚਾੜ੍ਹਿਆ। ਗੁਰੂ ਅਰਜਨ ਦੇਵ ਜੀ ਦੁਖ ਭੰਜਨੀ ਬੇਰੀ ਹੇਠਾਂ ਬੈਠ ਕੇ ਸਰੋਵਰ ਦੀ ਚਲ ਰਹੀ ਸੇਵਾ ਦੀ ਨਿਗਰਾਨੀ ਕਰਦੇ ਸਨ :

*ਆਪ ਖਰੇ ਹੁਇ ਸਭਿਨਿ ਮਝਾਰੀ। ਕਾਰ ਕਰਾਵਹਿ ਗੁਰ ਉਪਕਾਰੀ॥*
*ਦੇਖਤਿ ਕਾਰ ਚੌਗੁਨੀ ਹੋਇ। ਉਦਮ ਕਰਹਿ ਅਧਿਕ ਸਭਿ ਕੋਇ॥*[101]

---

[98] 'ਨਾਨਕ ਪੰਥੀ', *ਡਾ. ਗੰਡਾ ਸਿੰਘ ਦੀ ਸਿੱਖ ਇਤਿਹਾਸ ਸਰੋਤ ਪੁਸਤਕ*, ਪੰਨਾ 157.

[99] *ਜਗਤ ਉਧਾਰਨ ਕਾਰਨੇ ਸਤਿਗੁਰ ਕੀਓ ਬਿਚਾਰ।*
*ਕਰ ਮਸੰਦ ਤਵ ਦੂਰ ਸਬ ਨਿਮਲ ਕਰ ਸੰਸਾਰ। ਸ੍ਰੀ ਗੁਰ ਸੋਭਾ*, ਅਧਿਆਇ/ਬੰਦ/ਪੰਨਾ - ੫/੧੩੧/੭੯.

[100] *ਮੰਨਤ ਗੋਲਕ ਅਰ ਦਸਵੰਧ। ਘਰਿ ਮੈ ਰਾਖੋ ਤਜੋ ਮਸੰਦ।*
*ਭੇਟ ਕਾਰ ਸਤਿਗੁਰ ਕੀ ਹੋਇ। ਜਾਇ ਹਜੂਰਿ ਚੜ੍ਹਾਵੈ ਸੋਇ। ਉਹੀ*, ੫/੧੪੧/੮੦.

[101] *ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਰਾਸਿ/ਅੰਸੂ/ਪੰਨਾ - ੨/੩੯/੧੮੦੩.

ਗਿ. ਗਿਆਨ ਸਿੰਘ ਸਰੋਵਰ ਦੀ ਸੇਵਾ ਪ੍ਰਥਾਇ ਇਸ ਦੀ ਸੁੰਦਰਤਾ ਬਿਆਨ ਕਰਦਿਆਂ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਇਹ ਅਜਿਹਾ ਸਰੋਵਰ ਰਚਿਆ, ਜਿਸ ਦੇ ਤੁਲ ਕੋਈ ਹੋਰ ਨਹੀਂ:

*ਤੀਰਥ ਆਹਿ ਅਮੀਸਰ ਪਾਵਨ ਤਾਹਿ ਖੁਦਾਵਨ ਕੀ ਦਿਢਧਾਰੇ।*
*ਰਾਜ ਮਜੂਰ ਲਗਾਇ ਰਖੇ ਬਹੁ ਸੰਗਤ ਕਾਰ ਕਢਾਇ ਅਪਾਰੇ।*
*ਤਿਆਰ ਪਜਾਵੇ ਕਰੇ ਗੁਰੁ ਸਿਖਨ ਛੋਡ ਗਿਲਾਨ ਕਰੀ ਅਤਿਕਾਰੇ।*
*ਤਾਲ ਬਿਸਾਲ ਸੁਪਾਨ ਰਚੀ ਜਿਸ ਕੇ ਸਮ ਔਰ ਨਹੀ ਜਗ ਸਾਰੇ।*[102]

### 4.5.3 ਹਰਿਮੰਦਰ ਸਾਹਿਬ

ਸਰੋਵਰ ਦੀ ਸਥਾਪਨਾ ਮਗਰੋਂ ਗੁਰੂ ਅਰਜਨ ਦੇਵ ਜੀ ਨੇ ਸਰੋਵਰ ਵਿਚ ਇਕ ਸੁੰਦਰ ਮੰਦਰ ਬਣਵਾਇਆ, ਜਿਸ ਨੂੰ 'ਹਰਿਮੰਦਰ' ਦੀ ਸੰਗਿਆ ਦਿਤੀ। ਇਸ ਨੂੰ ਹਰੀ ਦਾ ਮੰਦਰ ਦਰਸਾਉਣ ਲਈ ਚਾਰ ਦਰਵਾਜ਼ੇ ਰਖੇ ਗਏ, ਤਾਂ ਜੋ ਚਾਰ-ਚੁਫੇਰੇ ਵਿਆਪਕ ਪਰਮਾਤਮਾ ਨੂੰ ਮਿਲਣ ਲਈ ਸੰਗਤਾਂ ਕਿਸੇ ਵੀ ਜਾਤ/ ਧਰਮ/ ਕੌਮ/ ਵਰਣ ਆਦਿ ਦੇ ਵਿਤਕਰੇ ਤੋਂ ਬਿਨਾਂ ਇਸ ਮੰਦਰ ਵਿਚ ਆ ਸਕਦੀਆਂ ਹਨ। 'ਹਰਿਮੰਦਰ' ਦੀ ਵਡਿਆਈ ਗੁਰੂ ਸਾਹਿਬ ਨੇ ਵੀ ਕੀਤੀ ਹੈ:

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥*
*ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥*
*ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥*
*ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥*[103]

*ਗੁਰਬਿਲਾਸ ਪਾ: ੬* ਅਨੁਸਾਰ ਦਰਬਾਰ ਸਾਹਿਬ ਜਹਾਜ ਦੇ ਨਿਆਈ ਹੈ, ਜਿਹੜਾ ਜੀਵਾਂ ਨੂੰ ਭਵਜਲ ਪਾਰ ਕਰਵਾ ਦਿੰਦਾ ਹੈ:

*ਸ੍ਰੀ ਦਰਬਾਰ ਕੀ ਉਪਮ ਉਚਾਰੀ। ਇਹ ਸਮ ਨਹੀਂ ਤ੍ਰਿਲੋਕੀ ਸਾਰੀ॥*
*ਸਮ ਜਹਾਜ ਬਨਿ ਹੈ ਦਰਬਾਰਾ। ਤਰੈਂ ਜੀਵ ਭਵਸਿੰਧੁ ਅਪਾਰਾ॥*[104]

ਦਰਬਾਰ ਸਾਹਿਬ ਗੁਰੂ ਰਾਮਦਾਸ ਜੀ ਦਾ ਪ੍ਰਤਖ ਰੂਪ ਹੈ। ਹਰਿਮੰਦਰ ਸਾਹਿਬ 'ਹਰਿ' (ਪਰਮਾਤਮਾ) ਦਾ ਰੂਪ ਹੈ। ਇਸ ਦੀ ਸ਼ਰਨ ਵਿਚ ਜਾਣ ਵਾਲੇ ਮਨੁਖ ਦੇ ਸਭ ਪ੍ਰਕਾਰ ਦੇ ਦਰਿਦ੍ਰ ਖਤਮ ਹੋ ਜਾਂਦੇ ਹਨ:

---

[102] *ਪੰਥ ਪ੍ਰਕਾਸ਼,* ਪੰਨਾ 109.
[103] ਸ੍ਰੀ ਗੁਰੂ ਗ੍ਰੰਥ ਸਾਹਿਬ, ਫੁਨਹੇ ਮਹਲਾ ੫, ੧੩੬੨.
[104] *ਗੁਰਬਿਲਾਸ ਪਾ: ੬,* ਅਧਿਆਇ/ਬੰਦ/ਪੰਨਾ - ੫/੫-੬/੧੨੦.

*ਪਰਤਖ ਰੂਪ ਰਾਮਦਾਸ ਕਾ ਸੋਭਤ ਸ੍ਰੀ ਦਰਬਾਰ॥*

*ਹਰਿਮੰਦਰ ਹਰਿ ਰੂਪ ਹੈ ਲਛਮੀ ਚਰਨ ਬਸਾਇ॥*

*ਜੋਊ ਸਰਨਿ ਇਹ ਕੀ ਪਰੈ ਦਾਰਿਦ੍ਰ ਰਹੈ ਨ ਕਾਇ॥*[105]

### 4.5.4 ਆਦਿ ਗ੍ਰੰਥ ਸੰਪਾਦਨਾ

ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ('ਪੰਥ' ਸਾਜਣਾ) ਤਹਿਤ ਚਲ ਰਹੀ ਜੁਗਤਿ ਅਧੀਨ ਪੰਜਵੇਂ ਜਾਮੇ ਵਿਚ ਨਾਨਕ-ਜੋਤਿ ਨੇ 'ਹਰਿਮੰਦਰ' ਵਿਚ 'ਹਰਿ' ਦੇ ਸਦੀਵੀਂ ਵਾਸੇ ਲਈ ਉਸ ਦਾ 'ਸਰਗੁਣ ਸਰੂਪ' ਤਿਆਰ ਕਰ ਕੇ ਮੰਦਰ ਵਿਚ ਪ੍ਰਕਾਸ਼ ਕਰਨ ਦੀ ਵਿਉਂਤ ਬਣਾਈ। ਭਾਈ ਅਲਮਸਤ ਦੇ ਪ੍ਰਸੰਗ ਵਿਚ *ਮਹਿਮਾ ਪ੍ਰਕਾਸ਼* ਦਾ ਕਰਤਾ 'ਗ੍ਰੰਥ' ਰਚਨ ਦਾ ਸੰਕੇਤ ਦਿੰਦਾ ਹੈ:

*ਤਬ ਪੂਛੀ ਮੋਹਨ ਮਸਤ ਪ੍ਰਬੀਨਾ। ਕਵਨ ਕਾਜ ਆਗਮਨ ਕੀਨਾ॥*

*ਤਬ ਕਹਿਓ ਪ੍ਰਗਟਿ ਪ੍ਰਭ ਧਰਮ ਅਰਚਨਾ।ਕਾਰਨ ਪੰਥ ਗ੍ਰਿੰਥ ਜਗ ਕਰਨਾ॥*[106]

*ਗੁਰਬਿਲਾਸ ਪਾ: ੬* ਦਾ ਮੰਨਣਾ ਹੈ ਕਿ ਗੁਰੂ ਸਾਹਿਬ ਨੇ ਜਗਤ-ਜਲੰਦੇ ਨੂੰ ਤਾਰਨ ਲਈ 'ਗ੍ਰੰਥ' ਦੀ ਬੀੜ ਰਚੀ।[107] ਕਰਤੇ ਅਨੁਸਾਰ ਗੁਰੂ ਸਾਹਿਬ ਨੇ ਬਾਣੀ ਨੂੰ ਗੁਰਿਆਈ ਦੇਣ ਦੀ ਵਿਉਂਤ ਨਾਲ ਇਸ ਗ੍ਰੰਥ ਦੀ ਰਚਨਾ ਕਰਨ ਬਾਰੇ ਸੋਚਿਆ:

*ਗੁਰ ਅਰਜਨ ਮਨਿ ਐਸੇ ਧਾਰਜੋ। ਕਰੋ ਜਤਨ ਜਿਹ ਜਗ ਨਿਸਤਾਰਜੋ॥*

*ਬਾਣੀ ਗੁਰੂ ਗੁਰੂ ਹੈ ਬਾਣੀ। ਬੇਦਨ ਤਤੁ ਮਥਿ ਬੁਧਿ ਮਧਾਣੀ॥*

*ਚਹੁ ਖਟ ਨੌ ਕਾ ਸਾਰ ਨਿਕਾਰਾ। ਗੁਰ ਨਾਨਕ ਬਾਣੀ ਵਿਸਥਾਰਾ॥*

*ਜਦ ਮਹਲਾ ਤਕ ਰੂਪ ਹਮਾਰੇ। ਆਗੇ ਪੂਜਾ ਕਿਹ ਨਿਸਤਾਰੇ॥*

*ਤਾ ਤੇ ਸਭ ਬਾਣੀ ਇਕਠਯੈ। ਪੂਜਨੀਵ ਗੁਰੁ ਗ੍ਰਿੰਥ ਬਨਯੈ॥...*[108]

'ਗ੍ਰੰਥ' ਰਚਨ ਦੀ ਵਿਉਂਤ ਬਣਾ ਕੇ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਬਾਣੀ ਗੁਰਮੁਖੀ ਅਖਰਾਂ ਵਿਚ ਲਿਖਣ ਲਈ ਪ੍ਰੇਰਿਆ[109]:

---

[105] *ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ - ੫/੭-੮/੧੨੦.

[106] *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ -III), ਪੰਨਾ 349.

[107] *ਜਗ ਤਾਰਨ ਹਿਤਿ ਗ੍ਰਿੰਥ ਕੀ ਰਚਿ ਹੈ ਬੀੜ ਬਿਸਾਲ॥ ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ - ੩/੧੨੭/੫੫.

[108] *ਉਹੀ*, ੪/੩-੪/੫੬.

[109] ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਇਤਿਹਾਸ ਦੇਣਾ ਇਸ ਅਧਿਆਇ ਦਾ ਵਿਸ਼ਾ ਨਹੀਂ। ਇਸ ਕਰ ਕੇ ਕੇਵਲ ਗ੍ਰੰਥ ਸਾਹਿਬ ਦੀ ਰਚਨਾ-ਵਿਉਂਤ ਆਦਿ ਬਾਰੇ ਜ਼ਿਕਰ ਕੀਤਾ ਜਾ ਰਿਹਾ ਹੈ।

*ਤਬ ਸ੍ਰੀ ਗੁਰ ਅਸ ਮੁਖੋਂ ਉਚਾਰੇ। ਗੁਰਦਾਸ ਭਾਈ ਸੁਨੀਏ ਨਿਰਧਾਰੇ॥*
*ਰਚੋ ਬੀੜ ਤੁਮ ਗ੍ਰਿੰਥ ਅਪਾਰਾ। ਗੁਰਮੁਖੀ ਅਖਰ ਮਾਹਿ ਸੁਧਾਰਾ॥*
*ਮੈ ਭਾਖੋ ਤੁਮ ਲਿਖੋ ਬਨਾਏ। ਚਤੁਰ ਗੁਰੂ ਬਾਣੀ ਸੁਖਦਾਏ॥*[110]

ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਸੰਪੂਰਨ ਹੋਣ ਉਤੇ ਸੰਗਤ ਨੇ ਖੁਸ਼ੀਆਂ ਮਨਾਈਆਂ:

*ਪੁਨ ਸ੍ਰੀ ਗੁਰ ਬੈਠਿ ਦਿਵਾਨ ਲਗਜੋ। ਗਨ ਸਿੱਖਜ ਪਿਖੈ ਮਨ ਪ੍ਰੇਮ ਪਗਜੋ॥*
*ਸਭਿ ਬੀਚ ਸੁਹਾਵਤਿ ਗ੍ਰਿੰਥ ਧਰਜੋ। ਕਰਿ ਸੇਵਕ ਸੁੰਦਰ ਚੌਰ ਫਿਰਜੋ॥*
*ਲਗਿ ਢੇਰ ਪ੍ਰਸਾਦਿ ਗਯੋ ਸੁ ਤਹਾ। ਬਹੁ ਲਜਾਵਤਿ ਸਿਖ ਅਨੰਦ ਮਹਾ॥*
*ਸੁਭ ਫੂਲਨਿ ਮਾਲ ਬਿਸਾਲ ਕਰੇ। ਬਹੁ ਰੰਗਨਿ ਕੇ ਬਿਚ ਗੁੰਫ ਧਰੇ॥*
*ਗਰ ਸ੍ਰੀ ਗੁਰ ਕੇ ਸਿਖ ਪਾਵਤਿ ਹੈ। ਬਹੁ ਭਾਂਤਿਨ ਫੂਲ ਚਢਾਵਤਿ ਹੈ॥*
*ਸੁਭ ਮਾਲ ਸੁ ਫੂਲ ਬਿਸਾਲ ਲਏ। ਗੁਰੂ ਗ੍ਰਿੰਥ ਸਮੀਪ ਚਢਾਇ ਦਏ॥*
*ਬਹੁ ਧੂਪ ਸੁ ਆਗਿ ਧੁਖਾਵਿਤ ਹੈ। ਘਸਿ ਚੰਦਨ ਕੇਸਰ ਪਾਵਤਿ ਹੈ॥*
*ਚਰਚੈ ਅਰਚੈ ਸਿਖ ਪ੍ਰੀਤ ਧਰੈ। ਗਨ ਸੰਖ ਬਜਾਵਤਿ ਫੂਕ ਭਰੈ॥*
*ਅਰਦਾਸ ਪ੍ਰਸਾਦਨਿ ਬ੍ਰਿੰਦ ਕਰੈ। ਜਯਕਾਰ ਸਭੈ ਇਕ ਬਾਰ ਰਰੈ॥*
*ਕਰਿ ਧਾਰਿ ਰਬਾਬ ਸਤਾਰ ਬਜੈ। ਸਬਦਾਨਿ ਸੁ ਗਾਇ ਸੁ ਰਾਗ ਸਜੈ॥*[111]

ਗੁਰੂ ਸਾਹਿਬ ਨੇ ਰਾਮਸਰ ਸਾਹਿਬ ਬੈਠਿਆਂ ਇਕ ਦਿਨ ਭਰੇ ਦੀਵਾਨ ਵਿਚ ਗ੍ਰੰਥ ਸਾਹਿਬ ਦੀ ਮਹਿਮਾ ਭਰ ਵਾਕ ਉਚਾਰੇ, ਜਿਨ੍ਹਾਂ ਵਿਚ ਗ੍ਰੰਥ ਸਾਹਿਬ ਦੀ ਮਹਾਨਤਾ ਝਲਕਦੀ ਹੈ:

*'ਗ੍ਰਿੰਥ' ਜਹਾਜ ਸੁ ਭੌਜਲ ਕੋ ਤਰ ਜਾਤਿ ਸੁਖੇਨ ਜਿਨੀ ਚਿਤ ਲਾਯੋ॥*
*ਸ੍ਰੀ ਗੁਰ ਕੇਰ ਸਰੀਰ ਜੁਊ ਸਭਿ ਥਾਨ ਸਮੇਂ ਸਭਿ ਨਾ ਦਰਸੈ ਹੈ॥*
*ਗ੍ਰਿੰਥ ਰਿਦਾ ਗੁਰ ਕੇਰ ਇਹ ਜਾਨਹੁ ਉਤਮ ਹੈ ਸਭਿ ਕਾਲ ਰਹੈ ਹੈ॥*
*ਮੇਰੇ ਸਰੂਪ ਤੇ ਯਾਤੇ ਹੈ ਦੀਰਘ ਸਾਹਿਬ ਜਾਨਿ ਅਦਾਇਬ ਕੈ ਹੈ॥*
*ਪੂਜਹੁ ਚੰਦਨ ਕੇਸਰ ਕੋ ਘਸਿ ਧੂਮ ਧੁਖਾਇ ਕੈ ਫੂਲ ਚਢੈ ਹੈ॥*

---

110 *ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ – ੪/੩੪੯–੫੦/੯੦.

111 *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਛੇਵੀਂ ਜਿਲਦ), ਰਾਸ/ਅੰਸੂ/ਪੰਨਾ – ੩/੪੯/੨੧੩੫.

ਜੋ ਲਿਖਿ ਲੇਹਿ ਭਲੇ ਤਬਿ ਸੋਧਹਿ ਅਖਰ ਸੋ ਲਗ ਕੀ ਚੁਕਸਾਈ॥
ਪਾਠ ਸਮਸਤ ਕਰੈ ਬੁਧਿ ਸੋ ਪਿਖਿ ਪੂਰਬ ਕੇ ਸਮ ਲੇਹਿ ਬਨਾਈ॥
ਆਪ ਤੇ ਘਾਟ ਨ ਬਾਧ ਕਰੈ ਜਿ ਕਰੈ ਹੁਇ ਮੂਰਖ ਸੋ ਪਛੁਤਾਈ॥
ਔਰ ਬਨਾਇ ਨਵੇ ਨ ਲਿਖੈ ਬਿਚ ਕਾਬਜ ਰਚੈ ਸੁ ਰਚੇ ਪ੍ਰਿਥਕਾਈ॥
ਚੌਦਹਿ ਲੋਕ ਤੇ ਹੋਇ ਬਲੀ ਬਲ ਕੋ ਜਰ ਜਾਇ ਰਿਦੇ ਮਹਿ ਜੋਈ॥
ਸੋ ਉਪਕਾਰ ਕੇ ਕਾਰਨ ਕੋ ਸਿਰ ਦੇ ਹੁਇ ਸੰਮੁਖ ਧੀਰ ਧਰੋਈ॥
ਆਪਨੀ ਬਾਨੀ ਚਢਾਵਹਿ ਸੋ ਇਕ ਹੋਇ ਇਸੋ ਨਹਿ ਦੂਸਰ ਕੋਈ॥
ਪੂਜਹਿ ਜੋ ਇਛ ਧਾਰਿ ਸੁ ਪੂਜਹਿ ਸ਼੍ਰੇਯ ਲਹੈ ਜਮ ਪੀਰ ਨ ਹੋਈ॥
ਬੇਦ ਪੁਰਾਨ ਮਹਾਨ ਮਹਾਤਮ ਜਾਹਿ ਬਖਾਨ ਕਰੈ ਸਮੁਦਾਏ॥
ਅੰਤ ਨ ਪਾਵਤ ਸੇਸ਼ ਨ ਸ਼ਾਰਦ ਨੇਤਿ ਹੀ ਨੇਤਿ ਅਸ਼ੇਸ਼ ਬਤਾਏ॥
ਜੋ ਸਰਬੋਤਮ ਜੋ ਸਰਬਾਸ਼੍ਰਿਯ ਤਾਹੀ ਕੇ ਨਾਮ ਇਸੀ ਮਹਿ ਗਾਏ॥
ਨਾਮ ਸੁ ਨਾਮੀ ਕੋ ਭੇਦ ਨਹੀਂ ਇਹ ਮੂਰਤਿ ਸ੍ਰੀ ਕਰਤਾਰ ਸੁਹਾਏ॥
ਜੇਤਿਕ ਗ੍ਰੰਥ ਅਦਾਇਕ ਰਾਖਹਿ ਤੇਤਿਕ ਹੀ ਫਲ ਪਾਵਹਿਗੋ॥
ਧੂਪ ਧੁਖਾਇ ਘਸਾਇ ਕੈ ਚੰਦਨ ਕੇਸਰ ਕੋ ਅਰਚਾਵਹਿਗੋ॥
ਭਾਵਨੀ ਧਾਰਿ ਕੈ ਚਾਹਿ ਉਮਾਹਤਿ ਦਜੋਸ ਪ੍ਰਤੀ ਦਰਸਾਵਹਿਗੋ॥
ਪਾਠ ਕਰੈ ਕਿ ਸੁਨੈ ਮਨ ਏਕ ਹ੍ਵੈ ਹੀ ਉਪਦੇਸ਼ ਬਸਾਵਹਿਗੋ॥
ਦੇਖਤਿ ਹੀ ਕਰ ਜੋਰਿ ਦੁਊ ਮਨ ਨੰਮ੍ਰਿ ਹ੍ਵੈ ਸੀਸ ਨਿਵਾਵਹਿਗੋ॥
ਪ੍ਰੇਮ ਕਰੈ ਘਰ ਮੈ ਅਸਥਾਪਹਿ ਪਾਠ ਸੁਨੇ ਹਰਖਾਵਹਿਗੋ॥
ਸੋ ਜਗ ਬੰਧਨ ਛੇਦਨ ਕੈ ਨਰ ਅੰਤ ਗਤੀ ਸੁਭ ਪਾਵਹਿਗੋ॥
ਕਾਰਜ ਹੋਇ ਸੰਪੂਰਨ ਬਾਂਛਤਿ ਪਾਠ ਕਰੈ ਕਿ ਕਰਾਵਹਿਗੋ॥
ਭੋਗ ਪਰੇ ਕਰਿਵਾਇ ਤਿਹਾਵਲ ਆਪ ਖਰੋ ਹੁਇ ਜਾਵਹਿਗੋ॥
ਹਾਥ ਕੋ ਜੋਰਿ ਕਰੈ ਅਰਦਾਸ ਮਨੋਰਥ ਕੋ ਮਨ ਲਜਾਵਹਿਗੋ॥
ਕਜੋਂ ਨ ਕਹੋ ਤਿਹ ਪੂਰਨ ਹ੍ਵੈ ਚਿਤ ਚਾਹਤਿ ਸੋ ਨਰ ਪਾਵਹਿਗੋ॥

*ਸਿੱਖ ਸਰੀਰ ਤਜੈ ਤਿਸ ਪੀਛਹਿ ਗ੍ਰਿੰਥ ਕੋ ਪਾਠ ਕਰਾਵਹਿਗੋ॥*

*ਪੋਸ਼ਸ਼ ਕੋ ਅਰਪੈ ਤਬਿ ਪਾਠਕ ਭੋਜਨ ਚਾਰੁ ਖੁਲਾਵਹਿਗੋ॥*

*ਔਰ ਜਥਾ ਸਕਤਿ ਤਹਿ ਸੇਵਹਿ ਲਜਾਇ ਕਰਾਹੁ ਬ੍ਰਤਾਵੈਗੋ॥*

*ਸੋ ਸਿਖ ਹੋਇ ਸੁਖੇਨ ਮਹਾ ਪਰਲੋਕ ਬਿਖੈ ਹਰਖਾਵਹਿਗੋ॥*

*ਔਰ ਕਹਾ ਲਗਿ ਜੇ ਜਗ ਕਾਰਜ ਪਾਠ ਕਰੈ ਸਿਧ ਹੋਵਹਿਗੇ॥*

*ਸੰਤ ਮਹੰਤ ਚਹੈ ਨਹਿਯੋ ਪਠਿ ਪ੍ਰੇਮ ਕਰੇ ਪ੍ਰਭ ਜੋਵਹਿਗੇ॥*

*ਦਯੋਸ ਨਿਸਾ ਸਿਮਰੈ ਸਤਿਨਾਮ ਕਿ ਗ੍ਰਿੰਥ ਪਠੈ ਅਘ ਖੋਵਹਿਗੇ॥*

*ਅੰਤ ਸਮੇਂ ਜਮ ਕੋ ਨ ਪਿਖੈ ਮਿਲਿ ਆਇ ਹਮੈ ਸੁ ਅਲੋਵਹਿਗੇ॥*[112]

ਗ੍ਰੰਥ ਸਾਹਿਬ ਦਾ ਸਰੂਪ ਸੰਪੂਰਨ ਹੋਣ ਉਪਰੰਤ ਅਗਲੇ ਦਿਨ ਗੁਰੂ ਸਾਹਿਬ ਨੇ ਬਾਬਾ ਬੁਢਾ ਜੀ ਨੂੰ ਅੰਮ੍ਰਿਤ ਵੇਲੇ ਹਰਿਮੰਦਰ ਸਾਹਿਬ ਵਿਚ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ 'ਹੁਕਮ' ਲੈਣ ਲਈ ਕਿਹਾ:

*'ਬੁਢਾ ਸਾਹਿਬ ਖੋਲਹੁ ਗ੍ਰਿੰਥ। ਲੇਹੁ ਅਵਾਜ਼ ਸੁਨਹਿ ਸਭਿ ਪੰਥ'॥*

*ਸੁਨਿ ਗੁਰ ਬਚਨ ਰੁਚਿਰ ਮਨ ਲਾਯਕ। ਸਤ ਬਾਕ ਮੁਖ ਜਲਜ ਅਲਾਇਕ॥*

*ਅਦਬ ਸੰਗ ਤਬਿ ਗ੍ਰਿੰਥ ਸੁ ਖੋਲਾ। ਲੇ ਅਵਾਜ਼ ਬੁਢਾ ਮੁਖਿ ਬੋਲਾ॥*

*ਸੂਹੀ ਮਹਲਾ ੫॥*

*ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥*

*ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥*

*ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥*

*ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥*

*ਪੂਰਨ ਪੁਰਖੁ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥*

*ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥੧॥*[113]

---

[112] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਛੇਵੀਂ ਜਿਲਦ), ਰਾਸ/ਅੰਸੂ/ਪੰਨਾ – ੩/੫੦/੨੧੪੦.
[113] *ਉਹੀ*, ੩/੫੦/੨੧੪੩.

ਰਾਤ ਹੋਣ ਉਪਰੰਤ ਬਾਬਾ ਬੁਢਾ ਜੀ ਨੇ ਗੁਰੂ ਸਾਹਿਬ ਨੂੰ ਗ੍ਰੰਥ ਸਾਹਿਬ ਦੇ ਸਰੂਪ ਦਾ ਨਿਵਾਸ ਕਿਵੇਂ ਤੇ ਕਿਥੇ ਕਰਨ ਬਾਰੇ ਪੁਛਿਆ। ਗੁਰੂ ਸਾਹਿਬ ਨੇ ਆਗਿਆ ਕੀਤੀ ਕਿ ਜਿਥੇ ਉਨ੍ਹਾਂ ਦਾ ਨਿਵਾਸ ਸਥਾਨ ਹੈ, ਉਥੇ ਗ੍ਰੰਥ ਸਾਹਿਬ ਦਾ ਸੁਖਾਸਨ ਕੀਤਾ ਜਾਵੇ:

*ਸ੍ਰੀ ਗੁਰ ਕਹਯੋ ਪ੍ਰਭੂ ਦਰਬਾਰਾ। ਗ੍ਰਿੰਥ ਪ੍ਰਮੇਸੁਰ ਕੋ ਅਵਤਾਰਾ॥*
*ਡੇਢ ਜਾਮ ਜਾਮਨਿ ਜਬ ਜਾਇ। ਪਠਹਿ ਸੋਹਿਲਾ ਕੀਰਤਨ ਗਾਇ॥*
*ਬਹੁਰੋ ਲੇ ਜਾਵਹੁ ਅਸਵਾਰਾ। ਜਿਸੀ ਕੋਠਰੀ ਰਹਨਿ ਹਮਾਰਾ॥*
*ਤਹਾਂ ਨਿਵਾਸ ਕਰਹੁ ਜੁਤ ਮਾਨ। ਜਾਮ ਡੇਢ ਜਾਮਨਿ ਰਹਿ ਆਨ॥*[114]

ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਗਏ ਨਗਰ ਉਸਾਰੀ ਦੇ ਕਾਰਜ ਨੂੰ ਪੰਜਵੀਂ ਨਾਨਕ-ਜੋਤਿ ਨੇ ਅਗੇ ਤੋਰਦੇ ਹੋਏ 1590 ਅਤੇ 1594 ਈ. ਵਿਚ ਕ੍ਰਮਵਾਰ ਤਾਰਨਤਾਰਨ[115] ਅਤੇ ਜਲੰਧਰ ਨੇੜੇ ਕਰਤਾਰਪੁਰ ਸ਼ਹਿਰ ਵਸਾਇਆ।[116] *ਮਹਿਮਾ ਪ੍ਰਕਾਸ਼* ਨੇ ਤਰਨਤਾਰਨ ਸਰੋਵਰ ਦੀ ਸਥਾਪਨਾ ਤੇ ਨਾਮਕਰਨ ਬਾਰੇ ਵਿਸਤ੍ਰਿਤ ਜਾਣਕਾਰੀ ਦਿਤੀ ਹੈ:

*ਗੋਬਿੰਦਵਾਲ ਤੋਂ ਸਤਿਗੁਰੂ ਮਾਝੇ ਗਏ ਦਇਆਲ॥*
*ਜੋਜਨ ਦੁਇ ਪਛਮ ਦਿਸਾ ਤੀਰਥ ਰਚਿਓ ਬਿਸਾਲ॥*
*...ਤਬ ਚੂਨਾ ਈਟ ਗੁਰਬਚਨ ਸੋ ਆਇਆ॥*
*ਲਗੇ ਰਾਜ ਪਰਪਕ ਬਨਾਇਆ॥*
*ਡੇਢ ਬਾਹੀ ਤਬ ਭਈ ਤਿਯਾਰ। ਮੁਖ ਤਰਨ ਕਹਿਓ ਕਰਤਾਰ॥*
*ਤਰਨਤਾਰਨ ਸਰ ਨਾਮ ਧਰ ਮਹਾਤਮ ਦੀਆ ਦਿਖਾਇ॥*
*ਜੋ ਕਰ ਇਸਨਾਨ ਨਿਸਚਾ ਧਰੇ ਹਰਿ ਭਗਤੀ ਪਾਇ ਤਰ ਜਾਇ॥*[117]

### 4.5.5 ਸ਼ਹਾਦਤ

ਗੁਰੂ ਨਾਨਕ ਦੇਵ ਜੀ ਨੇ ਸਦੀਆਂ ਤੋਂ ਚਲੀਆਂ ਆ ਰਹੀਆਂ ਰੂੜ੍ਹੀਆਂ ਨੂੰ ਖਤਮ ਕਰਨ ਦੇ ਉਦੇਸ਼ ਨਾਲ ਲੋਕ-ਮਾਨਸਿਕਤਾ ਨੂੰ ਬਦਲਣ ਲਈ 'ਸਚੁ'[118] ਦਾ ਸੁਨੇਹਾ ਦਿਤਾ ਸੀ। ਲੋਕਾਂ ਦੀ ਸੰਪੂਰਨ

---

[114] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਛੇਵੀਂ ਜਿਲਦ), ਰਾਸ/ਅੰਸੂ/ਪੰਨਾ - ੩/੫੦/੨੧੪੪.
[115] *ਸਿੱਖ ਇਤਿਹਾਸ,* ਪੰਨਾ 28.
[116] *ਉਹੀ.*
[117] *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ-1), ਸਾਖੀ/ਬੰਦ/ਪੰਨਾ - ੮/੧-੬/੩੪੦.
[118] *ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਤਿਲੰਗ ਮਹਲਾ ੧, ੭੨੩.

ਅਜ਼ਾਦੀ ਲਈ ਉਨ੍ਹਾਂ ਨੇ ਨਵੇਂ ਸਿਧਾਂਤ ਪੇਸ਼ ਕੀਤੇ। ਆਦਿ ਕਾਲ ਤੋਂ ਮਨੁਖ ਮੌਤ ਤੋਂ ਭੈ-ਭੀਤ ਹੁੰਦਾ ਆਇਆ ਹੈ। ਵਧ ਤੋਂ ਵਧ ਸਮਾਂ ਜਿਉਂਦੇ ਰਹਿਣ ਦੀ ਭਾਵਨਾ ਅਧੀਨ ਮਨੁਖ ਮਰਨਾ ਨਹੀਂ ਚਾਹੁੰਦਾ। ਗੁਰੂ ਸਾਹਿਬ ਨੇ ਮਨੁਖੀ ਪ੍ਰਵਿਰਤੀ ਨੂੰ ਬਦਲਦੇ ਹੋਏ ਕਿਹਾ ਕਿ ਸਿੱਖੀ ਦੇ ਰਸਤੇ ਉਤੇ ਤੁਰਨਾ ਹੈ ਤਾਂ ਪਹਿਲਾਂ ਮਰਨਾ ਕਬੂਲੋ।[119] ਸਿੱਖ ਧਰਮ 'ਸਿਧਾਂਤ' ਤੇ 'ਅਮਲ' ਦਾ ਜੋੜ ਹੈ, ਭਾਵ 'ਕਥਨੀ' ਤੇ 'ਕਰਨੀ' ਸਿੱਖ ਵਿਚ ਬਰਾਬਰ ਹਨ। ਇਸ ਦਾ ਪ੍ਰਤਖ ਸਬੂਤ ਪੇਸ਼ ਕਰਦੇ ਹੋਏ ਗੁਰੂ ਅਰਜਨ ਸਾਹਿਬ ਨੇ ਆਪਣੀ ਸ਼ਹਾਦਤ ਦਿਤੀ। ਲੋਕਾਂ ਦੀ ਗਰੀਬ ਮਾਨਸਿਕਤਾ ਨੂੰ ਉਚਾ ਚੁਕਣ ਲਈ ਗੁਰੂ ਸਾਹਿਬ ਨੇ ਸੁਨੇਹਾ ਦਿਤਾ ਕਿ ਜੇਕਰ 'ਸਚ' ਪਲੇ ਹੈ ਤਾਂ ਵਡੀ ਤੋਂ ਵਡੀ ਤਾਕਤ ਨਾਲ ਮੁਕਾਬਲਾ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬ ਨੇ ਸ਼ਹਾਦਤ ਦੇ ਕੇ ਇਹ ਵੀ ਸੰਦੇਸ਼ ਦਿਤਾ ਕਿ ਸਭ ਤਾਕਤਾਂ ਹੁੰਦੇ ਹੋਏ ਵੀ ਮਨੁਖ ਨੂੰ ਰਬੀ ਹੁਕਮ ਅਥਵਾ ਭਾਣੇ ਵਿਚ ਰਹਿਣਾ ਚਾਹੀਦਾ ਹੈ। ਸੰਸਾਰ ਵਿਚ ਜੋ ਕੁਝ ਵੀ ਵਾਪਰਦਾ ਹੈ, ਪਰਮਾਤਮਾ ਦੀ ਰਜ਼ਾ ਵਿਚ ਹੈ। ਸ਼ਹਾਦਤ ਦੇ ਕੇ ਗੁਰੂ ਸਾਹਿਬ ਨੇ ਸਮਕਾਲੀ ਹੁਕਮਰਾਨ ਜਹਾਂਗੀਰ ਨੂੰ ਅਹਿਸਾਸ ਕਰਵਾਇਆ ਕਿ ਕਿਸੇ ਵੀ ਤਰੀਕੇ 'ਸਚੁ' ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਤਸਵੀਰ ਪੇਸ਼ ਕਰਦਿਆਂ ਕਵੀ ਕੰਕਣ ਜਹਾਂਗੀਰ ਨੂੰ 'ਬੇਦੀਨ' ਵਜੋਂ ਚਿਤਰਦਾ ਹੈ। ਉਸ ਅਨੁਸਾਰ ਜਹਾਂਗੀਰ ਨੇ ਮਤਾ ਪਕਾਇਆ ਕਿ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਕੇ, ਉਹ ਮੁਸਲਮਾਨਾਂ ਵਿਚ ਆਪਣੀ ਇਜ਼ਤ ਬਣਾਏਗਾ। ਇਸ ਨਾਲ ਸਾਰੇ ਤੁਰਕ ਖੁਸ਼ ਹੋਣਗੇ ਅਤੇ ਇਸਲਾਮ ਦਾ ਜਸ ਵਧੇਗਾ। ਇਸ ਭਾਵਨਾ ਤਹਿਤ ਜਹਾਂਗੀਰ ਨੇ ਅਸਹਿ ਤੇ ਅਕਹਿ ਤਸੀਹੇ ਦੇ ਕੇ ਗੁਰੂ ਸਾਹਿਬ ਨੂੰ ਸ਼ਹੀਦ ਕਰਵਾ ਦਿਤਾ:

*ਨੀਚ ਜਹਾਗੀਰ ਬੇਦੀਨ ਨੇ ਮਤਾ ਪਕਾਇਓ ਆਨ॥*
*ਗੁਰੂ ਅਰਜਨ ਕਉ ਕਤਲ ਕਰਿ ਤਉ ਮੈ ਪਾਵਉ ਮਾਨ॥*
*ਸਭ ਤੁਰਕੇ ਪ੍ਰਸੰਨ ਹੋਵਹਿ ਦੀਨ ਕਰਉ ਪ੍ਰਕਾਸ॥*
*ਝੂਠ ਧਰਮ ਅਰੁ ਗੁਰੂ ਕਾ ਖਿੰਨ ਮਹਿ ਕਰਉ ਬਿਨਾਸ॥*
*ਰਾਵੀ ਮੈ ਗੁਰੁ ਲੀਨ ਭਏ ਦੀਨ ਨ ਨੀਚਨ ਦੀਦ॥*[120]

---

[119] *ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਵਾਰ ਮਹਲਾ ੫ ਡਖਣੇ, ੧੧੦੨.
[120] *ਸੰਛੇਪ ਦਸ ਗੁਰ ਕਥਾ,* ਬੰਦ/ਪੰਨਾ – ੫੭-੯/੩੮.

## 4.6 ਛੇਵੀਂ ਨਾਨਕ-ਜੋਤਿ: ਗੁਰੂ ਹਰਿਗੋਬਿੰਦ ਸਾਹਿਬ

ਨਾਨਕ-ਜੋਤਿ ਨੇ ਛੇਵਾਂ ਜਾਮਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਰੂਪ ਵਿਚ ਧਾਰਿਆ। ਸਿੱਖ ਪਰੰਪਰਾ ਵਿਚ ਰਵਾਇਤ ਪ੍ਰਚਲਤ ਹੈ ਕਿ ਗੁਰੂ ਸਾਹਿਬ ਦਾ ਪ੍ਰਕਾਸ਼ ਬਾਬਾ ਬੁਢਾ ਜੀ ਦੀ ਅਸੀਸ ਨਾਲ ਹੋਇਆ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਬਾਰੇ ਬਾਬਾ ਬੁਢਾ ਜੀ ਨੇ ਉਕਤ ਅਨੁਸਾਰ ਪਹਿਲੋਂ ਹੀ ਭਵਿਖਤ ਬਚਨ ਕਰ ਦਿਤੇ ਸਨ ਕਿ ਗੁਰੂ ਸਾਹਿਬ ਬੜੇ ਵਡੇ ਜੋਧੇ ਹੋਣਗੇ, ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕਰ ਕੇ ਅਕਾਲ ਤਖਤ ਉਤੇ ਸ਼ੁਸ਼ੋਬਿਤ ਹੋਣਗੇ। ਗੁਰੂ ਸਾਹਿਬ ਦੇ ਪ੍ਰਕਾਸ਼ ਪਿਛੋਂ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਸ਼ੁਕਰਾਨੇ ਵਜੋਂ ਸ਼ਬਦ ਉਚਾਰਿਆ:

*ਆਸਾ ਮਹਲਾ ੫ ॥*

*ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥*
*ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤੁ ਬਿਗਾਸੁ॥*
*ਜੰਮਿਆ ਪੂਤੁ ਭਗਤੁ ਗੋਬਿੰਦ ਕਾ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ ਰਹਾਉ॥*
*ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ। ਮਿਟਿਆ ਸੋਗੁ ਮਹਾ ਅਨੰਦੁ ਥੀਆ॥*
*ਗੁਰਬਾਣੀ ਸਖੀ ਅਨੰਦੁ ਗਾਵੈ॥ ਸਾਚੇ ਸਾਹਿਬ ਕੈ ਮਨਿ ਭਾਵੈ॥*
*ਵਧੀ ਵੇਲਿ ਬਹੁ ਪੀੜੀ ਚਾਲੀ॥ ਧਰਮ ਕਲਾ ਹਰਿ ਬੰਧਿ ਬਹਾਲੀ॥*
*ਮਨ ਚਿੰਦਿਆ ਸਤਿਗੁਰੂ ਦਿਵਾਇਆ॥ ਭਏ ਅਚਿੰਤ ਏਕ ਲਿਵ ਲਾਇਆ॥*
*ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥ ਬੁਲਾਇਆ ਬੋਲੈ ਗੁਰ ਕੈ ਭਾਣਿ॥*
*ਗੁਝੀ ਛੰਨੀ ਨਾਹੀ ਬਾਤ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ॥*[121]

ਭਾਈ ਗੁਰਦਾਸ ਜੀ ਦਸਦੇ ਹਨ ਕਿ ਨਾਨਕ-ਜੋਤਿ ਹੀ ਕਾਇਆ ਪਲਟ ਕੇ ਗੁਰੂ ਹਰਿਗੋਬਿੰਦ ਦੇ ਰੂਪ ਵਿਚ ਆਈ:

*ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ॥*
*ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ॥*[122]...

---

[121] ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮਹਲਾ ੫, ੩੯੬.
[122] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੧/੪੮.

ਗੁਰੂ ਅਰਜਨ ਵਿਸਮਾਦ ਰੂਪ ਹੋ ਕੇ ਵਿਸਮਾਦੀ ਗੁਰੂ ਹਰਿਗੋਬਿੰਦ ਸਾਹਿਬ ਵਿਚ ਸਮਾ ਗਏ। ਭਾਈ ਸਾਹਿਬ ਦੀਆਂ ਨਜ਼ਰਾਂ ਵਿਚ ਗੁਰੂ ਅਰਜਨ ਦੇਵ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੇਲ ਅਚਰਜ ਨੂੰ ਅਚਰਜ ਮਿਲਣ ਦਾ ਸੀ:

*ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਿਗੋਵਿੰਦੁ ਸਦਾ ਵਿਗਸੰਦਾ॥*
*ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ॥*[123]

*ਮਹਿਮਾ ਪ੍ਰਕਾਸ਼* ਦਾ ਕਰਤਾ ਵੀ ਗੁਰੂ ਹਰਿਗੋਬਿੰਦ ਸਾਹਿਬ ਵਿਚ ਨਾਨਕ-ਜੋਤਿ ਨੂੰ ਹੀ ਦੇਖਦਾ ਹੈ:

*ਗੁਰੂ ਨਾਨਕ ਅੰਗਦ ਗੁਰੂ ਅਮਰ ਦਿਆਲ ਗੁਰ ਜੋਇ॥*
*ਗੁਰ ਰਾਮਦਾਸ ਅਰਜਨ ਗੁਰੂ ਗੁਰ ਹਰਿਗੋਬਿੰਦ ਹੈ ਸੋਇ॥*[124]

### 4.6.1 ਮੀਰੀ-ਪੀਰੀ

ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਪਹਿਲਾਂ ਗੁਰਿਆਈ ਧਾਰਨ ਕਰਨ ਦੀ ਪ੍ਰਕ੍ਰਿਆ ਵਿਚ ਚਿੰਨ੍ਹ ਵਜੋਂ ਤਿਲਕ, ਪੰਜ ਪੈਸੇ, ਨਾਰੀਅਲ ਤੇ ਬਾਣੀ ਦੀ ਪੋਥੀ ਦੇਣੀ ਆਦਿ ਸ਼ਾਮਿਲ ਸੀ। ਗੁਰੂ ਅਰਜਨ ਦੇਵ ਜੀ ਨੇ ਜਦੋਂ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਦੇਣ ਦਾ ਨਿਸ਼ਚਾ ਕੀਤਾ, ਤਾਂ ਬਾਬਾ ਬੁਢਾ ਜੀ ਨੂੰ ਤਿਲਕ ਲਗਾਉਣ ਲਈ ਕਿਹਾ:

*ਗੁਰ ਅਰਜਨ ਅਸ ਰੀਤਿ ਕਰਾਈ। ਪੈਸੇ ਪਾਂਚ ਨਰੇਲ ਮੰਗਾਈ॥*
*ਬੁਢੇ ਕਉ ਗੁਰ ਕਹਾ ਸੁਨਾਇ। ਹਰਿਗੁਵਿੰਦ ਕੌ ਤਿਲਕ ਕਰਾਇ॥*[125]

ਗੁਰੂ ਸਾਹਿਬ ਨੂੰ ਤਿਲਕ ਦੇਣ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਉਹ ਸਿਖਿਆ ਦਿਤੀ, ਜਿਹੜੀ ਹਰੇਕ ਨਾਨਕ-ਜੋਤਿ ਨੂੰ ਪਹਿਲੇ ਗੁਰੂ ਪਾਸੋਂ ਮਿਲਦੀ ਰਹੀ:

*ਹਰਿਗੁਵਿੰਦ ਕੋ ਗੁਰੂ ਅਲਾਯੋ। ਸਾਹਿਬ ਬੁਢੇ ਤਿਲਕੁ ਕਰਾਯੋ॥*
*ਹਰਿਗੁਵਿੰਦ ਗੁਰ ਕੋ ਸਿਖ ਦਈ। ਗੁਰ ਨਾਨਕ ਜੋ ਆਦੋਂ ਕਈ॥*
*ਗੁਰ ਨਾਨਕ ਅੰਗਦ ਕਹੀ ਅੰਗਦ ਅਮਰ ਬਖਾਨ॥*
*ਅਮਰਦਾਸ ਰਾਮਦਾਸ ਕੋ ਸਿਖਯਾ ਦੀਨ ਮਹਾਨ॥*[126]

---

[123] *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ - ੨੪/੨੧.
[124] *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ-2), ਸਾਖੀ/ਬੰਦ/ਪੰਨਾ - ੧੭/20/੪੯0.
[125] *ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ - ੭/੧੫੨/੧੯੯.
[126] *ਉਹੀ*, ੭/੨੦੫-੬/੧੯੩.

ਗੁਰੂ ਅਰਜਨ ਦੇਵ ਦੁਆਰਾ ਸਿਖਿਆ ਦੇਣ ਉਪਰੰਤ ਜਦੋਂ ਬਾਬਾ ਬੁਢਾ ਜੀ ਗੁਰਿਆਈ ਦੇਣ ਦਾ ਸਾਰਾ ਸਮਾਨ ਲੈ ਆਏ ਤਾਂ ਗੁਰੂ ਹਰਿਗੋਬਿੰਦ ਸਾਹਿਬ ਦੇਖ ਕੇ ਮੁਸਕਰਾਉਣ ਲਗੇ। ਉਨ੍ਹਾਂ ਦੇ ਮਨ ਵਿਚ ਕੁਝ ਹੋਰ ਹੀ ਚਲ ਰਿਹਾ ਸੀ, ਜਿਸ ਦਾ ਪ੍ਰਗਟਾਵਾ ਗੁਰੂ ਸਾਹਿਬ ਨੇ ਬਾਬਾ ਬੁਢਾ ਜੀ ਕੋਲ ਕੀਤਾ। ਗੁਰੂ ਸਾਹਿਬ ਤੇ ਬਾਬਾ ਬੁਢਾ ਜੀ ਦੇ ਸੰਵਾਦ ਦਾ *ਗੁਰਬਿਲਾਸ ਪਾ: ੬* ਨੇ ਬੜੀ ਸੁੰਦਰਤਾ ਨਾਲ ਪ੍ਰਗਟਾਵਾ ਕੀਤਾ ਹੈ :

*ਗੁਰਮੰਤ੍ਰ ਪੋਥੀ ਜੋਊ ਸੇਲੀ ਟੋਪੀ ਸਾਥਿ। ਮਾਲਾ ਮੰਜੀ ਪਾਂਚ ਏ ਧਰਿ ਤਿਨ ਨਾਯੋ ਮਾਥ॥*
*ਹਰਿਗੁਵਿੰਦ ਦਿਖਿ ਮਨਿ ਮੁਸਕਾਏ। ਬੁਢੇ ਕੋ ਅਸ ਬੈਨ ਅਲਾਏ॥*
*ਇਹ ਮਸੰਦ ਕਿਆ ਰਾਖਜੋ ਆਗਰ। ਬੁਢਾ ਕਹਿ ਸੁਨੀਏ ਸੁਖਸਾਗਰ॥*
*ਤੁਮ ਤੇ ਬਾਤ ਨ ਕੋਇ ਛਪਾਈ। ਗੁਰ ਨਾਨਕ ਇਹ ਰੀਤਿ ਚਲਾਈ॥*
*ਗੁਰਿਆਈ ਪ੍ਰਿਥਮ ਜਾ ਕੌ ਧਾਰੈ। ਬਹੁਰਿ ਗੁਰੂ ਹੁਇ ਜਗੁ ਨਿਸਤਾਰੈ॥*
*ਹਰਿਗੁਵਿੰਦ ਗੁਰ ਤਬ ਕਹਾ ਸੁਨਿ ਬੁਢਾ ਜੀ ਬੈਨ॥*
*ਕਾਲ ਪੁਰਖ ਬਚ ਕਿਆ ਕਹੈ ਸਭ ਘਟ ਜਿਨ ਕੋ ਐਨ॥*
*ਜੌ ਬਦਲਾ ਪਿਤ ਸੇਲੀ ਪਯੈ। ਤੌ ਹਮ ਸੇਲੀ ਸੀਸ ਧਰਯੈ॥*
*ਸ਼ਸਤ੍ਰ ਧਾਰਿ ਜੇ ਬਦਲਾ ਪਾਵੈ। ਸ਼ਸਤ੍ਰ ਧਰੈ ਹਮ ਕੋ ਬਨਿ ਆਵੈ॥*[127]

ਕਰਤਾ ਨੇ ਦਰਸਾਇਆ ਹੈ ਕਿ ਗੁਰੂ ਸਾਹਿਬ ਆਪਣੇ ਪਿਤਾ ਦਾ ਬਦਲਾ ਲੈਣਾ ਚਾਹੁੰਦੇ ਸਨ, ਇਹ ਉਕਾਈ ਭਰਪੂਰ ਹੈ। ਸਚ ਤਾਂ ਇਹ ਹੈ ਕਿ ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕਰਨੀਆਂ ਗੁਰੂ ਨਾਨਕ ਦੇਵ ਜੀ ਦੀ 'ਜੁਗਤਿ' ਦਾ ਹੀ ਪਾਸਾਰ ਸੀ, ਜਿਸ ਪ੍ਰਥਾਇ ਗੁਰੂ ਅਰਜਨ ਦੇਵ ਜੀ ਨੇ ਪਹਿਲਾਂ ਹੀ ਗੁਰੂ ਸਾਹਿਬ ਨੂੰ ਹੁਕਮ ਕਰ ਦਿਤਾ ਸੀ:

*...ਪ੍ਰਿਥਮੈ ਇਹ ਥਾਂ ਤਖਤ ਸਵਾਰੋ। ਮੀਰੀ ਪੀਰੀ ਅਸਿ ਦੋ ਧਾਰੋ॥*[128]

ਵਰਨਣਯੋਗ ਹੈ ਕਿ ਇਸ ਸਮੇਂ ਤਕ ਮਸੰਦਾਂ ਅੰਦਰ ਵਿਗਾੜ ਪੈਣਾ ਸ਼ੁਰੂ ਹੋ ਗਿਆ ਸੀ, ਜਿਸ ਕਾਰਨ ਗੁਰੂ ਸਾਹਿਬ ਦਾ ਗੁਰਿਆਈ ਧਾਰਨ ਕਰਨ ਲਗਿਆਂ ਅਜਿਹਾ ਵਤੀਰਾ ਦੇਖ ਕੇ ਮਸੰਦ ਖੁਸ਼ ਹੋਏ। ਉਨ੍ਹਾਂ ਨੇ ਮਾਤਾ ਗੰਗਾ ਜੀ ਕੋਲ ਜਾ ਕੇ ਸਾਰੀ ਵਾਰਤਾ ਸੁਣਾਈ। ਮਾਤਾ ਜੀ ਨੇ ਮਸੰਦਾਂ

---

[127] *ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ – ੮/੧੬-੨੦/੨੦੮.
[128] *ਉਹੀ, ੭*/੩੫੫/੨੦੫.

ਦੀ ਵਿਰੋਧੀ ਸੁਰ ਦੇਖ ਕੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਹ ਸਾਰਾ ਕਾਰਜ ਅਕਾਲਪੁਰਖ ਦੇ ਹੁਕਮ ਨਾਲ ਹੀ ਹੋ ਰਿਹਾ ਹੈ, ਉਹ ਕੋਈ ਸ਼ੰਕਾ ਨਾ ਕਰਨ।[129]

ਗੁਰੂ ਸਾਹਿਬ ਦੁਆਰਾ ਧਾਰਨ ਕੀਤੀਆਂ ਤਲਵਾਰਾਂ ਭਗਤੀ ਤੇ ਸ਼ਕਤੀ ਦਾ ਪ੍ਰਤੀਕ ਸਨ:

*ਭਗਤ ਸਕਤ ਸਭ ਤੁਮਰੇ ਹਾਥ। ਤੁਮਰ ਸਰਨ ਹਮ ਮੁਗਧ ਅਨਾਥ॥*[130]

ਭਗਤੀ ਤੇ ਸ਼ਕਤੀ ਦਾ ਅਰਥ ਹੈ ਕਿ ਧਰਮ ਅਤੇ ਰਾਜਨੀਤੀ ਇਕ ਹਨ, ਦੋ ਨਹੀਂ। ਗੁਰੂ ਸਾਹਿਬ ਨੇ 'ਮੁਰਦਾ' ਹੋਏ ਲੋਕਾਂ ਅੰਦਰੋਂ ਮੌਤ ਦਾ ਡਰ ਕਢ ਕੇ ਉਨ੍ਹਾਂ ਨੂੰ ਅਹਿਸਾਸ ਕਰਵਾਇਆ ਕਿ ਉਹ ਹਕ/ਸਚ/ਪਰਉਪਕਾਰ/ਅਜ਼ਾਦੀ ਖਾਤਰ ਆਪਣੀ ਜਾਨ ਵਾਰਨ ਲਈ ਸਦਾ ਤਿਆਰ ਹੋਣ।

### 4.6.2 ਅਕਾਲ ਤਖਤ ਦੀ ਸਿਰਜਣਾ

ਗੁਰੂ ਸਾਹਿਬ ਜੀ ਦਾ ਸਭ ਤੋਂ ਮਹਤਵਪੂਰਨ ਕਾਰਜ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਸੀ। ਇਹ ਕਾਰਜ ਉਨ੍ਹਾਂ ਨੇ ਗੁਰਿਆਈ ਪ੍ਰਾਪਤੀ ਤੋਂ ਤੁਰੰਤ ਬਾਅਦ 1609 ਈ.[131] ਨੂੰ ਬਣਵਾਇਆ:

*ਇਹ ਬਿਧਿ ਤਖਤ ਬਨਾਇਯੋ ਸ੍ਰੀ ਗੁਰ ਅਪਨੈ ਹਾਥ॥*
*ਮਨਹੁ ਜਹਾਜੁ ਜਗੁ ਤਰਨ ਕੋ ਰਚਯੋ ਸੁ ਦੀਨਾਨਾਥ॥*[132]

ਸ੍ਰੀ ਅਕਾਲ ਤਖਤ ਦੀ ਸਿਫਤ ਕਰਦੇ ਹੋਏ ਕਵੀ ਵੀਰ ਸਿੰਘ ਬਲ ਨੇ ਬਹੁਤ ਸੁੰਦਰ ਲਿਖਿਆ ਹੈ:

*ਦ੍ਵੈ ਤਖਤਨ ਕੋ ਤੇਜੁ ਹਰਿ ਦਿੱਲੀ ਅਵਰ ਲਹੌਰ॥*
*ਤਖਤੁ ਸਾਜਿਆ ਸੁਧਾਸਰ ਸੋਢ ਬੰਸ ਸਿਰਮੌਰ॥*[133]

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ ਧਰਮ ਅੰਦਰ ਸ਼ਕਤੀ ਦਾ ਉਭਾਰ ਸ਼ੁਰੂ ਹੋਇਆ। *ਗੁਰਬਿਲਾਸ ਪਾ: ੬* ਅਨੁਸਾਰ ਗੁਰੂ ਸਾਹਿਬ ਨੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਹੁਕਮਨਾਮੇ ਭੇਜੇ ਕਿ ਉਹ ਭੇਟਾਵਾਂ ਵਿਚ ਘੋੜੇ ਤੇ ਸ਼ਾਸਤਰ ਲੈ ਕੇ ਆਇਆ ਕਰਨ।[134]

---

[129] *ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ – ੮/੨੯-੩੧/੨੦੯.
[130] *ਮਹਿਮਾ ਪ੍ਰਕਾਸ਼* (ਭਾਗ ਪਹਿਲਾ), ਸਾਖੀ/ਬੰਦ/ਪੰਨਾ – ੫੭/੧੦/੪੦੬.
[131] *ਸਿੱਖ ਇਤਿਹਾਸ*, ਪੰਨਾ 32.
[132] *ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ – ੮/੪੧/੨੧੦.
[133] *ਗੁਰਕੀਰਤ ਪ੍ਰਕਾਸ਼*, ਹੁਲਾਸ/ਬੰਦ/ਪੰਨਾ – ੬/੧੩/੧੬੧.
[134] *ਸ਼ਬਤ੍ਰ ਔ ਅਸ੍ਵ ਲੀਏ ਗੁਰ ਭੇਟ ਸੁ ਚਾਹ ਭਰੇ ਮਨ ਮਾਹਿ ਉਦਾਰਾ॥...ਗੁਰਬਿਲਾਸ ਪਾ: ੬*, ਅਧਿਆਇ/ਬੰਦ/ਪੰਨਾ – ੮/੩੩-੪/੨੧੦.

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਕਾਫੀ ਲੰਮੀਆਂ ਯਾਤਰਾਵਾਂ ਕੀਤੀਆਂ। ਇਸ ਦਾ ਇਕ ਕਾਰਨ ਭਗਤੀ-ਸ਼ਕਤੀ ਦੇ ਸਿਧਾਂਤ ਬਾਰੇ ਸਿੱਖ ਸੰਗਤਾਂ ਨੂੰ ਜਾਣੂੰ ਕਰਵਾਉਣਾ ਵੀ ਹੋ ਸਕਦਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਨਗਰ ਉਸਾਰੀ ਦੇ ਕਾਰਜ ਵਿਚ ਵਾਧਾ ਕਰਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਨੇ 1620 ਈ. ਵਿਚ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਸਾਇਆ।[135]

### 4.6.3 ਜੰਗਾਂ

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਦੇ ਭਾਵੇਂ ਸਮਕਾਲੀ ਹੁਕਮਰਾਨ ਜਹਾਂਗੀਰ ਨਾਲ ਚੰਗੇ ਸੰਬੰਧ ਸਨ, ਪਰੰਤੂ ਜਹਾਂਗੀਰ ਦੀ ਮੌਤ ਤੋਂ ਬਾਅਦ ਜਦੋਂ ਸ਼ਾਹਜਹਾਨ ਬਾਦਸ਼ਾਹ ਬਣਿਆ ਤਾਂ ਉਸ ਨੇ ਗੁਰੂ ਸਾਹਿਬ ਨਾਲ ਵਿਗਾੜ ਪਾ ਲਿਆ। ਸਿਟੇ ਵਜੋਂ ਸਿੱਖ ਧਰਮ ਤੇ ਮੁਗਲ-ਸਰਕਾਰ ਵਿਚ ਹਥਿਆਰਬੰਦ ਜਦੋ-ਜਹਿਦ ਸ਼ੁਰੂ ਹੋਈ। ਇਸ ਦੌਰਾਨ ਗੁਰੂ ਸਾਹਿਬ ਨੇ ਮੁਗਲਾਂ ਦੇ ਨਾਲ ਚਾਰ ਜੰਗਾਂ ਲੜੀਆਂ: ਪਹਿਲੀ ਸ੍ਰੀ ਹਰਿਗੋਬਿੰਦਪੁਰ (1628 ਈ.); ਦੂਜੀ ਅੰਮ੍ਰਿਤਸਰ (1630); ਤੀਜੀ ਮਰਾਝ (1632) ਅਤੇ ਚੌਥੀ ਕਰਤਾਰਪੁਰ (1634) ਵਿਖੇ ਹੋਈ।[136]

ਗੁਰੂ ਸਾਹਿਬ ਨੇ ਇਹ ਜੰਗਾਂ ਕਿਸੇ ਦੁਨਿਆਵੀ ਪ੍ਰਯੋਜਨ ਹਿਤ ਨਹੀਂ ਸੀ ਲੜੀਆਂ, ਬਲਕਿ ਇਹ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦਾ ਹੀ ਇਕ ਹਿਸਾ ਸਨ। ਜ਼ਿਕਰਯੋਗ ਹੈ ਕਿ ਗੁਰੂ ਨਾਨਕ ਦੇਵ ਦੇ ਮਿਸ਼ਨ ਦਾ ਹਿਸਾ ਹਲੇਮੀ ਰਾਜ ਦੀ ਸਥਾਪਤੀ ਸੀ, ਜਿਹੜਾ ਕਿ ਉਨ੍ਹਾਂ ਆਪਣੇ ਛੇਵੇਂ ਸਰੂਪ ਦੌਰਾਨ ਪ੍ਰਗਟ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਲੜੀਆਂ ਜੰਗਾਂ ਮੀਰੀ-ਪੀਰੀ ਦੇ ਸਿਧਾਂਤ ਦਾ ਵਿਹਾਰਕ ਰੂਪ ਸੀ, ਜਿਸ ਦਾ ਸਿਧਾ-ਸਿਧਾ ਸੰਬੰਧ ਗੁਰੂ-ਸੰਸਥਾ ਅਧੀਨ ਲੋਕ-ਮਾਨਸਿਕਤਾ ਨੂੰ ਉਚੇ ਚੁਕਦੇ ਹੋਏ, ਮਨੁਖ ਨੂੰ ਸੰਪੂਰਨ ਅਜ਼ਾਦੀ ਬਖਸ਼ਣਾ ਸੀ। ਇਥੇ ਇਹ ਵੀ ਵਰਨਣਯੋਗ ਹੈ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕਰ ਕੇ ਕੋਈ ਨਵੀਂ 'ਜੁਗਤਿ' ਨਹੀਂ ਸੀ ਅਪਨਾਈ, ਬਲਕਿ ਇਹ ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੀ 'ਜੁਗਤਿ' ਦੀ ਹੀ ਨਿਰੰਤਰਤਾ ਸੀ।

---

[135] *ਗੁਰ ਭਾਰੀ : ਜੀਵਨੀ ਗੁਰੂ ਹਰਿਗੋਬਿੰਦ,* ਪੰਨਾ 52.

[136] *ਸਿੱਖ ਇਤਿਹਾਸ,* ਪੰਨੇ 41-3.

ਗੁਰੂ ਹਰਿਗੋਬਿੰਦ ਸਾਹਿਬ ਤੋਂ ਪਹਿਲਾਂ, ਪਹਿਲੇ ਪੰਜ ਗੁਰੂ ਸਾਹਿਬਾਨ ਤਕ ਸੰਗਤ-ਪੰਗਤ, ਲੰਗਰ, ਮੰਜੀ ਅਤੇ ਮਸੰਦ ਆਦਿ ਪ੍ਰਮੁਖ ਸੰਸਥਾਵਾਂ ਹੋਂਦ ਵਿਚ ਆ ਗਈਆਂ ਸਨ, ਬਹੁਤ ਸਾਰੇ ਨਗਰ ਵੀ ਵਸਾਏ ਜਾ ਚੁਕੇ ਸਨ, ਗ੍ਰੰਥ ਸਾਹਿਬ ਦੇ ਰੂਪ ਵਿਚ ਸਿੱਖਾਂ ਕੋਲ ਆਪਣਾ ਧਰਮ ਗ੍ਰੰਥ ਵੀ ਮੌਜੂਦ ਸੀ ਅਤੇ ਸ੍ਰੀ ਅੰਮ੍ਰਿਤਸਰ ਪ੍ਰਮੁਖ ਕੇਂਦਰ ਦੇ ਰੂਪ ਵਿਚ ਸਾਹਮਣੇ ਆ ਚੁਕਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਪੰਥ ਦੇ ਪ੍ਰਸਾਰ-ਪ੍ਰਚਾਰ ਵਿਚ ਜਿਨ੍ਹਾਂ ਪ੍ਰਸਥਿਤੀਆਂ ਵਿਚ ਯੋਗਦਾਨ ਪਾਇਆ, ਉਹ ਪਹਿਲੇ ਗੁਰੂ ਸਾਹਿਬਾਨ ਦੇ ਮੁਕਾਬਲੇ ਬਹੁਤ ਬਦਲ ਚੁਕੀਆਂ ਸਨ।

ਗੁਰੂ ਸਾਹਿਬ ਨੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਮੀਰੀ-ਪੀਰੀ ਨੂੰ ਸਮਰਪਿਤ ਸੈਨਿਕ ਸੰਘਰਸ਼ ਕਰਨਾ ਪਿਆ, ਜਿਸ ਲਈ ਸੈਨਿਕਾਂ ਦੀ ਲੋੜ ਵਜੋਂ ਵਡੀ ਮਾਤਰਾ ਵਿਚ ਜਿਥੇ ਸ਼ਸਤਰ-ਅਸਤਰ ਇਕਠੇ ਕੀਤੇ, ਉਥੇ ਨਾਲ ਹੀ ਫੌਜੀ ਵੀ ਭਰਤੀ ਕੀਤੇ ਗਏ।

ਉਕਤ ਦੇ ਪ੍ਰਸੰਗ ਵਿਚ ਵਰਨਣਯੋਗ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਆਗਮਨ ਇਤਿਹਾਸਕਾਰਾਂ ਲਈ ਇਕ ਬੁਝਾਰਤ ਬਣਿਆ ਰਿਹਾ ਹੈ। ਗੁਰੂ-ਸੰਸਥਾ ਦੇ ਦੈਵੀ ਮਿਸ਼ਨ ਤੋਂ ਅਣਜਾਣ ਬਹੁਤ ਸਾਰੇ ਵਿਦਵਾਨਾਂ ਨੂੰ ਗੁਰੂ ਸਾਹਿਬ ਦੁਆਰਾ ਕੀਤੇ ਕਾਰਜ ਗੁਰੂ ਨਾਨਕ ਦੇਵ ਜੀ ਦੇ ਰਾਹ ਤੋਂ ਵਖਰੇ ਨਜ਼ਰ ਆਏ। ਮਿਸਾਲ ਵਜੋਂ, ਗੋਕਲ ਚੰਦ ਨਾਰੰਗ ਨੇ ਇਸ ਵਿਸ਼ੇ ਨੂੰ ਨਿਰੰਤਰਤਾ ਵਿਚ ਸਮਝਣ ਦੀ ਬਜਾਇ 'ਪਰਿਵਰਤਨ' ਵਜੋਂ ਸਮਝਿਆ ਹੈ[137], ਜਿਸ ਦੀ ਨਕਲ ਅਨੇਕ ਵਿਦਵਾਨਾਂ ਨੇ ਬਿਨਾਂ ਸਮਝੇ-ਸੋਚੇ ਕੀਤੀ ਹੈ। ਫਰੈਡਰਿਕ ਪਿਨਕੋਟ (Frederic Pincot) ਇਸ ਨੂੰ ਨਾਨਕ-ਰਾਹ ਵਿਚ ਰੁਕਾਵਟ ਸਮਝਦਾ ਹੈ।[138] ਕਨਿੰਘਮ ਨੂੰ ਇਹ ਗੁਰੂ ਹਰਿਗੋਬਿੰਦ ਜੀ ਦਾ ਨਿਜੀ ਸੁਭਾਅ ਹੀ ਨਜ਼ਰ ਆਇਆ।[139] ਮੈਕਲੋਡ ਨੇ ਇਸ ਨੂੰ ਤਤਕਾਲੀ ਸੰਕਟ ਨਾਲ ਹੀ ਜੋੜਿਆ।[140] ਟਾਇਨਬੀ[141] ਵੀ ਇਸ 'ਰਹਸ' ਨੂੰ ਸਮਝ ਨਹੀਂ ਸਕਿਆ। ਅਨਿਲ ਚੰਦਰ ਬੈਨਰਜੀ ਨੂੰ ਗੁਰੂ ਦੀਆਂ ਸੰਗਤਾਂ ਵਿਚ ਜੁੜੇ ਗਰੀਬ ਤੇ ਸ਼ੂਦਰਾਂ ਵਿਚ ਚੋਰ, ਠਗ, ਡਾਕੂ ਜਾਂ ਧਾੜਵੀ ਹੀ ਨਜ਼ਰ ਆਏ ਤੇ ਅਕਾਲ ਤਖਤ/ਮੀਰੀ-ਪੀਰੀ ਇਨ੍ਹਾਂ ਦੀ ਉਪਜ ਦਸਿਆ।[142]

---

[137] ਇਸ ਤਥ ਦੀ ਪੁਸ਼ਟੀ ਗੋਕਲ ਚੰਦ ਨਾਰੰਗ ਦੀ ਪੁਸਤਕ ਦੇ ਨਾਮ (*ਸਿੱਖ ਮਤ ਦਾ ਪਰਿਵਰਤਨ* ) ਤੋਂ ਹੀ ਹੁੰਦੀ ਹੈ।
[138] *Dictionary of Islam,* p. 592.
[139] *A History of the Sikhs*, p.50.
[140] *The Evolution of the Sikh Community,* p. 12.
[141] *An Historian's Approach to Religion*, p. 113.
[142] *Guru Nanak to Guru Gobind Singh,* p. 112.

ਉਕਤ ਵਿਦਵਾਨਾਂ ਵਲੋਂ ਹੋਈ ਉਕਾਈ ਦੇ ਪ੍ਰਸੰਗ ਵਿਚ ਉਲੇਖਨੀਯ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਸਥਾਪਿਤ ਅਕਾਲ ਤਖਤ ਸਾਹਿਬ ਅਤੇ ਮੀਰੀ-ਪੀਰੀ ਦਾ ਸਿਧਾਂਤ ਗੁਰੂ ਸਾਹਿਬ ਦੀ ਨਿਰੰਤਰਤਾ ਵਿਚ ਦੇਖਣਾ ਜ਼ਰੂਰੀ ਹੈ। ਇਸ ਤਰ੍ਹਾਂ ਨਾ ਕਰਨ ਨਾਲ ਗੁਰੂ-ਸੰਸਥਾ ਦੇ ਦੈਵੀ ਮਿਸ਼ਨ ਨੂੰ ਸਮਝਣਾ ਸੰਭਵ ਨਹੀਂ।

## 4.7 ਸਤਵੀਂ ਨਾਨਕ-ਜੋਤਿ: ਗੁਰੂ ਹਰਿਰਾਇ ਸਾਹਿਬ

ਨਾਨਕ-ਜੋਤਿ ਨੇ ਸਤਵਾਂ ਰੂਪ ਗੁਰੂ ਹਰਿਰਾਇ ਵਜੋਂ ਧਾਰਿਆ। ਦੁਨਿਆਵੀ ਰਿਸ਼ਤੇ ਵਿਚ ਹਰਿ ਰਾਇ ਜੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਸਨ। ਕਵੀ ਕੰਕਣ ਗੁਰੂ ਸਾਹਿਬ ਦੁਆਰਾ ਆਪਣੇ ਪੋਤਰੇ ਨੂੰ ਗੁਰਿਆਈ ਦੇਣ ਬਾਰੇ ਸੰਕੇਤ ਦਿੰਦਾ ਹੈ:

*ਹਰਿਗੋਬਿੰਦ ਗੁਰ ਕਿਰਪਾ ਕਰੀ ਨਾਤੀ ਲੀਓ ਬੁਲਾਇ॥*
*ਤਾ ਕੋ ਗੁਰਿਆਈ ਦਈ ਸ੍ਰੀ ਸਤਿਗੁਰ ਹਰਿਰਾਇ॥*[143]

*ਗੁਰਬਿਲਾਸ ਪਾ: ੬ ਨੇ* ਗੁਰੂ ਹਰਿਰਾਇ ਸਾਹਿਬ ਨੂੰ ਗੁਰਿਆਈ ਮਿਲਣ ਦੀ ਪ੍ਰਕ੍ਰਿਆ ਦਾ ਵਰਨਣ ਇਉਂ ਕੀਤਾ ਹੈ:

*ਪੈਸੇ ਪਾਂਚ ਨਲੇਰ ਧਰਿ ਸ੍ਰੀ ਗੁਰ ਬੰਦਨ ਕੀਨ॥*
*ਗੁਰੂ ਭਾਖ ਹਰਿਰਾਇ ਕੌ ਮਨ ਪੈ ਅਨੰਦ ਲੀਨ॥*
*ਸਾਹਿਬ ਭਾਨੇ ਤਿਲਕੁ ਕਰਾਯੋ। ਗੁਰ ਹਰਿਰਾਇ ਭਾਲਿ ਛਬਿ ਪਾਯੋ॥*
*ਉਮਰ ਬਰਖ ਦਸ ਅਤਿ ਸੁਖਦਾਇ। ਸੋਭਾ ਬਨੀ ਕਹੀ ਨਹਿ ਜਾਇ॥*[144]

ਗੁਰਿਆਈ ਪ੍ਰਾਪਤੀ ਤੋਂ ਬਾਅਦ ਹਰਿਗੋਬਿੰਦ ਸਾਹਿਬ ਤੇ ਗੁਰੂ ਹਰਿਰਾਇ ਸਾਹਿਬ ਵਿਚ ਕੋਈ ਅੰਤਰ ਨਾ ਰਿਹਾ:

*ਜੋ ਦਰਸਨੁ ਕਰਿ ਮੋਰਾ ਚਾਹੈ। ਹਰੀਰਾਇ ਗੁਰ ਦਰਸ ਉਮਾਹੈ॥*
*ਹਰੀਰਾਇ ਮਮ ਭੇਦ ਨ ਕੋਈ। ਜੋ ਇਛਾ ਕਰਿ ਪਾਵੈ ਸੋਈ॥*[145]

---

[143] *ਸੰਛੇਪ ਦਸ ਗੁਰ ਕਥਾ,* ਪੰਨਾ 50.
[144] *ਗੁਰਬਿਲਾਸ ਪਾ: ੬,* ਅਧਿਆਇ/ਬੰਦ/ਪੰਨਾ – ੨੧/੬੧੯/੭੯੪.
[145] *ਉਹੀ,* ੨੧/੬੪੯/੭੯੬.

### 4.7.1 ਲੰਗਰ ਪ੍ਰਬੰਧ

ਗੁਰੂ ਹਰਿਰਾਇ ਜੀ ਨੇ ਆਪਣੀ ਪਹਿਲੀ ਜੋਤਿ (ਗੁਰੂ ਨਾਨਕ) ਰੂਪ ਵਿਚ ਅਰੰਭੇ ਕਾਰਜਾਂ ਨੂੰ ਸਫਲਤਾਪੂਰਵਕ ਜਾਰੀ ਰਖਿਆ। ਗੁਰੂ ਸਾਹਿਬ ਨੇ ਲੰਗਰ-ਸੰਸਥਾ ਨੂੰ ਹੋਰ ਪਕਿਆਈ ਬਖਸ਼ੀ। ਇਸ ਪ੍ਰਥਾਇ *ਮਹਿਮਾ ਪ੍ਰਕਾਸ਼* ਦਾ ਕਰਤਾ ਭਾਈ ਫੇਰੂ ਦੀ ਸਾਖੀ ਰਾਹੀਂ ਦ੍ਰਿੜ ਕਰਵਾਉਂਦਾ ਹੈ ਕਿ ਲੰਗਰ ਲੋੜਵੰਦਾਂ/ਭੁਖਿਆ ਲਈ ਹੈ, ਇਸ ਵਿਚ ਸੇਵਾ ਕਰਨ ਵਾਲੇ ਦੀ ਸਮ-ਦ੍ਰਿਸ਼ਟੀ ਹੋਣੀ ਚਾਹੀਦੀ ਹੈ। ਲਾਂਗਰੀ ਨੂੰ ਗਰੀਬ/ਅਮੀਰ ਦੇ ਵਿਤਕਰੇ ਤੋਂ ਬਿਨਾਂ, ਪ੍ਰਸ਼ਾਦ ਛਕਣ ਆਏ ਕਿਸੇ ਵੀ ਵਿਅਕਤੀ ਨਾਲ ਦੁਰ-ਵਿਹਾਰ ਨਹੀਂ ਕਰਨਾ ਚਾਹੀਦਾ।[146] ਗੁਰੂ ਹਰਿਰਾਇ ਸਾਹਿਬ ਨੇ ਉਪਦੇਸ਼ ਦਿਤਾ ਕਿ ਲੰਗਰ ਵਿਚ ਕੀਤੀ ਸੇਵਾ ਤਾਂ ਹੀ ਸਫਲੀ ਹੈ, ਜੇਕਰ ਸਮਾਪਤੀ ਉਪਰੰਤ ਵੀ ਆਏ ਅਥਿਤੀ ਨੂੰ ਲੰਗਰ ਛਕਾਇਆ ਜਾਵੇ:

*ਚੂਕੇ ਸਮੇਂ ਅਥਿਤੁ ਜੋ ਆਵੈ। ਕਰ ਭਾਉ ਭਗਤ ਤਿਸੁ ਤ੍ਰਿਪਤਿ ਭੁਗਾਵੈ॥*
*ਵਹੀ ਸੇਵ ਮੇਰੇ ਪ੍ਰਮਾਨ। ਤਬ ਮੈ ਤ੍ਰਿਪਤਾਵੋ ਸਿਖ ਸੁਜਾਨ॥*[147]

### 4.7.2 ਫੁਟਕਲ

ਗੁਰੂ ਸਾਹਿਬ ਦੇ ਸਮੇਂ ਸੰਗਤ ਦਾ ਵਿਸਤਾਰ ਵਿਦੇਸ਼ਾਂ ਤਕ ਹੋ ਗਿਆ ਸੀ। *ਮਹਿਮਾ ਪ੍ਰਕਾਸ਼* ਦੇ ਸੰਕੇਤ ਅਨੁਸਾਰ ਗੁਰੂ ਸਾਹਿਬ ਸਮੇਂ ਕਾਬਲ ਵਿਚ ਧਰਮਸਾਲ ਬਣ ਗਈ, ਜਿਥੇ ਸਿੱਖ-ਸੰਗਤ ਜੁੜਣ ਲਗੀ:

*...ਤਿਨ ਧਰਮਸਾਲ ਕਾਬਲ ਮੋ ਕੀਨੀ। ਤਾ ਕੋ ਸਿਖ-ਸੰਗਤ ਆਧੀਨੀ।*[148]

ਗੁਰੂ ਸਾਹਿਬ ਨੇ ਆਪਣੇ ਸਮੇਂ ਦਸਵੰਧ ਦੀ ਮਾਇਆ ਦਾ ਲੰਗਰ ਅਥਵਾ ਗੁਰੂ-ਘਰ ਲਈ ਕੀਤੇ ਜਾਂਦੇ ਹੋਰ ਅਨੇਕ ਪ੍ਰਬੰਧਾਂ ਤੋਂ ਇਲਾਵਾ ਸਮਾਜ-ਭਲਾਈ ਹਿਤ ਉਪਯੋਗ ਕੀਤਾ। ਮਿਸਾਲ ਵਜੋਂ, ਸੰਨ 1639 ਈ. ਨੂੰ ਪੰਜਾਬ ਵਿਚ ਕਾਲ ਪੈਣ ਕਾਰਨ ਦਸਵੰਧ ਦੀ ਵਰਤੋਂ ਕਾਲ-ਪੀੜਤਾਂ ਲਈ ਕੀਤੀ ਗਈ।[149]

---

146 *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ-2), ਸਾਖੀ/ਬੰਦ/ਪੰਨੇ ੧੧/੧੨-੨੧/੫੩੮-੯.
147 *ਉਹੀ,* ੧੧/੧੫/੫੫੧.
148 *ਉਹੀ,* ੧੨/੫/੫੫੨.
149 ਸਾਹਿਬ ਸਿੰਘ, *ਗੁਰ-ਇਤਿਹਾਸ (ਪਾਤਸ਼ਾਹੀ ੨ ਤੋਂ ੯),* ਪੰਨਾ ੨੬੪.

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਗੁਰਿਆਈ ਕਾਲ ਦੌਰਾਨ ਭਾਵੇਂ ਸਮੇਂ ਦੀ ਲੋੜ ਅਨੁਸਾਰ ਸ਼ਸਤਰ ਚੁਕੇ, ਪਰੰਤੂ ਸਤਵੇਂ ਜਾਮੇ ਵਿਚ ਆਪ ਨੇ ਫਿਰ ਸ਼ਾਂਤੀ ਦਾ ਪੈਗਾਮ ਲੋਕਾਈ ਨੂੰ ਦਿਤਾ। ਸ਼ਾਂਤ ਰਸ ਵਿਚ ਵੀ ਗੁਰੂ ਹਰਿਰਾਇ ਸਾਹਿਬ ਨੇ 2200 ਘੋੜ ਸਵਾਰ ਰਖੇ ਸਨ।[150] ਸ਼ਕਤੀ ਦੇ ਨਾਲ-ਨਾਲ ਭਗਤੀ ਦਾ ਮਾਰਗ ਦਸਦੇ ਹੋਏ ਗੁਰੂ ਸਾਹਿਬ ਨੇ ਸਿੱਖਾਂ ਨੂੰ 'ਮਾਲਾ' ਫੜਾ ਦਿਤੀ:

*ਸਤੋਗੁਣੀ ਸਬ ਰੀਤਿ ਗਹਾਈ। ਸੰਗਤ ਕੋ ਮਾਲਾ ਪਕਰਾਈ॥*
*ਤਜੇ ਬਖੇੜੇ ਝੇੜੇ ਸਾਰੇ। ਜੇ ਕਬਹੂੰ ਚਲ ਜਾਤ ਸ਼ਿਕਾਰੇ॥*
*ਨਾਹਿ ਜਾਨਵਰ ਮਾਰੈ ਕੋਊ। ਫੜ ਲਿਆਇ ਰਖ ਛਾਡੈ ਸੋਊ॥*[151]

ਗਿ. ਗਿਆਨ ਸਿੰਘ ਦੇ ਉਕਤ ਹਵਾਲੇ ਤੋਂ ਬੜੀ ਮਹਤਵਪੂਰਨ ਗਲ ਸਪਸ਼ਟ ਹੁੰਦੀ ਹੈ ਕਿ ਗੁਰੂ ਸਾਹਿਬ ਨੇ ਸੰਪੂਰਨ ਅਹਿੰਸਾ ਦਾ ਪ੍ਰਮਾਣ ਦਿੰਦੇ ਹੋਏ ਸ਼ਿਕਾਰ ਤਕ ਵੀ ਨਾ ਖੇਡਿਆ। ਜੇਕਰ ਸਿੱਖ ਕਿਸੇ ਜਾਨਵਰ ਨੂੰ ਫੜ ਵੀ ਲਿਆਉਂਦੇ ਤਾਂ ਗੁਰੂ ਸਾਹਿਬ ਉਸ ਨੂੰ ਅਜ਼ਾਦ ਕਰ ਦਿੰਦੇ। ਅਜਿਹੇ ਚੋਜ ਕੇਵਲ ਗੁਰੂ-ਸੰਸਥਾ ਦਾ ਹੀ ਸ਼ਿੰਗਾਰ ਹੋ ਸਕਦੇ ਹਨ।

ਗੁਰੂ ਹਰਿਰਾਇ ਸਾਹਿਬ ਨੇ ਗਰੀਬ-ਗੁਰਬੇ ਦੀ ਮਦਦ ਲਈ ਜਿਥੇ ਲੰਗਰ ਆਦਿ ਦਾ ਪ੍ਰਬੰਧ ਕੀਤਾ, ਉਥੇ ਉਨ੍ਹਾਂ ਨੇ ਗਰੀਬਾਂ/ਬੀਮਾਰਾਂ ਲਈ ਇਕ 'ਦਵਾਖਾਨਾ' ਵੀ ਸ਼ੁਰੂ ਕੀਤਾ। ਸਮਕਾਲੀ ਹੁਕਮਰਾਨ ਦਾਰਾ ਸ਼ਿਕੋਹ ਵੀ ਇਕ ਸਮੇਂ ਬਿਮਾਰੀ ਦੀ ਹਾਲਤ ਵਿਚ, ਵੈਦਾਂ ਦੁਆਰਾ ਦਸੀ ਜੜ੍ਹੀ-ਬੂਟੀ (ਜਿਹੜੀ ਕਿਸੇ ਪਾਸੋਂ ਨਾ ਪ੍ਰਾਪਤ ਹੋਈ) ਗੁਰੂ ਸਾਹਿਬ ਵਲੋਂ ਚਲਾਏ ਇਸ ਦਵਾਖਾਨੇ ਤੋਂ ਪ੍ਰਾਪਤ ਕਰ ਕੇ ਰਾਜੀ ਹੋਇਆ:

*...ਜਤਨ ਅਨੇਕ ਹਕੀਮਨ ਕੀਏ। ਕਾਹੂੰ ਬਿਧ ਅਰਾਮ ਨਾ ਥੀਏ॥...*
*ਕਾਹੂ ਸ਼ਾਹਿ ਪਾਸ ਕਹਿ ਦੀਨੋ। ਗੁਰ ਹਰਿ ਰਾਇ ਪਾਸਿ ਹੈ ਤੀਨੋ॥*
*ਸ਼ਾਹਿ ਮਾਤਬਰ ਤਬੈ ਪਠਾਏ। ਬਿਨਤੀ ਕਰ ਸੋ ਗੁਰ ਤੈ ਲਿਆਏ॥*
*ਜਿਨ ਤੈ ਸ਼ਾਹਜਾਦੇ ਕਾ ਰੋਗ। ਦੂਰ ਭਇਓ ਅਤਿ ਥਿਓ ਨਿਰੋਗ॥*[152]

---

150 *ਸਿੱਖ ਇਤਿਹਾਸ,* ਪੰਨਾ 47.
151 ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 149.
152 *ਉਹੀ,* ਪੰਨਾ 150.

'ਗ੍ਰੰਥ' ਸਾਹਿਬ ਦਾ ਸਤਿਕਾਰ ਕਰਨ ਦੇ ਪ੍ਰਸੰਗ ਵਿਚ ਗੁਰੂ ਹਰਿਰਾਇ ਸਾਹਿਬ ਦੀ ਦੇਣ ਅਦੁਤੀ ਹੈ। 'ਗੁਰਬਾਣੀ' ਮੁਕਤਿ-ਭੁਗਤਿ ਦੀ ਦਾਤੀ ਹੈ:

*ਜੋ ਬਾਨੀ ਗੁਰ ਬਚਨ ਕਮਾਵੈ। ਸੋ ਜਨ ਮੁਕਤ ਭੁਗਤ ਸੁਖ ਪਾਵੈ।*[153]

ਗੁਰੂ ਹਰਿਰਾਇ ਜੀ ਗੁਰਬਾਣੀ ਨੂੰ ਆਪਣਾ ਰੂਪ ਦਸਦੇ ਹੋਏ ਬਾਣੀ ਦਾ ਅਦਬ-ਸਤਿਕਾਰ ਕਰਨ ਲਈ ਸਿੱਖਾਂ ਨੂੰ ਪ੍ਰੇਰਦੇ ਹਨ। ਗੁਰੂ ਸਾਹਿਬ ਸਖਤੀ ਨਾਲ ਕਹਿੰਦੇ ਹਨ ਕਿ ਜਿਹੜੇ ਸਿੱਖ ਦੇ ਦਿਲ ਅੰਦਰ ਗੁਰਬਾਣੀ ਪ੍ਰਤੀ ਅਦਬ ਨਹੀਂ, ਉਹ ਸਾਡਾ ਸਿੱਖ ਹੀ ਨਹੀਂ:

*...ਯਹ ਅਨ ਭੈ ਵਾਕ ਬਾਨੀ ਮਮ ਰੂਪ। ਯਾ ਕੀ ਮਹਿਮਾ ਅਮਿਤ ਅਨੂਪ॥...*
*ਜੋ ਮਮ ਸਿਖ ਬਾਨੀ ਭੈ ਕਰੇ। ਬਿਨ ਪਿਆਸ ਭਵ ਸਾਗਰ ਤਰੇ॥...*
*ਜਿਸ ਭੈ ਅਦਬ ਬਾਨੀ ਨਹੀ ਸੋ ਸਿਖ ਹਮਰਾ ਨਾਹਿ॥*[154]

ਗੁਰੂ ਸਾਹਿਬ ਦਾ ਗੁਰਬਾਣੀ ਪ੍ਰਤੀ ਅਥਾਹ ਪ੍ਰੇਮ ਤੇ ਸ਼ਰਧਾ ਦਾ ਪ੍ਰਗਟਾਵਾ ਇਸ ਤਥ ਤੋਂ ਵੀ ਹੁੰਦਾ ਹੈ ਕਿ ਜਦੋਂ ਰਾਮਰਾਏ ਨੇ ਔਰੰਗਜ਼ੇਬ ਨੂੰ ਖੁਸ਼ ਕਰਨ ਲਈ 'ਬਾਣੀ' ਵਿਚਲਾ ਸ਼ਬਦ ਬਦਲ ਦਿਤਾ ਤਾਂ ਗੁਰੂ ਸਾਹਿਬ ਨੇ ਉਸ ਨੂੰ ਰੋਸ ਵਜੋਂ ਮਥੇ ਨਾ ਲਾਉਣ ਦਾ ਹੁਕਮ ਕਰ ਦਿਤਾ।[155]

## 4.8 ਅਠਵੀਂ ਨਾਨਕ-ਜੋਤਿ: ਗੁਰੂ ਹਰਿ ਕ੍ਰਿਸ਼ਨ ਸਾਹਿਬ

ਅਠਵੇਂ ਰੂਪ ਵਿਚ ਨਾਨਕ-ਜੋਤਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਰੂਪ ਵਿਚ ਪ੍ਰਗਟ ਹੋਈ:

*ਧਾਰਿ ਕੈ ਰੂਪ ਗੁਰੂ ਹਰਿ ਕ੍ਰਿਸਨ ਦਾ ਨਾਨਕ ਆਪਨੀ ਜੋਤਿ ਜਗਾਈ।*[156]

ਗੁਰੂ ਸਾਹਿਬ ਨੂੰ ਗੁਰਿਆਈ-ਪ੍ਰਾਪਤੀ ਦਾ ਦ੍ਰਿਸ਼ *ਮਹਿਮਾ ਪ੍ਰਕਾਸ਼* ਨੇ ਇਉਂ ਵਰਨਣ ਕੀਤਾ ਹੈ:

*...ਬਾਲਮੁਕੰਦ ਧਰਿਓ ਹਰਿ ਰੂਪ। ਹੋਇ ਦਿਆਲ ਗੁਰ ਗੋਦ ਬੈਠਾਇ॥*
*ਮਾਥਾ ਚੂੰਮ ਲੇ ਅੰਕ ਲਗਾਏ। ਨਿਜ ਕਰ ਤਿਲਕ ਮਸਤਕ ਪ੍ਰਭ ਕੀਨਾ॥*
*ਜਗ ਗੁਰਿਆਈ ਛਤ੍ਰ ਸਿਰ ਦੀਨਾ। ਜਗਮਗ ਜੋਤ ਘਟ ਬ੍ਰਹਮ ਨਿਵਾਸ॥*
*ਜਿਉ ਦੀਪਕ ਸੌ ਦੀਪ ਪ੍ਰਕਾਸ॥...*[157]

---

[153] *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ-2), ਸਾਖੀ/ਬੰਦ/ਪੰਨਾ - ੧੩/੧੦/੫੫੭.
[154] *ਉਹੀ*, ੧੩/੭-੧੧/੫੯੨.
[155] *ਸਿੱਖ ਇਤਿਹਾਸ*, ਪੰਨੇ 47-8.
[156] *ਸੰਛੇਪ ਦਸ ਗੁਰ ਕਥਾ*, ਬੰਦ/ਪੰਨਾ - 52.
[157] *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ-2), ਸਾਖੀ/ਬੰਦ/ਪੰਨਾ - ੨੧/੭-੯/੫੯੮.

ਅਠਵੀਂ ਨਾਨਕ-ਜੋਤਿ ਨੇ ਲੋਕ-ਮਾਨਸਿਕਤਾ ਉਤੇ ਐਨਾ ਡੂੰਘਾ ਪ੍ਰਭਾਵ ਪਾਇਆ ਕਿ ਸਿੱਖ ਪਰੰਪਰਾ ਵਿਚ ਰਵਾਇਤ ਪ੍ਰਚਲਤ ਹੈ ਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਦਰਸ਼ਨ ਕਰਨ ਮਾਤਰ ਸਾਰੇ ਦੁਖ ਕਟੇ ਜਾਂਦੇ ਹਨ :

*...ਸ੍ਰੀ ਹਰਿ ਕ੍ਰਿਸਨਿ ਧਿਆਇਐ ਜਿਸੁ ਡਿਠੈ ਸਭੁ ਦੁਖੁ ਜਾਇ।*[158]

### 4.8.1 ਗੁਰਿਆਈ ਭੇਦ

ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ 'ਗੁਰਿਆਈ' ਸਹੀ ਰੂਪ ਵਿਚ ਗੁਰੂ-ਸੰਸਥਾ ਦੇ ਸਰੂਪ ਦੀ ਵਿਆਖਿਆ ਕਰਦੀ ਹੈ। ਅਠਵੇਂ ਜਾਮੇਂ ਰਾਹੀਂ ਗੁਰੂ ਸਾਹਿਬ ਨੇ ਦ੍ਰਿੜ ਕਰਵਾਇਆ ਕਿ ਗੁਰਿਆਈ ਦਾ ਦੁਨਿਆਵੀ ਉਮਰ ਨਾਲ ਕੋਈ ਸੰਬੰਧ ਨਹੀਂ। ਜਿਕਰਯੋਗ ਹੈ ਕਿ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਕੇਵਲ ਪੰਜ ਸਾਲ ਦੀ ਆਯੂ ਵਿਚ ਗੁਰਿਆਈ ਦਾ ਤਿਲਕ ਲਗਾਇਆ ਗਿਆ:

*ਹਰਿ ਕ੍ਰਿਸ਼ਨ ਨੂੰ ਗੁਰਿਆਈ ਦਾ ਦੀਜੈ ਟਿਕਾ॥*
*ਪੁਤ ਹੈ ਸਵਾਣੀ ਦਾ ਬਰਸ ਪੰਜਾਂ ਦਾ ਏਹ ਇਕਾ॥* [159]

ਇਕ ਪਾਸੇ ਬਚਪਨ ਵਿਚ ਗੁਰਿਆਈ ਬਾਲ ਹਰਿ ਕ੍ਰਿਸ਼ਨ ਜੀ ਨੂੰ ਦਿਤੀ ਜਾ ਰਹੀ ਹੈ, ਦੂਜੇ ਪਾਸੇ ਗੁਰੂ ਅਮਰਦਾਸ ਜੀ ਨੂੰ 72 ਸਾਲ ਦੀ ਬਜ਼ੁਰਗ ਅਵਸਥਾ ਵਿਚ ਗੁਰਿਆਈ ਪ੍ਰਾਪਤ ਹੁੰਦੀ ਹੈ। ਇਸ ਤਥ ਤੋਂ ਭਲੀ-ਭਾਂਤ ਸਪਸ਼ਟ ਹੁੰਦਾ ਹੈ ਕਿ ਗੁਰੂ-ਸੰਸਥਾ ਦਾ ਦੁਨਿਆਵੀ ਉਮਰ ਨਾਲ ਕੋਈ ਸੰਬੰਧ ਨਹੀਂ। ਇਹ ਤਾਂ ਨਿਰੋਲ ਅਧਿਆਤਮਕ ਖੇਡ ਹੈ, ਜਿਸ ਅਧੀਨ 'ਅਨੁਭਵ' ਬਚਪਨ ਵਿਚ ਵੀ ਹੋ ਸਕਦਾ ਹੈ ਤੇ ਬਜ਼ੁਰਗੀ ਵਿਚ ਵੀ।

ਭਾਈ ਗੁਰਦਾਸ ਸਿੰਘ ਨੇ ਅਠਵੇਂ ਪਾਤਿਸ਼ਾਹ ਦੇ ਸੰਬੰਧ ਵਿਚ 'ਬਲਬੀਰਾ' ਸ਼ਬਦ ਵਰਤਿਆ ਹੈ, ਜਿਹੜਾ ਕਿ 'ਬਲੀ' ਦਾ ਸੂਚਕ ਹੈ। ਬਲੀ ਇਕ ਸਧਾਰਨ ਬਾਲ ਨਹੀਂ ਹੋ ਸਕਦਾ:

*...ਹਰਿਕਿਸਨ ਭਯੋ ਅਸਟਮ ਬਲ ਬੀਰਾ॥*
*ਜਿਨ ਪਹੁੰਚਿ ਦੇਹਲੀ ਤਜਿਓ ਸਰੀਰਾ॥*
*ਬਾਲ ਰੂਪ ਧਰਿ ਸ੍ਵਾਂਗ ਰਚਾਇਓ॥...*[160]

---

[158] *ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ 154.
[159] *ਬੰਸਾਵਲੀਨਾਮਾ,* ਚਰਨ/ਬੰਦ/ਪੰਨਾ - ੮/੧੨/੬0.
[160] *ਵਾਰ ਭਾਈ ਗੁਰਦਾਸ ਦੂਜਾ,* ਵਾਰ/ਪਉੜੀ - ੪੧/੨੨.

ਬੇਸ਼ਕ ਗੁਰੂ ਸਾਹਿਬ ਨੇ 'ਗੁਰਿਆਈ' ਵਿਚ ਆਪਣਾ ਸਰੀਰ ਕੇਵਲ ਤਿੰਨ ਸਾਲ ਹੀ ਰਖਿਆ, ਪਰੰਤੂ ਫਿਰ ਵੀ ਗੁਰੂ ਨਾਨਕ ਦੀ 'ਜੋਤਿ-ਜੁਗਤਿ' ਵਿਚ ਕਿਸੇ ਪ੍ਰਕਾਰ ਦੀ ਖੜੋਤ ਨਹੀਂ ਆਈ। ਉਨ੍ਹਾਂ ਨੇ ਬਾਲ ਅਵਸਥਾ ਬਾਰੇ ਸ਼ੰਕਾਵਾਦੀਆਂ ਦੇ ਸ਼ੰਕੇ ਦੂਰ ਕਰਨ ਲਈ ਅਨੇਕ ਕੌਤਕ[161] ਵਰਤਾ ਕੇ ਗੁਰੂ-ਘਰ ਦੀਆਂ ਸਾਰੀਆਂ ਰੀਤਾਂ ਕੁਸ਼ਲਤਾ-ਪੂਰਵਕ ਨਿਭਾਈਆਂ:

*ਜੇਤਕ ਬੀ ਗੁਰੁ ਘਰ ਕੀ ਰੀਤੀ। ਅਸ਼ਟਮ ਗੁਰੂ ਸਬ ਗਹੀ ਬਿਨੀਤੀ॥*
*ਜਦਜਪਿ ਹੁਤੇ ਬਾਲ ਬਧ ਸੋਈ। ਤਦਜਧਿ ਬੁਧਿ ਬ੍ਰਿਧਨ ਸਮ ਹੋਈ॥*[162]

ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਸਤਵੇਂ ਰੂਪ ਵਿਚ ਖੋਲ੍ਹੇ ਦਵਾ-ਖਾਨੇ ਦੀ ਤਰਜੀਹ ਉਤੇ ਦਿੱਲੀ ਵਿਖੇ ਹੈਜ਼ਾ ਫੈਲਣ ਕਾਰਨ ਲੋਕਾਂ ਦੀ ਦੁਰ-ਦਸ਼ਾ ਹੁੰਦੀ ਵੇਖ ਐਲਾਨ ਕੀਤਾ ਕਿ ਜਿਹੜਾ ਵੀ ਕੋਈ ਉਨ੍ਹਾਂ ਦਾ 'ਚਰਨਾਮ੍ਰਿਤ' ਪੀਵੇਗਾ, ਤੁਰੰਤ ਰਾਜ਼ੀ ਹੋ ਜਾਵੇਗਾ। ਇਹ ਸੁਣ ਕੇ ਦਿੱਲੀ ਦੀ ਸੰਗਤ ਨੇ ਗੁਰੂ ਦੀਆਂ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ:

*...ਦਿੱਲੀ ਮੈ ਤਬ ਹੈਜਾ ਭਾਰੀ। ਹੁਤੋਂ ਪਰਿਓ ਜਨ ਮਰਤ ਅਪਾਰੀ॥*
*ਗੁਰ ਪੈ ਸੰਗਤ ਅਰਜ ਅਲਾਈ। ਸਿਸ ਲੀਲਾ ਮੈ ਗੁਰੂ ਸੁਨਾਈ॥*
*ਜੋ ਚਰਨਾਮ੍ਰਿਤ ਹਮਰਾ ਪੀਵੈ। ਸੋ ਜਨ ਤੁਰਤ ਰੋਗ ਬਿਨ ਥੀਵੈ॥*[163]

ਗੁਰੂ ਸਾਹਿਬ ਦੀ ਵਡਿਆਈ ਸੁਣ ਕੇ ਔਰੰਗਜ਼ੇਬ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਇਆ ਤਾਂ ਗੁਰੂ ਜੀ ਨੇ ਸਾਫ ਇਨਕਾਰ ਕਰ ਦਿਤਾ ਕਿ 'ਹਮ ਨਾ ਮਲੇਛ ਕੋ ਦਰਸ਼ਨ ਦੇ ਹੈ'। ਗੁਰੂ ਸਾਹਿਬ ਦੀ ਅਜਿਹੀ ਦ੍ਰਿੜਤਾ ਤੇ ਨਿਡਰਤਾ ਵੀ ਦਰਸਾਉਂਦੀ ਹੈ ਕਿ ਪਹਿਲੇ ਜਾਮੇ ਵਿਚ ਹੁਕਮਰਾਨ ਧਿਰ ਨੂੰ ਵੰਗਾਰ ਪਾਉਣੀ 'ਨਾਨਕ-ਜੁਗਤਿ' ਦੀ ਨਿਰੰਤਰਤਾ ਦਾ ਇਕ ਹਿਸਾ ਬਣਿਆ ਰਿਹਾ ਸੀ।

## 4.9 ਨੌਵੀਂ ਨਾਨਕ-ਜੋਤਿ: ਗੁਰੂ ਤੇਗ ਬਹਾਦਰ ਸਾਹਿਬ ਜੀ

ਨਾਨਕ-ਜੋਤਿ ਨੇ ਨੌਵੇਂ ਜਾਮੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਰੂਪ ਵਿਚ 'ਪ੍ਰਕਾਸ਼' ਲਿਆ:

---

[161] ਮਿਸਾਲ ਵਜੋਂ, ਛਜੂ ਝਿਊਰ ਤੋਂ ਗੀਤਾ ਦੇ ਅਰਥ ਕਰਵਾਉਣੇ, ਵੇਖੋ : ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 154 ; ਰਾਜਾ ਜੈ ਸਿੰਘ ਦੇ ਦਰਬਾਰ ਵਿਚ ਰਾਣੀ ਦੀ ਪਛਾਣ ਕਰਨੀ ਆਦਿ। ਵੇਖੋ: *ਮਹਿਮਾ ਪ੍ਰਕਾਸ਼,* (ਭਾਗ ਦੂਜਾ, ਖੰਡ-2), ਸਾਖੀ/ਬੰਦ/ਪੰਨੇ - ੨/੨੧-੩੫/੬੦੮-੯.

[162] ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 152.

[163] *ਉਹੀ,* ਪੰਨੇ 154-5.

*ਤੇਗ ਬਹਾਦਰੁ ਹੈ ਵਹੀ ਜਾਨ ਲੇਹੁ ਮਨ ਮਾਹਿ॥*

*ਗੁਰੂ ਨਾਨਕ ਅਰੁ ਯਾਹਿ ਮੈ ਭੇਦ ਦੂਸਰੋ ਨਾਹਿ॥*[164]

### 4.9.1 ਗੁਰੂ-ਪਛਾਣ

ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਗੁਰਿਆਈ ਆਪਣੇ ਹਥੀਂ ਨਹੀਂ ਦਿਤੀ, ਕੇਵਲ 'ਬਾਬਾ ਬਕਾਲੇ' ਦਾ ਸੰਕੇਤ ਦੇ ਕੇ ਉਹ ਜੋਤੀ-ਜੋਤਿ ਸਮਾ ਗਏ। ਇਸ ਤਥ ਦੀ ਪੁਸ਼ਟੀ ਸਮੁਚਾ ਸਿੱਖ ਸਾਹਿਤ ਕਰਦਾ ਹੈ।[165] ਗੁਰੂ-ਸੰਸਥਾ ਦੇ ਪ੍ਰਸੰਗ ਵਿਚ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਇਹ ਚੋਜ 'ਜੁਗਤਿ' ਦਾ ਹੀ ਅੰਗ ਸੀ, ਜਿਸ ਰਾਹੀਂ ਗੁਰੂ ਸਾਹਿਬ ਨੇ ਸੰਗਤ ਨੂੰ ਸਚੇ 'ਗੁਰੂ' ਦੀ ਪਛਾਣ ਕਰਨ ਦੇ ਯੋਗ ਬਣਾਉਣਾ ਸੀ। ਇਸ ਗੁਰੂ-ਜੁਗਤਿ ਨੂੰ ਸਮਝਣਾ ਕੁਝ ਕਠਿਨ ਜਰੂਰ ਜਾਪਦਾ ਹੈ, ਪਰ ਗੁਰੂ ਸਾਹਿਬ ਸ਼ਾਇਦ ਇਸ ਕਾਰਜ ਰਾਹੀਂ ਸੰਗਤ ਨੂੰ ਭਵਿਖ ਵਿਚ ਆਉਣ ਵਾਲੀ ਸਮਸਿਆ ਤੋਂ ਜਾਣੂੰ ਕਰਵਾਉਣਾ ਚਾਹੁੰਦੇ ਸਨ।[166]

ਗੁਰੂ ਸਾਹਿਬ ਦੇ ਉਕਤ ਦਰਸਾਏ ਇਸ਼ਾਰੇ (ਬਾਬਾ ਬਕਾਲੇ), ਦਾ ਫਾਇਦਾ ਉਠਾਉਂਦੇ ਹੋਏ ਧੀਰਮਲ ਸਣੇ, ਆਪੋ-ਧਾਪੀ ਬਣੇ ਬਾਈ ਗੁਰੂ, ਮੰਜੀਆਂ ਲਗਾ ਕੇ ਬੈਠ ਗਏ। ਸਿੱਖ ਸੰਗਤ ਨੂੰ ਅਸਲੀ ਗੁਰੂ ਦੀ ਪਛਾਣ ਕਰਨੀ ਮੁਸ਼ਕਿਲ ਹੋ ਗਈ। ਸਿਟੇ ਵਜੋਂ ਗੁਰੂ ਸਾਹਿਬ ਨੇ ਆਪਣੀ ਮੌਜ ਅਨੁਸਾਰ ਭਾਈ ਮਖਣ ਸ਼ਾਹ ਰਾਹੀਂ ਆਪਣੇ-ਆਪ ਨੂੰ 'ਪ੍ਰਗਟ' ਕੀਤਾ। *ਮਹਿਮਾ ਪ੍ਰਕਾਸ਼* ਦੀ ਗਵਾਹੀ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਨੂੰ ਭਾਈ ਦੁਆਰਕਾ ਦਾਸ ਨੇ ਗੁਰਿਆਈ ਦਾ ਤਿਲਕ ਦਿਤਾ:

*ਬਚਨ ਬ੍ਰਿਤੰਤ ਸਭ ਕਹਾ ਸੁਨਾਏ। ਕਰ ਬਿਨੇ ਸਿੰਘਾਸਨ ਪਰ ਬੈਠਾਏ॥*

*ਕੁੰਕਮ ਤਿਲਕ ਮਸਤਕ ਗੁਰ ਦੀਨਾ। ਨਲਏਰ ਭੇਟ ਧਰ ਪੂਜਾ ਕੀਨਾ॥...*[167]

### 4.9.2 ਸ਼ਹਾਦਤ

ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੀ ਪੰਜਵੀਂ ਜੋਤਿ (ਗੁਰੂ ਅਰਜਨ ਦੇਵ ਜੀ) ਦੌਰਾਨ ਲੋਕਾਂ ਨੂੰ ਗਹਿਫਲਤਾਈ ਦੀ ਨੀਂਦ ਤੋਂ ਜਗਾਉਣ ਲਈ ਸ਼ਹਾਦਤ ਦੇ ਕੇ ਜਿਹੜਾ ਰਾਹ ਦਿਖਾਇਆ, ਨੌਵੇਂ ਜਾਮੇਂ ਵਿਚ ਫਿਰ ਉਸ ਨੂੰ ਦੁਹਰਾਇਆ।

---

[164] *ਸੰਛੇਪ ਦਸ ਗੁਰ ਕਥਾ,* ਬੰਦ/ਪੰਨਾ - ੧੭੧/੫੪.

[165] ਮਿਸਾਲ ਵਜੋਂ, *ਬੰਸਾਵਲੀਨਾਮਾ,* ਚਰਣ/ਬੰਦ/ਪੰਨਾ - ੮/੩੫-੬/੬੪.

[166] ਮਿਸਾਲ ਵਜੋਂ, ਅਜੋਕੇ ਸਮੇਂ ਵਿਚ ਜਿਵੇਂ ਲੋਕ 'ਦੇਹਧਾਰੀਆਂ' ਕੋਲ ਜਾਂਦੇ ਹਨ।

[167] *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ-2), ਸਾਖੀ/ਬੰਦ/ਪੰਨਾ - ੯/੨੭/੬੨੭.

ਗੁਰੂ ਤੇਗ ਬਹਾਦਰ ਸਾਹਿਬ ਨੇ ਗੁਰੂ-ਸੰਸਥਾ ਦੇ ਦੈਵੀ ਮਿਸ਼ਨ ਨੂੰ ਅੰਤਿਮ ਪੜਾਅ ਵਲ ਵਧਾਉਂਦੇ ਹੋਏ 'ਗੁਰੂ-ਜੁਗਤਿ' ਅਧੀਨ ਆਪਣੀ ਸ਼ਹਾਦਤ ਦੇਣ ਦਾ ਫੈਸਲਾ ਲਿਆ। ਸਥੂਲ ਰੂਪ ਵਿਚ ਭਾਵੇਂ ਇਸ ਦਾ ਕਾਰਨ ਹਿੰਦੂਆਂ ਦੀ ਔਰੰਗਜ਼ੇਬ ਦੁਆਰਾ ਹੋ ਰਹੀ ਬੇ-ਪਤੀ ਬਣਿਆ, ਪਰੰਤੂ ਸੂਖਮ ਰੂਪ ਵਿਚ ਇਹ ਪੂਰਵ-ਨਿਸ਼ਚਿਤ ਸੀ। ਗੁਰੂ ਸਾਹਿਬ ਦੀ ਸ਼ਹਾਦਤ ਨੇ ਹੀ ਸਿੱਖ ਪੰਥ ਦੀ ਨਿਵੇਕਲੀ ਹੋਂਦ ਤੇ ਹਸਤੀ ਸਥਾਪਿਤ ਕਰਨੀ ਸੀ।

ਗੁਰੂ ਸਾਹਿਬ ਜਦੋਂ ਅਨੰਦਪੁਰ ਸਾਹਿਬ ਤੋਂ ਸ਼ਹਾਦਤ ਦੇਣ ਲਈ ਚਲੇ ਤਾਂ ਰਸਤੇ ਵਿਚ ਉਹ ਧਰਮ-ਪ੍ਰਚਾਰ ਦਾ ਕਾਰਜ ਕਰਦੇ ਗਏ। ਸੰਗਤਾਂ ਨੂੰ 'ਸਚੁ' ਦਾ ਰਾਹ ਦਿਖਾਉਂਦੇ ਹੋਏ ਉਨ੍ਹਾਂ ਨੇ 11 ਨਵੰਬਰ, 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸ਼ਹਾਦਤ ਦੇ ਦਿਤੀ।[168] ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿਚ:

*ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ॥*
*ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ॥*
*ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ॥*
*ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ॥*[169]

ਸ੍ਰੀ ਗੁਰ ਸੋਭਾ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਨੇ ਕਿਸੇ ਇਕ ਧਰਮ ਦੀ ਖਾਤਰ ਸ਼ਹਾਦਤ ਨਹੀਂ ਦਿਤੀ, ਬਲਕਿ ਗੁਰੂ ਸਾਹਿਬ ਨੇ ਅਜਿਹਾ ਕਰਨ ਨਾਲ ਸਮੁਚੀ ਸ੍ਰਿਸ਼ਟੀ ਦੀ ਇਜ਼ਤ ਰਖੀ:

*ਪ੍ਰਗਟ ਭਏ ਗੁਰ ਤੇਗ ਬਹਾਦਰ। ਸਗਲ ਸ੍ਰਿਸਟਿ ਪੈ ਢਾਪੀ ਚਾਦਰ॥*[170]

## 4.10 ਦਸਵੀਂ ਨਾਨਕ-ਜੋਤਿ: ਗੁਰੂ ਗੋਬਿੰਦ ਸਿੰਘ ਜੀ

ਨਾਨਕ-ਜੋਤਿ ਦਸਵੇਂ ਜਾਮੇਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਅਵਤ੍ਰਿਤ ਹੋਈ:

*ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਭਯੋ ਤਾਰਣ ਤਰਣੰ।*[171]

---

[168] *ਸਿੱਖ ਇਤਿਹਾਸ*, ਪੰਨਾ 57.
[169] *ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ 70.
[170] *ਸ੍ਰੀ ਗੁਰ ਸੋਭਾ*, ਅਧਿਆਇ/ਬੰਦ/ਪੰਨਾ – ੧/੧੪/੬੫.
[171] *ਉਹੀ*, ੧/੧੭/੬੫.

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜਿਸ ਸਮੇਂ ਸ਼ਹਾਦਤ ਦੇਣ ਦਾ ਫੈਸਲਾ ਕਰ ਲਿਆ ਤਾਂ ਉਨ੍ਹਾਂ ਨੇ ਦਿੱਲੀ ਜਾਣ ਤੋਂ ਪਹਿਲਾਂ ਗੁਰੂ-ਸੰਸਥਾ ਦਾ ਅਗਲਾ ਉਤਰਾਧਿਕਾਰੀ ਸਥਾਪਿਤ ਕਰਨ ਲਈ ਬਾਲਕ ਗੋਬਿੰਦ ਰਾਇ ਨੂੰ ਤਿਆਰ ਕੀਤਾ:

*ਸ੍ਰੀ ਬਾਲਮੁਕੰਦ ਸਨਾਨ ਕਰਾਏ। ਅਦਭੁਤ ਬਸਤ੍ਰ ਭੂਖਨ ਪਹਿਰਾਏ॥*
*ਤਿਲਕ ਗੁਰਾਈ ਮਸਤਕ ਕੀਨਾ। ਨਾਲਯੇਰ ਭੇਟ ਪ੍ਰਭ ਦੀਨਾ॥...*[172]

ਸੁਖਾ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਤਿੰਨਾਂ ਕਾਲਾਂ ਵਿਚ ਵਿਚਰਨ ਵਾਲੀ 'ਜੋਤਿ' ਹਨ:

*ਭੂਤ ਭਵਿਖ ਭਵਾਨ ਸਦਾ ਇਮ ਜਾਨਿਯੈ॥*
*ਹੋ ਤਵਨ ਪੁਰਖ ਕੀ ਜੋਤਿ ਪ੍ਰਗਟ ਪਹਿਚਾਨਿਯੈ॥*[173]

ਕੁਇਰ ਸਿੰਘ ਲਿਖਦਾ ਹੈ ਕਿ ਜਿਸ ਗੁਰਿਆਈ ਉਤੇ ਦਸਵੇਂ ਪਾਤਿਸ਼ਾਹ ਬਿਰਾਜਮਾਨ ਹੋਏ, ਇਹ ਤਾਂ ਆਦਿ-ਗੁਰੂ ਦੀ ਹੈ ਤੇ ਦਸਵਾਂ ਗੁਰੂ, ਆਦਿ ਗੁਰੂ (ਨਾਨਕ) ਦਾ ਹੀ ਦਸਮ ਰੂਪ ਹੈ:

*ਨਾਨਕ ਕੀ ਗਾਦੀ ਬਰ ਜੋਈ॥...*
*ਸੋਢੀ ਰਾਮਦਾਸ ਕੋ ਨਾਤੀ। ਗੋਬਿੰਦ ਸਿੰਘ ਨਾਮ ਸੁਖ ਕ੍ਰਾਂਤੀ॥*[174]

ਕੁਇਰ ਸਿੰਘ ਅਨੁਸਾਰ ਦਸ ਗੁਰੂ ਸਾਹਿਬ ਵਿਚ ਚਲੀ ਗੁਰਿਆਈ ਦੀ ਪਰੰਪਰਾ ਇਕ ਰੂਪ ਸੀ:

*ਹਰਿ ਗੋਬਿੰਦ ਕੋ ਅਰਿ ਨਾਤੀ ਨਿਸਸਤਹਿ ਊਚ ਖਰੋ ਯਹਿ ਬਾਤ ਸੁਨਾਹੀ॥...*
*ਗੋਬਿੰਦ ਸਿੰਘ ਬਲੀ ਪ੍ਰਗਟਜੋ ਦਸ ਮਹਲਨ ਮੈ ਪਤਿਸਾਹ ਸੁ ਆਹੀ॥*[175]

ਗੁਰੂ ਸਾਹਿਬ ਨੇ ਸਿੱਖ ਪੰਥ ਨੂੰ ਸੰਪੂਰਨਤਾ ਬਖਸ਼ਣ ਅਤੇ ਮਨੁਖਤਾ ਦੀਆਂ ਗੁਲਾਮੀ ਆਦਿ ਦੀਆਂ ਜੰਜ਼ੀਰਾਂ ਲਾਹੁਣ ਲਈ ਆਪਣੇ ਗੁਰਿਆਈ-ਕਾਲ ਵਿਚ ਅਨੇਕ ਵਡੇ ਉਪਰਾਲੇ ਕੀਤੇ:

### 4.10.1 ਜੰਗਾਂ

ਗੁਰੂ ਗੋਬਿੰਦ ਸਿੰਘ ਜੀ ਨੂੰ ਜਿਸ ਸਮੇਂ ਗੁਰਿਆਈ ਪ੍ਰਾਪਤ ਹੋਈ, ਉਸ ਸਮੇਂ ਹਾਲਾਤ ਬਹੁਤ ਨਾਜ਼ੁਕ ਸਨ। ਇਸ ਸਮੇਂ ਤਕ ਸਿੱਖ ਪੰਥ ਦਾ ਇਨਕਲਾਬੀ ਉਤਾਰ ਹੋ ਚੁਕਿਆ ਸੀ, ਜਿਸ ਤੋਂ

---

172 *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ-2), ਸਾਖੀ/ਬੰਦ/ਪੰਨਾ - ੧੮/੨੯-੩੦/੭੦੯.
173 *ਗੁਰਬਿਲਾਸ ਪਾ: ੧੦*, ਅਧਿਆਇ/ਬੰਦ/ਪੰਨਾ - ੫/੫/੫੭.
174 *ਉਹੀ*, ੧੦/੨੮/੧੨੪.
175 *ਉਹੀ*, ੨੧/੨/੨੫੭.

ਮੁਗਲ ਸਲਤਨਤ ਤੇ ਈਰਖਾਲੂ ਧਿਰਾਂ ਬਹੁਤ ਦੁਖੀ ਸਨ। ਫਲਸਰੂਪ, ਗੁਰੂ ਸਾਹਿਬ ਨੇ ਆਪਣੀ ਪਹਿਲੀ ਜੋਤਿ ਦੁਆਰਾ ਚਲਾਏ ਮਿਸ਼ਨ ਨੂੰ ਸੰਪੂਰਨਤਾ ਬਖਸ਼ਣ ਲਈ 14 ਜੰਗਾਂ ਲੜੀਆਂ।[176]

ਗੁਰੂ ਸਾਹਿਬ ਦੁਆਰਾ ਹਥਿਆਰ ਚੁਕਣ ਨਾਲ ਗੁਰੂ ਗੋਬਿੰਦ ਸਿੰਘ ਜੀ ਬਾਰੇ ਲੋਕਾਂ ਵਿਚ ਕਈ ਪ੍ਰਕਾਰ ਦੇ ਭਰਮ ਵੀ ਪੈਦਾ ਹੋਏ। ਮਸੰਦ ਲੋਕਾਂ ਨੂੰ ਇਹ ਦੁਬਿਧਾ ਪੈਦਾ ਹੋ ਗਈ ਕਿ ਪਹਿਲੇ ਨੌਂ ਗੁਰੂ ਸਾਹਿਬਾਨ ਤਾਂ ਘਰ ਵਿਚ ਬੈਠੇ ਭਗਤੀ ਕਰਦੇ ਸਨ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਕਿਉਂ ਚਕ ਲਈ? ਇਸ ਪ੍ਰਥਾਇ ਕੁਇਰ ਸਿੰਘ ਦਸਦਾ ਹੈ:

*ਇਨ ਜਬ ਤੇ ਜਗ ਮੈ ਭਵ ਲੀਨਾ॥ ਨੀਤਿ ਅਨੀਤਿ ਵਿਚਾਰ ਨ ਕੀਨਾ॥*
*ਜੇਤੇ ਗੁਰੂ ਹੋਤ ਜਗ ਆਏ॥ ਕਿਨ ਤੁਰਕਨ ਸੋ ਖੜਗ ਬਜਾਏ?॥*
*ਗ੍ਰਿਹ ਬੈਠੇ ਹਰਿ ਭਗਤਿ ਕਰਾਈ॥ ਰਾਮ ਨਾਮ ਨਿਸਦਿਨ ਉਰ ਧਯਾਈ॥*[177]*...*

ਅਸਲ ਵਿਚ ਮਸੰਦਾਂ ਦੇ ਉਕਤ ਵਿਵਹਾਰ ਪਿਛੇ ਉਨ੍ਹਾਂ ਦਾ ਆਪਣਾ ਸੁਆਰਥ ਸੀ, ਕਿਉਂਕਿ ਉਹ ਆਪ 'ਗੁਰੂ ਕੇ' ਦੀ ਥਾਂ 'ਗੁਰੂ' ਹੀ ਬਣ ਬੈਠੇ ਸਨ।[178] ਇਸ ਕਾਰਨ ਹੀ ਗੁਰੂ ਸਾਹਿਬ ਨੇ ਮਸੰਦਾਂ ਦੀ ਕਾਰ-ਗੁਜ਼ਾਰੀ ਦੇਖਦਿਆਂ ਸਭ ਤੋਂ ਪਹਿਲਾਂ ਸਿੱਖ ਸੰਗਤਾਂ ਨੂੰ ਮਸੰਦਾਂ ਤੋਂ ਦੂਰ ਕੀਤਾ:

*ਜੋ ਕਰਿ ਸੇਵ ਮਸੰਦਨ ਕੀ ਕਹੈ ਆਨਿ ਪ੍ਰਸਾਦਿ ਸਬੈ ਮੁਹਿ ਦੀਜੈ॥*
*ਜੋ ਕਛੁ ਮਾਲ ਤਵਾਲਯ ਸੋ ਅਬ ਹੀ ਉਠਿ ਭੇਟ ਹਮਾਰੀ ਹੀ ਕੀਜੈ॥*
*ਮੇਰੋ ਈ ਧਯਾਨ ਧਰੋ ਨਿਸਿ ਬਾਸੁਰ ਭੂਲ ਕੈ ਅਉਰ ਕੋ ਨਾਮੁ ਨ ਲੀਜੈ॥*
*ਦੀਨੇ ਕੋ ਨਾਮੁ ਸੁਨੈ ਭਜਿ ਰਾਤਹਿ ਲੀਨੇ ਬਿਨਾ ਨਹਿ ਨੈਕੁ ਪ੍ਰਸੀਜੈ॥*[179]

ਕੁਇਰ ਸਿੰਘ ਗੁਰੂ-ਫੌਜ ਵਿਚ ਸ਼ਾਮਿਲ 'ਰਯੀਅਤ' ਬਾਰੇ ਬੜੇ ਭਾਵਪੂਰਤ ਸ਼ਬਦਾਂ ਵਿਚ ਜ਼ਿਕਰ ਕਰਦਾ ਹੈ। ਉਹ ਲਿਖਦਾ ਹੈ ਕਿ ਪਹਾੜੀ ਰਾਜੇ ਸਮਝਦੇ ਸਨ ਕਿ ਗੁਰੂ ਸਾਹਿਬ ਦੀ ਫੌਜ ਵਿਚ 'ਰਯੀਅਤ' ਇਕਠੀ ਕੀਤੀ ਗਈ ਹੈ (ਭਾਵ ਕੋਈ ਸਿਖਿਅਤ ਫੌਜ ਨਹੀਂ)। ਇਨ੍ਹਾਂ ਵਿਚ ਪੇਂਡੂ, ਗਵਾਰ, ਜਟ, ਤੇਲੀ, ਲੁਬਾਣੇ, ਚਮਾਰ, ਬਣੀਏ, ਭਟ, ਅਰੋੜੇ, ਸ਼ੂਦਰ, ਛੀਂਬੇ, ਤ੍ਰਿਖਾਣ, ਕੁਲਾਲ, ਸੁਨਿਆਰ, ਖੋਸੀ (ਖੋਸਲੇ) ਆਦਿ 'ਬਾਰਾਂ ਜਾਤ ਸਨਾਤ' ਮਿਲੀਆਂ ਹੋਈਆਂ ਸਨ:

---

[176] ਭੰਗਾਣੀ, ਨਦੌਣ, ਹੁਸੈਨੀ, ਬਸਾਲੀ, ਕਲਮੋਟ, ਅਨੰਦਪੁਰ (3), ਚਮਕੌਰ, ਮੁਕਤਸਰ, ਬਘੌਰ, ਆਗਰਾ, ਕਲਮੌਰ ਅਤੇ ਨਿਰਮੋਹ।
[177] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਅਧਿਆਇ/ਬੰਦ/ਪੰਨਾ – ੧੧/੨੭-੮/੧੪੩.
[178] *ਪ੍ਰੇਮ ਸੁਮਾਰਗ ਗ੍ਰੰਥ*, ਪੰਨਾ 10.
[179] *ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਤੀਜੀ ), ਪੰਨਾ 1222.

*ਰਾਜੈ ਬੂਝੀ ਭੀਖਨ ਖਾਨਾ। ਕੇਤੀ ਸੈਨ ਗੁਰੂ ਕੀ ਨਿਦਾਨਾ॥*
*ਭੀਖਨ ਖਾਨ ਭਨ ਸਾਹਿਬ ਕਾ ਨਾਉ। ਰੈਯਤ ਲੋਕ ਮਿਲੇ ਇਕ ਠਾਉ॥*
*ਜਾਟ ਗਵਾਰ ਸੁ ਤੇਲੀ ਨਾਹੀ। ਭਾਟੀ ਲਬਾਨੇ ਚਮਰਾਈ॥*
*ਬਨੀਏ ਰੋਰੋ ਭਾਟ ਮਹਾਨਾ। ਸੂਦ੍ਰ ਛੀਪੇ ਜਾਟ ਤ੍ਰਿਖਾਨਾ॥*
*ਬਾਰਾ ਜਾਤ ਸਿਨਾਤ ਮਿਲਾਵੈ। ਇਨ ਕਹੁ ਤੀਰ ਕਮਾਨ ਸਿਖਾਵੈ॥*[180]

### 4.10.2 ਖਾਲਸਾ ਸਿਰਜਣਾ

ਗੁਰੂ-ਸੰਸਥਾ ਅਧੀਨ ਗੁਰੂ ਨਾਨਕ ਦੇਵ ਜੀ ਵਲੋਂ ਸ਼ੁਰੂ ਕੀਤਾ ਮਿਸ਼ਨ ਆਪਣੇ ਅੰਤਲੇ ਪੜਾਅ ਉਤੇ ਉਸ ਸਮੇਂ ਆਉਂਦਾ ਹੈ ਜਦੋਂ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਦੀ ਸਿਰਜਣਾ ਕਰਦੇ ਹਨ। ਦੂਜੇ ਸ਼ਬਦਾਂ ਵਿਚ ਖਾਲਸਾ ਸਿਰਜਣਾ ਗੁਰੂ-ਸੰਸਥਾ ਦਾ ਅੰਤਲਾ ਕਾਰਜ ਸੀ। ਇਸ ਨਾਲ ਗੁਰੂ ਸਾਹਿਬ ਨੇ ਦਬੀ-ਕੁਚਲੀ 'ਰਯੀਅਤ' ਵਿਚ ਇਕ ਨਵੀਂ ਰੂਹ ਭਰ ਦਿਤੀ, ਜਿਸ ਨਾਲ ਸਮਾਜ ਵਿਚ ਇਕ ਨਵੀਂ ਕ੍ਰਾਂਤੀ ਆਈ।

ਕੁਇਰ ਸਿੰਘ ਅਨੁਸਾਰ ਵੈਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਦਾ ਇਕ ਵਡਾ ਇਕਠ ਕੀਤਾ ਤੇ ਭਰੇ ਦੀਵਾਨ ਵਿਚ ਗੁਰੂ ਸਾਹਿਬ ਨੇ ਇਕ ਸੀਸ ਦੀ ਮੰਗ ਕੀਤੀ:

*ਸਨਮੁਖ ਪੂਰਾ ਸਿਖ ਹੈ ਕੋਈ। ਸੀਸ ਭੇਟ ਗੁਰ ਦੇਵੇ ਜੋਈ॥*[181]

ਗੁਰੂ ਸਾਹਿਬ ਨੇ ਤਿੰਨ ਵਾਰ ਆਪਣਾ ਬਚਨ ਦੁਹਰਾਇਆ। ਫਲਸਰੂਪ, ਇਕ ਸਿੱਖ ਗੁਰੂ ਸਨਮੁਖ ਉਠਿਆ, ਜਿਸ ਨੂੰ ਗੁਰੂ ਸਾਹਿਬ ਤੰਬੂ ਵਿਚ ਲੈ ਗਏ। ਤੰਬੂ ਵਿਚੋਂ ਗੁਰੂ ਸਾਹਿਬ ਜਦੋਂ ਵਾਪਿਸ ਆਏ ਤਾਂ ਉਨ੍ਹਾਂ ਦੀ ਕ੍ਰਿਪਾਨ ਲਹੂ ਨਾਲ ਭਿਜੀ ਹੋਈ ਸੀ। ਖੂਨ ਦਾ ਪ੍ਰਵਾਹ ਵੇਖ ਕੇ ਕਈਆਂ ਦੇ ਹੌਂਸਲੇ ਡੋਲ ਗਏ। ਗੁਰੂ ਸਾਹਿਬ ਨੇ ਦੂਜੀ ਵਾਰ ਫਿਰ ਇਕ ਸੀਸ ਦੀ ਮੰਗ ਕੀਤੀ। ਗੁਰੂ ਸਾਹਿਬ ਨੇ ਅਜਿਹਾ ਪੰਜ ਵਾਰ ਕੀਤਾ। ਇਹ ਕੌਤਕ ਵੇਖ ਕੇ ਸੰਗਤ ਵਿਚੋਂ ਕਈ ਸਿੱਖ ਗੁਰੂ ਸਾਹਿਬ ਦੀ ਨਿੰਦਾ ਵੀ ਕਰਨ ਲਗੇ, ਪਰੰਤੂ ਗੁਰੂ ਸਾਹਿਬ ਦੇ ਸੂਖਮ ਭੇਦ ਨੂੰ ਕਿਸੇ ਨੇ ਨਹੀਂ ਜਾਣਿਆ।[182] ਪੰਜ

---

[180] *ਗੁਰਬਿਲਾਸ ਪਾ: ੧੦*, ਅਧਿਆਇ/ਬੰਦ/ਪੰਨਾ - ੬/੮੫-੭/੭੧.
[181] *ਉਹੀ,* ੯/੧੦/੧੦੮.
[182] *ਜਹਾਂ ਤਹਾਂ ਇਹ ਬਾਤ ਭਨੀਜੈ। ਅਪਜਸ ਬਿਨਾ ਨ ਔਰ ਲਖੀਜੈ॥*
*ਸਭ ਹੀ ਮਿਲ ਕੈ ਐਸ ਬਖਾਨੈ। ਸੂਖਮ ਸਾਂਗ ਨ ਪ੍ਰਭੁ ਕੋ ਜਾਨੈ॥ ਉਹੀ*, ਅਧਿਆਇ/ਬੰਦ/ਪੰਨਾ - ੯/੧੭/੧੦੯.

ਸੀਸ ਲੈਣ ਤੋਂ ਬਾਅਦ ਗੁਰੂ ਸਾਹਿਬ ਪੰਜਾਂ ਨੂੰ ਜਿਉਂਦੇ ਜੀਅ ਤੰਬੂ ਤੋਂ ਬਾਹਰ ਲੈ ਕੇ ਆਏ। ਇਸ ਉਪਰੰਤ ਸਤਲੁਜ ਤੋਂ ਜਲ ਮੰਗਵਾ ਕੇ ਸਰਬਲੋਹ ਦੇ ਬਾਟੇ ਵਿਚ ਪਾਇਆ ਗਿਆ, ਜਿਸ ਵਿਚ ਮਾਤਾ ਸਾਹਿਬ ਕੌਰ ਨੇ ਪਤਾਸੇ ਪਾਏ। ਪੰਜ ਬਾਣੀਆਂ ਪੜ੍ਹਨ ਉਪਰੰਤ ਤਿਆਰ ਕੀਤਾ 'ਅੰਮ੍ਰਿਤ' ਪੰਜ ਸਿੱਖਾਂ ਨੂੰ ਛਕਾਇਆ ਗਿਆ। ਉਪਰੰਤ ਪੰਜਾਂ ਸਿੰਘਾਂ ਨੂੰ ਰਹਿਤ ਦ੍ਰਿੜ੍ਹ ਕਰਵਾਈ ਗਈ। ਇਨ੍ਹਾਂ ਪੰਜਾਂ ਨੂੰ ਗੁਰੂ ਸਾਹਿਬ ਨੇ 'ਖਾਲਸਾ' ਦਾ ਖਿਤਾਬ ਦਿਤਾ।

ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸਕ ਦੌਰ ਤੋਂ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਬਣਾਈ 'ਸੰਗਤਿ' ਹੀ ਗੁਰੂ ਗੋਬਿੰਦ ਸਿੰਘ ਜੀ ਸਮੇਂ 'ਖਾਲਸਾ' ਰੂਪ ਵਿਚ ਤਬਦੀਲ ਹੁੰਦੀ ਹੈ। ਖਾਲਸਾ ਸਾਜਣਾ ਤੋਂ ਬਾਅਦ ਸਿੱਖ ਇਕ ਜਥੇਬੰਦਕ ਢਾਂਚੇ ਵਿਚ ਬਝ ਗਏ। ਉਨ੍ਹਾਂ ਦੀ ਸਮੁਚੀ ਜੀਵਨ-ਸ਼ੈਲੀ ਇਕ ਨਵੇਂ ਰੂਪ ਵਿਚ ਸਾਹਮਣੇ ਆਈ। ਸ੍ਰੀ ਅਨੰਦਪੁਰ ਸਾਹਿਬ, ਖਾਲਸੇ ਲਈ ਇਕ ਅਜਿਹਾ ਨਗਰ-ਰਾਜ ਬਣਿਆ ਜਿਹੜਾ ਜ਼ਬਰ-ਜੁਲਮ ਦੇ ਖਿਲਾਫ ਲੜਨ/ਮਰਨ ਲਈ ਸਿੱਖਾਂ ਦੇ ਮਨਾਂ ਵਿਚ ਪਕੇ ਤੌਰ ਉਤੇ ਘਰ ਕਰ ਗਿਆ। ਇਸ ਸੰਦਰਭ ਵਿਚ 'ਖਾਲਸਾ' ਇਕ ਸੰਸਥਾ ਵਜੋਂ ਉਭਰ ਕੇ ਸਾਹਮਣੇ ਆਇਆ, ਜਿਹੜਾ ਜ਼ਬਰ-ਜ਼ੁਲਮ ਅਤੇ ਮਨੁਖਤਾ ਵਿਰੋਧੀ ਗਲਾਂ ਦੇ ਵਿਰੋਧ ਵਿਚ ਇਕ ਐਲਾਨੀਆ ਸੰਘਰਸ਼ ਸੀ।

ਸੁਖਾ ਸਿੰਘ ਨੇ ਬੜੇ ਜ਼ੋਰਦਾਰ ਤਰੀਕੇ ਨਾਲ ਇਹ ਸਾਬਿਤ ਕੀਤਾ ਹੈ ਕਿ ਖਾਲਸਾ, ਪਹਿਲਾਂ ਸਾਜੀ ਹੋਈ ਸੰਗਤ ਦਾ ਹੀ ਰੂਪ ਸੀ। ਇਸ ਦੀ ਤਿਆਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਗਈ ਸੀ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਤਿਮ ਰੂਪ ਦਿਤਾ:

*ਜਹਾਂ ਜਹਾਂ ਸੰਗਤ ਗੁਰਪਯਾਰੀ। ਭਈ ਖਾਲਸਾ ਸਰਬ ਸੁ ਸਾਰੀ॥*
*ਲਿਖ ਲਿਖ ਦੀਨੇ ਹੁਕਮ ਪਠਾਈ। ਅਨੈ ਬਚਨ ਸੋਈ ਜਿਨ ਜਾਈ॥*[183]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦੈਵੀ ਮਿਸ਼ਨ ਨੂੰ ਅੰਤਿਮ ਛੁਹ ਦਿੰਦੇ ਹੋਏ ਖਾਲਸਾ ਸਾਜਣ ਤੋਂ ਬਾਅਦ ਸਰੀਰਕ-ਗੁਰੂ (Guru in person) ਦੀ ਪਿਰਤ ਖਤਮ ਕਰਦੇ ਹੋਏ ਅੰਤ ਗ੍ਰੰਥ-ਪੰਥ ਨੂੰ ਗੁਰਿਆਈ ਬਖਸ਼ ਕੇ ਜੋਤੀ-ਜੋਤਿ ਸਮਾ ਗਏ।

[183] *ਗੁਰਬਿਲਾਸ ਪਾ: ੧੦*, ਅਧਿਆਇ/ਬੰਦ/ਪੰਨਾ – ੧੨/੧੩੯/੧੯੧.

**ਸਾਰ** ਵਜੋਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ-ਸੰਸਥਾ ਅਧੀਨ ਗੁਰੂ ਸਾਹਿਬਾਨ ਦਾ ਇਤਿਹਾਸਿਕ ਪ੍ਰਗਟਾਅ ਦੈਵੀ ਮਿਸ਼ਨ ਅਧੀਨ ਸੀ। ਇਹ ਮਿਸ਼ਨ ਪੂਰਾ ਕਰਨ ਲਈ ਗੁਰੂ ਸਾਹਿਬਾਨ ਨੂੰ 239 ਸਾਲ (1469 ਤੋਂ 1708 ਈ.) ਦਾ ਸਮਾਂ ਲਗਿਆ, ਜਿਸ ਤਹਿਤ ਗੁਰੂ ਸਾਹਿਬਾਨ ਨੇ ਮਨੁਖ ਦੀ ਹਰ ਪ੍ਰਕਾਰ ਦੀ ਗੁਲਾਮੀ ਕਟ ਕੇ ਉਸ ਨੂੰ ਇਜ਼ਤ-ਮਾਣ ਨਾਲ ਜਿਉਣਾ ਸਿਖਾਇਆ। ਗੁਰੂ ਸਾਹਿਬਾਨ ਦੁਆਰਾ ਕੀਤੇ ਸਮੁਚੇ ਕਾਰਜ ਉਨ੍ਹਾਂ ਦੀ ਜੁਗਤਿ ਦਾ ਹੀ ਪ੍ਰਗਟਾਵਾ ਸੀ। ਗੁਰੂ ਸਾਹਿਬਾਨ ਦੁਆਰਾ ਕੀਤੇ ਸਮਾਜ ਭਲਾਈ ਦੇ ਕਾਰਜਾਂ ਵਿਚੋਂ ਨਗਰ-ਸਥਾਪਤੀ ਦਾ ਕੰਮ ਪ੍ਰਮੁਖ ਸਾਬਿਤ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਰਾਵੀ ਕੰਢੇ ਕਰਤਾਰਪੁਰ ਵਸਾਉਣ ਉਪਰੰਤ ਹੋਰ ਗੁਰੂ ਸਾਹਿਬਾਨ ਵਲੋਂ ਗੋਇੰਦਵਾਲ, ਅੰਮ੍ਰਿਤਸਰ, ਤਰਨਤਾਰਨ, ਕਰਤਾਰਪੁਰ (ਜਲੰਧਰ), ਹਰਿਗੋਬਿੰਦਪੁਰ, ਕੀਰਤਪੁਰ ਅਤੇ ਆਨੰਦਪੁਰ ਸਾਹਿਬ ਆਦਿ ਨਗਰਾਂ ਦੀ ਸਥਾਪਨਾ ਕੀਤੀ ਗਈ। ਇਨ੍ਹਾਂ ਨਗਰਾਂ ਦਾ ਨਾਂ ਅਧਿਆਤਮਕ ਪ੍ਰਵਿਰਤੀ[184] ਤੋਂ ਰਖਣਾ ਸਪਸ਼ਟ ਕਰਦਾ ਹੈ ਕਿ ਸਦੀਆਂ ਤੋਂ ਲਤਾੜੀ ਜਾ ਰਹੀ ਜਨਤਾ ਅੰਦਰ ਗੁਰੂ ਸਾਹਿਬਾਨ ਨੇ ਇਕ ਨਵੀਂ ਰੂਹ ਫੂਕਣੀ ਸੀ। ਇਸ ਯੋਜਨਾ ਤਹਿਤ ਗੁਰੂ ਸਾਹਿਬਾਨ ਦੀ 'ਜੁਗਤਿ' ਹੀ ਕੰਮ ਕਰ ਰਹੀ ਸੀ। ਗੁਰੂ ਸਾਹਿਬਾਨ ਚਾਹੁੰਦੇ ਸਨ ਕਿ 'ਪੰਥ' ਹੇਠ ਇਕਠੇ ਹੋ ਰਹੇ ਲੋਕਾਂ ਨੂੰ ਪਰੰਪਰਾਗਤ ਰੀਤਾਂ ਤੋਂ ਦੂਰ ਰਖ ਕੇ, ਉਨ੍ਹਾਂ ਨੂੰ ਇਕ ਨਵਾਂ ਭਾਈਚਾਰਾ ਸਥਾਪਿਤ ਕਰਨ ਵਿਚ ਸਫਲਤਾ ਪ੍ਰਾਪਤ ਹੋ ਸਕੇ। ਇਸ ਪ੍ਰਯੋਜਨ ਹੇਠ ਗੁਰੂ ਸਾਹਿਬਾਨ ਨੇ ਉਕਤ ਨਗਰਾਂ ਵਿਚ ਵਖ-ਵਖ ਜਾਤਾਂ, ਕਿਤਿਆਂ ਅਤੇ ਵਰਗਾਂ ਆਦਿ ਦੇ ਲੋਕ ਵਸਾਏ। ਗਿ. ਗਿਆਨ ਸਿੰਘ ਅਨੁਸਾਰ ਚੌਥੇ ਪਾਤਿਸ਼ਾਹ ਨੇ ਚਕ ਗੁਰੂ ਰਾਮਦਾਸ ਵਿਖੇ (ਅੰਮ੍ਰਿਤਸਰ) 52 ਕਿਸਮ ਦੇ ਕਿਤਿਆਂ ਵਾਲੇ ਲੋਕ ਵਸਾਏ।[185] ਇਸ ਨਾਲ ਲੋਕਾਂ ਦਾ ਸਰਵ-ਪਖੀ (ਆਰਥਿਕ, ਸਮਾਜਿਕ ਤੇ ਭਾਈਚਾਰਕ) ਵਿਕਾਸ ਹੋਇਆ।

ਉਕਤ ਨਗਰਾਂ ਦਾ ਆਰਥਿਕ ਵਿਕਾਸ ਕਰਨ ਲਈ ਖੂਹ, ਤਲਾਬ, ਬਉਲੀਆਂ ਦੀ ਸਥਾਪਨਾ ਕੀਤੀ ਗਈ।[186] ਇਸ ਨਾਲ ਬੇਅੰਤ ਲੋਕਾਂ ਨੂੰ ਰੁਜ਼ਗਾਰ ਪ੍ਰਾਪਤ ਹੋਇਆ। ਗੁਰੂ ਸਾਹਿਬਾਨ ਨੇ ਇਹ ਨਗਰ ਲੰਮੀ ਸੋਚ ਸਦਕਾ ਸ਼ਾਹਰਾਹਾਂ ਉਤੇ ਵਸਾਏ, ਜਿਸ ਕਾਰਨ ਵਪਾਰ ਨੂੰ ਬਹੁਤ ਉਤਸ਼ਾਹ ਮਿਲਿਆ। ਵਪਾਰ ਵਿਚ ਦਰਿਆਵਾਂ ਨੇ ਵੀ ਵਡੀ ਸਹਾਇਤਾ ਕੀਤੀ, ਜਿਨ੍ਹਾਂ ਸਦਕਾ

---

[184] ਜਿਵੇਂ ਕਰਤਾਰਪੁਰ- ਕਰਤਾਪੁਰਖ ਦੀ ਪੁਰੀ; ਤਰਨਤਾਰਨ- ਭਵਜਲ ਰੂਪੀ ਸੰਸਾਰ ਤੋਂ ਤਾਰਨ ਵਾਲਾ; ਗੋਇੰਦਵਾਲ- ਗੋਬਿੰਦ (ਪ੍ਰਭੂ ਦੀ ਥਾਂ); ਅੰਮ੍ਰਿਤਸਰ- ਅੰਮ੍ਰਿਤ ਦਾ ਸਰੋਵਰ, ਆਦਿ।

[185] *ਤਵਾਰੀਖ ਗੁਰੂ ਖ਼ਾਲਸਾ* (ਭਾਗ ਪਹਿਲਾ), ਪੰਨਾ 368.

[186] ਇਨ੍ਹਾਂ ਦੀ ਸਥਾਪਨਾ ਦਾ ਮੂਲ ਕਾਰਨ ਪਾਣੀ ਦਾ ਪ੍ਰਬੰਧ ਕਰਨਾ ਸੀ।

ਢੋ-ਢੁਆਈ ਦਾ ਕੰਮ ਸੌਖਾ ਹੋ ਗਿਆ। ਲੜਾਈਆਂ ਦੇ ਪ੍ਰਸੰਗ ਵਿਚ ਆਨੰਦਪੁਰ ਸਾਹਿਬ ਵਰਗੇ ਨਗਰ ਫੌਜੀ ਕਾਰਵਾਈਆਂ ਦੇ ਸੰਬੰਧ ਵਿਚ ਬਹੁਤ ਸਹਾਈ ਸਿਧ ਹੋਏ। ਪਹਾੜੀ ਇਲਾਕਿਆਂ ਵਿਚ ਸੁਰਖਿਆ ਦੇ ਮਦੇ-ਨਜ਼ਰ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਨਗਰ ਵਸਾਇਆ ਸੀ।

ਗੁਰੂ ਸਾਹਿਬਾਨ ਦੀ ਦੂਰ ਅੰਦੇਸ਼ੀ ਸਦਕਾ ਕਾਸ਼ਤਕਾਰਾਂ ਤੋਂ ਇਸ ਤਰ੍ਹਾਂ ਕੰਮ ਲਿਆ ਗਿਆ ਕਿ ਉਨ੍ਹਾਂ ਦੇ ਅੰਤਰ-ਸੰਬੰਧਾਂ ਸਦਕਾ ਆਰਥਿਕ ਲਾਭ ਵਧੇਰੇ ਹੋਇਆ। ਮਿਸਾਲ ਵਜੋਂ, ਗੁਰੂ ਅਮਰਦਾਸ ਜੀ ਦੁਆਰਾ ਲੱਕੜ ਦੇ ਵਪਾਰ ਨੂੰ ਐਨਾ ਜ਼ਿਆਦਾ ਉਤਸ਼ਾਹਿਤ ਕੀਤਾ ਗਿਆ ਕਿ ਬਾਅਦ ਵਿਚ ਬਣਨ ਵਾਲੇ ਨਗਰਾਂ, ਜਿਵੇਂ ਅੰਮ੍ਰਿਤਸਰ, ਤਰਨਤਾਰਨ ਆਦਿ ਨੂੰ ਲੋੜੀਂਦੀ ਲੱਕੜ ਇਥੋਂ ਹੀ ਭੇਜੀ ਗਈ।[187] ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਰੋਵਰ ਦੀ ਉਸਾਰੀ ਸੰਪੂਰਨ ਕਰਵਾਈ ਤਾਂ ਉਨ੍ਹਾਂ ਨੇ ਇਟਾਂ ਦਾ ਭਠਾ ਆਪ ਹੀ ਲਗਵਾਇਆ, ਜਿਹੜਾ ਅਨੇਕ ਨਗਰਾਂ-ਇਮਾਰਤਾਂ ਦੇ ਕੰਮ ਆਇਆ।[188]

ਇਥੇ ਸਪਸ਼ਟ ਕਰਨਾ ਵਾਜਿਬ ਹੈ ਕਿ ਕੁਝ ਗੱਲਾਂ ਇਤਿਹਾਸ ਵਿਚੋਂ ਨਿਕਲਦੀਆਂ ਹਨ, ਪਰੰਤੂ ਕੁਝ ਵਿਆਖਿਆ ਪੈਦਾ ਕਰਦੀ ਹੈ, ਅਤੇ ਕੁਝ ਸਿਧਾਂਤ ਦੀ ਦੇਣ ਹੁੰਦੀਆਂ ਹਨ। ਇਸ ਸੰਦਰਭ ਵਿਚ ਗੁਰੂ-ਸੰਸਥਾ ਇਤਿਹਾਸ ਵਿਚੋਂ ਜਨਮਿਆ ਕੋਈ ਕ੍ਰਿਸ਼ਮਾ ਨਹੀਂ, ਬਲਕਿ ਇਹ ਸਿਧਾਂਤਕ ਹੈ। ਇਤਿਹਾਸ ਇਸ ਦੀ ਪੁਸ਼ਟੀ ਕਰਦਾ ਹੈ। ਮਿਸਾਲ ਵਜੋਂ, ਮੀਰੀ-ਪੀਰੀ ਜਾਂ ਅੰਮ੍ਰਿਤ ਅਥਵਾ ਪੰਜ ਪਿਆਰੇ ਸਮੇਂ ਦੀ ਲੋੜ ਨਹੀਂ ਸਨ, ਇਨ੍ਹਾਂ ਦਾ ਸਿਧਾਂਤ ਗੁਰਬਾਣੀ ਵਿਚ ਮੌਜੂਦ ਹੈ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਗੁਰੂ ਸਾਹਿਬਾਨ ਵਿਚਲੀ ਜੋਤਿ ਦਾ ਇਤਿਹਾਸਿਕ ਪ੍ਰਗਟਾਅ ਦੈਵੀ ਜੁਗਤਿ ਅਧੀਨ ਹੀ ਸੀ। ਇਹ ਜੋਤਿ-ਜੁਗਤਿ ਆਪਣਾ ਦੈਵੀ ਪ੍ਰਯੋਜਨ ਪੂਰਾ ਕਰਦੇ ਹੋਏ ਅੰਤ ਗ੍ਰੰਥ-ਪੰਥ ਵਿਚ ਸਮਾ ਗਈ। ਅਗਲੇ ਅਧਿਆਇ ਵਿਚ ਅਸੀਂ ਗੁਰੂ ਗ੍ਰੰਥ-ਪੰਥ ਨੂੰ ਗੁਰਿਆਈ ਮਿਲਣ ਦੇ ਸੰਬੰਧ ਵਿਚ ਪੜਚੋਲ ਕਰਾਂਗੇ।

---

[187] ਸੁਰਜੀਤ ਸਿੰਘ, *ਪੰਜਾਬ ਦੇ ਸ਼ਹਿਰਾਂ ਦਾ ਵਿਕਾਸ,* ਪੰਨਾ 45.

[188] *ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ੬), ਰਾਸਿ/ਅੰਸੂ/ਪੰਨਾ – ੨/੪੧-੨/੧੯੦੪.

# ਅਧਿਆਇ ਪੰਜਵਾਂ

# ਗੁਰੂ-ਸੰਸਥਾ: ਗੁਰੂ ਗ੍ਰੰਥ-ਪੰਥ


**ਗੁਰੂ-ਸੰਸਥਾ: ਗ੍ਰੰਥ-ਪੰਥ** - 156-98

**5.1 ਸਬਦ: ਸੰਸਥਾਗਤ ਰੂਪ** - 156-66

5.1.1 ਸਬਦ: ਅਰਥ

5.1.2 ਸਬਦ: ਵਿਆਕਰਨਕ ਰੂਪ

5.1.3 ਸਬਦ: ਪਰਿਭਾਸ਼ਾ

**5.2 ਗ੍ਰੰਥ ਗੁਰੂ** - 166-77

**5.3 ਸ੍ਰੀ ਗੁਰੂ ਗ੍ਰੰਥ ਸਾਹਿਬ: ਰੁਤਬਾ** - 177-86

5.3.1 ਚਰਨ-ਪਾਹੁਲ/ਖੰਡੇ ਦੀ ਪਾਹੁਲ

**5.4 ਪੰਥ-ਗੁਰੂ** - 187-98

5.4.1 ਪੰਥ ਗੁਰੂ ਦਾ ਸੰਕਲਨ

5.4.2 ਪੰਥ ਗੁਰੂ ਦੀ ਬਣਤਰ

ਸਿੱਖ ਧਰਮ ਵਿਚ 'ਸਬਦ ਗੁਰੂ'[1] ਦੇ ਸਿਧਾਂਤ ਦੀ ਸਥਾਪਨਾ ਕਿਸੇ ਪ੍ਰਮਾਣ ਜਾਂ ਪੁਸ਼ਟੀ ਦੀ ਮੁਥਾਜ ਨਹੀਂ, ਇਹ ਸ੍ਵੈ-ਸਿਧ ਹੈ। ਗੁਰੂ-ਸੰਸਥਾ ਦੇ ਸੰਬੰਧ ਵਿਚ 'ਸਬਦ' ਦੇ ਸੰਸਥਾਈ ਰੂਪ (ਸ੍ਰੀ ਗੁਰੂ ਗ੍ਰੰਥ ਸਾਹਿਬ) ਤੋਂ ਪਹਿਲਾਂ 'ਸਬਦ' ਦੇ ਸਿਧਾਂਤਕ ਪਖ ਦੀ ਸਪਸ਼ਟਤਾ ਜਰੂਰੀ ਹੈ। ਬੇਸ਼ਕ 'ਸਬਦ' ਨੂੰ ਗੁਰੂ-ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਦੇ ਕੇ ਸੰਸਥਾਈ ਰੂਪ ਬਖਸ਼ਿਸ਼ ਕੀਤਾ ਸੀ, ਪਰੰਤੂ 'ਸਬਦ' ਦੀ 'ਗੁਰੂ' ਰੂਪ ਵਿਚ ਸਥਾਪਨਾ ਤਾਂ ਗੁਰੂ ਨਾਨਕ ਦੇਵ ਜੀ ਨੇ ਹੀ ਸਿਧਾਂ ਦੇ ਇਕ ਪ੍ਰਸ਼ਨ ਦੇ ਉਤਰ ਵਜੋਂ ਕਰ ਦਿਤੀ ਸੀ:

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥...*[2]

ਗੁਰੂ ਨਾਨਕ ਦੇਵ ਜੀ, ਦੈਵੀ ਮਿਸ਼ਨ ਤਹਿਤ ਕਿਸ ਤਰ੍ਹਾਂ ਸੰਸਾਰ ਵਿਚ ਆਏ ਅਤੇ ਗੁਰੂ-ਸੰਸਥਾ ਅਧੀਨ ਉਨ੍ਹਾਂ ਦੇ ਨੌਂ ਉਤਰਾਧਿਕਾਰੀਆਂ ਨੇ ਕਿਵੇਂ ਉਸ ਮਿਸ਼ਨ ਨੂੰ ਅੰਜਾਮ ਦਿਤਾ?, ਇਸ ਪ੍ਰਥਾਇ ਅਸੀਂ ਪਿਛਲੇ ਅਧਿਆਇਆਂ ਵਿਚ ਵਿਚਾਰ ਕਰ ਆਏ ਹਾਂ। ਇਸ ਅਧਿਆਇ ਵਿਚ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗ੍ਰੰਥ-ਪੰਥ ਨੂੰ ਗੁਰਿਆਈ ਦੇ ਕੇ ਸ਼ਖਸੀ ਗੁਰੂ ਦੀ ਪਰੰਪਰਾ ਖਤਮ ਕਰਨ ਬਾਰੇ ਇਤਿਹਾਸਕ ਪਖ ਤੋਂ ਵਿਚਾਰ ਕਰਾਂਗੇ। 'ਗ੍ਰੰਥ' ਦੀ ਗੁਰਿਆਈ ਸੰਬੰਧੀ ਵਿਚਾਰ ਕਰਨ ਤੋਂ ਪਹਿਲਾਂ ਵਿਸ਼ੇ ਦਾ ਭਾਵ ਜਗਤ ਗ੍ਰਹਿਣ ਕਰਨ ਲਈ ਸਬਦ ਦੇ ਸੰਸਥਾਗਤ ਰੂਪ ਨੂੰ ਦੇਖਣਾ ਜਰੂਰੀ ਹੈ। ਇਸ ਪ੍ਰਸੰਗ ਵਿਚ ਸਬਦ ਦੇ ਅਰਥ, ਵਿਆਕਰਨਕ ਰੂਪ ਅਤੇ ਪਰਿਭਾਸ਼ਾ ਸਮਝ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਅਤੇ ਉਨ੍ਹਾਂ ਦੇ ਰੁਤਬੇ ਸੰਬੰਧੀ ਵਿਚਾਰ ਕਰਾਂਗੇ। ਇਸ ਵਿਚਾਰ ਅਧੀਨ ਗੁਰੂ ਦੇ ਪੰਥਕ ਰੂਪ (ਪੰਥ-ਗੁਰੂ) ਬਾਰੇ ਵੀ ਪੜਚੋਲ ਕੀਤੀ ਜਾਵੇਗੀ।

## 5.1 ਸਬਦ: ਸੰਸਥਾਗਤ ਰੂਪ

ਸੰਸਥਾਗਤ ਰੂਪ ਵਿਚ ਗੁਰੂ-ਜੋਤਿ 'ਸਬਦ-ਜੋਤਿ' ਦੀ ਜੁਗਤਿ ਰਾਹੀਂ ਵਿਚਰੀ। ਗੁਰੂ ਦੇ ਸੰਸਥਾਗਤ ਰੂਪ ਨੂੰ ਸਮਝਣ ਲਈ ਇਹ ਜਾਣਨਾ ਜਰੂਰੀ ਹੈ ਕਿ ਪਰਮਾਤਮਾ 'ਸਬਦ' ਰੂਪ ਹੈ। ਜਦ ਸਬਦ ਨਿਰੋਲ ਹੁਕਮ ਹੈ ਤਾਂ ਗੁਰੂ ਪਰਮਾਤਮਾ ਹੈ, ਜਦ ਇਹ ਜੋਤਿ ਵਿਚ ਤਬਦੀਲ ਹੁੰਦਾ ਹੈ ਤਾਂ ਗੁਰੂ ਸਥੂਲ ਰੂਪ ਧਾਰਨ ਕਰਦਾ ਹੈ (ਜਿਵੇਂ ਦਸ ਗੁਰੂ ਸਾਹਿਬਾਨ)। ਇਹ ਦੇਹ ਦੇ ਬੰਧਨਾਂ ਵਿਚ ਹੁੰਦਾ

---

[1] ਗੁਰਬਾਣੀ ਦੇ ਸੰਦਰਭ ਵਿਚ 'ਸਬਦ' ਦਾ ਉਚਾਰਨ 'ਸ' ਨੂੰ ਬਿੰਦੀ ਰਹਿਤ ਕਰ ਕੇ ਕੀਤਾ ਜਾਂਦਾ ਹੈ, ਜਦੋਂ ਕਿ ਇਸ ਦਾ ਅਜੋਕਾ ਪੰਜਾਬੀ ਰੂਪ ਬਿੰਦੀ ਸਹਿਤ (ਸ਼ਬਦ) ਹੋ ਗਿਆ ਹੈ। ਇਥੇ ਅਸੀਂ ਇਸ ਨੂੰ ਗੁਰਬਾਣੀ ਦੇ ਹਵਾਲੇ ਵਿਚ 'ਸਬਦ' ਰੂਪ ਵਿਚ ਹੀ ਅੰਕਿਤ ਕਰ ਰਹੇ ਹਾਂ।

[2] ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮਹਲਾ ੧ ਸਿਧ ਗੋਸਟਿ, ੯੪੩.

ਹੋਇਆ ਵੀ 'ਸਬਦ-ਰੂਪ' ਹੁੰਦਾ ਹੈ। ਗੁਰੂ-ਜੋਤਿ ਦੀ ਇਕ ਨਿਸ਼ਚਿਤ 'ਜੁਗਤਿ' ਰਹੀ ਹੈ, ਜਿਸ ਦੁਆਰਾ ਉਸ ਨੇ ਜਗਤ ਦਾ ਕਲਿਆਨ ਕੀਤਾ। ਇਸ ਸਮੁਚੇ ਵਰਤਾਰੇ ਨੂੰ ਸਮਝਣ ਤੋਂ ਪਹਿਲਾਂ 'ਸਬਦ' ਦੇ ਅਰਥ, ਵਿਆਕਰਨਕ ਰੂਪ ਅਤੇ ਪਰਿਭਾਸ਼ਾ ਆਦਿ ਨੂੰ ਸਮਝਣਾ ਜਰੂਰੀ ਹੈ:

### 5.1.1 ਸਬਦ: ਅਰਥ

ਭਾਸ਼ਾ ਦੀ ਹਰ ਆਵਾਜ਼ ਲਈ ਇਕ ਵਖਰਾ ਚਿੰਨ੍ਹ (ਲਿਪੀ ਚਿੰਨ੍ਹ) ਹੁੰਦਾ ਹੈ, ਜਿਸ ਨੂੰ ਅਖਰ (syllable) ਕਹਿੰਦੇ ਹਨ। ਅਖਰਾਂ ਦੇ ਜੋੜ ਤੋਂ ਸਬਦ ਬਣਦੇ ਹਨ। ਭਾਈ ਕਾਨ੍ਹ ਸਿੰਘ ਅਨੁਸਾਰ ਅਖਰ ਦੇ ਅਰਥ ਹਨ: ਵਰਣ, ਹਰਫ, ਬਾਣੀ ਦੇ ਲਿਖਣ ਲਈ ਥਾਪੇ ਹੋਏ ਚਿੰਨ੍ਹ-ਅਖਰ ਅਵਿਨਾਸ਼ੀ, ਪਾਰਬ੍ਰਹਮ, ਉਪਦੇਸ਼, ਮੰਤ੍ਰ ਆਦਿ।[3] ਗੁਰਬਾਣੀ ਵਿਚ 'ਅਖਰ' ਦੀ ਵਰਤੋਂ ਕਈ ਅਰਥਾਂ ਵਿਚ ਹੋਈ ਹੈ, ਜਿਵੇਂ: ਸਬਦ[4], ਵਿਦਿਆ[5], ਗੁਰ-ਉਪਦੇਸ਼[6], ਹੁਕਮ[7] ਤੇ ਕਿਣਕਾ ਨਾਮ[8] ਆਦਿ।

ਵਿਆਕਰਨ ਅਨੁਸਾਰ 'ਸਬਦ' ਸਾਰਥਕ ਧੁਨੀਆਂ ਦਾ ਸਮੂਹ ਹੈ। ਇਸ ਦੇ ਕੋਸ਼ਗਤ ਅਰਥ ਧੁਨੀ/ਆਵਾਜ਼ ਹਨ।[9] ਭਾਈ ਕਾਨ੍ਹ ਸਿੰਘ ਨਾਭਾ 'ਸਬਦ' ਦੇ ਅਰਥ ਕਰਦੇ ਹਨ: ਧੁਨੀ, ਆਵਾਜ਼, ਸੁਰ, ਪਦ, ਲਫਜ਼, ਗੁਫਤਗੂ, ਗੁਰ ਉਪਦੇਸ਼, ਬ੍ਰਹਮ/ਕਰਤਾਰ, ਧਰਮ, ਮਜ਼ਹਬ, ਪੈਗਾਮ ਅਤੇ ਸੁਨੇਹਾ ਆਦਿ।[10] ਭਾਈ ਸਾਹਿਬ ਨੇ 'ਸਬਦ' ਦੇ ਬਾਣੀ ਸੰਦਰਭ ਵਿਚ ਵੀ ਅਰਥ ਕੀਤੇ ਹਨ: ਕਰਤਾਰ, ਸਤਿਗੁਰਾਂ ਦ੍ਵਾਰਾ ਪ੍ਰਾਪਤ ਹੋਇਆ ਕਰਤਾਰ ਦਾ ਹੁਕਮ, ਧਰਮ, ਗੁਰ ਮੰਤ੍ਰ ਅਤੇ ਗੁਰਬਾਣੀ ਆਦਿ।[11] 'ਸ਼ਬਦ' ਦੇ ਦੋ ਪ੍ਰਕਾਰ ਹਨ: ਵਰਣਾਤਮਕ ਅਤੇ ਧੁਨਿਆਤਮਕ। ਵਰਣਾਤਮਕ ਸਬਦ ਬੋਲਣ-ਇੰਦਰੀ ਦੁਆਰਾ ਪੈਦਾ ਹੁੰਦੇ ਹਨ ਅਤੇ ਢੋਲ, ਤਾੜੀ, ਛੈਣੇ ਤੋਂ ਪੈਦਾ

---

[3] *ਮਹਾਨ ਕੋਸ਼*, ਪੰਨਾ 38.

[4] *ਅਖਰ ਨਾਨਕ ਅਖਿਓ ਆਪਿ॥ ਲਹੈ ਭਰਾਤਿ ਹੋਵੈ ਜਿਸੁ ਦਾਤਿ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰ ਮਾਝ ਮ: ੧, ੧੫0.

[5] *ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥* ਉਹੀ, ਸਿਰੀਰਾਗੁ ਮਹਲਾ ੧, ੬੧.

[6] *ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ॥*
*ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ॥* ਉਹੀ, ਆਸਾ ਮਹਲਾ ੧, ੩੫੪.

[7] *ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ॥*
*ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ॥* ਉਹੀ, ਬਸੰਤ ਮਹਲਾ ੧, ੧੧੭੧.

[8] *ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ॥*
*ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ॥* ਉਹੀ, ਗਉੜੀ ਬਾਵਨ ਅਖਰੀ ਮਹਲਾ ੫, ੨੬੧.

[9] *ਸਾਹਿੱਤ ਕੋਸ਼: ਪਾਰਿਭਾਸ਼ਿਕ ਸ਼ਬਦਾਵਲੀ*, ਪੰਨਾ 176.

[10] *ਮਹਾਨ ਕੋਸ਼,* ਪੰਨਾ 156.

[11] *ਗੁਰੁਮਤ ਮਾਰਤੰਡ* (ਭਾਗ ਪਹਿਲਾ), ਪੰਨਾ 131.

ਹੋਣ ਵਾਲੇ ਸਬਦ ਧੁਨਿਆਤਮਿਕ ਕਹੇ ਜਾਂਦੇ ਹਨ।[12] ਸੰਚਾਰ ਨਜ਼ਰੀਏ ਤੋਂ ਸਬਦ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਸੰਚਾਰ-ਵਸੀਲਾ ਹੈ। ਵਿਗਿਆਨ ਅਤੇ ਗਣਿਤ ਵਿਚ ਇਹ ਚਿੰਨ੍ਹਾਂ ਦਾ ਵਰਤਾਰਾ ਹੈ। ਸਾਧਾਰਨ ਅਰਥਾਂ ਵਿਚ ਕਿਸੇ ਵਸਤੂ ਦੇ ਸਰੂਪ ਦਾ ਬੋਧ ਕਰਵਾਉਣ ਵਾਲੀ ਧੁਨੀ ਨੂੰ ਸਬਦ ਕਿਹਾ ਜਾਂਦਾ ਹੈ।

### 5.1.2 ਸਬਦ: ਵਿਆਕਰਨਕ ਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਬਦ' ਨਾਂਵ (ਸੰਗਿਆ), ਪੁਲਿੰਗ, ਅਤੇ ਇਕ ਵਚਨ ਦੇ ਰੂਪ ਵਿਚ ਆਇਆ ਹੈ। 'ਸਬਦ' ਅਤੇ 'ਗੁਰਸਬਦ' ਦੋਹਾਂ ਦਾ ਭਾਵ 'ਗੁਰਸਬਦ' ਹੀ ਹੈ। ਸਬਦ ਨੂੰ (ਗੁਰੂ ਦਾ ਸਬਦ[13], ਸੁਨੇਹਾ[14], ਗੁਰ-ਉਪਦੇਸ਼[15]), ਸਬਦੁ (ਆਵਾਜ਼[16], ਉਪਦੇਸ਼[17], ਧਰਮ[18]), ਸਬਦਾਹ[19], ਸਬਦਿ (ਸਬਦ ਦੁਆਰਾ[20] ਸਾਗਰ[21]), ਸਬਦੀ (ਉਪਦੇਸ਼ ਦੁਆਰਾ[22], ਅਭਿਆਸੀ[23], ਸਬਦੇ[24]/ਸਬਦੈ[25], ਸਬਦੋ[26]/ਸਬਦੌ[27] ਅਤੇ ਸਬਦੰ[28] ਆਦਿ ਰੂਪਾਂ ਵਿਚ ਵਰਤਿਆ ਗਿਆ ਹੈ।

### 5.1.3 ਸਬਦ: ਪਰਿਭਾਸ਼ਾ

ਸਬਦ ਨੂੰ ਦਾਰਸ਼ਨਿਕ ਦ੍ਰਿਸ਼ਟੀ ਤੋਂ ਪਰਿਭਾਸ਼ਿਤ ਕਰਦੇ ਹੋਏ ਡਾ. ਬਲਬੀਰ ਸਿੰਘ ਕਹਿੰਦੇ ਹਨ, "ਸਬਦ ਇਕ ਅਨੁਭਵ-ਗੋਚਰ ਚੀਜ਼ ਹੈ। ਇਸ ਦਾ ਪੂਰਾ ਜਾਇਜ਼ਾ ਜਿਹੜੀ ਅੰਤਰ-ਬਿਤਰੀ ਲੈ

---

[12] *ਸਾਹਿੱਤ ਕੋਸ਼: ਪਾਰਿਭਾਸ਼ਿਕ ਸ਼ਬਦਾਵਲੀ*, ਪੰਨਾ 176.
[13] *ਗੁਰ ਕਾ ਸਬਦੁ ਸਦਾ ਸਦ ਅਟਲਾ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮਹਲਾ ੫, ੧੩੪੦.
[14] *ਧਨ ਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦੁ ਪਠਾਈ॥* ਉਹੀ ਮਲਾਰ ਮਹਲਾ ੧, ੧੨੭੩.
[15] *ਤਾਰਣ ਤਰਣ ਸਮ੍ਰਥੁ ਕਲਿਜੁਗਿ ਸੁਨਤ ਸਮਾਧਿ ਸਬਦ ਜਿਸੁ ਕੇਰੇ॥* ਉਹੀ, ਸਵਈਏ ਮਹਲੇ ਚਉਥੇ ਕੇ ੪, ੧੪00.
[16] *ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ॥* ਉਹੀ, ਸਿਰੀਰਾਗ ਮਹਲਾ ੧, ੨੨.
[17] *ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥* ਉਹੀ, ਆਸਾ ਮ: ੧, ੪੬੫.
[18] *ਘੜੀਐ ਸਬਦੁ ਸਚੀ ਟਕਸਾਲ॥* ਉਹੀ, ਜਪੁ, ੮.
[19] *ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ॥* ਉਹੀ, ਸਿਰੀਰਾਗ ਮ: ੧, ੬੪.
[20] *ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ॥* ਉਹੀ, ਸਿਰੀਰਾਗੁ ਮਹਲਾ ੩, ੩੦-੧.
[21] *ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ॥* ਉਹੀ, ਰਾਮਕਲੀ ਕੀ ਵਾਰ, ੯੬੭.
[22] *ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ॥* ਉਹੀ, ਸ੍ਰੀਰਾਗ ਮਹਲਾ ੩, ੩੬.
[23] *ਗੁਰ ਸਬਦੀ ਮਨਿ ਨਾਮਿ ਨਿਵਾਸੁ॥ ਨਾਨਕ ਸਚ ਭਾਂਡਾ ਜਿਸੁ ਸਬਦ ਪਿਆਸ॥* ਉਹੀ, ਗਉੜੀ ਗੁਆਰੇਰੀ ਮ: ੩, ੧੫੮.
[24] *ਭਵਜਲੁ ਬਿਨੁ ਸਬਦੈ ਕਿਉ ਤਰੀਐ॥* ਉਹੀ, ਰਾਗੁ ਭੈਰਉ ਮਹਲਾ ੧, ੧੧੨੫.
[25] *ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥* ਉਹੀ, ਸੋਰਠਿ ਮਹਲਾ ੧, ੬੩੫.
[26] *ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥* ਉਹੀ, ਰਾਮਕਲੀ ਮਹਲਾ ੩ ਅਨੰਦੁ, ੯੧੭.
[27] *ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ॥* ਉਹੀ, ਆਸਾ ਮਹਲਾ ੩, ੪੨੯.
[28] *ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥...* ਉਹੀ, ਆਸਾ ਮ:੨, ੪੬੯.

ਸਕਦੀ ਹੈ ਉਹ 'ਸੁਰਤਿ' ਹੈ। ਸੁਰਤਿ ਮਹਿਸੂਸ ਕਰਦੀ ਹੈ ਸਬਦ ਦੀ ਹਸਤੀ ਨੂੰ, ਸਬਦ ਦੇ ਸਰਗੁਣ ਵਜੂਦ ਨੂੰ, ਸਬਦ ਦੀ ਅਨਹਦ ਵਿਆਪਕਤਾ ਨੂੰ, ਸਬਦ ਦੀ ਨਿਰੰਤਰਤਾ ਨੂੰ ਅਤੇ ਸਬਦ ਦੀ ਅਸਬਦਤਾ ਨੂੰ।"[29] ਸ. ਕਪੂਰ ਸਿੰਘ ਦੇ ਸ਼ਬਦਾਂ ਵਿਚ, "ਸਬਦ ਉਹ ਤਤ ਹੈ ਜਿਸ ਨੂੰ ਜਾਣਦਿਆਂ 'ਸਚ' ਦੀ ਸੋਝੀ ਹੁੰਦੀ ਹੈ ਅਤੇ ਸਚ ਨਾਲ ਇਕ-ਮਿਕ ਹੋ ਜਾਈਦਾ ਹੈ।"[30] ਹਰਿੰਦਰ ਸਿੰਘ ਮਹਿਬੂਬ ਅਨੁਸਾਰ, "ਸਬਦ ਅੱਖਰੀ-ਬਣਤਰ ਦੀ ਅਸਚਰਜਤਾ-ਪੂਰਨ ਗੁੰਝਲ ਨਹੀਂ, ਜੋ ਕਿ ਤੰਤ੍ਰਾਂ-ਮੰਤ੍ਰਾਂ ਅਤੇ ਕ੍ਰਿਸ਼ਮਿਆਂ ਵਿਚ ਉਤਪੰਨ ਹੁੰਦੀ ਹੈ। ਇਹ ਰਿਸ਼ੀਆਂ-ਮੁਨੀਆਂ ਦਾ ਸੁਅਛ-ਨਗਨ ਧਿਆਨ ਵੀ ਨਹੀਂ, ਅਤੇ ਨਾਂਹ ਹੀ ਯੋਗੀਆਂ ਦੀਆਂ ਤਪਸਿਆਵਾਂ ਦਾ ਸਿਖਰ ਹੈ।... ਇਸ ਦਾ ਕੇਵਲ ਬੌਧਿਕ ਅਨੁਮਾਨ ਹੀ ਲਗਾਇਆ ਜਾ ਸਕਦਾ ਹੈ।"[31]

ਧਰਮ ਚਿੰਤਨ ਦੇ ਪਧਰ 'ਤੇ ਸਬਦ, ਕੋਸ਼-ਵਿਗਿਆਨ ਤੋਂ ਉਪਰ ਉਠ ਕੇ ਗਹਿਰ-ਗੰਭੀਰ ਚਿੰਤਨ ਦਾ ਵਿਸ਼ਾ ਹੈ। ਸਿੱਖ ਧਰਮ ਵਿਚ 'ਸਬਦ' ਨੂੰ 'ਖਸਮ ਕੀ ਬਾਣੀ' ਕਹਿ ਕੇ ਵਡਿਆਇਆ ਗਿਆ ਹੈ। ਇਸ 'ਸਬਦ' ਦਾ ਬਾਣੀਕਾਰਾਂ ਨੇ ਪਹਿਲਾਂ ਆਪ ਅਨੁਭਵ ਕੀਤਾ, ਫਿਰ ਉਸ ਅਨੁਭਵ ਨੂੰ 'ਬਾਣੀ' ਰਾਹੀਂ ਪ੍ਰਗਟ ਕੀਤਾ।[32] ਜ਼ਿਕਰਯੋਗ ਹੈ ਕਿ 'ਗੁਰਬਾਣੀ' ਅਤੇ 'ਬਾਣੀ' ਦੋਨੋ ਸ਼ਬਦ 'ਸਬਦ' ਦੇ ਅਰਥਾਂ ਵਿਚ ਹੀ ਆਏ ਹਨ। ਗੁਰੂ ਨਾਨਕ ਦੇਵ ਜੀ ਨੇ 'ਵੇਈਂ ਪ੍ਰਵੇਸ਼' ਤੋਂ ਪਿਛੋਂ 'ਸਬਦ' ਦਾ ਪ੍ਰਵਾਹ ਚਲਾਇਆ। ਗੁਰੂ ਸਾਹਿਬ ਉਦਾਸੀਆਂ ਦੌਰਾਨ ਜਿਥੇ ਵੀ ਗਏ, ਉਨ੍ਹਾਂ 'ਸਬਦ' ਦੀ ਬਰਕਤ ਨਾਲ ਲੋਕਾਈ ਨੂੰ ਸਿਧੇ ਰਾਹ ਪਾਇਆ। 'ਸਬਦ' ਦੀ ਅਪਾਰ ਸ਼ਕਤੀ ਦੇ ਅੰਤਰਗਤ ਜਨਮਸਾਖੀਆਂ ਵਿਚ ਅਨੇਕ ਸਾਖੀਆਂ ਦਾ ਜ਼ਿਕਰ ਆਉਂਦਾ ਹੈ, ਜਿਨ੍ਹਾਂ ਰਾਹੀਂ ਸਿਧ ਹੁੰਦਾ ਹੈ ਕਿ ਗੁਰੂ ਸਾਹਿਬ ਨੇ 'ਸਬਦ' ਦੀ ਸ਼ਕਤੀ ਨਾਲ ਅਨੇਕ ਵਿਅਕਤੀਆਂ ਦਾ ਪਾਰ ਉਤਾਰਾ ਕੀਤਾ। ਇਸ ਪ੍ਰਥਾਇ ਸਭ ਤੋਂ ਮੁਢਲੀ ਸਾਖੀ ਸਜਣ ਠਗ ਵਾਲੀ ਹੈ, ਜਿਸ ਦਾ ਜਨਮਸਾਖੀ ਵਿਚ ਇਉਂ ਜ਼ਿਕਰ ਹੈ:

---

[29] *ਸੁਰਤਿ ਸ਼ਬਦ ਵਿਚਾਰ*, ਪੰਨਾ ੩0.

[30] "Sabad is that essence of things by understanding which, man comprehends the truth and thus becomes one with Truth." Kapur Singh, *Parasaraprasna : The Baisakhi of Guru Gobind Singh*, p. 168.

[31] *ਸਹਿਜੇ ਰਚਿਓ ਖਾਲਸਾ*, ਪੰਨਾ 295.

[32] -*ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਤਿਲੰਗ ਮਹਲਾ ੧, ੭੨੨.
-*ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥* ਉਹੀ, ਸੂਹੀ ਮਹਲਾ ੫, ੭੬੩.

*...ਜਬ ਰਾਤਿ ਪਈ ਤਬਿ ਆਖਿਓਸੁ: ਉਠਹੁ ਜੀ ਸੋਵਹੁ। ਤਬਿ ਬਾਬੇ ਆਖਿਆ, ਸਜਣੇ ! ਇਕੁ ਸਬਦੁ ਖੁਦਾਇ ਦੀ ਬੰਦਗੀ ਕਾ ਆਖਿ ਕਰਿ ਸੋਵਹਿਗੇ। ਤਬਿ ਸੇਖ ਸਜਨਿ ਆਖਿਆ: ਭਲਾ ਹੋਵੈ ਜੀ ਆਖਹੁ ਜੀ ਰਾਤਿ ਬਹੁਤੁ ਗੁਜਰਦੀ ਜਾਂਦੀ ਹੈ। ਤਉ ਬਾਬੇ ਆਖਿਆ ਮਰਦਾਨਿਆ ! ਰਬਾਬੁ ਵਜਾਇ। ਤਾਂ ਮਰਦਾਨੇ ਰਬਾਬੁ ਵਜਾਇਆ। ਰਾਗ ਸੂਹੀ ਕੀਤੀ। ਗੁਰੂ ਨਾਨਕ ਸਬਦੁ ਉਠਾਇਆ।... ਤਬ ਦਰਸਨ ਕਾ ਸਦਕਾ ਬੁਧਿ ਹੋਇ ਆਈ। ਜਾਂ ਵੀਚਾਰੇ ਤਾਂ ਸਭ ਮੇਰੇ ਗੁਨਾਹ ਸਹੀ ਹੋਇ ਹੈਨਿ। ਤਬਿ ਆਇ ਉਠਿ ਕਰਿ ਪੈਰੀ ਪਇਆ ਪੈਰਿ ਚੁੰਮਿਓਸ।...* [33]

ਗੁਰੂ ਨਾਨਕ ਦੇਵ ਜੀ ਦੇ ਨੌਂ ਉਤਰਾਧਿਕਾਰੀਆਂ ਨੇ ਵੀ ਇਸ ਪ੍ਰਵਾਹ ਨੂੰ ਨਿਰੰਤਰ ਜਾਰੀ ਰਖਿਆ। ਸਿੱਖ ਧਰਮ ਵਿਚ ਅਕਾਲਪੁਰਖ, ਗੁਰੂ ਅਤੇ ਸਬਦ ਇਕ-ਦੂਜੇ ਦੇ ਪੂਰਕ ਨਹੀਂ, ਸਗੋਂ ਇਕ ਹੀ ਰੂਪ ਹਨ। ਅਕਲਪੁਰਖ ਵੀ ਸਬਦ-ਰੂਪ ਹੈ, ਬਾਣੀ ਵੀ ਸਬਦ ਹੈ ਅਤੇ ਗੁਰੂ ਵੀ ਸਬਦ-ਰੂਪ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਆਉਂਦਾ ਹੈ ਕਿ ਪਾਰਬ੍ਰਹਮ ਨੇ ਆਪਣਾ 'ਆਪੁ' (ਆਪ) 'ਗੁਰੂ' ਵਿਚ ਸਮਾ ਕੇ 'ਸਬਦ-ਗੁਰੂ' ਦਾ ਵਰਤਾਰਾ ਵਰਤਾਇਆ:

*ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥*[34]

ਭਟ ਬਾਣੀ ਅਨੁਸਾਰ 'ਸਬਦ-ਬ੍ਰਹਮ' ਹੀ 'ਸਬਦ-ਗੁਰੂ' ਦੇ ਰੂਪ ਵਿਚ ਸਾਰੀ ਸ੍ਰਿਸ਼ਟੀ ਦਾ ਗੁਰੂ ਹੈ। ਗੁਰਬਾਣੀ ਵਿਚ ਅਜਿਹੇ ਕਈ ਪ੍ਰਮਾਣ ਮਿਲਦੇ ਹਨ, ਜਿਥੇ 'ਗੁਰੂ' ਅਤੇ 'ਸਬਦ' ਸਮਾਨਰਥੀ ਰੂਪ ਵਿਚ ਪ੍ਰਕਾਸ਼ਮਾਨ ਹੁੰਦੇ ਹਨ:

1. – *ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥*[35]
   – *ਸਬਦੁ ਦੀਪਕੁ ਵਰਤੈ ਤਿਹੁ ਲੋਇ॥ ਜੋ ਚਾਖੈ ਸੋ ਨਿਰਮਲੁ ਹੋਇ॥*[36]

---

[33] *ਪੁਰਾਤਨ ਜਨਮਸਾਖੀ,* ਸਾਖੀ/ਪੰਨੇ ੧੩/੫੨-੩.
[34] ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰ ਮਲਾਰ ਕੀ ਮਹਲਾ ੧, ੧੨੭੯.
[35] ਉਹੀ, ਵਾਰ ਮਾਝ ਕੀ ਸਲੋਕ ਮ: ੧, ੧੩੭.
[36] ਉਹੀ, ਧਨਾਸਰੀ ਮਹਲਾ ੩, ੬੬੪.

2. – *ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ॥*[37]

– *ਤੇਰਾ ਸਬਦੁ ਅਗੋਚਰੁ ਗੁਰਮੁਖਿ ਪਾਈਐ ਨਾਨਕ ਨਾਮਿ ਸਮਾਇ ਜੀਉ॥*[38]

3. – *ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ॥*[39]

– *ਕਿਆ ਭਵੀਐ ਸਚਿ ਸੂਚਾ ਹੋਇ॥*
*ਸਾਚੁ ਸਬਦ ਬਿਨੁ ਮੁਕਤਿ ਨ ਕੋਇ॥*[40]

4. – *ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ॥*
*ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ॥*[41]

– *ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ॥*
*ਸਬਦੁ ਹਰਿ ਹਰਿ ਜਪੈ ਨਾਮੁ ਨਵ ਨਿਧਿ ਅਪੈ*
*ਰਸਨਿ ਅਹਿਨਿਸ ਰਸੈ ਸਤਿ ਕਰਿ ਜਾਨੀਅਹੁ॥*[42]

ਸਬਦ ਦਾ ਇਹੋ ਹੀ ਰਹਸਵਾਦੀ ਸਿਧਾਂਤ ਹੈ, ਜਿਸ ਅਧੀਨ 'ਸਬਦ', ਗੁਰੂ/ਪੀਰ ਦਾ ਦਰਜਾ ਰਖਦਾ ਹੈ।[43] ਗੁਰਬਾਣੀ ਅੰਦਰ 'ਸਬਦ' ਦੀ ਵਿਆਖਿਆ ਕਈ ਅਰਥਾਂ ਵਿਚ ਹੋਈ ਹੈ। ਪ੍ਰਮੁਖ ਰੂਪ ਵਿਚ 'ਸਬਦ' ਨੂੰ 'ਇਲਾਹੀ ਸਦ' ਵਜੋਂ ਪੇਸ਼ ਕੀਤਾ ਗਿਆ ਹੈ:

*ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ॥*
*ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ॥*
*ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ॥*[44]

ਗੁਰੂ-ਜੋਤਿ ਸਦੀਵੀ ਹੈ, ਜਿਸ ਨੂੰ ਭਟ ਸਲ੍ਹ ਚਾਰੇ ਜੁਗਾਂ ਵਿਚ ਵਿਚਰਦੀ ਪ੍ਰਵਾਨ ਕਰਦੇ ਹਨ:

*ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥*[45]

---

[37] ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗ ਮਹਲਾ ੫, ੫੨.
[38] ਉਹੀ, ਆਸਾ ਮਹਲਾ ੪, ੪੪੮.
[39] ਉਹੀ, ਸਵਈਏ ਮਹਲੇ ਚਉਥੇ ਕੇ ੪, ੧੪੦੧.
[40] ਉਹੀ, ਰਾਮਕਲੀ ਮਹਲਾ ੧ ਸਿਧ ਗੋਸਟਿ, ੯੩੮.
[41] ਉਹੀ, ਸਵਈਏ ਮਹਲੇ ਚਉਥੇ ਕੇ ੪, ੧੩੯੯.
[42] ਉਹੀ, ੧੪੦੦.
[43] *ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥* ਉਹੀ, ਸੋਰਠਿ ਮਹਲਾ ੧, ੬੩੫.
[44] ਉਹੀ, ਰਾਗ ਮਾਰੂ ਮਹਲਾ ੧, ੯੮੯.
[45] ਉਹੀ, ਸਵਈਏ ਮਹਲੇ ਚਉਥੇ ਕੇ ੪, ੧੪੦੬.

ਦਸ ਗੁਰੂ ਸਾਹਿਬਾਨ ਦੀ ਏਕਤਾ ਤਾਂ ਹੀ ਸਿਧ ਹੋ ਸਕਦੀ ਹੈ, ਜੇਕਰ 'ਸਬਦ' ਨੂੰ ਗੁਰੂ ਮੰਨਿਆ ਜਾਵੇ। ਸਾਰੇ ਗੁਰੂਆਂ ਦੀਆਂ ਦੇਹਾਂ (ਸ਼ਰੀਰ) ਤਾਂ ਵਖ-ਵਖ ਸਨ, ਪਰ ਉਨ੍ਹਾਂ ਵਿਚਲੀ ਜੋਤਿ ਇਕੋ ਸੀ, ਭਾਵ ਉਨ੍ਹਾਂ ਰਾਹੀਂ ਪ੍ਰਗਟ ਹੋ ਰਹੀ ਰੌਸ਼ਨੀ (ਗਿਆਨ) ਇਕੋ ਸੀ:

*ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥*[46]

ਗੁਰੂ ਅਮਰਦਾਸ ਜੀ ਅਨੁਸਾਰ ਗੁਰ-ਸਬਦ ਗੁਰੂ ਤੋਂ ਹੀ ਪ੍ਰਗਟ ਹੁੰਦਾ ਹੈ ਹੋਰ ਥਾਂ ਨਹੀਂ ਟਿਕਦਾ:

*ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ॥*[47]

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਚਲਿਆ ਗੁਰਿਆਈ ਦਾ ਵਰਤਾਰਾ, ਅੰਤ 'ਸਬਦ' ਦੀ ਗੁਰੂ ਵਜੋਂ ਸਥਾਪਤੀ 'ਤੇ ਸਮਾਪਤ ਹੁੰਦਾ ਹੈ। ਇਹ ਸਮੁਚਾ ਦੈਵੀ ਵਰਤਾਰਾ ਅਸਲ ਵਿਚ 'ਸਬਦ-ਗੁਰੂ' ਦੀ ਹੀ ਪਰੰਪਰਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਸਬਦ' ਨੂੰ ਗੁਰਿਆਈ ਦੇ ਕੇ ਸ਼ਖਸੀ ਗੁਰੂ ਦੀ ਹੋਂਦ ਸਦਾ ਲਈ ਖਤਮ ਕਰ ਦਿਤੀ। ਜ਼ਿਕਰਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ 'ਗੁਰੂ-ਜੋਤਿ' ਦੀ ਪ੍ਰਧਾਨਤਾ ਰਹੀ ਹੈ। ਗੁਰੂ ਨਾਨਕ ਦੇਵ ਜੀ ਦੇ ਬਾਕੀ ਨੌਂ ਉਤਰਾਧਿਕਾਰੀਆਂ ਨੇ ਵੀ 'ਸਬਦ', 'ਬਾਣੀ', 'ਗੁਰਬਾਣੀ' ਅਤੇ 'ਬਚਨ', ਆਦਿ ਨੂੰ 'ਗੁਰੂ' ਦੇ ਤੁਲ ਹੀ ਦਰਸਾਇਆ ਹੈ। ਗੁਰੂ ਗੋਬਿੰਦ ਸਿੰਘ ਨੇ ਪ੍ਰਤਖ ਰੂਪ ਵਿਚ 'ਗ੍ਰੰਥ-ਪੰਥ' ਨੂੰ ਗੁਰਿਆਈ ਦੇ ਕੇ ਦ੍ਰਿੜ ਕਰਵਾ ਦਿਤਾ ਕਿ ਪੰਥ ਦੇ ਤਾਬਿਆਂ 'ਸਬਦ' ਹੀ ਗੁਰੂ ਹੈ।

ਗਹੁ ਨਾਲ ਵਿਚਾਰੀਏ ਤਾਂ ਸਬਦ-ਗੁਰੂ ਦਾ ਸਿਧਾਂਤ ਤਿੰਨ ਰੂਪਾਂ ਵਿਚ ਮੂਰਤੀਮਾਨ ਹੁੰਦਾ ਹੈ: ਪੋਥੀ, ਆਦਿ ਗ੍ਰੰਥ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ। ਪੋਥੀ ਤੋਂ ਭਾਵ ਬਾਣੀ-ਸੰਗ੍ਰਹਿ ਹੈ, ਜਿਸ ਵਿਚ ਪਰਮਾਤਮਾ ਦੀ ਸਿਫਤ-ਸਾਲਾਹ ਸ਼ਾਮਿਲ ਹੈ। ਇਸੇ ਲਈ ਪੋਥੀ ਨੂੰ ਪਰਮੇਸਰ ਦਾ ਨਿਵਾਸ-ਸਥਾਨ ਕਿਹਾ ਗਿਆ ਹੈ:

*ਪੋਥੀ ਪਰਮੇਸਰ ਕਾ ਥਾਨੁ॥*
*ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥*[48]

---

[46] ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸੋਰਠਿ ਵਾਰ ਮਹਲੇ ੪ ਕੀ , ੬੪੬.
[47] ਉਹੀ, ਸਾਰੰਗ ਕੀ ਵਾਰ ਸਲੋਕ ਮਹਲਾ ੪, ੧੨੪੯.
[48] ਉਹੀ, ਸਾਰਗ ਮਹਲਾ ੫, ੧੨੨੬.

ਸਬਦ-ਗੁਰੂ ਦਾ ਜਿਹੜਾ ਸਫਰ 'ਪੋਥੀ' ਤੋਂ ਆਰੰਭ ਹੋਇਆ, 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਗੁਰਿਆਈ ਮਿਲਣ 'ਤੇ ਸੰਪੂਰਨ ਹੋਇਆ। ਇਤਿਹਾਸਕ ਹਵਾਲਿਆਂ ਦੇ ਅਧਾਰ 'ਤੇ ਇਕ ਤੋਂ ਦੂਜੇ ਗੁਰੂ ਨੂੰ ਗੁਰਿਆਈ ਦੇਣ ਸਮੇਂ ਜਿਥੇ ਹੋਰ ਪਦਾਰਥ ਆਦਿ ਦਿਤੇ ਜਾਂਦੇ ਸਨ, 'ਪੋਥੀ' ਵੀ ਉਨ੍ਹਾਂ ਵਸਤਾਂ ਨਾਲ ਲਾਜ਼ਮੀ ਦਿਤੀ ਜਾਂਦੀ ਸੀ।[49] ਪੋਥੀ ਸਾਹਿਬ ਦਾ ਇਹ ਰੂਪ ਪੰਜਵੇਂ ਪਾਤਿਸ਼ਾਹ ਤਕ ਨਿਰੰਤਰ ਚਲਿਆ। 'ਆਦਿ ਗ੍ਰੰਥ' ਦੀ ਸੰਪਾਦਨਾ ਵੇਲੇ ਗੁਰੂ ਅਰਜਨ ਦੇਵ ਜੀ ਨੇ ਪੋਥੀ ਨੂੰ ਹੀ ਮੁਖ ਸ੍ਰੋਤ ਵਜੋਂ ਵਰਤਿਆ, ਜਿਸ ਉਪਰੰਤ 'ਪੋਥੀ' ਨੂੰ ਬਾਅਦ ਵਿਚ ਗ੍ਰੰਥ ਸਾਹਿਬ ਦੇ ਨਾਮ ਨਾਲ ਹੀ ਜਾਣਿਆ ਜਾਣ ਲਗਾ।[50]

ਸਬਦ-ਗੁਰੂ ਦੇ ਅਧਿਆਤਮਕ ਸਫਰ ਵਿਚ 'ਆਦਿ ਬੀੜ' ਦਾ ਸੰਪਾਦਨ ਦੂਜਾ ਪੜ੍ਹਾਅ ਹੈ।[51] ਇਥੇ ਕੇਵਲ ਇਹ ਦਸਣਾ ਜ਼ਰੂਰੀ ਹੈ ਕਿ 'ਆਦਿ ਗ੍ਰੰਥ' ਦੀ ਸੰਪਾਦਨਾ ਨੇ ਹੀ ਸਬਦ ਦੀ 'ਗੁਰੂ' ਵਜੋਂ ਸਥਾਪਤੀ ਵਿਚ ਅਹਿਮ ਰੋਲ ਅਦਾ ਕੀਤਾ।[52]

ਸਬਦ-ਗੁਰੂ ਦੇ ਸਫਰ ਦਾ ਤੀਜਾ ਪੜਾਅ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਹ ਕਹਿਣ ਵਿਚ ਕੋਈ ਅਤਿ-ਕਥਨੀ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ 'ਸਬਦ' ਤੋਂ 'ਸਬਦ-ਗੁਰੂ' ਤਕ ਦੀ ਯਾਤਰਾ ਹੈ। ਇਤਿਹਾਸਕ ਤੌਰ 'ਤੇ ਸਬਦ-ਗੁਰੂ ਦੇ ਅੰਤਿਮ ਰੂਪ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਨਾਮ ਨਾਲ ਨਿਵਾਜਿਆ ਗਿਆ ਹੈ। ਇਹ ਗ੍ਰੰਥ ਸਬਦ-ਗੁਰੂ ਦਾ ਜਾਗਤ-ਜੋਤਿ ਅਤੇ ਜ਼ਾਹਰਾ-ਜ਼ਹੂਰ ਸਰੂਪ ਹੈ। ਖਾਲਸਾ ਪੰਥ ਵਲੋਂ ਨਿਤ ਕੀਤੀ ਜਾਂਦੀ ਅਰਦਾਸ ਵਿਚ 'ਗੁਰੂ ਗ੍ਰੰਥ' ਨੂੰ 'ਦਸਾਂ ਪਾਤਸ਼ਾਹੀਆਂ ਦੀ ਜੋਤ' ਕਿਹਾ ਗਿਆ ਹੈ।[53] ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਿਥੇ 'ਆਤਮਿਕ ਸਰੂਪ' ਦੀ ਸੰਗਿਆ ਦਿਤੀ ਗਈ ਹੈ, ਉਥੇ ਇਸ ਪ੍ਰਥਾਇ 'ਪ੍ਰਗਟ ਗੁਰਾਂ ਦੀ ਦੇਹਿ' ਦੀ ਭਾਵਨਾ ਵੀ ਸਿੱਖਾਂ ਵਿਚ ਵਿਦਮਾਨ ਹੈ।[54] ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਮਿਲਣ ਤੋਂ

---

[49] *ਪੁਰਾਤਨ ਜਨਮਸਾਖੀ,* ਸਾਖੀ/ਪੰਨਾ - ੫੭/੨੦੮.

[50] "ਸੂਚੀ ਪਤ੍ਰ ਪੋਥੀ ਕਾ ਤਤਕਰਾ ਰਾਗਾਂ ਦਾ ਸੰਮਤ 1661 ਮਿਤੀ ਭਾਦਉ ਵਦੀ ਏਕਮ ੧ ਪੋਥੀ ਲਿਖਿ ਪਹੁਚੇ" *ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ,* ਪੰਨਾ 4.

[51] ਆਦਿ ਗ੍ਰੰਥ ਦੀ ਸੰਪਾਦਨਾ ਅਤੇ ਇਸ ਦੇ ਕਾਰਨ ਆਦਿ ਪੜਚੋਲਣਾ ਇਸ ਖੋਜ-ਪ੍ਰਬੰਧ ਦਾ ਵਿਸ਼ਾ ਨਹੀਂ, ਇਹ ਕਾਰਜ ਇਕ ਵਖਰੇ ਖੋਜ-ਪ੍ਰਬੰਧ ਦੀ ਮੰਗ ਕਰਦਾ ਹੈ।

[52] ਗ੍ਰੰਥ ਸਾਹਿਬ ਦਾ ਸੰਪਾਦਨ-ਇਤਿਹਾਸ ਦਾ ਜ਼ਿਕਰ ਇਥੇ ਨਹੀਂ ਕੀਤਾ ਜਾ ਰਿਹਾ।

[53] *ਸਿੱਖ ਰਹਿਤ ਮਰਯਾਦਾ,* ਪੰਨਾ ੧੦.

[54] *ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ॥... ਪੰਥ ਪ੍ਰਕਾਸ਼,* ਪੰਨਾ 353.

ਪਹਿਲਾਂ ਵੀ 'ਆਦਿ ਬੀੜ' ਦਾ ਸਤਿਕਾਰ 'ਸਬਦ-ਗੁਰੂ' ਵਾਂਗ ਹੀ ਕੀਤਾ ਜਾਂਦਾ ਸੀ। ਇਸ ਬਾਬਤ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਜਿਸ ਕਮਰੇ ਵਿਚ ਵਿਸ਼ਰਾਮ ਕਰਦੇ ਸਨ, ਉਥੇ ਹੀ ਆਪਣੇ ਤੋਂ ਉਚਾ ਆਸਣ ਉਨ੍ਹਾਂ ਨੇ 'ਆਦਿ ਬੀੜ' ਦੇ ਸੁਖਾਸਨ ਲਈ ਬਣਵਾਇਆ ਹੋਇਆ ਸੀ।[55]

ਗੁਰਬਾਣੀ ਨੂੰ ਸਬਦ-ਗੁਰੂ ਵਜੋਂ ਸਤਿਕਾਰਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸਬਦ ਹੀ ਗੁਰੂ ਹੈ, ਜਿਸ ਨਾਲੋਂ ਟੁਟਿਆ ਸੰਸਾਰ ਬੌਲਾ ਹੋਇਆ ਫਿਰਦਾ ਹੈ:

*ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥* [56]

ਗੁਰੂ ਰਾਮਦਾਸ ਜੀ ਨੇ ਪ੍ਰਤਖ ਰੂਪ ਵਿਚ ਬਾਣੀ (ਸਬਦ) ਨੂੰ ਗੁਰੂ ਕਹਿ ਕੇ ਵਡਿਆਇਆ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਬਾਣੀ ਹੀ ਗੁਰੂ ਹੈ, ਇਸ ਬਾਣੀ ਵਿਚ ਸਾਰੇ ਅੰਮ੍ਰਿਤ ਭਰਪੂਰ ਹਨ। ਇਸ ਦੀ ਆਗਿਆ ਮੰਨਣ ਵਾਲੇ 'ਸੇਵਕ' ਪ੍ਰਤਖ ਗੁਰੂ ਦੇ ਦੀਦਾਰ ਕਰਦੇ ਹਨ:

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*[57]

ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਰਚਨਾਵਾਂ ਵਿਚ ਸਬਦ ਦੀ ਗੁਰੂ ਵਜੋਂ ਵਿਸਤਾਰ ਸਹਿਤ ਵਿਆਖਿਆ ਮਿਲਦੀ ਹੈ। ਭਾਈ ਸਾਹਿਬ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਹਰਿਗੋਬਿੰਦ ਸਾਹਿਬ ਤਕ, ਛੇ ਗੁਰੂ ਮਹਿਲਾਂ ਦੀ ਵਡਿਆਈ ਕਰਦੇ ਹੋਏ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਨਿਰੰਕਾਰ ਹਨ। ਨਿਰੰਕਾਰ ਨੇ ਹੀ ਗੁਰੂ ਨਾਨਕ ਰੂਪ ਵਿਚ ਆਪਣਾ ਆਕਾਰ ਬਣਾਇਆ ਹੈ। ਗੁਰੂ ਸਾਹਿਬ ਨੇ ਗੁਰੂ ਅੰਗਦ ਦੇਵ ਜੀ ਨੂੰ ਆਪਣੇ ਅੰਗ ਤੋਂ ਇਸ ਤਰ੍ਹਾਂ ਪੈਦਾ ਕੀਤਾ, ਜਿਵੇਂ ਗੰਗਾ ਵਿਚੋਂ ਤਰੰਗ ਨਿਕਲਦੇ ਹਨ। ਗੁਰੂ ਅੰਗਦ ਦੇਵ ਤੋਂ ਗੁਰੂ ਅਮਰਦਾਸ ਜੀ 'ਜੋਤਿ' ਸਰੂਪ ਹੋ ਕੇ ਪ੍ਰਗਟ ਹੋਏ। ਗੁਰੂ ਅਮਰਦਾਸ ਜੀ ਤੋਂ ਗੁਰੂ ਰਾਮਦਾਸ ਜੀ ਇਸ ਤਰ੍ਹਾਂ ਪ੍ਰਗਟ ਹੋਏ ਜਿਵੇਂ ਸਬਦ ਵਿਚੋਂ ਅਨਹਦ ਨਾਦ ਪ੍ਰਗਟ ਹੁੰਦਾ ਹੈ। ਗੁਰੂ ਰਾਮਦਾਸ ਜੀ ਤੋਂ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਪ੍ਰਗਟ ਹੋਏ, ਜਿਵੇਂ ਸ਼ੀਸ਼ੇ ਵਿਚੋਂ ਮਾਨੋ ਮਨੁਖ ਆਪਣਾ ਹੀ ਚਿਹਰਾ ਦੇਖਦਾ ਹੈ, ਭਾਵ ਗੁਰੂ ਰਾਮਦਾਸ ਜੀ ਨੇ

---

[55] *Parasaraprasna : The Baisakhi of Guru Gobind Singh,* p. 163
[56] ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮਹਲਾ ੧, ੬੩੫.
[57] ਉਹੀ, ਨਟ ਮਹਲਾ ੪, ੯੮੨.

ਗੁਰੂ ਅਰਜਨ ਵਿਚ ਆਪਣਾ ਰੂਪ ਵਟਾ ਲਿਆ। ਭਾਈ ਸਾਹਿਬ ਦਸਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਆਪਣਾ ਰੂਪ ਗੁਰੂ ਹਰਿਗੋਬਿੰਦ ਸਾਹਿਬ ਵਿਚ ਤਬਦੀਲ ਕਰ ਕੇ, ਆਪਣਾ ਨਾਮ ਹਰਿਗੋਵਿੰਦ ਸਦਵਾਇਆ। ਗੁਰੂ ਨਾਨਕ ਦੇਵ ਜੀ ਤੋਂ ਗੁਰੂ ਹਰਿਗੋਬਿੰਦ ਸਾਹਿਬ ਤਕ ਇਕੋ (ਗੁਰੂ ਦਾ) ਵਰਤਾਰਾ ਚਲਿਆ। ਭਾਈ ਸਾਹਿਬ ਇਥੇ ਸੁਚੇਤ ਕਰਦੇ ਹਨ ਕਿ ਮਤ ਕਿਤੇ ਕੋਈ ਗੁਰੂ ਸਾਹਿਬਾਨ ਦੇ ਵਖੋ-ਵਖਰੇ ਸਰੀਰਕ ਰੂਪ ਦੇਖ ਕੇ ਟਪਲਾ ਖਾ ਜਾਵੇ, ਸਾਰੇ ਗੁਰੂ ਸਾਹਿਬਾਨ ਸਰੀਰਧਾਰੀ ਨਾ ਹੋ ਕੇ ਸਬਦ ਰੂਪ ਸਨ:

*ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ॥*
*ਗੁਰੂ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ॥*
*ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ॥*
*ਗੁਰ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ॥*
*ਰਾਮਦਾਸਹੁ ਅਰਜਨੁ ਗੁਰੂ ਦਰਸਨੁ ਦਰਪਨਿ ਵਿਚਿ ਦਿਖਾਇਆ॥*
*ਹਰਿਗੋਬਿੰਦ ਗੁਰ ਅਰਜਨਹੁ ਗੁਰੁ ਗੋਬਿੰਦੁ ਨਾਉ ਸਦਵਾਇਆ॥*
*ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ॥*
*ਪੈਰੀ ਪਾਇ ਸਭ ਜਗਤੁ ਤਰਾਇਆ॥*[58]

ਭਾਈ ਸਾਹਿਬ ਅਨੁਸਾਰ ਗੁਰਬਾਣੀ 'ਸਕਲ ਪਦਾਰਥ' ਦੀ ਦਾਤੀ ਹੈ। ਮਨੁਖ ਜਿਹੋ-ਜਿਹੀ ਭਾਵਨਾ ਲੈ ਕੇ ਗੁਰਬਾਣੀ ਨਾਲ ਜੁੜਦਾ ਹੈ, ਉਸੇ ਤਰ੍ਹਾਂ ਮਨੁਖ ਦੀ ਮਨੋਕਾਮਨਾ ਪੂਰੀ ਹੁੰਦੀ ਹੈ:

*ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ*
*ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਈ॥...*
*ਤੈਸੇ ਗੁਰਬਾਣੀ ਬਿਖੈ ਸਕਲ ਪਦਾਰਥ ਹੈ*
*ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ॥*[59]

'ਸਬਦ' ਨੂੰ ਗੁਰੂ-ਰੂਪ ਵਿਚ ਪ੍ਰਗਟ ਕਰਦੇ ਹੋਏ ਭਾਈ ਸਾਹਿਬ ਦਸਦੇ ਹਨ:

---

[58] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੨੪/੨੫.
[59] *ਕਬਿਤ ਸਵਈਏ ਭਾਈ ਗੁਰਦਾਸ,* ੫੪੬.

*– ਸਬਦੁ ਗੁਰੂ ਗੁਰੁ ਵਾਹੁ ਗੁਰਮੁਖਿ ਪਾਇਆ॥*[60]

*– ਸਬਦੁ ਗੁਰੂ ਗੁਰੁ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ॥*[61]

ਭਾਈ ਸਾਹਿਬ ਸਬਦ ਨੂੰ ਪਾਰਬ੍ਰਹਮ ਪਰਮੇਸਰ ਦਾ ਹੀ ਰੂਪ ਬਿਆਨ ਕਰਦੇ ਹਨ:

*ਪਾਰਬ੍ਰਹਮੁ ਗੁਰ ਸਬਦੁ ਹੈ ਨਿਝਰ ਧਾਰ ਵਰ੍ਹੈ ਗੁਣ ਗੁਝੈ॥*[62]

ਐਸੇ ਸਬਦ ਰੂਪ ਪਾਰਬ੍ਰਹਮ ਦਾ ਨਿਵਾਸ ਸਤਿਸੰਗਿ ਵਿਚ ਹੁੰਦਾ ਹੈ:

*ਪਾਰਬ੍ਰਹਮੁ ਗੁਰ ਸਬਦੁ ਹੈ ਸਤਸੰਗਿ ਨਿਵਾਸੀ॥*[63]

ਭਾਈ ਸਾਹਿਬ ਸਬਦ ਨੂੰ ਗੁਰੂ ਦੀ ਮੂਰਤਿ ਦਸਦੇ ਹਨ, ਜਿਸ ਦੀ ਪ੍ਰਾਪਤੀ ਅੰਮ੍ਰਿਤ ਵੇਲੇ ਸੰਗਤਿ ਵਿਚ ਜਾ ਕੇ ਹੁੰਦੀ ਹੈ:

*ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ॥*[64]

ਗੁਰਾਂ ਦੇ ਦਰਸ਼ਨ ਕਿਸੇ ਵਿਅਕਤੀ ਨੂੰ ਸਬਦ ਵਿਚੋਂ ਹੀ ਹੋ ਸਕਦੇ ਹਨ:

*ਗੁਰ ਦਰਸਨ ਗੁਰ ਸਬਦ ਹੈ... ॥*[65]

## 5.2 ਗ੍ਰੰਥ ਗੁਰੂ

ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ 1604 ਈ. ਵਿਚ 'ਆਦਿ ਗ੍ਰੰਥ' ਦੀ ਸੰਪਾਦਨਾ ਕਰਨ ਨਾਲ ਧਰਮ-ਗ੍ਰੰਥਾਂ ਦੇ ਇਤਿਹਾਸ ਵਿਚ ਇਕ ਨਵਾਂ ਅਧਿਆਇ ਸ਼ੁਰੂ ਹੁੰਦਾ ਹੈ। ਸਿੱਖ ਸਿਧਾਂਤ ਅਨੁਸਾਰ 'ਆਦਿ ਗ੍ਰੰਥ' ਦੀ ਬਾਣੀ ਅਕਾਲਪੁਰਖ ਕੋਲੋਂ ਸਿਧੀ ਆਈ ਹੈ।[66] ਗੁਰੂ ਸਾਹਿਬਾਨ ਅਤੇ ਅਕਾਲਪੁਰਖ ਦਰਮਿਆਨ ਕੋਈ ਵਿਚੋਲਾ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਬਾਣੀਕਾਰਾਂ ਨੂੰ ਵਖ-ਵਖ ਸਮੇਂ 'ਤੇ ਅਵਤ੍ਰਿਤ ਹੋਈ, ਜਿਸ ਨੂੰ ਸਿਧਾਂਤਕ ਪਧਰ ਉਤੇ ਪਹਿਲੋਂ ਹੀ

---

[60] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੩/੪.
[61] *ਉਹੀ,* ੭/੨੦.
[62] *ਉਹੀ,* ੭/੧੯.
[63] *ਉਹੀ,* ੯/੧.
[64] *ਉਹੀ,* ੨੪/੧੧.
[65] *ਉਹੀ,* ੩੯/੧੭.
[66] *ਧੁਰ ਕੀ ਬਾਣੀ ਆਈ... ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮਹਲਾ ੫, ੬੨੮.

ਗੁਰੂ ਵਜੋਂ ਪ੍ਰਵਾਨ ਕੀਤਾ ਜਾ ਚੁਕਿਆ ਹੈ, ਜਿਸ ਬਾਰੇ ਅਸੀਂ ਚਰਚਾ ਕਰ ਆਏ ਹਾਂ। ਦਸ ਗੁਰੂ ਸਾਹਿਬਾਨ ਸਰੀਰਕ ਤੌਰ 'ਤੇ ਬੇਸ਼ਕ ਹੁਣ ਮੌਜੂਦ ਨਹੀਂ, ਪਰ ਉਨ੍ਹਾਂ ਦੁਆਰਾ ਦਿਤਾ ਉਪਦੇਸ਼ ਹਮੇਸ਼ਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਵਿਦਮਾਨ ਰਹੇਗਾ।

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਅੰਤਲੇ ਦਿਨਾਂ ਬਾਰੇ ਜਿਨ੍ਹਾਂ ਇਤਿਹਾਸਕਾਰਾਂ ਨੇ ਜਰਾ ਵੀ ਵਿਸਤਾਰ ਨਾਲ ਵਰਣਨ ਕੀਤਾ ਹੈ, ਇਸ ਤਥ ਨਾਲ ਸਹਿਮਤ ਹਨ ਕਿ ਗੁਰੂ ਸਾਹਿਬ ਨੇ ਦਖਣ ਵਿਚ ਨਾਂਦੇੜ ਦੇ ਅਸਥਾਨ 'ਤੇ 7 ਅਕਤੂਬਰ, ਸੰਨ 1708 ਈ. ਨੂੰ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਰਸਮੀ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ (ਜਿਸ ਵਿਚ 'ਸਬਦ' ਸਮਾਇਆ ਹੈ), ਨੂੰ ਦਸਾਂ ਪਾਤਸ਼ਾਹੀਆਂ ਤੋਂ ਬਾਅਦ ਸਿੱਖਾਂ ਦਾ ਸਦੀਵੀ ਗੁਰੂ ਥਾਪ ਕੇ ਗੁਰਿਆਈ ਬਖਸ਼ੀ।

ਗੁਰੂ ਸਾਹਿਬ ਨੇ ਆਪ ਹੀ ਪੰਜਵੇਂ ਸਰੂਪ ਵਿਚ ਆਦਿ ਗ੍ਰੰਥ ਦੀ ਸੰਪਾਦਨਾ ਕੀਤੀ, ਉਪਰੰਤ ਦਸਵੇਂ ਜਾਮੇਂ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਆਦਿ ਗ੍ਰੰਥ ਵਿਚ ਸ਼ਾਮਿਲ ਕਰ ਕੇ ਕਿਸੇ ਵਾਧ-ਘਾਟ ਹੋਣ ਦੀ ਸੰਭਾਵਨਾ ਉਤੇ ਪਕੀ ਰੋਕ ਲਗਾ ਦਿਤੀ ਸੀ। ਉਨ੍ਹਾਂ ਨੇ ਗ੍ਰੰਥ-ਪੰਥ ਦੀ ਗੁਰਤਾ ਵਿਚ ਆਪਣਾ ਰੂਪ ਵਟਾ ਕੇ ਸਿੱਖਾਂ ਦੀ ਅਗਵਾਈ ਲਈ ਆਪਣੀ ਜੋਤਿ-ਜੁਗਤਿ ਨੂੰ ਸਦਾ ਥਿਰ ਕਰ ਦਿਤਾ, ਤਾਂ ਕਿ ਭਵਿਖ ਵਿਚ ਗੁਰੂ ਅਵਤ੍ਰਣ ਦੀ ਕਦੇ ਲੋੜ ਮਹਿਸੂਸ ਹੀ ਨਾ ਹੋਵੇ ਅਤੇ ਗੁਰੂ ਆਪਣੇ ਸੇਵਕਾਂ ਦੇ ਸਦਾ ਅੰਗ-ਸੰਗ ਰਹੇ। ਇਸ ਤਰ੍ਹਾਂ ਸਿੱਖਾਂ ਦਾ ਵਿਸ਼ਵਾਸ ਹੈ ਕਿ ਨਾਨਕ-ਜੋਤਿ ਸਦਾ ਲਈ ਗ੍ਰੰਥ-ਪੰਥ ਵਿਚ ਨਿਵਾਸ ਕਰ ਰਹੀ ਹੈ। ਇਹ ਜੋਤਿ ਗੁਰੂ ਨਾਨਕ ਦੇਵ ਜੀ ਤੋਂ ਗ੍ਰੰਥ-ਪੰਥ ਦੀ ਗੁਰਿਆਈ ਤਕ, ਕਈ ਰੂਪਾਂ ਵਿਚ ਸਿੱਖਾਂ ਦਾ ਮਾਰਗ ਦਰਸ਼ਨ ਕਰਦੀ ਰਹੀ ਹੈ। ਵਰਨਣਯੋਗ ਹੈ ਕਿ ਸਰੀਰਕ ਰੂਪ ਬਦਲਣ (ਸਰੀਰ ਤੋਂ ਗ੍ਰੰਥ ਰੂਪ ਵਿਚ ਪਰਿਵਰਤਿਤ ਹੋਣ) ਨਾਲ ਗਰੂ-ਜੋਤਿ ਦੀ ਏਕਤਾ ਭੰਗ ਨਹੀਂ ਹੋਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਮਿਲਣ ਦੇ ਇਤਿਹਾਸਕ ਸਚ ਦੀ ਪੁਸ਼ਟੀ ਵਿਚ ਫਾਰਸੀ, ਪੰਜਾਬੀ, ਉਰਦੂ ਤੇ ਅੰਗਰੇਜ਼ੀ ਲਿਖਤਾਂ ਦੇ ਕਾਫੀ ਭੰਡਾਰ ਸਾਡੇ ਕੋਲ ਮੌਜੂਦ ਹਨ, ਪਰੰਤੂ ਇਸ ਅਧਿਆਇ ਵਿਚ ਅਸੀਂ ਕੁਝ ਕੁ ਸਮਕਾਲੀ ਅਤੇ ਨਿਕਟ-ਸਮਕਾਲੀ ਗੁਰਮੁਖੀ ਸਰੋਤਾਂ ਦੇ ਹਵਾਲੇ ਦੇ ਰਹੇ ਹਾਂ। ਹੇਠ ਲਿਖੇ ਸਰੋਤਾਂ ਦੇ ਸਿਰਫ ਉਨ੍ਹਾਂ ਹਵਾਲਿਆਂ 'ਤੇ ਕੇਂਦਰਿਤ ਰਹਿਣ ਦੀ ਕੋਸ਼ਿਸ਼ ਕੀਤੀ ਹੈ, ਜਿਨ੍ਹਾਂ ਵਿਚ ਗੁਰਿਆਈ ਦੇਣ ਦੇ ਇਤਿਹਾਸਕ ਇਸ਼ਾਰੇ ਹਨ:

***ਜਨਮਸਾਖੀਆਂ,*** ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਘਟਨਾਵਾਂ ਬਾਰੇ ਮੌਖਿਕ-ਪਰੰਪਰਾਵਾਂ ਦਾ ਲਿਖਤੀ-ਸੰਗ੍ਰਹਿ ਹੈ। ਇਨ੍ਹਾਂ ਵਿਚ 'ਸਬਦ' ਅਥਵਾ 'ਬਾਣੀ' ਨੂੰ ਪ੍ਰੋਖ ਜਾਂ ਅਪ੍ਰੋਖ ਢੰਗ ਨਾਲ ਗੁਰੂ-ਰੂਪ ਵਿਚ ਬਿਆਨ ਕੀਤਾ ਗਿਆ ਹੈ, ਮਿਸਾਲ ਵਜੋਂ *ਪੁਰਾਤਨ ਜਨਮਸਾਖੀ* ਵਿਚ ਜ਼ਿਕਰ ਆਉਂਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਣਾ ਨੂੰ ਗੁਰਿਆਈ ਦਿਤੀ ਤਾਂ ਉਸ ਸਮੇਂ ਇਕ ਬਾਣੀ ਵਾਲੀ ਪੋਥੀ ਵੀ ਦਿਤੀ:

> *ਤਿਤੁ ਮਹਿਲ ਜੋ ਸਬਦ ਹੋਆ ਸੋ ਪੋਥੀ ਜੁ ਬਾਨਿ*
> *ਗੁਰੂ ਅੰਗਦ ਜੋਗ ਮਿਲੀ॥...*[67]

ਗੁਰਿਆਈ ਸਮੇਂ ਪੋਥੀ ਦੇਣ ਤੋਂ ਭਾਵ ਹੀ ਇਹੋ ਸੀ ਕਿ ਗੁਰੂ ਨਾਨਕ ਦੇਵ ਜੀ ਪੋਥੀ ਵਿਚਲੇ 'ਸਬਦ' ਨੂੰ ਗੁਰਿਆਈ ਦਾ ਅਸਲ ਵਿਚ ਹਕਦਾਰ ਦਰਸਾ ਰਹੇ ਹਨ।

***ਗੁਰੂ ਕੀਆਂ ਸਾਖੀਆਂ*** ਵਿਚਲੀ ਇਕ ਸਾਖੀ *ਗੁਰੂ ਜੀ ਕੇ ਪਰਲੋਕ ਪਿਆਨੇ ਕੀ ਚਾਲੀ* ਵਿਚ ਕਰਤਾ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਲੇ ਸਮੇਂ ਦਾ ਬੜੇ ਭਾਵ-ਪੂਰਤ ਸ਼ਬਦਾਂ ਵਿਚ ਖੁਲਾਸਾ ਕੀਤਾ ਹੈ। ਇਸ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਅੰਤਲਾ ਸਮਾਂ ਨੇੜੇ ਹੋਣ ਬਾਰੇ ਜਦੋਂ ਸਿੱਖਾਂ ਨੂੰ ਦਸਿਆ ਤਾਂ ਸਿੱਖਾਂ ਨੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਕਿਸ ਦੇ ਲੜ ਲਾ ਚਲੇ ਹੋ। ਇਹ ਸੁਣ ਕੇ ਗੁਰੂ ਸਾਹਿਬ ਨੇ ਭਾਈ ਦਯਾ ਸਿੰਘ ਨੂੰ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਲਈ ਕਿਹਾ। ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣ ਉਤੇ ਗੁਰੂ ਸਾਹਿਬ ਨੇ ਪੰਜ ਪੈਸੇ ਅਤੇ ਨਾਰੀਅਲ ਗ੍ਰੰਥ ਸਾਹਿਬ ਦੇ ਸਨਮੁਖ ਰਖ ਕੇ ਆਪਣਾ ਸੀਸ ਨਿਵਾ ਕੇ ਕਿਹਾ ਕਿ ਅਜ ਤੋਂ ਤੁਹਾਡੇ ਗੁਰੂ, ਗ੍ਰੰਥ ਸਾਹਿਬ ਹੋਣਗੇ:

> *ਸਿੱਖਾਂ ਗੁਰੂ ਜੀ ਤਰਫ ਦੇਖਾ, ਖ਼ੂਨ ਜ਼ਿਆਦਾ ਵਗ ਜਾਨੇ ਸੇ ਸਰੀਰ ਦੁਬਲਾ ਹੋਇ ਗਿਆ ਥਾ, ਸਿਖ ਬੇਬਸ ਹੋਇ ਕੇ ਕਹਿ ਰਹੇ ਥੇ ਮਹਾਰਾਜ! ਅਸਾਂ ਕੋ ਕਿਸ ਕੇ ਸਹਾਰੇ ਛੋਰ ਕੇ ਆਗੇ ਜਾ ਰਹੇ ਹੋ, ਹਮੇਂ ਬਤਾਈਏ। ਸਤਿਗੁਰਾਂ ਧੀਰੇ ਸੇ ਕਹਾ ਸਿਖੋ! ਇਹ ਪੰਥ ਅਸਾਂ ਸ੍ਰੀ ਅਕਾਲਪੁਰਖ ਕੀ ਆਗਿਆ ਸੇ ਸਾਜਾ ਹੈ। ਉਹ ਇਸ ਕਾ ਹਰ ਥਾਇ ਹਰ ਮੁਸ਼ਕਲ ਮੇਂ ਸਹਾਈ ਹੋਏਗਾ। ਮੈਂ ਸੀਧਾ ਤੁਸਾਂ ਕੋ ਉਸ ਕੇ ਲੜ*

---

[67] *ਪੁਰਾਤਨ ਜਨਮਸਾਖੀ*, ਸਾਖੀ/ਪੰਨਾ - ੫੭/੨੦੮.

*ਲਾਇਆ ਹੈ। ਉਹ ਆਪੇ ਲੜ ਲਗਿਆਂ ਕੀ ਲਾਜ ਪਾਲੇਗਾ। ਗੁਰੂ ਜੀ ਨੇ ਦਯਾ ਸਿੰਘ ਸੇ ਕਹਾ ਭਾਈ ਸਿਖਾ! ਸ੍ਰੀ ਗ੍ਰੰਥ ਸਾਹਿਬ ਲੈ ਆਈਏ, ਅਸਾਂ ਇਸੇ ਗੁਰਤਾ ਦੇਨੀ ਹੈ। ਬਚਨ ਪਾਇ ਭਾਈ ਦਯਾ ਸਿੰਘ ਨੇ ਸ੍ਰੀ ਗ੍ਰੰਥ ਜੀ ਲਿਆਇ ਕੇ ਪ੍ਰਕਾਸ਼ ਕੀਆ। ਪੰਚਾਮ੍ਰਿਤ ਤਿਆਰ ਕਰ ਕੇ ਏਕ ਸਿੱਖ ਨੇ ਚੌਂਕੀ ਤੇ ਲਿਆਇ ਰਾਖਾ। ਅਰਦਾਸ ਉਪਰੰਤ ਸਤਿਗੁਰੂ ਜੀ ਗੁਰਤਾ ਦੇਨੇ ਲਾਗੇ। ਗੁਰੂ ਸਾਹਿਬ ਨੇ ਪਾਂਚ ਪੈਸੇ ਏਕ ਨਲੀਏਰ ਹਾਥ ਮੇਂ ਲੈ ਕੇ ਚਾਰ ਪਾਈ ਤੇ ਬਿਰਾਜਮਾਨ ਹੋਇਆਂ ਦਯਾ ਸਿੰਘ ਸੇ ਕਹਾ -ਇਨ੍ਹੇ ਸ੍ਰੀ ਗ੍ਰੰਥ ਜੀ ਕੇ ਆਗੇ ਟਿਕਾਇ ਦਿਉ।...*
*ਅਕਾਲ ਪੁਰਖ ਕੇ ਬਚਨ ਸਿਉ ਪਰਗਟ ਚਲਾਯੋ ਪੰਥ। ਸਭ ਸਿਖਨ ਕੋ ਬਚਨ ਹੈ ਗੁਰੂ ਮਾਨੀਓ ਗ੍ਰੰਥ। ਗੁਰੂ ਖਾਲਸਾ ਮਾਨੀਐ ਪਰਗਟ ਗੁਰੂ ਕੀ ਦੇਹਿ॥ ਜੋ ਸਿਖ ਮੋ ਮਿਲਬੋ ਚਹਹਿ ਖੋਜ ਇਨਹੁ ਮਹਿ ਲੇਹੁ॥*[68]

***ਸ੍ਰੀ ਗੁਰ ਸੋਭਾ*** ਵਿਚ ਸਪਸ਼ਟ ਤੌਰ ਉਤੇ 'ਸਬਦ' ਨੂੰ ਗੁਰੂ-ਰੂਪ ਵਿਚ ਪ੍ਰਗਟ ਕੀਤਾ ਗਿਆ ਹੈ:

*ਸਤਿਗੁਰੂ ਹਮਾਰਾ ਅਪਰ ਅਪਾਰਾ ਸਬਦਿ ਬਿਚਾਰਾ ਅਜਰ ਜਰੰ॥*
*ਹਿਰਦੇ ਧਰਿ ਧਿਆਨੀ ਉਚਰੀ ਬਾਨੀ ਪਦ ਨਿਰਬਾਨੀ ਅਪਰ ਪਰੰ॥*
*ਗਤਿ ਮਿਤਿ ਅਪਾਰੰ ਬਰੁ ਬਿਸਥਾਰੰ ਵਾਰ ਨਾ ਪਾਰੰ ਕਿਆ ਕਥਨੰ॥*
*ਤਵ ਜੋਤਿ ਪ੍ਰਗਾਸੀ ਸ੍ਰਬ ਨਿਵਾਸੀ ਸਰਬ ਉਦਾਸੀ ਤਵ ਸਰਨੰ॥੪੩॥*[69]

ਗੁਰੂ ਸਾਹਿਬ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ, ਸਿੱਖਾਂ ਦੇ ਪੁਛਣ 'ਤੇ ਕਿ, 'ਸਾਨੂੰ ਕਿਸ ਦੇ ਲੜ ਲਾ ਚਲੇ ਹੋ?', ਸੈਨਾਪਤਿ ਅਨੁਸਾਰ ਗੁਰੂ ਸਾਹਿਬ ਨੇ ਸਿੱਖਾਂ ਨੂੰ ਸਪਸ਼ਟ ਕੀਤਾ ਕਿ ਹੁਣ ਮੇਰਾ ਦੀਦਾਰ 'ਖਾਲਸੇ' ਦੇ ਰੂਪ ਵਿਚ ਹੋਵੇਗਾ ਤੇ ਮੇਰਾ ਸਰੂਪ 'ਖਾਲਸਾ' ਹੈ। ਆਤਮਿਕ ਤੌਰ 'ਤੇ ਸਾਡਾ/ਤੁਹਾਡਾ ਗੁਰੂ, ਸਬਦ ਗੁਰੂ (ਭਾਵ ਗੁਰੂ ਗ੍ਰੰਥ ਸਾਹਿਬ) ਹੋਵੇਗਾ।[70]

---

[68] *ਗੁਰੂ ਕੀਆਂ ਸਾਖੀਆਂ*, ਸਾਖੀ/ਪੰਨੇ - 112/200-01.
[69] *ਸ੍ਰੀ ਗੁਰ ਸੋਭਾ*, ਅਧਿਆਇ/ਬੰਦ/ਪੰਨਾ - ੧੮/੪੩/੧੭੦.
[70] *ਉਹੀ.*

***ਗੁਰਬਿਲਾਸ ਪਾਤਸ਼ਾਹੀ ੬*** ਵਿਚ ਭਾਈ ਭਗਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਦਸਮੇਸ਼ ਪਿਤਾ ਦਾ ਫੁਰਮਾਣ ਇਨ੍ਹਾਂ ਸ਼ਬਦਾਂ ਵਿਚ ਬਿਆਨ ਕਰਦਾ ਹੈ:

*ਮਮ ਆਗਿਆ ਸਭਹੀ ਸੁਨੋ ਸਤਿ ਬਾਤ ਨਿਰਧਾਰ॥*
*ਗ੍ਰਿੰਥ ਗੁਰੂ ਸਮ ਮਾਨੀਯੋ ਭੇਦ ਨ ਕੋਊ ਬਿਚਾਰ॥...*
*ਗੁਰੂ ਗ੍ਰਿੰਥ ਕਲਿਜੁਗ ਭਯੋ ਸ੍ਰੀ ਗੁਰੁ ਰੂਪ ਮਹਾਨੁ॥*
*ਦਸ ਪਤਿਸਾਹੀਆਂ ਰੂਪ ਇਹ ਗੁਰੂ ਗ੍ਰਿੰਥ ਸੁਖਖਾਸ॥*
*ਗੁਰੂ ਦਰਸ ਜਿਹ ਦੇਖਨਾ ਸ੍ਰੀ ਗੁਰ ਗ੍ਰਿੰਥ ਦਰਸਾਇ॥*
*ਬਾਤਾਂ ਕਰੇ ਗੁਰ ਸੋਂ ਚਹੈ ਪੜ੍ਹੈ ਗ੍ਰਿੰਥ ਮਨ ਲਾਇ॥*[71]

***ਗੁਰਬਿਲਾਸ ਪਾਤਸ਼ਾਹੀ ੧੦*** ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਸੰਬੰਧੀ ਦਸਮ ਪਾਤਿਸ਼ਾਹ ਦਾ ਹੁਕਮ ਇਸ ਤਰ੍ਹਾਂ ਅੰਕਿਤ ਹੈ:

*...ਤਾਂ ਤੇ ਜੋ ਮੁਹ ਸਿਖ ਸੁਜਾਨਾ॥ ਮਾਨੇ ਗੁਰੂ ਗ੍ਰੰਥ ਭਗਵਾਨਾ॥...*
*...ਗੁਰਆਈ ਕਾ ਅਬ ਨਹਿ ਕਾਲ॥ ਤਿਲਕ ਨ ਦੇਵਹਿਗੇ ਕਿਸ ਭਾਲ॥*
*ਸਰਬ ਸੁ ਸੰਗਤਿ ਖਾਲਸ ਮਾਨ॥ ਸ੍ਰੀ ਅਸਿਕੇਤੁ ਗੋਦ ਮੈ ਜਾਨ॥*
*ਲੜ ਪਕੜਾਇ ਸਬਦ ਕਾ ਰੂਪ॥ ਜੋ ਮਾਨੇ ਸੋ ਸਿੰਘ ਅਨੂਪ॥*
*ਦਰਸਨ ਗੁਰ ਕਾ ਹੈ ਸਵਧਾਨ॥ ਸ੍ਰੀ ਗ੍ਰੰਥ ਜੀ ਸਾਹਿਬ ਮਾਨ॥*
*ਲੈ ਆਵੋ ਤਾ ਕੋ ਯਾ ਥਾਨਾ॥ ਲੈ ਆਏ ਗੁਰ ਦਸਮ ਸੁਜਾਨਾ॥*
*ਸੁਨ ਕੈ ਕਹਾ ਏਹੋ ਇਤਿਹਾਸ॥ ਚਲੋ ਆਦਿ ਸਤਿਗੁਰ ਕੇ ਪਾਸ॥*
*ਤਬ ਪੁਨਿ ਆਪ ਉਠੇ ਸਭ ਸੰਗਾ॥ ਪੈਸੇ ਪਾਂਚ ਨਲੀਏਰ ਸੁ ਅੰਗਾ॥*
*ਲੈ ਕੇ ਤਾਹਿ ਅਰਪ ਕੀ ਬੰਦਨ॥ ਪ੍ਰਦਖਨ ਕਰਤੇ ਮਨ ਰੰਗਨ॥*
*ਕਹਾ ਜੋਇ ਬਚ ਕੀਨਾ ਚਾਹਿ॥ ਪਾਠ ਕਰੈ ਗੁਰ ਕੋ ਸੁਖ ਪਾਏ॥*
*ਯਾ ਸਮ ਔਰ ਕੋਈ ਗੁਰ ਨਾਹੀ॥ ਬਿਨਾ ਕਾਨ ਸਚੁ ਬਾਕ ਭਨਾਹੀ॥*
*ਯਦਪਿ ਰਾਜੈ ਕੈ ਹੋਇ ਪਾਸ॥ ਤਦਪਿ ਨ ਚਾਹੈ ਮਾਨਤ ਤਾਸ॥*[72]

---

[71] *ਗੁਰਬਿਲਾਸ ਪਾਤਸ਼ਾਹੀ ੬*, ਅਧਿਆਇ/ਬੰਦ/ਪੰਨਾ – ੪/੬੮੭-੯੪/੧੧੮.
[72] *ਗੁਰਬਿਲਾਸ ਪਾਤਸ਼ਾਹੀ ੧੦*, ਅਧਿਆਇ/ਬੰਦ/ਪੰਨੇ- ੨੧/੯੩-੧੦੮/੨੬੪-੬੫.

***ਗੁਰਬਿਲਾਸ ਪਾਤਸ਼ਾਹੀ ੧੦*** ਅੰਦਰ ਭਾਈ ਸੁਖਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਭਰਪੂਰ ਜਾਣਕਾਰੀ ਦਿੰਦਾ ਹੈ। ਸੁਖਾ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਬਾਰੇ ਕੇਵਲ ਸੰਕੇਤ ਮਾਤਰ ਇਸ਼ਾਰਾ ਦਿਤਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਜੋਤੀ-ਜੋਤਿ ਸਮਾਉਣ ਸਮੇਂ ਸਿੱਖਾਂ ਦੇ ਬੇਨਤੀ ਕਰਨ 'ਤੇ ਗੁਰੂ ਸਾਹਿਬ ਨੇ ਇਉਂ ਹੁਕਮ ਕੀਤਾ:

*ਹੁਕਮ ਹੋਆ ਬਤੀਆਂ ਸੁਨ ਭਾਈ। ਆਗ ਰਖਿਯੋ ਗੰਢ ਮਧ ਪਾਈ॥*
*ਸ੍ਰੀ ਅਸਧੁਜ ਕਾਲ ਰੂਪ ਕਰਾਯੋ। ਅਕਾਲ ਪੁਰਖ ਕੋ ਚਰਨੀ ਲਾਯੋ॥*
*ਰੂਪ ਰੰਗ ਜਾਕਰ ਨਹੀ ਕੋਈ। ਘਟ ਮੈ ਤੁਮੈ ਲਖਾਯੋ ਸੋਈ॥*
*ਤਾਂਕਹ ਨਿਰਖ ਜਪੋ ਮਨ ਮਾਹੀ। ਅਧਿਕ ਸੁਖ ਹੈ ਤੁਮੈ ਮਹਾਂ ਹੀ॥...*
*ਦਸ ਮਹਲਨ ਕੀ ਪੜੀਐ ਬਾਨੀ। ਅਚੁਤ ਸੁਖ ਪਾਵਹੁ ਨਿਰਬਾਨੀ॥*
*ਹਮ ਕਹਿ ਲਖੋ ਨ ਇਨ ਤੇ ਦੂਰੀ।ਹਮ ਤੁਮਰੇ ਸਦ ਸੰਗ ਹਜੂਰੀ॥...*[73]

***ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*** ਭਾਈ ਕੇਸਰ ਸਿੰਘ ਦੀ ਕ੍ਰਿਤ ਹੈ। ਇਹ ਪਹਿਲੀ ਰਚਨਾ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਤਖ ਰੂਪ ਵਿਚ ਗੁਰੂ ਕਿਹਾ ਗਿਆ ਹੈ ਅਤੇ ਦਸਿਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦਿਤੀ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਸਮੇਂ ਸਿੱਖਾਂ ਨੇ ਗੁਰੂ ਸਾਹਿਬ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਸਿੱਖ ਸੰਗਤ ਤੁਹਾਡੀ ਹੈ। ਤੁਹਾਡੇ ਤੋਂ ਬਾਅਦ ਇਨ੍ਹਾਂ ਦਾ ਕੀ ਹਾਲ ਹੋਵੇਗਾ? ਇਹ ਬੇਨਤੀ ਸੁਣ ਕੇ ਗੁਰੂ ਸਾਹਿਬ ਨੇ ਹੁਕਮ ਕੀਤਾ:

– *ਦੁਇ ਜਾਮ ਰਾਤਿ ਗਈ ਤਾ ਕੁਸਾ ਵਿਛਵਾਈ॥*
*ਸਿਖਾ ਹਥਿ ਜੋੜ ਕਰਿ ਬਿਨਤੀ ਪੁਛਾਈ॥*
*ਗਰੀਬ ਨਿਵਾਜ ਸਿਖ ਸੰਗਤਿ ਹੈ ਤੇਰੀ ਇਸ ਦਾ ਕੀ ਹਵਾਲੁ॥*
*ਬਚਨ ਕੀਤਾ ਗ੍ਰੰਥ ਹੈ ਗੁਰੂ ਲੜ ਪਕੜੋ ਅਕਾਲ॥*[74]

– *...ਦਸਵਾ ਪਾਤਸਾਹ ਗਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਹੈ ਗਇਆ॥...*[75]

---

[73] ਸੁਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਅਧਿਆਇ/ਬੰਦ/ਪੰਨਾ - ੩੦/੨੧-੨੮/੪੪੧.
[74] *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਚਰਨ/ਬੰਦ/ਪੰਨਾ - ੧੦/੬੭੯/੧੨੧.
[75] *ਉਹੀ*, ੧੪/੨੬੪/੧੬੪.

– *ਆਜੁ ਕੇ ਸਮੇ ਹੈ ਗ੍ਰੰਥ ਸਾਹਿਬ ਗੁਰੂ ਹਮਾਰਾ॥...*[76]

***ਮਹਿਮਾ ਪ੍ਰਕਾਸ਼ (ਕਵਿਤਾ)*** ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦਾ ਪੁਖਤਾ ਸਬੂਤ ਮਿਲਦਾ ਹੈ:

*ਤਬ ਸਿਖਾਂ ਨੇ ਪੂਛਾ ਜੋ ਅਬ ਦਰਸਨ ਕਹਾ ਕਰਹਿ॥*
*ਸਤਿਗੁਰ ਦੀਨ ਦਿਆਲ ਬਚਨ ਕੀਆ॥*
*ਜੋ ਦਸ ਸਰੂਪ ਹਮਾਰੇ ਪੂਰਨ ਭਏ॥*
*ਅਬ ਮੇਰੀ ਜਾਹਗਾ ਗੁਰੂ ਗਿਰੰਥ ਸਾਹਿਬ ਕੋ ਜਾਨਨਾ॥*
*ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ ਆਦ ਗਿਰੰਥ ਸਾਹਿਬ ਕਾ ਪਾਠ ਕਰਨਾ॥*
*ਮੇਰੇ ਸੇ ਬਾਤ ਹੋਵੇਗੀ॥*[77]

ਇਸ ਵਿਚ ਗੁਰਿਆਈ ਦੇਣ ਦਾ ਇਕ ਹੋਰ ਥਾਂ ਇਉਂ ਜ਼ਿਕਰ ਆਉਂਦਾ ਹੈ:

*ਸ੍ਰੀ ਗੁਰੂ ਜੀ ਸਾਹਿਬ ਕੀ ਜਾਗਾ ਗੁਰੂ ਗ੍ਰੰਥ ਜੀ ਕੋ ਜਾਨਾ।*[78]

***ਮਹਿਮਾ ਪ੍ਰਕਾਸ਼ (ਵਾਰਤਕ)*** ਵਿਚ ਕਰਤੇ ਨੇ ਸੰਕੇਤ ਮਾਤਰ ਦਸਿਆ ਹੈ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਚਖੰਡ ਜਾਣ ਦੀ ਤਿਆਰੀ ਕੀਤੀ ਤਾਂ ਸਿੱਖਾਂ ਨੇ ਬੇਨਤੀ ਕੀਤੀ ਕਿ ਹੁਣ ਸਾਡਾ ਗੁਰੂ ਕੌਣ ਹੋਵੇਗਾ? ਇਹ ਸੁਣ ਕੇ ਗੁਰੂ ਸਾਹਿਬ ਨੇ ਗੁਰਬਾਣੀ ਪੜਨ ਦਾ ਹੁਕਮ ਦੇ ਕੇ ਇਸ਼ਾਰਾ ਦਿਤਾ ਕਿ ਅਗੇ ਤੋਂ 'ਬਾਣੀ' ਅਥਵਾ 'ਗ੍ਰੰਥ' ਗੁਰੂ ਹੋਵੇਗਾ:

*...ਜੋ ਦਸੋ ਪਾਤਸਾਹੀ ਕੇ ਸਬਦ ਬਾਣੀ ਪੜਣਾ।...*[79]

***ਪੰਥ ਪ੍ਰਕਾਸ਼*** ਵਿਚ ਗਿਆਨੀ ਗਿਆਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਦਾ ਸਪਸ਼ਟ ਹਵਾਲਾ ਦਿਤਾ ਹੈ:

*ਤ੍ਰਿਤੀਆ ਕੇ ਦਿਨ ਸਿੰਘੋਂ ਨੇ ਮਿਲ ਅਰਜ ਗੁਜਾਰੀ॥*
*ਹਮ ਜਾਨਿਓ ਤਨ ਤਜਨ ਕੀ ਤੁਮ ਕੀਨੀ ਤਿਆਰੀ॥*

---

[76] *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਚਰਨ/ਬੰਦ/ਪੰਨਾ – ੧੪/੩੪੯/੧੬੯.
[77] *ਮਹਿਮਾ ਪ੍ਰਕਾਸ਼* (ਭਾਗ ਦੂਜਾ,ਖੰਡ 2), ਸਾਖੀ/ਪੰਨਾ – ੨੭/੮੬੨.
[78] *ਉਹੀ*, ੨੭/੮੬੩.
[79] *ਮਹਿਮਾ ਪ੍ਰਕਾਸ਼ (ਵਾਰਤਕ)*, ਸਾਖੀ/ਪੰਨਾ – 170/215.

*ਸੰਗਤ ਕੋ ਲੜ ਕੌਣ ਕੇ ਲਾ ਚਲੇ ਗੁਸਾਂਈ॥*
*ਬਿਨੈ ਦੀਨਤਾ ਸੁਨ ਗੁਰੂ ਇਮ ਗਿਰਾ ਅਲਾਈ॥*
*ਅਬ ਹਮ ਸੋ ਗੁਰੁ ਥਾਪਹੈਂ ਜੋ ਸੁਧ ਉਦਾਰੀ॥*
*ਅਜਰ ਅਮਰ ਆਖੰਡ ਰਹਿ ਸਦ ਪਰਉਪਕਾਰੀ॥*
*ਭੇਦ ਪਖ ਬਿਨ ਸਰਬ ਕੋ ਬਾਂਛਿਤ ਫਲ ਦੈਹੈ॥*
*ਇਮ ਕਹਿ ਗੁਰੂ ਗ੍ਰੰਥ ਕਾ ਪਰਕਾਸ਼ ਕਰੈਹੈ॥*
*ਪੈਸੇ ਪਾਂਚ ਨਲੇਰ ਲੈ ਤਿਸ ਅਗਰ ਟਿਕਾਯੋ॥*
*ਕਰ ਪ੍ਰਕਰਮਾ ਗੁਰੂ ਨਿਜ ਮਾਥ ਝੁਕਾਯੋ॥*
*ਗੁਰੂ ਗ੍ਰੰਥ ਕੋ ਗੁਰੁ ਥਪਿਓ ਕੁਣਕਾ ਬਟਵਾਯੋ॥*
*ਸ੍ਰੀ ਮੁਖ ਤੈ ਸਬ ਸਿਖਨ ਕੋ ਇਮ ਹੁਕਮ ਸੁਨਾਯੋ॥...*
*ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥*
*ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ॥*
*ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ॥*
*ਜੋ ਪ੍ਰਭੁ ਕੋ ਮਿਲਬੋ ਚਹੇ ਖੋਜ ਸਬਦ ਮੈਂਹ ਲੇਹ॥*
*ਸਭ ਗੁਰੂ ਪਰਗਟ ਭਏ ਪੂਰਨ ਹਰਿ ਅਵਤਾਰ॥*
*ਜਗਮਗ ਜੋਤ ਬਿਰਾਜਹੀ ਸ੍ਰੀ ਗੁਰੁ ਗ੍ਰੰਥ ਮਝਾਰ॥*
*ਜੋ ਦਰਸਯੋ ਚਹਿ ਗੁਰੂ ਕੋ ਸੋ ਦਰਸੈ ਗੁਰੁ ਗ੍ਰੰਥ॥...*[80]

ਗਿ. ਗਿਆਨ ਸਿੰਘ ਜੀ ਗੁਰੂ ਅਰਜਨ ਦੇਵ ਜੀ ਦਾ ਪ੍ਰਸੰਗ ਵਰਨਣ ਕਰਦੇ ਹੋਏ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਰਿਮੰਦਰ ਸਾਹਿਬ ਵਿਚ ਸਥਾਪਨਾ ਦੇ ਨਾਲ-ਨਾਲ ਭਵਿਖਤ ਬਚਨਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਵੀ ਸੰਕੇਤ ਦਿੰਦੇ ਹਨ:

*...ਫੇਰ ਗੁਰੁ ਦਸਮ ਰਸਮ ਕਰ ਗਏ ਏਹੀ*
*ਗੁਰੁ ਗਰੰਥ ਮਾਨੋ ਕਹਯੋ ਸਿਖਨ ਸੁਨਾਇਕੈ॥* [81]

[80] *ਪੰਥ ਪ੍ਰਕਾਸ਼,* ਪੰਨੇ 352-53.
[81] *ਉਹੀ,* ਪੰਨਾ 113.

***ਤਵਾਰੀਖ ਗੁਰੂ ਖਾਲਸਾ*** ਵਿਚ ਕਰਤਾ ਨੇ ਪ੍ਰੋਖ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਮਿਲਣ ਦੀ ਗਲ ਕੀਤੀ ਹੈ:

> *...ਏਤਨੇ ਬਚਨ ਕਰਕੇ ਕਲਗੀਧਰ ਜੀ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਕਰ ਪੰਜ ਪੈਸੇ ਇਕ ਨਾਲੀਯੇਰ ਅੱਗੇ ਧਰ ਕੇ ਚਾਰ ਪ੍ਰਕਰਮਾਂ ਕਰ ਮੱਥਾ ਟੇਕ ਦਿੱਤਾ ਤੇ ਸਰਬ ਖਾਲਸੇ ਨੂੰ ਆਖਯਾ ਅੱਜ ਤੋਂ ਏਹ ਧਰਮ, ਅਰਥ, ਕਾਮ, ਮੋਖ ਦੇਣ ਹਾਰਾ ਸਰਬ ਸ਼ਕਤੀ ਵਾਨ ਗ੍ਰੰਥ ਸਾਹਿਬ ਤੁਸਾਡਾ ਸਤਗੁਰੂ ਹੋਯਾ "ਆਗਯਾ ਭਈ ਅਕਾਲ ਕੀ ਤਭੀ ਚਲਾਯੋ ਪੰਥ॥ ਸਬ ਸਿਖਨ ਕੋ ਹੁਕਮ ਹੈ ਗੁਰੂ ਮਾਨੀਓਂ ਗ੍ਰੰਥ॥ ਗੁਰੂ ਗ੍ਰੰਥ ਕੋ ਮਾਨੀਓਂ ਪ੍ਰਗਟ ਗੁਰਾਂ ਕੀ ਦੇਹ। ਜੋ ਪ੍ਰਭੂ ਕੋ ਮਿਲਣਾ ਚਹੇ ਖੋਜ ਸਬਦ ਮੈਂ ਲੇਹ' ਏਸੇ ਹੁਕਮ ਨੂੰ ਸਭ ਸਿੱਖਾਂ ਨੇ ਮੰਨ ਕੇ ਗ੍ਰੰਥ ਸਾਹਿਬ ਜੀ ਅਗੇ ਮੱਥਾ ਟੇਕਿਆ ਪ੍ਰਕਰਮਾਂ ਕੀਤੀਆਂ। ਓਸ ਦਿਨ ਤੋਂ ਸ੍ਰੀ (ਗੁਰੂ) ਗ੍ਰੰਥ ਸਾਹਿਬ ਜੀ ਨੂੰ ਸਤਿਗਰੂ ਮੰਨਣ ਲੱਗੇ...।*[82]

***ਭਟ ਵਹੀਆਂ*** ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਬਾਰੇ ਇਉਂ ਜ਼ਿਕਰ ਹੈ:

> *ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾਂ... ਸੰਮਤ 1765 ਕਾਰਤਕ ਮਾਂਹ ਕੀ ਚਉਥ ਸ਼ੁਕਲਾ ਪਖੇ ਬੁਧਵਾਰ ਕੇ ਦਿਹੁ ਦੈਆ ਸਿੰਘ ਸੇ ਬਚਨ ਹੋਆ ਗ੍ਰੰਥ ਸਾਹਿਬ ਲੈ ਆਉ ਬਚਨ ਪਾਇ ਦੈਆ ਸਿੰਘ ਗ੍ਰੰਥ ਜੀ ਲੈ ਆਏ। ਗੁਰੂ ਜੀ ਪਾਂਚ-ਪੈਸੇ ਨਲੀਏਰ ਰਾਖ ਕੇ-ਮਥਾ ਟੇਕਾ। ਸਰਬਤ ਸੇ ਕਹਾ ਮੇਰਾ ਬਚਨ ਹੈ-ਮੇਰੀ ਜਗ੍ਹਾ ਆਗੇ-ਸੇ ਗੁਰੂ-ਸ੍ਰੀ ਗ੍ਰੰਥ ਸਾਹਿਬ ਕੋ ਜਾਨਨਾਂ। ਜੋ ਸਿਖ ਜਾਨੇਗਾ-ਤਿਸ ਕੀ ਘਾਲ ਥਾਂਇ ਪਏਗੀ। ਗੁਰੂ ਬਹੁੜੀ ਕਰੇਗਾ।*[83]

---

[82] *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਪੰਨਾ 1142.

[83] *ਭਟ ਵਹੀ ਮੁਲਤਾਨੀ ਸਿੰਧੀ ਖਾਤਾ ਜਲਹਾਨੋ ਕਾ।*

***ਭਟ ਵਹੀ ਤਲੌਂਡਾ*** ਵਿਚ ਵੀ ਇਸ ਤਥ ਦੀ ਪੁਸ਼ਟੀ ਹੁੰਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖਸ਼ੀ:

> *ਗੁਰੂ ਗੋਬਿੰਦ ਸਿੰਘ ਮਹਲ ਦਸਮਾਂ, ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਪੋਤਾ ਗੁਰੂ ਹਰਿਗੋਬਿੰਦ ਜੀ ਕਾ, ਪੜਪੋਤਾ ਗੁਰੂ ਅਰਜਨ ਜੀ ਕਾ, ਬੰਸ ਗੁਰੂ ਰਾਮਦਾਸ ਜੀ ਕੀ, ਸੂਰਜਬੰਸੀ ਗੋਤਰ ਸੋਢੀ ਖਤਰੀ, ਬਾਸੀ ਅਨੰਦਪੁਰ ਪਰਗਣਾ ਕਹਲੂਰ, ਮਕਾਮ ਨਦੇੜ ਤਟ ਗੁਦਾਵਰੀ ਦੇਸ ਦਖਣ ਸਤ੍ਰਾ ਸੈ ਪੈਸਠ, ਕਾਰਤਕ ਮਾਸੇ ਸੁਦੀ ਚੌਥ ਸੁਕਲ ਪਖੇ, ਬੁਧਵਾਰ ਦੇ ਦਿਹੁੰ ਦਯਾ ਸਿੰਘ ਕੋ ਬਚਨ ਪਾਇ ਦਯਾ ਸਿੰਘ ਕੋ ਬਚਨ ਹੋਯਾ ' ਸ੍ਰੀ ਗ੍ਰੰਥ ਸਾਹਿਬ ਲੈ ਆਉ ਬਚਨ ਪਾਇ ਦਯਾ ਸਿੰਘ ਗ੍ਰੰਥ ਸਾਹਿਬ ਲੈ ਆਏ। ਗੁਰੂ ਜੀ ਨੇ ਪਾਂਚ ਪੈਸੇ ਏਕ ਨਲੀਏਰ ਭੇਟ ਕਰ ਕੇ ਮਾਥਾ ਟੇਕਾ। ਸਰਬ ਸੰਗਤ ਸੇ ਕਹਾ ਮੇਰਾ ਹੁਕਮ ਹੈ, ਮੇਰੀ ਜਗਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋ ਜਾਨਨਾ। ਜੋ ਸਿਖ ਜਾਨੇਗਾ ਤਿਸ ਕੀ ਘਾਲ ਥਾਇ ਪਏਗੀ। ਗੁਰੂ ਤਿਸ ਕੀ ਬਾਹੁੜੀ ਕਰੇਗਾ।ਸਤਿ ਕਰ ਮਾਨਨਾ।*[84]

***ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼*** ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਸੰਬੰਧੀ ਬਾਬਾ ਸੁਮੇਰ ਸਿੰਘ ਦੀ ਗਵਾਹੀ ਇਸ ਪ੍ਰਕਾਰ ਹੈ:

> *ਰੂਪ ਇਕਾਦਸ ਗੁਰੂ ਗ੍ਰੰਥ ਬਰ ਤਾਂ ਛਿਨ ਸ੍ਰੀ ਪ੍ਰਭ ਆਏ॥*
> *ਪੈਸੇ ਪਾਂਚ ਨਰੇਲ ਰਾਖ ਕਰ ਗੁਰਆਈ ਸੁਧਰਾਏ॥*
> *ਮਮ ਪੂਜਨ ਸੋਵਨ ਗੁਰੁ ਗ੍ਰੰਥਹਿ ਬੋਲਨ ਬਾਨੀ ਬਚਨਾ॥*
> *ਦਰਸਨ ਕਰਨ ਮੋਰ ਯਹ ਮੰਜੀ ਰੂਪ ਇਕਾਦਸ ਜਚਨਾ॥*[85]

***ਸ੍ਰੀ ਸਰਬਲੋਹ ਗ੍ਰੰਥ*** ਵਿਚ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਸੰਬੰਧੀ ਸਪਸ਼ਟ ਹਵਾਲੇ ਮਿਲਦੇ ਹਨ:

> *ਦੁਤੀ ਰੂਪ ਸ੍ਰੀ ਗੁਰੂ ਗ੍ਰੰਥਾ॥*
> *ਦਾਸ ਗੋਬਿੰਦ ਫਤਹਿ ਸਤਿਗੁਰ ਕੋ ਖਾਲਸਾ ਗਰੰਥ ਗੁਰੂ ਰੂਪ ਬਧੰਤਾ॥*

---

[84] *ਭਟ ਵਹੀ ਤਲੌਂਡਾ।*
[85] *ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼*, ਪੰਨਾ 520.

*ਦੋਹਰਾ॥ ਸਭ ਗੁਰ ਪਰਗਟ ਭਏ ਪੂਰਨ ਹਰਿ ਅਵਤਾਰ॥*
*ਜਗ ਮਗ ਜੋਤਿ ਬਿਰਾਜ ਹੀ ਸ੍ਰੀ ਗੁਰੂ ਗਰੰਥ ਮਝਾਰ॥*
*ਜੋ ਦਰਸਿਓ ਚਹਿ ਗੁਰੂ ਕੋ ਸੋ ਦਰਸੇ ਗੁਰੂ ਗਰੰਥ॥*
*ਪਢੇ ਸੁਨੇ ਸ੍ਵਾਰਥ ਲਹੈ ਪ੍ਰਮਾਰਥ ਕੋ ਪੰਥ॥*
*ਵਾਹਿਗੁਰੂ ਗੁਰੂ ਗਰੰਥ ਜੀ ਉਤੇ ਜਹਾਜ ਉਦਾਰ॥*
*ਜੋ ਸਰਧਾ ਧਰ ਸੇਵਹੇ ਸੋ ਉਤਰੇ ਭਵ ਪਾਰ॥*[86]

ਇਕ ਹੋਰ ਸਮਕਾਲੀ ਲਿਖਤ ਵਿਚੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿਤੇ ਜਾਣ ਦੀ ਪੁਸ਼ਟੀ ਹੁੰਦੀ ਹੈ। ਇਹ ਇਕ ਹੁਕਮਨਾਮਾ ਹੈ, ਜਿਹੜਾ ਮਾਤਾ ਸੁੰਦਰੀ ਜੀ ਦੇ ਹਵਾਲੇ ਨਾਲ ਲਿਖਿਆ ਗਿਆ ਸੀ। ਇਹ ਭਾਈ ਰੂਪਾ ਪਿੰਡ ਦੇ ਭਾਈ ਚੇਤ ਸਿੰਘ ਕੋਲ ਹੈ, ਜਿਸ ਦੇ ਵਡ-ਵਡੇਰਿਆਂ ਦੇ ਨਾਮ ਇਹ ਲਿਖਿਆ ਗਿਆ ਸੀ। ਇਸ ਪਤਰ ਤੋਂ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਸਿੱਖਾਂ ਦਾ ਵਿਸ਼ਵਾਸ ਹੈ ਕਿ ਗੁਰਿਆਈ 'ਸਬਦ' (ਸ੍ਰੀ ਗੁਰੂ ਗੰਥ ਸਾਹਿਬ ਜੀ) ਨੂੰ ਮਿਲੀ ਸੀ। ਦਸਾਂ ਗੁਰੂਆਂ ਤੋਂ ਬਾਅਦ ਸਿੱਖ ਕਿਸੇ ਮਨੁਖੀ ਸਰੀਰ ਨੂੰ ਗੁਰੂ ਨਹੀਂ ਮੰਨਦੇ।... ਇਸ ਪਤਰ ਅਨੁਸਾਰ ਹੋਰ ਪਾਪ ਤਾਂ ਗੁਰੂ ਦਾ ਨਾਮ ਜਪਣ ਨਾਲ ਮੁਆਫ਼ ਹੋ ਸਕਦੇ ਹਨ, ਪਰੰਤੂ ਦਸ ਗੁਰੂ ਸਾਹਿਬਾਨ ਤੋਂ ਬਾਅਦ ਕਿਸੇ ਜਿਉਂਦੇ ਮਨੁਖ ਨੂੰ ਗੁਰੂ ਮੰਨਣ ਦਾ ਪਾਪ ਮੁਆਫ਼ ਨਹੀਂ ਹੋ ਸਕਦਾ।[87]

ਸੋ, ਉਪਰੋਕਤ ਸਾਰੇ ਸਰੋਤਾਂ ਤੋਂ ਇਹ ਗਲ ਸਪਸ਼ਟ ਹੁੰਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੇ ਅੰਤਲੇ ਸਮੇਂ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਰਸਮੀ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖਸ਼ੀ, ਬੇਸ਼ਕ ਸਿਧਾਂਤਕ ਪਧਰ ਉਤੇ ਸਬਦ ਨੂੰ ਗੁਰਿਆਈ ਗੁਰੂ ਨਾਨਕ ਦੇਵ ਜੀ ਨੇ ਹੀ ਦੇ ਦਿਤੀ ਸੀ।

## 5.3 ਸ੍ਰੀ ਗੁਰੂ ਗ੍ਰੰਥ ਸਾਹਿਬ: ਰੁਤਬਾ

ਉਕਤ ਵਿਚਾਰ ਤੋਂ ਸਪਸ਼ਟ ਹੈ ਕਿ ਸਿੱਖ ਧਰਮ ਵਿਚ 'ਸਬਦ' ਨੂੰ ਗੁਰਿਆਈ ਮਿਲਣ ਕਾਰਨ 'ਗੁਰੂ' ਦਾ ਦਰਜਾ ਪ੍ਰਾਪਤ ਹੈ, ਦੂਜੇ ਸਬਦਾਂ ਵਿਚ ਗੁਰਬਾਣੀ ਦਾ ਸੰਗ੍ਰਹਿ 'ਗ੍ਰੰਥ ਸਾਹਿਬ' ਗੁਰੂ ਹੈ।

---

[86] *ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ* (ਭਾਗ ਦੂਜਾ), ਪੰਨਾ ੪੯੭.
[87] *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ: ਗੁਰਿਆਈ ਨਿਰਨਯ*, ਪੰਨਾ 25.

ਗੁਰੂ ਗ੍ਰੰਥ ਸਾਹਿਬ ਦਾ ਦਰਜਾ, ਸਮੁਚੇ ਪੰਥ ਵਿਚ ਸਭ ਤੋਂ ਸ਼੍ਰੋਮਣੀ ਤੇ ਅਤਿ ਸਤਿਕਾਰਯੋਗ ਹੈ। ਇਸ ਦੀ ਸੇਵਾ-ਸੰਭਾਲ ਦੀ ਇਕ ਵਿਉਂਤ-ਬਧ ਮਰਯਾਦਾ ਹੈ, ਕਿਉਂਕਿ ਇਸ ਨਾਲ ਇਕ ਵਿਸ਼ੇਸ਼ ਪ੍ਰਕਾਰ ਦੀ ਪਾਵਨਤਾ (Sacredness) ਜੁੜੀ ਹੋਈ ਹੈ। ਇਸ ਮਰਯਾਦਾ ਅਧੀਨ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਪ੍ਰਕਾਸ਼' ਕੀਤਾ ਜਾਂਦਾ ਹੈ ਅਤੇ ਸ਼ਾਮ ਨੂੰ 'ਸੁਖਾਸਨ'। ਹਰੇਕ ਗੁਰਦੁਆਰੇ ਵਿਚ ਪ੍ਰਕਾਸ਼ ਅਸਥਾਨ ਸ਼ਾਹੀ ਸੋਭਾ ਨਾਲ ਸਜਾਇਆ ਜਾਂਦਾ ਹੈ, ਜਿਥੇ ਗੁਰੂ ਗ੍ਰੰਥ ਸਾਹਿਬ ਨੂੰ ਪਾਲਕੀ ਵਿਚ ਸਜਾਇਆ ਜਾਂਦਾ  ਹੈ, ਚੌਰ ਹੁੰਦਾ ਹੈ ਅਤੇ ਉਪਰ ਚੰਦੋਆ ਸਜਾਇਆ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ਮਾਨ ਹੁੰਦੇ ਸਾਰ ਦਰਬਾਰ ਸਜਦਾ ਹੈ, ਜਿਥੇ ਗ੍ਰੰਥੀ ਸਿੰਘ, ਕੀਰਤਨੀਏ ਅਤੇ ਸਾਰੀਆਂ ਸੰਗਤਾਂ ਗੁਰੂ ਦੇ ਸਨਮੁਖ ਹੁੰਦੀਆਂ ਹਨ। ਇਸ ਦਰਬਾਰ ਵਿਚ ਦੀਵਾਨ ਸਜਦਾ ਹੈ, ਜਿਥੇ ਗੁਰਬਾਣੀ ਦਾ ਕੀਰਤਨ ਅਤੇ ਕਥਾ ਹੁਦੀ ਹੈ। ਸਮਾਪਤੀ ਤੋਂ ਬਾਅਦ ਅਰਦਾਸ ਕਰ ਕੇ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਲਿਆ ਜਾਂਦਾ ਹੈ।

ਸਿੱਖ ਦੇ ਜੀਵਨ ਦਾ ਕੋਈ ਵੀ ਕਾਰਜ ਹੋਵੇ, ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਵਿਚ ਹੀ ਸੰਪੂਰਨ ਹੁੰਦਾ ਹੈ। ਸਿੱਖਾਂ ਦੇ ਸਮਾਜਿਕ ਜੀਵਨ ਦੀਆਂ ਸਾਰੀਆਂ ਰਸਮਾਂ ਜਾਂ ਸੰਸਕਾਰ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਵਿਚ ਹੀ ਸਿਰੇ ਚੜ੍ਹਦੇ ਹਨ, ਜਿਵੇਂ ਜਨਮ, ਮਿਰਤਕ ਜਾਂ ਅਨੰਦ (ਵਿਆਹ-ਸ਼ਾਦੀ) ਆਦਿ। ਪੰਥਕ ਪਧਰ ਦੇ ਸਾਰੇ ਕਾਰਜ, ਜਿਹਾ ਕਿ ਸਰਬਤ ਖਾਲਸਾ, ਦੀਵਾਨ, ਗੁਰਪੁਰਬ, ਜੋੜ-ਮੇਲ, ਸ਼ਹੀਦੀ ਦਿਹਾੜੇ, ਭਾਵ ਸਭ ਕੁਝ ਗੁਰੂ ਗ੍ਰੰਥ ਸਾਹਿਬ ਦੇ ਤਾਬਿਆਂ ਵਿਚ ਹੁੰਦਾ ਹੈ। ਸੋ, ਕੁਲ ਮਿਲਾ ਕੇ ਗੁਰਬਾਣੀ ਅਥਵਾ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਜੀਵਨ-ਜਾਚ ਦਾ ਮੁਖ ਅੰਗ ਹੈ।

ਸਿੱਖ ਪਰੰਪਰਾ ਵਿਚ ਗੁਰੂ ਗ੍ਰੰਥ ਸਾਹਿਬ ਆਪਣੇ ਗੁਰਿਆਈ ਕਾਲ ਤੋਂ ਲੈ ਕੇ ਮੌਜੂਦਾ ਸਮੇਂ ਤਕ 'ਪ੍ਰਗਟ ਗੁਰਾਂ ਦੀ ਦੇਹ' ਕਰ ਕੇ ਸਤਿਕਾਰੇ ਜਾਂਦੇ ਹਨ। ਇਸ ਦਾ ਅੰਦਾਜ਼ਾ ਇਸ ਤਥ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਕ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਆਉਂਦੇ ਦੇਖ ਕਾਹਲੀ ਨਾਲ ਉਠ ਕੇ ਨਮਸਕਾਰ ਕੀਤੀ:

*ਆਵਤ ਦੇਖਿ ਸ੍ਰੀ ਗ੍ਰਿੰਥ ਕੋ ਉਠੇ ਪ੍ਰਭੂ ਸੁਖਖਾਨ॥*

*ਕਰਿ ਬੰਦਨ ਸ੍ਰੀ ਗ੍ਰਿੰਥ ਕੋ ਬੈਠੇ ਕ੍ਰਿਪਾ ਨਿਧਾਨ॥*[88]

ਗੁਰੂ-ਸੰਸਥਾ ਦੇ ਸਮਾਜਿਕ ਸੰਦਰਭ ਵਿਚ ਗੁਰੂ ਗ੍ਰੰਥ ਸਾਹਿਬ ਦੀ ਅਹਿਮ ਭੂਮਿਕਾ ਰਹੀ ਹੈ। ਗ੍ਰੰਥ ਸਾਹਿਬ 'ਧੁਰਿ ਕੀ ਬਾਣੀ' ਹੋਣ ਦੇ ਨਾਲ-ਨਾਲ ਸਿੱਖਾਂ ਦਾ ਗੁਰੂ ਵੀ ਹੈ, ਜਿਸ ਨੂੰ 'Living Guru' ਦਾ ਦਰਜਾ ਪ੍ਰਾਪਤ ਹੈ। ਗੁਰੂ ਅਰਜਨ ਦੇਵ ਜੀ ਨੇ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਬਾਅਦ ਬਾਣੀ ਦਾ ਅਦਬ-ਸਤਿਕਾਰ ਕਰਨਾ ਸ਼ੁਰੂ ਕਰ ਦਿਤਾ ਸੀ। ਉਨ੍ਹਾਂ ਤੋਂ ਬਾਅਦ ਹੋਏ ਗੁਰੂ ਸਾਹਿਬਾਨ ਨੇ ਵੀ ਗ੍ਰੰਥ ਸਾਹਿਬ ਦਾ ਉਸੇ ਤਰ੍ਹਾਂ ਵਧ-ਚੜ੍ਹ ਕੇ ਸਤਿਕਾਰ ਕੀਤਾ। ਦਸਮ ਪਾਤਿਸ਼ਾਹ ਦੁਆਰਾ ਪਹਿਲੀ-ਜੋਤਿ (ਗੁਰੂ ਨਾਨਕ) ਰੂਪ ਵਿਚ ਉਲੀਕੇ ਦੈਵੀ ਮਿਸ਼ਨ ਅਧੀਨ ਗ੍ਰੰਥ ਸਾਹਿਬ ਨੂੰ ਗੁਰਿਆਈ ਬਖਸ਼ਿਸ਼ ਕਰਨ ਉਪਰੰਤ, ਸਿੱਖਾਂ ਨੇ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਪ੍ਰਵਾਨ ਕਰਦੇ ਹੋਏ 'ਦਸਾਂ ਪਾਤਿਸ਼ਾਹੀਆਂ ਦੇ ਸਰੂਪ' ਦੀ ਭਾਵਨਾ ਨਾਲ ਗੁਰੂ ਗ੍ਰੰਥ ਸਾਹਿਬ ਦੀ ਅਰਾਧਨਾ ਸ਼ੁਰੂ ਕਰ ਦਿਤੀ।

ਜ਼ਿਕਰਯੋਗ ਹੈ ਕਿ ਸਿੱਖਾਂ ਦੇ ਜੀਵਨ ਦਾ ਹਰ ਪਹਿਲੂ-ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਗੁਰੂ ਗ੍ਰੰਥ ਸਾਹਿਬ ਨਾਲ ਜੁੜਿਆ ਹੋਇਆ ਹੈ।[89] ਸਿੱਖ ਦੇ ਜਨਮ ਤੋਂ ਮਰਨ ਤਕ ਜਿੰਨੇ ਵੀ ਸੰਸਕਾਰ ਨਿਭਾਏ ਜਾਂਦੇ ਹਨ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਹੁੰਦੇ ਹਨ। ਬੱਚੇ ਦੇ ਜਨਮ ਸਮੇਂ ਨਾਮਕਰਨ, ਵਿਦਿਆ ਸੰਸਕਾਰ, ਆਨੰਦ ਕਾਰਜ ਅਤੇ ਮ੍ਰਿਤਕ ਸੰਸਕਾਰ ਉਪਰੰਤ ਅੰਤਿਮ ਅਰਦਾਸ ਵੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਹੁੰਦੀ ਹੈ। ਦੁਖ ਵੇਲੇ ਆਤਮਿਕ ਸ਼ਾਂਤੀ ਲਈ ਸਿੱਖ ਗੁਰੂ-ਘਰ ਜਾ ਕੇ ਅਰਦਾਸ ਕਰਦਾ ਹੈ, ਜਿਸ ਨਾਲ ਉਸ ਦੇ ਦੁਖ ਦੀ ਨਿਵਰਤੀ ਹੁੰਦੀ ਹੈ।[90] ਸਿੱਖਾਂ ਦਾ ਗੁਰੂ ਗ੍ਰੰਥ ਸਾਹਿਬ ਨਾਲ ਪ੍ਰੇਮ ਕਿਸ ਕਦਰ ਹੈ?,

---

[88] *ਗੁਰਬਿਲਾਸ ਪਾ: ੬,* ਅਧਿਆਇ/ਬੰਦ/ਪੰਨਾ – ੪/੬੮੧/੧੧੭.

[89] "The Inspiration for comprehensive freedom issues from Guru Granth Sahib. This Holy book dynamically inspires every aspect of their corporate as well as personal life of the Sikhs." J. S. Neki (ed.), *Guru Granth Sahib and its context,* p. 58.

[90] "Wilfred Contwell Smith gives his own impressions about the role of this 'Honourable Book' in the life of Sikh Community. It presides over their services in the Gurdwara. It leads their processions. It is consulted in times of distress for a commandment (hukam) to comply with for the purpose of obtaining solace." *Guru Granth Sahib and its context,* p. 58.

ਦਾ ਅੰਦਾਜ਼ਾ ਇਸ ਤਥ ਤੋਂ ਲਗਾਇਆ ਜਾ ਸਕਦਾ ਹੈ ਕਿ ਜੰਗਾਂ-ਜੁਧਾਂ ਸਮੇਂ ਜਦੋਂ ਸਿੰਘ ਆਪਣੇ ਘਰ-ਬਾਰ ਛਡ ਕੇ ਜੰਗਲਾਂ ਵਿਚ ਰਹਿ ਰਹੇ ਸਨ, ਉਸ ਸਮੇਂ ਵੀ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਵਿਸਾਹ ਨਹੀਂ ਕੀਤਾ। ਜਦੋਂ ਵੀ ਜੰਗਾਂ-ਜੁਧਾਂ ਦਰਮਿਆਨ ਉਨ੍ਹਾਂ ਨੂੰ ਸਮਾਂ ਮਿਲਦਾ, ਗੁਰੂ ਗ੍ਰੰਥ ਸਾਹਿਬ ਤੋਂ ਪਾਠ ਕਰ ਕੇ ਆਪਣੀ ਆਤਮਿਕ ਤ੍ਰਿਪਤੀ ਕਰਦੇ।[91] ਇਸ ਤਥ ਦੀ ਪੁਸ਼ਟੀ ਦਾ ਇਕ ਪਹਿਲੂ ਇਹ ਵੀ ਹੈ ਕਿ ਮੌਜੂਦਾ ਸਮੇਂ ਵਿਚ ਵੀ ਕਈ ਸਿੱਖ ਆਪਣੇ ਘਰਾਂ ਵਿਚ ਬੜੇ ਅਦਬ-ਸਤਿਕਾਰ ਨਾਲ ਗੁਰੂ-ਗ੍ਰੰਥ ਸਾਹਿਬ ਦਾ ਸਰੂਪ ਸ਼ੁਸ਼ੋਭਿਤ ਕਰਦੇ ਹਨ। ਇਹ ਉਨ੍ਹਾਂ ਦੀ ਅਥਾਹ ਸ਼ਰਧਾ ਤੇ ਪੂਜਾ ਦਾ ਪ੍ਰਤੀਕ ਹੈ, ਜਿਸ ਨਾਲ ਉਹ ਸਵੇਰੇ-ਸ਼ਾਮ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਤੇ ਸੁਖ ਆਸਨ ਕਰਦੇ ਹਨ।[92]

ਸਿੱਖਾਂ ਦੀ ਉਪਾਸ਼ਨਾ ਦਾ ਨਿਵੇਕਲਾ ਢੰਗ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਬਾਣੀ ਪੜ੍ਹਦੇ ਤੇ ਗਾਉਂਦੇ ਹਨ। ਅਜਿਹਾ ਪੂਜਾ ਦਾ ਢੰਗ ਕਿਸੇ ਹੋਰ ਧਰਮ ਵਿਚ ਨਹੀਂ ਮਿਲਦਾ।[93] ਇਥੋਂ ਤਕ ਕਿ ਗੁਰੂ ਗ੍ਰੰਥ ਸਾਹਿਬ ਦਾ ਸਰੂਪ 'ਬਿਰਧ' ਹੋਣ ਦੀ ਸੂਰਤ ਵਿਚ ਸਰੂਪ ਦਾ ਅੰਤਿਮ ਸੰਸਕਾਰ ਕਰ ਕੇ, ਬਚਦੀ ਸੁਆਹ ਨੂੰ ਕੀਰਤਪੁਰ ਸਾਹਿਬ ਵਿਖੇ ਦਰਿਆ ਵਿਚ ਵਹਾਇਆ ਜਾਂਦਾ ਹੈ।[94] ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹ ਕੇ ਸਿੱਖ ਚੰਗੇ-ਮਾੜੇ ਦੀ ਸੇਧ ਲੈਂਦੇ ਹਨ। ਇਸ ਸੰਦਰਭ ਵਿਚ ਜੀਵਨ ਦੇ ਦੁਨਿਆਵੀ ਅਤੇ ਅਧਿਆਤਮਕ ਪਹਿਲੂ ਤੋਂ ਗੁਰੂ ਗ੍ਰੰਥ ਸਾਹਿਬ ਇਕ ਆਗੂ ਦੇ ਰੂਪ ਵਿਚ ਲੋਕ-ਮੰਚ ਉਤੇ ਆਉਂਦੇ ਹਨ।

ਸਿੱਖ ਦੀ ਨਿਤ-ਕ੍ਰਿਆ ਦਾ ਆਰੰਭ 'ਗੁਰੂ ਦੇ ਦਰਸ਼ਨਾਂ' ਨਾਲ ਹੁੰਦਾ ਹੈ।[95] ਹਰੇਕ ਸਿੱਖ ਦੀ ਚਾਹਨਾ ਹੁੰਦੀ ਹੈ ਕਿ ਉਹ ਆਪਣੇ ਕੰਮਾਂ-ਕਾਜਾਂ ਦੀ ਸ਼ੁਰੂਆਤ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨਾਂ ਤੋਂ ਕਰੇ। ਇਸੇ ਤਰ੍ਹਾਂ ਸ਼ਾਮ ਵੇਲੇ 'ਦਿਨ ਦੇ ਸੁਖਾਂ ਭਰੇ ਬੀਤਣ' ਸੰਬੰਧੀ ਸ਼ੁਕਰਾਨੇ ਵਜੋਂ ਸਿੱਖ ਗੁਰੂ-ਦਰਬਾਰ ਵਿਚ ਹਾਜ਼ਰ ਹੁੰਦਾ ਹੈ।

---

[91] *Guru Granth Sahib and its context,* p. 58.
[92] *What is Scripture?*, p.36.
[93] W.O. Cole, 'Guru Granth Sahib Among World Scriptures', *Guru Granth Sahib and its context,*, p. 69.
[94] *Ibid,* p. 73.
[95] *ਦਰਸਨੁ ਦੇਖਿ ਜੀਵਾ ਗੁਰ ਤੇਰਾ॥ ਪੂਰਨ ਕਰਮੁ ਹੋਇ ਪ੍ਰਭ ਮੇਰਾ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮਹਲਾ ੫, ੭੪੨.

ਵਡੀ ਗਲ ਹੈ ਕਿ ਗੁਰੂ ਗ੍ਰੰਥ ਸਾਹਿਬ ਮਾਤਾ-ਪਿਤਾ ਦਾ ਰੋਲ ਵੀ ਨਿਭਾਉਂਦੇ ਹਨ[96], ਇਸੇ ਕਰ ਕੇ ਕਿਸੇ ਇਛਾ ਦੀ ਪੂਰਤੀ ਹਿਤ ਜਾਂ ਫਿਰ ਲੋੜ ਪੈਣ ਉਤੇ ਜਾਂ ਕਿਸੇ ਵੀ ਸਮਸਿਆ ਦੇ ਹਲ ਲਈ, ਸਿੱਖ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਅਰਦਾਸ ਕਰਦੇ ਹਨ, ਜਿਸ ਦੀ ਸੁਣਵਾਈ ਹੋਣ ਉਤੇ ਸ਼ੁਕਰਾਨਾ ਵੀ ਕੀਤਾ ਜਾਂਦਾ ਹੈ। ਗੁਰੂ-ਘਰ ਵਿਚ ਹਥੀਂ ਸੇਵਾ ਕਰਕੇ ਸਿੱਖ ਮਾਣ ਮਹਿਸੂਸ ਕਰਦੇ ਹਨ ਕਿ ਉਹ ਗੁਰੂ ਦੀ ਸੇਵਾ ਕਰ ਰਹੇ ਹਨ।[97] ਘਰ ਵਿਚ ਕਿਸੇ ਖੁਸ਼ੀ/ਗਮੀ ਦੇ ਮੌਕੇ ਸਮੇਂ ਵੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ 'ਅਖੰਡ ਪਾਠ ਸਾਹਿਬ' ਕਰਵਾਇਆ ਜਾਂਦਾ ਹੈ।

ਇਸ ਪ੍ਰਕਾਰ ਉਕਤ ਵਿਚਾਰ ਦੇ ਪ੍ਰਸੰਗ ਵਿਚ ਅਸੀਂ ਦੇਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਸਿੱਖ ਦੀ ਨਿਜੀ ਅਤੇ ਪੰਥਕ/ਸਮਾਜਕ ਜ਼ਿੰਦਗੀ ਦਾ ਅਟੁਟ ਅੰਗ ਹੈ। ਇਥੇ ਇਕ ਗਲ ਸਪਸ਼ਟ ਕਰਨੀ ਬਣਦੀ ਹੈ ਕਿ ਉਪਰੋਕਤ ਪੂਜਾ-ਵਿਧਾਨ ਕਿਸੇ ਪ੍ਰਕਾਰ ਦੀ ਬੁਤ-ਪੂਜਾ ਨਹੀਂ, ਜਿਹਾ ਕਿ ਕਈ ਲੋਕ ਬੇਸਮਝੀ ਵਿਚ ਕਹਿ ਦਿੰਦੇ ਹਨ। ਪ੍ਰਿੰ. ਤੇਜਾ ਸਿੰਘ ਅਨੁਸਾਰ ਗੁਰੂ ਗ੍ਰੰਥ ਸਾਹਿਬ ਨੂੰ ਰਾਜਸੀ ਸ਼ਾਨੋ-ਸ਼ੌਕਤ ਵਾਲੇ ਚਿੰਨ੍ਹਾਂ ਰਾਹੀਂ ਦਰਸਾਉਣਾ ਬੁਤ ਪੂਜਾ ਨਹੀਂ। ਸਿੱਖਾਂ ਦੀ ਪੂਜਾ ਦਾ ਕੇਂਦਰ 'ਨਾਮ' ਹੈ।[98] 'ਨਾਮ' ਤੋਂ ਬਿਨਾਂ ਸਤਿਕਾਰਤ ਕਿਸੇ ਵੀ ਚੀਜ਼ ਦੀ ਸਲਾਹੁਣਾ ਤਾਂ ਹੋ ਸਕਦੀ ਹੈ, ਪੂਜਾ ਨਹੀਂ।[99] ਗੁਰੂ ਸਾਹਿਬ ਨੇ ਸਦੀਵ ਹੀ ਚਾਹਿਆ ਹੈ ਕਿ ਉਨ੍ਹਾਂ ਦੇ ਸਿੱਖ ਗੁਰਬਾਣੀ ਵਿਚ ਦਰਸਾਏ ਸਿਧਾਂਤਾਂ ਨੂੰ ਅਮਲ ਵਿਚ ਲੈ ਕੇ ਆਉਣ। ਅਜਿਹੀ ਪ੍ਰਕ੍ਰਿਆ ਪਰਮਾਤਮਾ ਨਾਲ ਮਿਲਾਪ ਕਰਨ ਵਿਚ ਸਹਾਈ 'ਨਾਮ' ਦੇ ਰਸਤੇ ਉਤੇ ਜੀਵ ਨੂੰ ਤੁਰਨ ਲਈ ਪ੍ਰੇਰਿਤ ਕਰਦੀ ਹੈ।[100]

### 5.3.1 ਚਰਨ-ਪਾਹੁਲ/ਖੰਡੇ ਦੀ ਪਾਹੁਲ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਸਪਸ਼ਟ ਹੁੰਦਾ ਹੈ ਕਿ 'ਨਾਮ', 'ਬਾਣੀ' ਅਤੇ ਗੁਰੂ ਇਕੋ ਰੂਪ ਹਨ। ਇਸ ਸੰਦਰਭ ਵਿਚ ਨਾਮ ਅਤੇ ਬਾਣੀ ਸਮਾਨਰਥੀ ਸ਼ਬਦ ਹਨ। ਨਾਮ ਅਤੇ ਗੁਰੂ ਦਾ ਗਹਿਰਾ ਸੰਬੰਧ ਹੈ। ਗੁਰੂ ਦੁਆਰਾ ਨਾਮ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਅਨੁਸਾਰ ਨਿਗੁਰੇ

---

[96] *ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ...॥* ਉਹੀ, ਮਾਝ ਮਹਲਾ ੫, ੧੦੩.
[97] *ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ॥ ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ - ੧/੩.
[98] *ਬਿਨੁ ਨਾਵੈ ਹੋਰ ਪੂਜ ਨ ਹੋਵੀ...* ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮਹਲਾ ੩, ੯੧੦.
[99] Teja Singh, *Sikhism : Its Ideals and Institutions,* p. 101.
[100] 'Guru Granth Sahib and Bhagat Ravi Das', *Guru Granth Sahib and Its Context,* p. 204.

ਵਿਅਕਤੀ ਦਾ ਨਾਮ ਲੈਣਾ ਵੀ ਬੁਰਾ ਹੈ।[101] ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਗੁਰੂ-ਘਰ ਦੀ ਰੀਤ ਚਲਦੀ ਆ ਰਹੀ ਹੈ ਕਿ ਸਿੱਖ ਧਰਮ ਵਿਚ ਸ਼ਾਮਿਲ ਹੋਣ ਲਈ ਗੁਰੂ ਸਾਹਿਬ ਦੀ ਚਰਨ-ਪਾਹੁਲ ਲੈਣੀ ਜਰੂਰੀ ਸੀ। ਇਸ ਹਵਾਲੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਣਾ ਤੋਂ ਬਾਅਦ ਗੁਰੂ ਧਾਰਨ ਕਰਨ ਦੀ ਰਸਮ 'ਖੰਡੇ ਦੀ ਪਾਹੁਲ' ਨਾਲ ਜੋੜ ਦਿਤੀ।[102] ਭਾਈ ਗੁਰਦਾਸ ਜੀ 'ਚਰਨ ਪਾਹੁਲ' ਪ੍ਰਥਾਇ ਸੰਕੇਤ ਕਰਦੇ ਹਨ:

*ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ॥*[103]

'ਚਰਨਾਮ੍ਰਿਤ' ਦਾ ਸ਼ਾਬਦਿਕ ਅਰਥ ਗੁਰੂ ਦੇ ਚਰਨਾਂ ਨਾਲ ਛੋਹਿਆ ਜਲ ਹੈ। ਭਾਈ ਕਾਨ੍ਹ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲੇ ਨੌਂ ਗੁਰੂ ਸਾਹਿਬਾਨ ਦੁਆਰਾ ਸਿੱਖ ਧਰਮ ਵਿਚ ਸ਼ਾਮਿਲ ਕਰਨ ਲਈ ਚਰਣਾਮ੍ਰਿਤ ਪਿਲਾਇਆ ਜਾਂਦਾ ਸੀ। ਇਸ ਪ੍ਰਥਾਇ *ਬੰਸਾਵਲੀਨਾਮਾ* ਵਿਚ ਵੀ ਸਪਸ਼ਟ ਇਸ਼ਾਰਾ ਦਿਤਾ ਗਿਆ ਹੈ:

*ਗ੍ਰੰਥ ਸਾਹਿਬ ਐਸਾ ਹੈ ਫੁਰਮਾਇਆ।*
*ਨਉ ਪਾਤਿਸਾਹੀਆਂ ਚਰਨਾਮ੍ਰਿਤ ਚਲਿਆ ਆਇਆ॥*
*ਦਸਵੇ ਪਾਤਸਾਹ ਚਰਨਾ ਤੇ ਹਟਾਇਆ।*
*ਦੂਰ ਖੜੇ ਕਰਿਕੇ ਪਾਹੁਲ ਦਿਵਾਇਆ॥*[104]

'ਚਰਨਾਮ੍ਰਿਤ' ਦਾ ਨਾਮ 'ਚਰਨ ਪਾਹੁਲ' ਅਤੇ 'ਪਗ ਪਾਹੁਲ' ਵੀ ਪ੍ਰਚਲਿਤ ਸੀ।[105]
*ਮਹਿਮਾ ਪ੍ਰਕਾਸ਼* ਦੇ ਕਰਤਾ ਨੇ ਉਕਤ ਤਥ ਦੀ ਪੁਸ਼ਟੀ ਗੁਰੂ ਹਰਿਗੋਬਿੰਦ ਸਾਹਿਬ ਦੀ ਕਸ਼ਮੀਰ ਫੇਰੀ ਰਾਹੀਂ ਕੀਤੀ ਹੈ, ਜਦੋਂ ਗੁਰੂ ਸਾਹਿਬ ਮਾਤਾ ਭਾਗਪਰੀ ਦੀ ਸੇਵਾ-ਭਾਵਨਾ ਤੋਂ ਖੁਸ਼ ਹੋ ਕੇ ਉਸ ਨੂੰ ਚਰਨ ਪਾਹੁਲ ਦੇ ਕੇ ਉਸ ਦਾ ਜਨਮ ਸਕਾਰਥ ਕਰਦੇ ਹਨ:

*...ਗੁਰ ਪਗ ਪਖਾਲ ਚਰਨਮ੍ਰਿਤ ਲੀਨਾ॥*

---

[101] *ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮਹਲਾ ੩ ਪਟੀ, ੪੩੫.
[102] *ਪ੍ਰਿਥਮ ਰਹਿਤ ਯਹ ਜਾਨ ਖੰਡੇ ਕੀ ਪਾਹੁਲ ਛਕੇ॥* 'ਰਹਿਤਨਾਮਾ ਭਾਈ ਦੇਸਾ ਸਿੰਘ', *ਰਹਿਤਨਾਮੇ*, ਪੰਨਾ 128.
[103] *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ - ੧/੨੩.
[104] *ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ*, ਚਰਨ/ਬੰਦ/ਪੰਨਾ - ੧੪/੨੯੦/੧੬੬.
[105] *ਮਹਾਨ ਕੋਸ਼*, ਪੰਨਾ 457.

*ਜਨਮ ਸਕਾਰਥ ਅਪਨਾ ਕੀਨਾ॥*[106]

*ਸੂਰਜ ਪ੍ਰਕਾਸ਼* ਵਿਚ ਵੀ 'ਚਰਨ ਪਾਹੁਲ' ਸੰਬੰਧੀ ਸੰਕੇਤ ਮਿਲਦੇ ਹਨ। ਕਰਤਾ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਪ੍ਰਸੰਗ ਰਾਹੀਂ ਦਸਦਾ ਹੈ ਕਿ ਜਦੋਂ ਗੁਰੂ ਸਾਹਿਬ ਰਾਜਾ ਜੈ ਸਿੰਘ ਦੇ ਸਦੇ ਉਤੇ ਦਿੱਲੀ ਜਾਂਦੇ ਹਨ, ਤਾਂ ਰਾਜਾ ਗੁਰੂ ਸਾਹਿਬ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਕੋਲ ਚਰਨਾਮ੍ਰਿਤ ਲੈਣ ਦੀ ਇਛਾ ਜਾਹਰ ਕਰਦਾ ਹੈ:

*...ਤੈਸੇ ਕ੍ਰਿਪਾ ਦ੍ਰਿਸਟਿ ਅਵਿਲੋਕਹੁ। ਅਵਗੁਨ ਦੇਖਿ ਕੋਪ ਕਹੁ ਰੋਕਹੁ॥*
*ਹਿਤ ਕੀ ਸਿਖਯਾ ਦੇਹੁ ਅਗਾਰੀ। ਚਰਣਾਮ੍ਰਿਤ ਲੈਬੇ ਇਛ ਧਾਰੀ॥*[107]

ਚਰਨ ਪਾਹੁਲ ਦੀ ਮਹਾਨਤਾ ਦ੍ਰਿੜ ਕਰਵਾਉਂਦੇ ਹੋਏ ਭਾਈ ਗੁਰਦਾਸ ਜੀ ਦਸਦੇ ਹਨ ਕਿ ਧਿਆਨ ਦਾ ਮੂਲ ਗੁਰੂ ਦੀ ਸੂਰਤ ਵਲ ਹੈ, ਪੂਜਾ ਦਾ ਮੂਲ ਗੁਰੂ ਚਰਨਾਂ ਦੀ ਪੂਜਾ ਹੈ, ਮੰਤਰਾਂ ਦਾ ਮੂਲ ਗੁਰੂ ਦਾ ਬਚਨ ਹੈ, ਜਿਹੜਾ ਸਚਾ ਸਬਦ ਸਤਿਗੁਰੂ ਦੁਆਰਾ ਸੁਣਾਇਆ ਜਾਂਦਾ ਹੈ। ਗੁਰੂ ਦੇ ਚਰਨਾਮ੍ਰਿਤ ਵਿਚ ਐਨੀ ਸ਼ਕਤੀ ਹੈ ਕਿ ਉਹ ਜੀਵ ਦੇ ਵਡੇ ਤੋਂ ਵਡੇ, ਭਾਵ ਭਾਰੀ ਪਾਪਾਂ ਨੂੰ ਖਤਮ ਕਰ ਦਿੰਦਾ ਹੈ, ਗੁਰੂ ਦੀ ਧੂਰੀ ਖੋਟੇ ਲੇਖਾਂ ਨੂੰ ਮਿਟਾ ਦਿੰਦੀ ਹੈ:

*ਧਿਆਨ ਮੂਲ ਮੂਰਤਿ ਗੁਰੂ ਪੂਜਾ ਮੂਲ ਗੁਰ ਚਰਣ ਪੁਜਾਏ।*
*ਮੰਤ੍ਰ ਮੂਲੁ ਗੁਰੁ ਵਾਕ ਹੈ ਸਚੁ ਸਬਦੁ ਸਤਿਗੁਰੂ ਸੁਣਾਏ।*
*ਚਰਣੋਦਕੁ ਪਵਿਤ੍ਰ ਹੈ ਚਰਨ ਕਮਲ ਗੁਰੁ ਸਿਖ ਧੁਆਏ।*[108]

ਚਰਨਾਂ ਦੀ ਵਡਿਆਈ ਭਾਈ ਗੁਰਦਾਸ ਜੀ ਨੇ ਅਨੇਕ ਥਾਈਂ ਕੀਤੀ ਹੈ। ਮਿਸਾਲ ਵਜੋਂ, ਚੌਥੀ ਵਾਰ ਵਿਚ ਭਾਈ ਸਾਹਿਬ ਸਰੀਰ ਦੇ ਸਮੁਚੇ ਅੰਗਾਂ ਦੀ ਵਿਆਖਿਆ ਕਰਦੇ ਹੋਏ, ਅੰਤ ਚਰਨਾਂ/ਪੈਰਾਂ ਦੀ ਸਿਫਤ ਕਰਦੇ ਹਨ ਕਿ ਪੈਰ ਸਭ ਤੋਂ ਨੀਵੇਂ ਹਨ, ਜਿਹੜੇ ਸਾਰੇ ਸਰੀਰ ਦਾ ਕੰਮ ਸੁਆਰਦੇ ਹਨ। ਜਦੋਂ ਇਹ ਪੈਰ ਗੁਰੂ ਕੋਲ ਤੁਰ ਕੇ ਜਾਂਦੇ ਹਨ ਤਾਂ ਗੁਰੂ ਮਨੁਖ ਦੀ ਹਉਮੈਂ ਕਟ ਦਿੰਦਾ ਹੈ, ਜਿਸ ਨਾਲ ਇਹ ਪੈਰ ਪੂਜਾ ਕਰਵਾਉਣ ਦੇ ਸਮਰਥ ਹੋ ਜਾਂਦੇ ਹਨ:

*...ਸਭ ਦੂੰ ਨੀਵੇਂ ਚਰਣ ਹੋਇ ਆਪੁ ਗਵਾਇ ਨਸੀਬੁ ਨਸੀਬੀ।*

---

[106] *ਮਹਿਮਾ ਪ੍ਰਕਾਸ਼* (ਭਾਗ ਦੂਜਾ, ਖੰਡ-2), ਸਾਖੀ/ਬੰਦ/ਪੰਨਾ – ੩/੩੪/੪੨੭.
[107] *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਰਾਸਿ/ਅੰਸੂ/ਪੰਨੇ – ੧੦/੪੭/੩੯੩੮-੯.
[108] *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੪੦/੨੨.

*ਹਉਮੈ ਰੋਗੁ ਮਿਟਾਇਦਾ ਸਤਿਗੁਰ ਪੂਰਾ ਕਰੈ ਤਬੀਬੀ।*[109]

ਵਰਨਣਯੋਗ ਹੈ ਕਿ ਗੁਰਬਾਣੀ ਵਿਚ 'ਚਰਨ' ਪ੍ਰਥਾਇ ਭਰਪੂਰ ਵਿਆਖਿਆ ਮਿਲਦੀ ਹੈ, ਜਿਸ ਅਨੁਸਾਰ ਸਿਧਾਂਤਕ ਪਧਰ ਉਤੇ ਪਰਮਾਤਮਾ ਦਾ 'ਨਾਮ' ਹੀ ਉਸ ਦੇ ਚਰਨ ਹਨ।[110] ਇਸ ਤੋਂ ਬਿਨਾਂ ਚਰਨ ਨਿਮਰਤਾ ਦੇ ਸੂਚਕ ਵੀ ਹਨ।[111] ਸੰਭਵ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਪ੍ਰਚਲਤ ਖੰਡੇ ਦੀ ਪਾਹੁਲ ਦੇਣ ਸਮੇਂ ਗੁਰੂ ਸਾਹਿਬ ਗੁਰਬਾਣੀ ਪੜ੍ਹ ਕੇ ਪਾਹੁਲ ਦਿੰਦੇ ਹੋਣ।

ਗੁਰੂ ਗ੍ਰੰਥ ਸਾਹਿਬ ਸੰਬੰਧੀ ਸਮੁਚੀ ਵਿਚਾਰ ਤੋਂ ਇਕ ਗਲ ਸਪਸ਼ਟ ਹੈ ਕਿ ਸਿੱਖ ਧਰਮ 'ਅਕਾਲ' ਦਾ ਉਪਾਸ਼ਨਾ ਉਤੇ ਜ਼ੋਰ ਦਿੰਦਾ ਹੈ, ਜਿਸ ਦਾ ਸਰਗੁਣ ਸਰੂਪ ਇਸ ਧਰਤੀ ਉਤੇ ਗੁਰੂ ਗ੍ਰੰਥ ਸਾਹਿਬ ਹੈ। ਡਾ. ਨੇਕੀ ਇਕ ਪਛਮੀ ਵਿਦਵਾਨ ਦੀ ਜ਼ੁਬਾਨੀ ਦਸਦੇ ਹਨ ਕਿ ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਕੋਲ ਬਾਕੀ ਸਾਰੇ ਸੰਸਾਰ ਨੂੰ ਦਸਣ ਲਈ ਕੁਝ 'ਖਾਸ' ਹੈ।[112]

ਭਾਈ ਸੰਤੋਖ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ਼ਰਧਾ-ਵਸ ਗਿਆਰਵੇਂ ਗੁਰੂ ਦੀ ਉਪਾਧੀ ਦਿੰਦੇ ਹਨ।[113] ਗੁਰੂ-ਸੰਸਥਾ ਅਧੀਨ ਗੁਰੂ ਗ੍ਰੰਥ ਸਾਹਿਬ ਦਾ ਸੰਸਥਾਈਕਰਨ ਹੋਣ ਨਾਲ ਸਿੱਖ ਪਰੰਪਰਾ ਵਿਚ ਗੁਰੂ ਗ੍ਰੰਥ ਸਾਹਿਬ ਦੇ ਸੰਬੰਧ ਵਿਚ ਕਈ ਚਿੰਨ੍ਹ ਘੜ ਲਏ ਗਏ ਹਨ। ਇਨ੍ਹਾਂ ਚਿੰਨ੍ਹਾਂ ਦੇ ਅਧਾਰ ਉਤੇ ਸਿੱਖ ਪੰਥ ਨੇ ਸਹਿਜ-ਸੁਭਾਅ ਹੀ ਗੁਰੂ ਗ੍ਰੰਥ ਸਾਹਿਬ ਦੇ ਸੰਬੰਧ ਵਿਚ ਭਾਵ-ਪੂਰਤ ਤੇ ਸ਼ਰਧਾਮਈ ਸ਼ਬਦਾਵਲੀ ਅਪਣਾ ਲਈ ਹੈ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ:

**ਅਸਵਾਰਾ**

ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਇਕ ਥਾਂ ਤੋਂ ਦੂਸਰੇ ਥਾਂ ਲੈ ਕੇ ਜਾਣ ਨੂੰ ਅਸਵਾਰਾ ਕਹਿੰਦੇ ਹਨ।

---

109 *ਵਾਰਾਂ ਭਾਈ ਗੁਰਦਾਸ,* ਵਾਰ/ਪਉੜੀ – ੪/੩.

110 *ਗੁਰ ਕੇ ਚਰਣ ਕਮਲ ਮਨ ਧਿਆਇ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮਹਲਾ ੫, ੭੪੧ ; *...ਚਿਤ ਚਰਨ ਨਾਮ॥* *ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ 13.

111 *ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ ਕਮਾਵਹੁ॥* ਉਹੀ, ਰਾਮਕਲੀ ਮਹਲਾ ੫, ੮੮੩.

112 "Mankind's religions future may be obscure; yet, one thing can be foreseen : the living higher religions are going to influence each other more than ever before… In this religious debate, the Sikh religion and its scripture the Adi Granth will have something of special value to say to the rest of the world." *Guru Granth Sahib and its Context*, pp. 59-60.

113 *ਦਸ ਸਰੂਪ ਗੁਰੁ ਏਕ ਸਮ ਯੌਂ ਜਾਨੈ ਸੋ ਮੇਰ॥ ਇਕ ਦਸਮੋ ਗੁਰੁ ਗ੍ਰੰਥ ਜੀ ਬਾਣੀ ਸਤਿਗੁਰ॥ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੇਰਵੀਂ), ਰੁਤ/ਅੰਸੂ/ਪੰਨਾ – ੫/੧੫/੫੪੯੪.

**ਅਖੰਡ ਪਾਠ/ ਸਹਿਜ ਪਾਠ/ ਪਾਠ/ ਨਿਤਨੇਮ**

ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ ਪਾਠ, ਮੁਖ ਰੂਪ ਵਿਚ ਦੋ ਅਰਥਾਂ ਦਾ ਲਖਾਇਕ ਹੈ: ਗੁਰਬਾਣੀ ਦਾ ਅਖਰ-ਰੂਪ (text) ਅਤੇ ਪਾਠ ਕਰਨਾ (to read Bani)। ਪਹਿਲੇ ਅਰਥ ਦਾ ਸੰਬੰਧ ਅਧਿਐਨ-ਅਧਿਆਪਨ ਜਾਂ ਖੋਜ ਨਾਲ ਜੁੜਿਆ ਹੋਇਆ ਹੈ। ਦੂਜਾ ਅਰਥ ਵਧੇਰੇ ਕਰ ਕੇ ਸੰਸਥਾਈ ਰੂਪਾਂ ਵਿਚ ਕਿਰਿਆਸ਼ੀਲ ਹੈ, ਜਿਸ ਦੇ ਤਿੰਨ ਰੂਪ- ਨਿਤਨੇਮ, ਅਖੰਡ ਪਾਠ (ਲਗਾਤਾਰ ਪਾਠ ਕਰਨਾ) ਤੇ ਸਹਿਜ ਪਾਠ (ਸਹਿਜੇ-ਸਹਿਜੇ ਲੰਮੇ ਸਮੇਂ ਵਿਚ ਪਾਠ ਕਰਨਾ) ਵਧੇਰੇ ਪ੍ਰਚਿਲਤ ਹਨ।

**ਅੰਗ**

ਗੁਰਬਾਣੀ ਦੇ ਪੰਨਿਆਂ/ਅੰਕਾਂ ਨੂੰ ਸਤਿਕਾਰ ਨਾਲ 'ਅੰਗ' ਕਿਹਾ ਜਾਂਦਾ ਹੈ।

**ਅਵਾਜਾ/ ਵਾਕ/ ਹੁਕਮ**

ਕਿਸੇ ਵੀ ਨਿਜੀ, ਸੰਗਤੀ ਜਾਂ ਪੰਥਕ ਕਾਰਜ ਉਪਰੰਤ ਸਭ ਤੋਂ ਅਖੀਰ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਜੋ ਸੰਖੇਪ ਵਿਚ ਇਕ ਸ਼ਬਦ ਦਾ ਪਾਠ ਕੀਤਾ ਜਾਂਦਾ ਹੈ, ਉਸ ਲਈ 'ਵਾਕ ਲੈਣਾ'(ਵਾਕ ਦਾ ਸ਼ਬਦੀ ਅਰਥ ਗੁਰੂ ਦਾ ਬੋਲ, ਵਚਨ ਜਾਂ ਅਵਾਜ ਹੈ) ਅਥਵਾ 'ਹੁਕਮਨਾਮਾ ਲੈਣਾ' ਸ਼ਬਦ ਪ੍ਰਚਲਿਤ ਹਨ। ਨਿਹੰਗ ਸਿੰਘ (ਗੁਰੂ ਦਾ) 'ਅਵਾਜਾ' ਵੀ ਕਹਿੰਦੇ ਹਨ।

**ਆਦਿ ਗ੍ਰੰਥ**

ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਮਿਲਣ ਤੋਂ ਪਹਿਲਾਂ ਆਦਿ ਗ੍ਰੰਥ ਕਿਹਾ ਜਾਂਦਾ ਸੀ।

**ਆਦਿ ਬੀੜ**

ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਸਭ ਤੋਂ ਪਹਿਲੇ ਗ੍ਰੰਥ ਸਾਹਿਬ ਦੇ ਸਰੂਪ ਨੂੰ 'ਆਦਿ ਬੀੜ' ਕਿਹਾ ਜਾਂਦਾ ਹੈ। ਇਸ ਸੰਪਾਦਿਤ ਬੀੜ ਦਾ ਇਕ ਨਾਂ 'ਕਰਤਾਰਪੁਰੀ ਬੀੜ' ਵੀ ਹੈ।

**ਸੰਥਯਾ ਸੈਚੀਆਂ**

ਸੰਗਤੀ ਜਾਂ ਵਿਅਕਤੀਗਤ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਪੜ੍ਹਨ/ਸਿਖਣ/ਉਚਾਰਨ ਕਰਨ ਨੂੰ 'ਸੰਥਯਾ ਦੇਣਾ/ਲੈਣਾ' ਕਿਹਾ ਜਾਂਦਾ ਹੈ। ਪਰੰਪਰਾ ਅਨੁਸਾਰ ਸਿੱਖ ਟਕਸਾਲਾਂ ਵਿਚ ਅਕਸਰ ਇਸ ਦਾ ਪ੍ਰਬੰਧ ਹੁੰਦਾ ਸੀ। ਇਸ ਪ੍ਰਯੋਜਨ ਲਈ ਸੈਂਚੀਆਂ ਹੁੰਦੀਆਂ ਸਨ। ਗੁਰੂ ਗ੍ਰੰਥ ਸਾਹਿਬ ਦੇ

ਸਮੁਚੇ ੧੪੩੦ ਅੰਗਾਂ ਦੇ ਸਰੂਪ ਨੂੰ ਦੋ ਭਾਗਾਂ ਵਿਚ ਬਰਾਬਰ ਵੰਡ ਕੇ ਪ੍ਰਕਾਸ਼ਿਤ ਕੀਤੇ ਜਾਣ ਦੇ ਵਿਧਾਨ ਨੂੰ 'ਸੰਥਯਾ ਸੈਂਚੀਆਂ' ਕਹਿੰਦੇ ਹਨ।

**ਸਰੂਪ**

ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ 'ਗ੍ਰੰਥ ਰੂਪ' ਲਈ ਸਤਿਕਾਰ ਨਾਲ ਵਰਤਿਆ ਜਾਂਦਾ ਹੈ।

**ਗ੍ਰੰਥ**

ਇਸ ਦਾ ਸ਼ਾਬਦਿਕ ਅਰਥ ਹੈ ਬੰਨ੍ਹਣਾ; ਖੁਲ੍ਹੇ ਪਤਰਿਆਂ ਨੂੰ ਗੰਢ ਲਾਉਣ (ਜਿਲਦਸਾਜੀ ਕਰਨ) ਦੀ ਕਿਰਿਆ ਉਪਰੰਤ ਬਣੇ ਸਰੂਪ ਨੂੰ 'ਗ੍ਰੰਥ' ਕਹਿੰਦੇ ਹਨ।

**ਚੰਦੋਆ/ ਚਾਨਣੀ**

ਸਿੱਖ ਬੋਲੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਮੇਂ ਮੰਜੀ/ਪਾਲਕੀ ਉਪਰ ਸਜਾਏ ਜਾਂਦੇ ਸ਼ਾਮਿਆਨੇ/ਚਾਨਣੀ ਨੂੰ ਚੰਦੋਆ ਕਹਿੰਦੇ ਹਨ। ਇਹ ਗੁਰੂ ਗ੍ਰੰਥ ਸਾਹਿਬ ਦੇ ਰੁਤਬੇ ਦੀ ਸਰਬ ਉਚ ਪਾਤਸ਼ਾਹੀ ਦਾ ਚਿੰਨ੍ਹ ਹੈ।

**ਚੌਰ**

ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਮੇਂ ਹਜ਼ੂਰੀ ਵਿਚ ਹਾਜ਼ਰ ਸਿੱਖ/ਗ੍ਰੰਥੀ ਵਲੋਂ ਕੀਤਾ ਜਾਂਦਾ ਚੌਰ (whisk), ਗੁਰਬਾਣੀ ਦੇ ਸਰਬ ਉਚ ਰੁਤਬੇ ਦਾ ਪਾਤਸ਼ਾਹੀ ਪ੍ਰਤੀਕ ਹੈ।

**ਪਾਠੀ**

ਗੁਰਬਾਣੀ ਦਾ ਪਾਠ ਕਰਨ ਵਾਲੇ ਵਿਅਕਤੀ ਲਈ 'ਪਾਠੀ' ਸ਼ਬਦ ਵਰਤਿਆ ਜਾਂਦਾ ਹੈ। ਅਸਲ ਵਿਚ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ 'ਪਾਠਕ' ਲਈ ਰੂੜ੍ਹ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਵਿਚ ਸਥਾਈ ਰੂਪ ਵਿਚ ਰਖੇ ਗ੍ਰੰਥੀ ਸਿੰਘ ਲਈ ਵੀ 'ਪਾਠੀ' ਸ਼ਬਦ ਵਰਤਿਆ ਜਾਂਦਾ ਹੈ।

**ਪੋਥੀ/ ਗੁਟਕਾ**

ਗੁਰੂ ਗ੍ਰੰਥ ਸਾਹਿਬ ਦੇ ਸੰਪਾਦਿਤ ਸਰੂਪ ਤੋਂ ਪਹਿਲਾਂ ਗੁਰਬਾਣੀ-ਸੰਗ੍ਰਹਿ ਨੂੰ 'ਪੋਥੀ ਸਾਹਿਬ' ਕਿਹਾ ਜਾਂਦਾ ਸੀ। ਕਿਸੇ ਇਕ ਜਾਂ ਵਧੇਰੇ ਬਾਣੀਆਂ ਦੇ ਅਲਗ ਕੀਤੇ ਸੰਗ੍ਰਹਿ ਨੂੰ ਪੋਥੀ ਜਾਂ ਗੁਟਕਾ ਕਿਹਾ ਜਾਂਦਾ ਹੈ।

**ਪ੍ਰਕਾਸ਼/ਸੁਖਾਸਨ/ਸੰਤੋਖਣਾ**

*ਸਿੱਖ ਰਹਿਤ ਮਰਯਾਦਾ* ਅਨੁਸਾਰ ਅੰਮ੍ਰਿਤ ਵੇਲੇ ਜਦੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ 'ਖੋਲ੍ਹਿਆ' (to open) ਜਾਂਦਾ ਹੈ ਤਾਂ ਇਸ ਨੂੰ 'ਪ੍ਰਕਾਸ਼' ਕਰਨਾ ਕਹਿੰਦੇ ਹਨ। ਇਸੇ ਤਰ੍ਹਾਂ ਸ਼ਾਮ ਵੇਲੇ ਦੀ ਨਿਤਨੇਮ (ਸੋਹਿਲਾ, ਅਰਦਾਸ) ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ 'ਬੰਦ' (to close) ਕਰ ਦਿਤਾ ਜਾਂਦਾ ਹੈ, ਜਿਸ ਨੂੰ ਸਤਿਕਾਰ ਨਾਲ 'ਸੁਖਾਸਨ' ਕਰਨਾ ਜਾਂ 'ਸੰਤੋਖਣਾ' ਕਹਿੰਦੇ ਹਨ।

**ਬੀੜ**

ਗੁਰੂ ਗ੍ਰੰਥ ਸਾਹਿਬ ਦੇ ਸਮੁਚੇ ਸਰੂਪ ਨੂੰ 'ਬੀੜ' ਕਿਹਾ ਜਾਂਦਾ ਹੈ, ਜਿਵੇਂ 'ਮਹਾਰਾਜ ਦੀ ਬੀੜ', 'ਪਾਵਨ ਬੀੜ' ਜਾਂ 'ਆਦਿ ਬੀੜ'।

**ਮੰਜੀ/ ਪਾਲਕੀ/ ਪੀੜ੍ਹਾ**

ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਜਿਸ ਆਸਨ ਉਤੇ ਸਜਾਇਆ ਜਾਂਦਾ ਹੈ, ਉਸ ਨੂੰ ਮੰਜੀ ਜਾਂ ਪੀੜ੍ਹਾ ਸਾਹਿਬ ਕਹਿੰਦੇ ਹਨ। ਜੇਕਰ ਇਸ ਉਪਰ ਛਤ ਦਾ ਪ੍ਰਬੰਧ ਹੋਵੇ ਤਾਂ ਇਸ ਲਈ 'ਪਾਲਕੀ' (kiosk-like seat) ਸ਼ਬਦ ਵਰਤਿਆ ਜਾਂਦਾ ਹੈ।

**ਰੌਲ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਵੇਲੇ ਪਾਠੀਆਂ ਦੀ ਕ੍ਰਮਬਧ ਵਾਰੀ, ਜਿਹੜੀ ਕਿ ਅਕਸਰ ਇਕ ਸਮੇਂ ਵਿਚ ਦੋ ਘੰਟੇ ਬਾਅਦ ਹੁੰਦੀ ਹੈ, ਨੂੰ 'ਰੌਲ' ਕਿਹਾ ਜਾਂਦਾ ਹੈ।

**ਲੜੀਵਾਰ/ਪਦ-ਛੇਦ ਸਰੂਪ**

ਛਾਪੇਖਾਨੇ ਦੀ ਵਰਤੋਂ ਤੋਂ ਪਹਿਲਾਂ 19ਵੀਂ ਸਦੀ ਦੇ ਅੰਤ ਤਕ, ਗੁਰਬਾਣੀ ਹਥਾਂ ਨਾਲ ਲਿਖੀ ਜਾਂਦੀ ਸੀ। ਹਥ-ਲਿਖਤ ਸਰੂਪਾਂ ਵਿਚ ਅਜਕਲ ਵਾਂਗ ਅਖਰ/ਸ਼ਬਦ ਤੋੜ ਕੇ (ਪਦ-ਛੇਦ ਕਰ ਕੇ) ਨਹੀਂ ਲਿਖੇ ਜਾਂਦੇ ਸਨ, ਸਾਰੇ ਅਖਰ/ਸ਼ਬਦ ਜੋੜ ਕੇ ਹੀ ਲਿਖੇ ਜਾਂਦੇ ਸਨ, ਅਜਿਹੀ ਲਿਖਤ ਨੂੰ ਲੜੀਵਾਰ ਲਿਖਤ ਕਿਹਾ ਜਾਂਦਾ ਸੀ। ਵਰਤਮਾਨ ਸਮੇਂ ਵਿਚ ਵੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੋ ਤਰੀਕਿਆਂ ਨਾਲ ਛਾਪੇ ਜਾਂਦੇ ਹਨ- ਸ਼ਬਦ/ਪਦ ਜੋੜ ਕੇ, ਭਾਵ ਲੜੀਵਾਰ; ਪਦ-ਛੇਦ ਕਰ ਕੇ, ਭਾਵ ਅਖਰਾਂ ਦੀਆਂ ਇਕਾਈਆਂ/ ਸ਼ਬਦ/ਪਦ ਬਣਾ ਕੇ।

## 5.4. ਪੰਥ-ਗੁਰੂ

ਗੁਰੂ-ਸੰਸਥਾ ਦਾ ਸਿਧਾਂਤਕ ਪਖ ਮੁਖ ਰੂਪ ਵਿਚ ਗ੍ਰੰਥ-ਪੰਥ ਨੂੰ ਗੁਰਿਆਈ ਮਿਲਣ 'ਤੇ ਹੀ ਜਾਹਰਾ ਰੂਪ ਵਿਚ ਪ੍ਰਕਾਸ਼ਮਾਨ ਹੁੰਦਾ ਹੈ। ਇਤਿਹਾਸਕ ਸਰੋਤਾਂ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅੰਤਿਮ ਸਮੇਂ ਗ੍ਰੰਥ-ਪੰਥ ਨੂੰ ਗੁਰਿਆਈ ਦਿਤੀ। ਖਾਲਸਾ ਪੰਥ ਦੀ ਸਾਜਨਾ ਅਤੇ ਗ੍ਰੰਥ ਤੇ ਪੰਥ ਨੂੰ ਗੁਰਿਆਈ ਦੇਣਾ, ਸਿੱਖ ਇਤਿਹਾਸ ਦੀਆਂ ਦੋ ਪ੍ਰਮੁਖ ਘਟਨਾਵਾਂ ਹਨ। ਇਨ੍ਹਾਂ ਘਟਨਾਵਾਂ ਦੀ ਵਿਸ਼ੇਸ਼ਤਾ ਇਹ ਵੀ ਹੈ ਇਹ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਹਥੀਂ ਆਪ ਕੀਤੇ। ਇਤਿਹਾਸਕ ਸਰੋਤਾਂ ਦੀ ਰੌਸ਼ਨੀ ਵਿਚ ਗ੍ਰੰਥ ਸਾਹਿਬ ਦੀ ਗੁਰਿਆਈ ਬਾਰੇ ਕਿਸੇ ਪ੍ਰਕਾਰ ਦਾ ਕੋਈ ਕਿੰਤੂ ਸਿੱਖ ਪਰੰਪਰਾ ਵਿਚ ਨਹੀਂ ਮਿਲਦਾ।

ਇਥੇ ਇਹ ਵਰਣਨਯੋਗ ਹੈ ਕਿ ਗੁਰੂ-ਸੰਸਥਾ ਦੀ ਨਿਰੰਤਰਤਾ ਬਾਰੇ ਕਈ ਵਿਦਵਾਨਾਂ ਨੂੰ ਟਪਲਾ ਵੀ ਲਗਾ ਹੈ। ਗੁਰੂ ਗ੍ਰੰਥ-ਪੰਥ ਦੀ ਗੁਰਿਆਈ ਬਾਰੇ ਕਈ ਵਿਦਵਾਨ ਗੁਰਿਆਈ ਕੇਵਲ ਗੁਰੂ ਗ੍ਰੰਥ ਤਕ ਸੀਮਤ ਕਰਦੇ ਹਨ, ਪੰਥ ਦੀ ਗੁਰਿਆਈ ਤੋਂ ਉਹ ਮੁਨਕਰ ਹਨ।[114] ਇਸ ਸੰਦਰਭ ਵਿਚ ਡਾ. ਦਰਸ਼ਨ ਸਿੰਘ ਅਨੁਸਾਰ ਪਛਮੀ ਵਿਦਵਾਨ ਵੀ ਗੁਰੂ-ਸੰਸਥਾ ਦੇ ਦੈਵੀ ਰਹਸ ਨੂੰ ਸਮਝਣ ਵਿਚ ਅਸਮਰਥ ਰਹੇ ਹਨ।[115] ਵਿਦਵਾਨਾਂ ਦੀ ਇਹ ਧਾਰਨਾ ਠੀਕ ਨਹੀਂ, ਕਿਉਂਕਿ ਗ੍ਰੰਥ ਦੇ ਤਾਬਿਆ ਹੀ ਪੰਥ ਗੁਰੂ ਹੈ। ਇਕਲਾ ਗ੍ਰੰਥ ਗੁਰੂ ਨਹੀਂ ਹੋ ਸਕਦਾ, ਜਿੰਨਾ ਚਿਰ ਇਸ ਨੂੰ ਮੰਨਣ ਵਾਲਾ ਪੰਥ ਨਾ ਹੋਵੇ। ਇਸੇ ਤਰ੍ਹਾਂ ਗ੍ਰੰਥ ਦੀ ਅਣਹੋਂਦ ਕਾਰਨ ਪੰਥ ਦਾ ਵੀ ਕੋਈ ਮੁਲ ਨਹੀਂ। ਗ੍ਰੰਥ-ਪੰਥ ਦੇ ਸੁਮੇਲ ਬਾਰੇ ਜਾਣਨ ਤੋਂ ਪਹਿਲਾਂ 'ਪੰਥ' ਦੇ ਪਿਛੋਕੜ ਦੀ ਸਮਝ ਹੋਣੀ ਜਰੂਰੀ ਲਗਦੀ ਹੈ।

ਪੰਥ ਪ੍ਰਕਿਰਤਕ ਮੂਲ ਦਾ ਸ਼ਬਦ ਹੈ, ਜਿਸ ਦੇ ਅਰਥ ਹਨ: ਮਾਰਗ, ਰਸਤਾ, ਪਰਮਾਤਮਾ ਦੀ ਪ੍ਰਾਪਤੀ ਦਾ ਰਾਹ, ਧਰਮ, ਮਜ਼ਹਬ ਆਦਿ।[116] ਡਾ. ਤਾਰਨ ਸਿੰਘ ਅਨੁਸਾਰ ਪੰਥ ਦਾ ਅਰਥ ਹੈ:

---

[114] ਮਿਸਾਲ ਵਜੋਂ, ਗੁਰਬਚਨ ਸਿੰਘ ਤਾਲਿਬ ਲਿਖਦੇ ਹਨ, "In the Sikh Tradition, the descriptive title 'Guru' can be applied only to Guru Nanak and his nine Successors in the Holy Ministry; and later by a decree of Guru Gobind Singh, to the Word, the scripture. None else is so high or Holy as to be so designated." *Guru Nanak: His Personality and Vision,* p.143.

[115] " It is though the personal involvement that the religious forms, institutions and belief system become meaningful. This involvement and the personal quality of faith always eludes understanding by an outsider, non participant or foreigner… This was another inherent limitation of their understanding of Indian religions in addition to many other limitations, reasons, implied in the above discussion." *Western Perspective on the Sikh Religion,* p.100-01.

[116] *ਮਹਾਨ ਕੋਸ਼,* ਪੰਨਾ 793.

ਸ਼ਾਹੀ ਰਾਹ, ਭਾਵ ਐਸੀ ਵੱਡੀ-ਖੁੱਲੀ ਚੌੜੀ ਸੜਕ, ਜਿਸ ’ਤੇ ਕਿਸੇ ਪੰਥੀ ਦੇ ਭੁਲਣ ਦੀ ਸੰਭਾਵਨਾ ਨਹੀਂ ਤੇ ਜਿਹੜੀ ਤੋੜ ਮੰਜ਼ਿਲ ਤੀਕ ਜਾਂਦੀ ਹੈ।[117] ਅਸਲ ਵਿਚ ਗੁਰਮਤਿ ਮਾਰਗ ਦੇ ਪਾਂਧੀਆਂ ਦੇ ਸਮੁਚੇ ਕਾਫਲੇ ਨੂੰ ਹੀ ਪੰਥ ਆਖਿਆ ਜਾਂਦਾ ਹੈ, ਜਿਹੜਾ ਕਿ ਗੁਰੂ ਸਾਹਿਬਾਨ ਦੇ ਸਮੇਂ ਹੀ ਵਖਰੇ ਤੌਰ ’ਤੇ ਜਥੇਬੰਦ ਹੋ ਗਿਆ ਸੀ। ਸਿੱਖਾਂ ਦੇ ਜਥੇਬੰਦਕ ਢਾਂਚੇ ਨੂੰ ਪੰਥ ਕਹਿਣ ਦੀ ਪਿਰਤ, ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਪ੍ਰਚਲਤ ਹੋ ਗਈ ਸੀ। ਉਨ੍ਹਾਂ ਨੇ ਲੋਕਾਂ ਨੂੰ ਸਚ ਦਾ ਰਾਹ ਦਿਖਾਇਆ। ਉਨ੍ਹਾਂ ਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਲੋਕ ਹੌਲੀ-ਹੌਲੀ ਵਖਰੇ ਤੌਰ ’ਤੇ ਇਕ ਵਖਰੀ ਜਥੇਬੰਦੀ ਦਾ ਰੂਪ ਧਾਰਨ ਕਰ ਗਏ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਉਨ੍ਹਾਂ ਦਾ ਇਸ ਧਰਤੀ ਉਤੇ ਆਉਣ ਦਾ ਪ੍ਰਯੋਜਨ ਹੀ ਪੰਥ ਦੀ ਸਾਜਣਾ ਸੀ:

*ਮੈ ਅਪਣਾ ਸੁਤ ਤੋਹਿ ਨਿਵਾਜਾ॥ ਪੰਥੁ ਪ੍ਰਚੁਰ ਕਰਬੇ ਕਹ ਸਾਜਾ॥*[118]

ਭਾਈ ਗੁਰਦਾਸ ਜੀ ਨੇ ਇਸ ਨੂੰ ਗੁਰਮੁਖ ਪੰਥ[119], ਤੀਸਰ ਪੰਥ[120], ਨਿਰਮਲ ਪੰਥ[121] ਅਤੇ ਪੰਥ ਨਿਰਾਲਾ[122] ਕਿਹਾ ਹੈ। ਭਾਈ ਸਾਹਿਬ ਅਨੁਸਾਰ ਪੰਥ ਦਾ ਸਰੂਪ ਇਸ ਤਰ੍ਹਾਂ ਹੈ:

*ਗੁਰ ਸਿਖੀ ਦਾ ਸਿਖਣਾ ਸਬਦਿ ਸੁਰਤਿ ਸਤਿਸੰਗਤਿ ਸਿਖੈ॥*
*ਗੁਰ ਸਿਖੀ ਦਾ ਲਿਖਣਾ ਗੁਰਬਾਣੀ ਸੁਣਿ ਸਮਝੈ ਲਿਖੈ॥ ...*
*ਗੁਰ ਸਿਖੀ ਦਾ ਰਾਹੁ ਏਹੁ ਗੁਰਮੁਖਿ ਚਾਲ ਚਲੈ ਸੋ ਦੇਖੈ॥*
*ਘਾਲਿ ਖਾਇ ਸੇਵਾ ਕਰੈ ਗੁਰ ਉਪਦੇਸੁ ਅਵੇਸੁ ਵਿਸੇਖੈ॥*[123] ...
*ਗੁਰਮੁਖਿ ਪੰਥੁ ਅਗੰਮੁ ਹੈ ਗੁਰਮਤਿ ਨਿਹਚਲੁ ਚਲਣੁ ਭਾਣੈ॥...*
*ਗੁਰਮੁਖਿ ਪੰਥੁ ਨਿਰੋਲੁ ਸਚੁ ਸੁਹਾਣੀਐ॥*[124]

---

[117] *ਭਗਤੀ ਤੇ ਸ਼ਕਤੀ*, ਪੰਨਾ 173.
[118] *ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ 73.
[119] *ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ॥ ਵਾਰਾਂ ਭਾਈ ਗੁਰਦਾਸ* , ਵਾਰ/ਪਉੜੀ - ੩/੫.
[120] *ਇਉਂ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ॥... ਵਾਰ ਭਾਈ ਗੁਰਦਾਸ ਦੂਜਾ*, ੪੧/੧੬.
[121] *ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ॥ ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ - ੧/੪੫.
[122] *ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਆਪਣਾ ਪੰਥੁ ਨਿਰਾਲਾ॥ ਉਹੀ*, ੧/੩੧.
[123] *ਉਹੀ*, ੨੮/੫-੬.
[124] *ਉਹੀ*, ੬/੧੯; ੨੨/੧੪.

ਇਹੋ ਗੁਰਮੁਖ ਪੰਥ ਜਾਂ ਨਿਰਮਲ ਪੰਥ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ 'ਖਾਲਸਾ ਪੰਥ' ਦਾ ਰੂਪ ਧਾਰਨ ਕਰ ਗਿਆ, ਜਿਸ ਨੂੰ 'ਗੁਰੂ-ਪੰਥ' ਜਾਂ 'ਖਾਲਸਾ-ਪੰਥ' ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਉਪਰੰਤ ਪਤਾ ਚਲਦਾ ਹੈ ਕਿ 'ਖਾਲਸਾ' ਸ਼ਬਦ ਸਿਰਫ ਇਕ ਵਾਰ ਭਗਤ ਕਬੀਰ ਜੀ ਦੇ ਇਕ ਸ਼ਬਦ ਵਿਚ ਆਇਆ ਹੈ:

*ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥*[125]

ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਦੀ ਵਿਸਾਖੀ ਨੂੰ ਖਾਲਸਾ ਪੰਥ ਦੀ ਸਾਜਨਾ ਕੀਤੀ, ਪਰ 'ਖਾਲਸਾ' ਸ਼ਬਦ ਦੀ ਵਰਤੋਂ ਉਨ੍ਹਾਂ ਤੋਂ ਪਹਿਲਾਂ ਵੀ ਹੋ ਚੁਕੀ ਸੀ, ਜਿਸ ਤੋਂ ਪਤਾ ਚਲਦਾ ਹੈ ਕਿ 'ਖਾਲਸਾ' ਸ਼ਬਦ ਪਹਿਲੋਂ ਹੀ ਮੌਜੂਦ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ 'ਖਾਲਸਾ' ਸ਼ਬਦ ਦੇ ਅਰਥ ਸ਼ੁਧ, ਨਿਰੋਲ, ਜੋ ਸੰਪਤੀ ਸਿਧੀ ਬਾਦਸ਼ਾਹ ਦੇ ਅਧੀਨ ਹੋਵੇ, ਅਕਾਲੀ ਧਰਮ ਧਾਰੀ, ਨਾਨਕ ਪੰਥੀ ਆਦਿ ਕੀਤੇ ਹਨ।[126]

ਉਪਰੋਕਤ ਹਵਾਲਿਆਂ ਦੀ ਰੌਸ਼ਨੀ ਵਿਚ ਖਾਲਸੇ ਦੇ ਅਰਥ, ਸਿਰਫ ਇਕ ਗੁਰ-ਪਰਮੇਸਰ ਦੇ ਅਧੀਨ ਹੋਣਾ, ਸਮਰਪਿਤ ਹੋਣਾ ਕੀਤੇ ਜਾ ਸਕਦੇ ਹਨ, ਜਿਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਵਚਨ ਹਨ:

*ਜਾਗਤਿ ਜੋਤਿ ਜਪੈ ਨਿਸਿ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ॥*
*ਤੀਰਥ ਦਾਨ ਦਯਾ ਤਪ ਸੰਜਮ ਏਕੁ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤਿ ਜਗੈ ਘਟ ਮੈ ਤਬ ਖਾਲਿਸ ਤਾਹਿ ਨ ਖਾਲਿਸ ਜਾਨੈ॥*[127]

*ਸ੍ਰੀ ਗੁਰ ਸੋਭਾ* ਦੇ ਕਰਤੇ ਦਾ ਖਿਆਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਨਿਰੰਕਾਰ ਆਪ ਜਗਤ ਦੇ ਉਧਾਰ ਲਈ ਆਇਆ ਸੀ। ਗੁਰੂ ਸਾਹਿਬ ਨੇ ਅਸੁਰਾਂ ਦੇ ਸੰਘਾਰ ਲਈ ਖਾਲਸੇ ਦੀ ਸਿਰਜਣਾ ਕੀਤੀ:

---

[125] ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧, ੬੫੫.
[126] *ਮਹਾਨ ਕੋਸ਼*, ਪੰਨਾ 374.
[127] *ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਤੀਜੀ), ਪੰਨਾ 1235.

*ਕਲ ਮੈ ਕਰਨਹਾਰ ਨਿਰੰਕਾਰ ਕਲਾ ਧਾਰ॥*
*ਜਗਤ ਕੇ ਉਧਾਰਬੇ ਗੋਬਿੰਦ ਸਿੰਘ ਆਯੋ ਹੈ॥*
*ਅਸੁਰ ਸੰਘਾਰਬੇ ਕੋ ਦੁਰਜਨ ਕੋ ਮਾਰਬੇ ਕੋ॥*
*ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੈ॥...*[128]

### 5.4.1 ਪੰਥ ਗੁਰੂ ਦਾ ਸੰਕਲਨ

ਗੁਰੂ-ਸੰਸਥਾ ਦੇ ਦੋ ਮੁਖ ਪਖ ਹਨ-ਜੋਤਿ ਤੇ ਜੁਗਤਿ, ਜਿਹੜੇ ਸ਼ੁਰੂ ਤੋਂ ਹੀ ਗੁਰਿਆਈ ਦਾ ਅਨਿਖੜਵਾਂ ਅੰਗ ਰਹੇ ਹਨ। ਜੋਤਿ ਦਾ ਸੰਬੰਧ ਗੁਰਿਆਈ ਦੇ ਸਿਧਾਂਤਕ ਪਖ ਨਾਲ ਹੈ, ਜਦੋਂ ਕਿ ਜੁਗਤਿ ਦਾ ਵਿਵਹਾਰਕ ਪਖ ਨਾਲ। ਇਸੇ ਤਰ੍ਹਾਂ ਗੁਰੂ ਗ੍ਰੰਥ ਅਤੇ ਗੁਰੂ ਪੰਥ, ਗੁਰੂ-ਸੰਸਥਾ ਦੇ ਹੀ ਦੋ ਪਹਿਲੂ ਹਨ। ਸਿਧਾਂਤਕ ਪਖੋਂ ਗ੍ਰੰਥ ਗੁਰੂ ਹੈ ਅਤੇ ਵਿਵਹਾਰ ਪਖੋਂ ਪੰਥ। ਭਾਵ, ਜੋਤਿ ਗੁਰੂ-ਗ੍ਰੰਥ ਕੋਲ ਹੈ ਅਤੇ ਜੁਗਤਿ ਗੁਰੂ-ਪੰਥ ਕੋਲ। ਦੋਵੇਂ ਇਕੋ ਸਿਕੇ ਦੋ ਪਾਸੇ ਹਨ, ਇਕ ਦੂਜੇ ਦੇ ਪੂਰਕ ਹਨ ਅਤੇ ਇਕ ਦੂਜੇ ਤੋਂ ਬਿਨਾਂ ਦੋਹਾਂ ਦੀ ਸਾਰਥਿਕਤਾ ਅਧੂਰੀ ਹੈ।

ਗੁਰੂ-ਪੰਥ ਦੀ ਸਥਾਪਤੀ ਗੁਰੂ-ਜੁਗਤਿ ਦਾ ਹੀ ਅੰਗ ਸੀ, ਜਿਸ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਹੀ ਕਰ ਦਿਤਾ ਸੀ। *ਮਿਹਰਬਾਨ ਜਨਮਸਾਖੀ* ਅਨੁਸਾਰ ਪਾਰਬ੍ਰਹਮ ਪਰਮੇਸਰ ਨੇ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਦਰਬਾਰ ਵਿਚ ਬੁਲਾ ਕੇ ਦੁਧ ਦਾ ਕਟੋਰਾ ਪੀਣ ਲਈ ਦਿਤਾ, ਜਿਸ ਮਗਰੋਂ ਗੁਰੂ ਸਾਹਿਬ ਨੂੰ ਪੰਥ ਚਲਾਉਣ ਲਈ ਵਿਦਾ ਕੀਤਾ:

> *ਤਬ ਨਿਰੰਜਨ ਨਿਰੰਕਾਰਿ ਕਹਿਆ ਜਿ ਰੇ ਜਾਹੁ, ਜਾਇ ਕਰਿ ਤੁਮੁ ਨਾਨਕ ਕਉ ਮੇਰੇ ਪਾਸਿ ਲੇ ਆਵਹੁ... ਤਬ ਕਰਤੇ ਪੁਰਖਿ... ਕਟੋਰਾ ਦੂਧ ਕਾ ਭਰਿਆ... ਨਾਨਕ ਜੀ ਕਉ ਕਹਿਆ ... ਇਹੁ ਪੀਉ... ਤਬ ਕਰਤੇ ਪੁਰਖਿ ਕਹਿਆ... ਏਹੁ ਦੂਧ ਨਾਹੀ... ਏਹੁ ਤੁਮ ਕਉ ਨਾਮ ਸਿਮਰਣ ਕਾ, ਭਗਤਿ ਭਾਵ ਕਾ, ਸਤ ਸੰਤੋਖ ਕਾ, ਸੀਲ ਸੰਜਮ ਕਾ ਪਿਆਲਾ ਮਿਲਤਾ ਹੈ... ਤੁਮ ਕਉ ਏਹੁ ਅੰਬ੍ਰਿਤੁ ਨਾਮੁ ਮਿਲਤਾ*

[128] *ਸ੍ਰੀ ਗੁਰ ਸੋਭਾ*, ਅਧਿਆਇ/ਬੰਦ/ਪੰਨਾ – ੫/੧੩੦/੭੯.

*ਹੈ... ਪੀਉ... ਬਾਬੇ ਨਾਨਕ ਜੀ ਪਰਮੇਸਰ ਕੇ ਹਾਥ ਤੀ ਪੀ ਲਇਆ। ਪੀਵਤੇ ਸਾਥਿ ਮਸਤਾਨੁ ਹੋਇ ਗੈਆ। ਅਰ ਸਗਲ ਭਵਨ ਕੀ ਸੋਝੀ ਹੋਈ... ਤਬ ਸ੍ਰੀ ਪਾਰਬ੍ਰਹਮ ਕਹਿਆ ਜਿ ਏ ਨਾਨਕ! ਤੂੰ ਮੈ ਮੁਕਤਾ ਕੀਆ... ਏ ਨਾਨਕ! ਤੈ ਮੇਰਾ ਨਾਮੁ ਕਲਿਜੁਗ ਕੇ ਬਿਖੈ ਜਪਾਵਣਾ... ਸੁਧਰਮੁ ਦਿੜਾਵਣਾ... ਤਬ ਸ੍ਰੀ ਪਾਰਬ੍ਰਹਮ ਆਪਣੀ ਭਗਤਿ ਨਾਮੁ ਸਿਪਤਿ ਸਲਾਹ ਦੇ... ਸਤੁ ਸੰਤੋਖੁ ਥਿਤਿ ਜੁਗਤਿ ਸੀਲੁ ਸੰਜਮੁ ਬਕਸਿ ਦੇ ਕਰਿ ਕਲਿਜੁਗ ਕੈ ਬਿਖੈ ਜੀਵ ਨਿਸਤਾਰਨ ਕਉ, ਪੰਥ ਚਲਾਵਨ ਕਉ ਸ੍ਰੀ ਪਾਰਬ੍ਰਹਮ ਜੀ ਬਿਦਾ ਕੀਆ... ਸੰਮਤਿ ੧੫੬੪ ਭਾਦੋ ਸੁਦੀ ੧੫ ਪੂਰਨਮਾ ਕੈ ਦਿਨਿ ਭਲਕੇ ਹੀ ਪਰਮੇਸੁਰ ਕੇ ਨਾਵ ਕਾ ਪਰਗਾਸੁ ਹੋਆ, ਸ੍ਰੀ ਪਾਰਬ੍ਰਹਮ ਸਾਵਧਾਨ ਨਦੀ ਕੈ ਬਿਖੈ ਮਿਲਿਆ, ਬਾਬੇ ਨਾਨਕ ਜੀ ਕੰਉ॥*[129]

*ਜਨਮਸਾਖੀਆਂ* ਤੋਂ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਦੌਰਾਨ ਅਨੇਕ ਥਾਵਾਂ ਉਤੇ ਸੰਗਤ ਸਥਾਪਿਤ ਕੀਤੀ। ਉਪਰੰਤ ਬਾਕੀ ਗੁਰੂ ਸਾਹਿਬਾਨ ਦੇ ਸਮੇਂ ਵਿਚ ਵੀ ਲੰਗਰ, ਦਸਵੰਧ, ਮੰਜੀ ਅਤੇ ਮਸੰਦ ਪ੍ਰਥਾ ਆਦਿ ਦਾ ਸੰਬੰਧ ਵੀ ਸੰਗਤ ਨਾਲ ਹੀ ਰਿਹਾ ਹੈ।[130] ਜ਼ਿਕਰਯੋਗ ਹੈ ਕਿ ਸਿੱਖ ਧਰਮ ਵਿਚ ਸੰਗਤ ਦਾ ਦਰਜਾ ਧਾਰਮਿਕ ਅਤੇ ਸਮਾਜਿਕ ਪਖੋਂ ਐਨਾ ਉਚਾ ਰਿਹਾ ਹੈ ਕਿ 'ਗੁਰੂ ਵੀਹ ਵਿਸਵੇ ਅਤੇ ਸੰਗਤ ਇਕੀ ਵਿਸਵੇ' ਜਿਹੀਆਂ ਧਾਰਨਾਵਾਂ ਇਸ ਤਥ ਦੀ ਪੁਸ਼ਟੀ ਕਰਦੀਆਂ ਹਨ। ਮੌਜੂਦਾ ਸਮੇਂ ਵਿਚ ਵੀ ਸੰਗਤ ਨੂੰ 'ਗੁਰੂ-ਰੂਪ' ਕਹਿ ਕੇ ਸੰਬੋਧਨ ਕਰਨ ਦੀ ਰਵਾਇਤ ਪ੍ਰਚਲਿਤ ਹੈ।

ਇਤਿਹਾਸਿਕ ਦ੍ਰਿਸ਼ਟੀ ਤੋਂ ਭਾਈ ਗੁਰਦਾਸ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਨੂੰ ਹੀ 'ਖਾਲਸੇ' ਦੇ ਰੂਪ ਵਿਚ ਪ੍ਰਗਟ ਕੀਤਾ।[131] ਗੁਰੂ ਸਾਹਿਬ ਨੇ ਪੰਜ ਸਿੱਖ ਚੁਣ ਕੇ ਉਨ੍ਹਾਂ ਨੂੰ

---

[129] *ਮਿਹਰਬਾਨ ਜਨਮਸਾਖੀ*, ਗੋਸ਼ਟਿ/ਪੰਨੇ - ੨੮/੮੮-੯.

[130] ਇਨ੍ਹਾਂ ਸੰਸਥਾਵਾਂ ਦਾ ਵਿਵਰਨ ਪਿਛਲੇ ਅਧਿਆਇ ਵਿਚ ਦਿਤਾ ਗਿਆ ਹੈ।

[131] *ਸੰਗਤਿ ਕੀਨੀ ਖਾਲਸਾ...॥ ਵਾਰ ਭਾਈ ਗੁਰਦਾਸ ਦੂਜਾ* - ਵਾਰ/ਪਉੜੀ, ੪੧/੧.

ਅੰਮ੍ਰਿਤ ਛਕਾਇਆ। ਉਪਰੰਤ ਉਨ੍ਹਾਂ ਨੇ ਆਪ ਪੰਜਾਂ ਪਾਸੋਂ ਅੰਮ੍ਰਿਤ ਛਕ ਕੇ ਆਪਣੇ-ਆਪ ਨੂੰ ਖਾਲਸੇ ਵਿਚ ਅਭੇਦ ਕਰ ਲਿਆ। ਇਸ ਤਰ੍ਹਾਂ ਕਰਨ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਗੁਰ-ਦੀਖਿਆ ਦੇਣ ਦਾ ਅਧਿਕਾਰ ਖਾਲਸੇ ਨੂੰ ਸੌਂਪ ਦਿਤਾ। ਇਨ੍ਹਾਂ ਪੰਜਾਂ ਸਿੰਘਾਂ ਪਾਸੋਂ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕ ਕੇ ਖਾਲਸੇ ਨੂੰ ਗੁਰੂ-ਰੂਪ ਵਿਚ ਸਵੀਕਾਰ ਕੀਤਾ। ਇਸ ਉਪਰੰਤ ਵਿਅਕਤੀ-ਗੁਰੂ ਦੀ ਥਾਂ 'ਪੰਥ-ਗੁਰੂ' ਦਾ ਸਿਧਾਂਤ ਪਕੇ ਪੈਰੀਂ ਸਥਾਪਿਤ ਹੋ ਗਿਆ। ਇਹ ਇਕ ਇਨਕਲਾਬੀ ਘਟਨਾ ਸੀ, ਜਿਸ ਨੇ ਵਿਅਕਤੀ-ਗੁਰੂ ਦੀ ਮਹਤਤਾ ਨੂੰ ਅਸਵੀਕਾਰ ਕਰ ਕੇ ਗੁਰੂ ਦੀ ਵਿਲਖਣਤਾ ਨੂੰ ਸਪਸ਼ਟ ਰੂਪ ਵਿਚ ਸਾਹਮਣੇ ਲਿਆਉਂਦਾ। *ਆਪੇ ਗੁਰੁ ਚੇਲਾ* [132] ਦੀ ਇਸ ਅਨੋਖੀ ਪਿਰਤ ਅਧੀਨ, ਪੰਥ ਆਪ ਹੀ ਗੁਰੂ ਹੈ ਅਤੇ ਆਪ ਹੀ ਚੇਲਾ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਸਾਜਨਾ ਉਪਰੰਤ ਦੂਜਾ ਅਹਿਮ ਕਾਰਜ ਗ੍ਰੰਥ-ਪੰਥ ਨੂੰ ਗੁਰਿਆਈ ਦੇਣਾ ਹੈ। ਪੰਥ ਦੀ ਗੁਰਿਆਈ ਸੰਬੰਧੀ ਸਿੱਖ ਸਾਹਿਤ ਨੇ ਪੁਰਜ਼ੋਰ ਢੰਗ ਨਾਲ ਹਮਾਇਤ ਕੀਤੀ ਹੈ, ਜਿਸ ਦਾ ਵੇਰਵਾ ਅਗਲੇ ਪੰਨਿਆਂ ਉਤੇ ਦਿਤਾ ਜਾ ਰਿਹਾ ਹੈ:

**ਭਾਈ ਨੰਦ ਲਾਲ** ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਸਰਗੁਣ ਰੂਪ 'ਪੰਥ' ਵਿਚ ਮੌਜੂਦ ਹੈ:

*ਨਿਰਗੁਣ ਸਰਗੁਣ ਗੁਰਸਬਦ ਜੀ ਕਹੇ ਰੂਪ ਤੁਮ ਤੀਨ॥*
*ਨਿਰਗੁਣ ਰੂਪ ਨਹੀ ਦੇਖੀਏ ਸਰਗੁਣ ਸਿਖ ਅਧੀਨ॥*[133]

***ਸ੍ਰੀ ਗੁਰ ਸੋਭਾ*** ਦੇ ਕਰਤਾ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਧਰਤੀ ਉਤੇ ਆਉਣ ਦਾ ਮੁਖ ਪ੍ਰਯੋਜਨ ਪੰਥ ਸਾਜਨਾ ਹੀ ਸੀ। ਸੈਨਾਪਤਿ ਦਸਦਾ ਹੈ ਕਿ ਇਹ ਪੰਥ ਅਕਾਲਪੁਰਖ ਨੇ ਧਰਮ ਦੀ ਖਾਤਰ ਸਾਜਿਆ ਹੈ। ਇਹ ਅਜਿਹਾ ਪੰਥ ਹੈ ਜਿਹੜਾ ਛੁਪਾਇਆਂ ਛੁਪਦਾ ਨਹੀਂ, ਘਟਾਇਆਂ ਘਟਦਾ ਨਹੀਂ, ਬਲਕਿ ਦਿਨੋ-ਦਿਨ ਵਧਦਾ ਹੀ ਹੈ:

*ਕਰਉ ਪੰਥ ਮੇਰਾ। ਧਰਮ ਕਾਜ ਕੇਰਾ॥...*
*ਕੀਓ ਪੰਥ ਐਸਾ। ਕਹਿਯੋ ਆਪ ਤੈਸਾ॥*

---

[132] *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ - ੪੧/੧.
[133] *ਭਾਈ ਨੰਦ ਲਾਲ ਗ੍ਰੰਥਾਵਲੀ*, ਪੰਨਾ 223.

*ਛਪੈ ਨ ਛਪਾਇਆ। ਘਟੈ ਨਾ ਘਟਾਇਆ॥*

*ਦਿਨੋ ਦਿਨ ਸਵਾਇਆ। ਸੁ ਡੰਕਾ ਬਜਾਇਆ॥...*

*ਸਰਣ ਤਾਹਿ ਆਵੈ। ਸੋਈ ਸੁਖ ਪਾਵੈ॥*[134]

***ਗੁਰਬਿਲਾਸ ਪਾ.੧੦*** ਵਿਚ ਸੁਖਾ ਸਿੰਘ ਨੇ ਗੁਰੂ ਪੰਥ ਨੂੰ 'ਸਚੀ ਪਾਤਸ਼ਾਹੀ' ਕਹਿ ਕੇ ਵਡਿਆਇਆ ਹੈ। ਉਹ ਖਾਲਸਾ ਪੰਥ ਦੇ ਸਮੁਚੇ ਰੂਪ ਨੂੰ ਬੜੇ ਭਾਵਪੂਰਤ ਸ਼ਬਦਾਂ ਵਿਚ ਦਰਸਾਉਂਦਾ ਹੈ:

*ਇਹ ਪਰਮ ਖਾਲਸਾ ਪੰਥ ਜੋਇ। ਇਹ ਅਸਕੇਤ ਕੋ ਬਿਰਦ ਸੋਇ॥*

*ਬੁਰਕਾ ਅਕਾਲ ਦੀਨੋ ਸੁ ਆਪ। ਵਿਚ ਧਾਰ ਅਧਿਕ ਗੁਰ ਕੌ ਪ੍ਰਤਾਪ॥*

*ਇਹ ਜਗਤ ਮਧ ਤੇ ਕਾਢਾ ਮਾਥ। ਦੈ ਅਮੀ ਸੁਧ ਕੀਨੋ ਸਨਾਥ॥*

*ਨਿਜ ਦਏ ਮੰਤ੍ਰ ਮਧਿ ਕਾਨ ਗੂੜ੍ਹ। ਇਹ ਭਯੋ ਸੇਰ ਜੋ ਹੁਤਾ ਮੂੜ੍ਹ॥*

*ਸਸਤ੍ਰੈ ਅਸਤ੍ਰ ਨਾਨਾ ਸੁ ਬੁਧ। ਤਿਹ ਗੁਰੂ ਦਯਾਲ ਕਰ ਡਾਲ ਸੁਧ॥*

*ਬਲ ਧਾਰ ਅਧਿਕ ਕੇਹਰ ਸਮਾਨ। ਤਿਨ ਕਰ੍ਯੋ ਉਦਮ ਤਰਨੇ ਜਹਾਨ॥*

*ਜੋ ਸਬਦ ਰਹਤ ਬਾਣੀ ਬਿਚਾਰ। ਜਿਹ ਲਯੋ ਸਮਝਿ ਆਛੈ ਸੁਧਾਰ॥*

*ਬਰ ਅਮਰ ਲੋਕ ਦੇਹੀ ਮੰਝਾਰ। ਜਿਹ ਲਖ੍ਯੋ ਆਛ ਤਜ ਕੈ ਜੰਜਾਰ॥*

*ਸੋ ਆਨ ਜਾਨ ਤੇ ਗਯੋ ਛੂਟ। ਤਿਹ ਲਯੋ ਅਮੀ ਅਨਹਤ ਸੁ ਲੂਟ॥*

*ਤਿਹ ਸਮਾਨ ਆਨ ਨ੍ਰਿਪ ਨਰੁ ਨ ਕੋਇ। ਜਗ ਧੰਨ ਜਨਮ ਜਾਨਹੁ ਅਲੋਇ॥*[135]

***ਮਹਿਮਾ ਪ੍ਰਕਾਸ਼*** ਦੇ ਕਰਤੇ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ 'ਪੰਥ' ਨੂੰ ਇਕ ਸੰਗਠਿਤ ਰੂਪ ਦੇਣ ਲਈ ਹੀ ਦਸ ਜਾਮੇ ਧਾਰਨ ਕੀਤੇ ਸਨ। ਗੁਰੂ ਨਾਨਕ ਦੇਵ ਜੀ ਜੋਤੀ-ਜੋਤਿ ਸਮਾਉਣ ਸਮੇਂ ਭਾਈ ਲਹਣਾ ਜੀ ਨੂੰ ਪੰਥ ਦੇ ਉਦੇਸ਼ ਬਾਰੇ ਇਉਂ ਦਸਦੇ ਹਨ:

*ਸ੍ਰੀ ਗੁਰੂ ਅੰਗਤ ਪ੍ਰਭੁ ਬੁਲਾਏ। ਮਮ ਚਿਤਵਨ ਕਰੀ ਭਲੇ ਤੁਮ ਆਏ॥*

*ਮੈ ਨਿਜੁ ਸਰੂਪ ਅਪਨਾ ਤੁਮ ਜਾਨਾ। ਅਬ ਲੀਨ ਹੋਵੌ ਮੈ ਪਦ ਨਿਰਬਾਨਾ॥*

---

[134] *ਸ੍ਰੀ ਗੁਰ ਸੋਭਾ*, ਅਧਿਆਇ/ਬੰਦ/ਪੰਨਾ- ੧/੩੦-੩੬/੬੬-੭.

[135] *ਗੁਰਬਿਲਾਸ ਪਾ.੧੦*, ਅਧਿਆਇ/ਬੰਦ/ਪੰਨਾ - ੯/੧੧੭-੨੨/੧੪੪.

*ਹਰਿ ਕਾ ਪੰਥ ਗੁਰਮੁਖ ਜਗ ਕਰਨਾ। ਦੇ ਨਾਮ-ਮੰਤ੍ਰ ਤੁਮ ਜਗਤ ਉਧਰਨਾ॥*

*ਜੋ ਦੀਸੇ ਸੋ ਸਗਲ ਬਿਨਾਸੀ। ਮਮ ਸਰੂਪ ਸਦ ਤੁਮ ਅਬਿਨਾਸੀ॥...*[136]

***ਬੰਸਾਵਲੀਨਾਮਾ*** ਵਿਚ ਗੁਰੂ ਗ੍ਰੰਥ ਦੇ ਨਾਲ ਖਾਲਸਾ ਨੂੰ ਵੀ ਗੁਰੂ ਆਖਿਆ ਗਿਆ ਹੈ:

*ਗੁਰੂ ਹੈ ਖਾਲਸਾ ਖਾਲਸਾ ਹੈ ਗੁਰੂ॥...*[137]

***ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼*** ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗ੍ਰੰਥ-ਪੰਥ ਨੂੰ ਗੁਰਿਆਈ ਮਿਲਣ ਦਾ ਸਪਸ਼ਟ ਇਸ਼ਾਰਾ ਕੀਤਾ ਗਿਆ ਹੈ:

*...ਮਮ ਪੂਜਨ ਸੇਵਨ ਗੁਰੁ ਗ੍ਰੰਥਹਿ ਬੋਲਨ ਬਾਨੀ ਬਚਨਾ॥*

*ਦਰਸਨ ਕਰਨ ਮੋਰ ਯਹ ਮੰਜੀ ਰੂਪ ਇਕਾਦਸ ਜਚਨਾ॥*

*ਦਵਾਦਸ ਰੂਪ ਸੁ ਮੋਰ ਖਾਲਸਾ ਪੰਜ ਸਿੰਘ ਜਹਿ ਹੋਹੀ॥...*[138]

ਉਕਤ ਚਿਤਰਨ ਵਿਚ ਕਰਤਾ ਗੁਰੂ ਗ੍ਰੰਥ ਸਾਹਿਬ ਨੂੰ ਗਿਆਰਵਾਂ ਅਤੇ ਖਾਲਸੇ ਨੂੰ ਬਾਰਵਾਂ ਗੁਰੂ ਸਥਾਪਿਤ ਕਰਦਾ ਹੈ, ਜਿਹੜਾ ਕਿ ਸਿਧਾਂਤਕ ਪਖੋਂ ਉਕਾਈ ਭਰਪੂਰ ਹੈ।

***ਗੁਰਕੀਰਤ ਪ੍ਰਕਾਸ਼*** ਦਾ ਕਰਤਾ ਗੁਰੂ ਅਮਰਦਾਸ ਜੀ ਦੁਆਰਾ ਬੀਬੀ ਭਾਨੀ ਦੀ ਸੇਵਾ ਤੋਂ ਖੁਸ਼ ਹੋ ਕੇ ਉਨ੍ਹਾਂ ਦੇ ਪਤੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦੇਣ ਵਾਲੀ ਸਾਖੀ ਰਾਹੀਂ ਭਵਿਖਤ ਸੰਕੇਤ ਦਿੰਦਾ ਹੈ ਕਿ ਗੁਰੂ ਸਾਹਿਬ ਨੇ ਬੀਬੀ ਭਾਨੀ ਨੂੰ ਸਤ ਪੁਸ਼ਤਾਂ ਤਕ ਗੁਰਿਆਈ ਸੋਢੀਆਂ ਦੇ ਘਰ ਰਹੇਗੀ, ਉਪਰੰਤ ਦਸਵੇਂ ਜਾਮੇਂ ਵਿਚ ਗੁਰਿਆਈ ਗ੍ਰੰਥ-ਪੰਥ ਨੂੰ ਦਿਤੀ ਜਾਵੇਗੀ:

*... ਫਿਰ ਗੁਰੂ ਦਸਵਾਂ ਪਾਤਸਾਹ ਦੇ ਖਾਲਸੇ ਕੋ ਆਪ॥*

*ਛਿਤ ਰਾਜੁ ਕਰਹੈ ਖਾਲਸਾ ਗੁਰੁ ਗ੍ਰਿੰਥ ਜੀ ਕੋ ਥਾਪ॥*[139]

***ਸੰਛੇਪ ਦਸ ਗੁਰ ਕਥਾ*** ਵਿਚ ਕਵੀ ਕੰਕਣ ਖਾਲਸੇ ਨੂੰ ਗੁਰੂ ਰੂਪ ਵਿਚ ਪੇਸ਼ ਕਰਦਾ ਹੈ। ਖਾਲਸਾ ਸਾਜਣਾ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਆਪਣਾ ਗੁਰੂ ਕਹਿ ਕੇ ਵਡਿਆਉਂਦੇ ਹਨ:

---

[136] *ਮਹਿਮਾ ਪ੍ਰਕਾਸ਼* (ਭਾਗ ਪਹਿਲਾ), ਸਾਖੀ/ਬੰਦ/ਪੰਨਾ - ੬੫/੯-੧੦/੪੩੬.

[137] *ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ*, ਚਰਨ/ਬੰਦ/ਪੰਨਾ - ੧੦/੬੮੦/੧੨੧.

[138] *ਸ੍ਰੀ ਗੁਰ ਪ੍ਰੇਮ ਪਦ ਪ੍ਰਕਾਸ਼*, ਸਾਖੀ/ਬੰਦ/ਪੰਨਾ - ੫੦/੧੧-੨/੫੨੦.

[139] *ਗੁਰਕੀਰਤ ਪ੍ਰਕਾਸ਼*, ਹੁਲਾਸ/ਬੰਦ/ਪੰਨਾ - ੩/੧੫੦/੧੦੯.

*ਵਾਹਿਗੁਰੂ ਇਹੁ ਬਚਨ ਸੁਨਾਯਾ॥ ਗੁਰੂ ਖਾਲਸਾ ਨਾਮੁ ਧਰਾਯਾ॥*

*ਤੁਮ ਮੇਰੇ ਮੈ ਤੁਮਾਰਾ ਹੂਆ॥ ਤੁਮਰਾ ਹਮਰਾ ਗੁਰੂ ਨਾ ਦੂਆ॥*[140]

ਕਵੀ ਕੰਕਣ ਅਨੁਸਾਰ ਪੰਥ ਦੀ ਸਾਜਣਾ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਸਪਸ਼ਟ ਤੌਰ ਉਤੇ ਐਲਾਨ ਕੀਤਾ ਕਿ ਖਾਲਸਾ ਪੰਥ ਦੀ ਤਰ੍ਹਾਂ ਕੋਈ ਹੋਰ ਪੰਥ ਨਹੀਂ ਹੈ ਅਤੇ ਹੁਣ ਤੋਂ ਖਾਲਸਾ ਹੀ ਗੁਰੂ ਹੈ:

*ਐਸਾ ਪੰਥ ਗੁਰੂ ਕਾ ਹੂਆ॥ ਜਾ ਕੈ ਸਮਸਰਿ ਅਵਰ ਨ ਬੀਆ॥*

*ਕਾਨ ਕਿਸੀ ਕੀ ਨਾਹਿ ਧਰਾਵੈ॥ ਆਪ ਖਾਲਸਾ ਗੁਰੂ ਕਹਾਵੈ॥*[141]

***ਸ੍ਰੀ ਸਰਬਲੋਹ ਗ੍ਰੰਥ*** ਵਿਚ ਗੁਰੂ-ਪੰਥ ਦੀ ਗੁਰਿਆਈ ਸੰਬੰਧੀ ਸਪਸ਼ਟ ਪ੍ਰਮਾਣ ਮਿਲਦਾ ਹੈ:

*ਆਪਨਪੌ ਸ੍ਰੀ ਖਾਲਸਹਿ ਸੌਪਾ ਦੂਤਯਿ ਰੂਪ ਸਤਿਗੁਰੂ ਗ੍ਰੰਥਾ॥*

*ਬੋਲਨ ਸਤਿਗੁਰੁ ਸਬਦ ਸੰਭਾਖਨ ਨਾਮ ਗੋਬਿੰਦ ਕੀਰਤਨਿ ਸੰਥਾ॥*

*ਗੁਨਾਨੁਵਾਦ ਪੁਨਿ ਸਿਫਤਿ ਸਲਾਹਨਿ ਊਠਤੁ ਬੈਠਤੁ ਸੈਨ ਕਰੰਥਾ॥*

*ਪਾਵਨ ਪੰਥ ਖਾਲਸਹਿ ਪ੍ਰਗਟਯੋ ਚਾਰ ਵਰਨ ਆਸ੍ਰਮ ਸੁਭ ਪੰਥਾ॥*

*ਇਨ ਕੇ ਦਰਸ ਸਤਿਗੁਰੁ ਕੋ ਦਰਸਨ ਬੋਲਨੁ ਗੁਰੂ ਸਬਦੁ ਗੁਰੁ ਗ੍ਰੰਥਾ॥*

*ਦ੍ਵਾਦਸਿ ਰੂਪ ਸਤਿਗੁਰੁ ਏ ਕਹਿਯਤਿ ਦ੍ਵਾਦਸਿ ਭਾਨੁ ਪ੍ਰਗਟ ਹਰਿ ਸੰਤਾ॥*

*ਪ੍ਰਤਜਖ ਕਲਾ ਪਾਰਬ੍ਰਹਮ ਧਣੀਛੈ ਗ੍ਰੰਥਿ ਪੰਥ ਖਾਲਸ ਵਰਤੰਤਾ॥*

*ਦਾਸ ਗੋਬਿੰਦ ਫਤਹ ਸਤਿਗੁਰੂ ਕੀ ਖਾਸ ਗ੍ਰੰਥ ਗੁਰੁ ਰੂਪ ਬਦੰਤਾ॥*[142]

ਕਰਤਾ ਦਸ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਤੇ ਖ਼ਾਲਸਾ ਪੰਥ ਨੂੰ 'ਦਵਾਦਸ ਰੂਪ ਸਤਿਗੁਰ' ਕਹਿੰਦਾ ਹੈ। ਉਸ ਅਨੁਸਾਰ, ਖਾਲਸੇ ਦਾ ਦਰਸ਼ਨ ਗੁਰੂ ਦਾ ਦਰਸ਼ਨ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗੁਰੂ ਦੇ ਪ੍ਰਵਚਨ ਹਨ। ਉਹ ਪਾਰਬ੍ਰਹਮ ਨੂੰ ਪ੍ਰਤਖ ਰੂਪ ਵਿਚ ਗੁਰੂ ਗ੍ਰੰਥ-ਪੰਥ ਵਿਚ ਵਰਤਦਾ ਦਸਦਾ ਹੈ।

---

140 *ਸੰਛੇਪ ਦਸ ਗੁਰ ਕਥਾ*, ਬੰਦ/ਪੰਨਾ - ੨੫੯/੬੩.

141 *ਉਹੀ*, ੨੭੦/੬੪.

142 *ਸ੍ਰੀ ਸਰਬਲੋਹ ਗ੍ਰੰਥ* (ਭਾਗ ਦੂਜਾ), ਪੰਨੇ ੪੯੬-੭.

ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਆਪਣੇ ਦੈਵੀ ਗੁਣ ਬਖਸ਼ ਕੇ 'ਸਤਿਗੁਰ ਪੂਰਾ'[143] ਕਹਿ ਕੇ ਨਿਵਾਜਦੇ ਹਨ। *ਪ੍ਰੇਮ ਸੁਮਾਰਗ* ਅਨੁਸਾਰ ਜਿਨ੍ਹਾਂ ਗੁਰਸਿੱਖਾਂ ਦਾ ਸੰਬੰਧ ਸਿਧਾ ਗੁਰਿਆਈ ਨਾਲ ਹੁੰਦਾ, ਉਨ੍ਹਾਂ ਨੂੰ ਖਾਲਸਾ ਖਿਤਾਬ ਮਿਲਦਾ।[144] ਖਾਲਸਾ ਕਾਲ ਪੁਰਖੁ ਕੀ ਫੌਜ ਹੈ, ਜਿਹੜਾ ਪਰਮਾਤਮਾ ਦੀ ਮੌਜ ਵਿਚੋਂ ਪ੍ਰਗਟ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ-ਸੰਸਥਾ ਅਧੀਨ ਸੰਸਥਾਗਤ ਤੌਰ ਉਤੇ ਗੁਰਿਆਈ ਖਾਲਸੇ ਵਿਚ ਪ੍ਰਗਟ ਕਰ ਦਿਤੀ:

*ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮੇ ਹਉ ਕਰਉ ਨਿਵਾਸ॥*[145]

ਖਾਲਸਾ ਗੁਰੂ ਵਾਲੇ ਗੁਣ ਧਾਰਨ ਕਰਨ ਕਰ ਕੇ ਗੁਰੂ ਵਿਚ ਅਭੇਦ ਹੋ ਜਾਂਦਾ ਹੈ। ਇਸ ਤਰ੍ਹਾਂ ਖਾਲਸੇ ਅੰਦਰ ਗੁਰੂ ਦੀ ਕਲਾ ਵਰਤਨ ਲਗ ਜਾਂਦੀ ਹੈ, ਜਿਸ ਆਸਰੇ ਉਹ ਵੀ ਦਾਤਾਰ-ਰੂਪ ਹੋ ਜਾਂਦਾ ਹੈ:

*ਖਾਲਸੇ ਕੇ ਪ੍ਰਸਾਦ ਕਰਿ ਸੁਤ ਵਿਤ ਕੋਸ ਭੰਡਾਰ॥*
*ਰਾਜ ਮਾਲ ਸਾਦਨ ਸਕਲ ਪੁਤ੍ਰ ਕਲਤ੍ਰ ਬਿਵਹਾਰ॥*
*ਲਸਕਰ ਨੇਬ ਖਵਾਸ ਭ੍ਰਿਤ ਅਨੁਚਰ ਦਾਸੀ ਦਾਸ॥*
*ਮਿਤ੍ਰ ਕੁਟੰਬ ਧਨ ਭਵਨ ਮਮ ਸਮ੍ਰਿਧਿ ਕ੍ਰਿਪਾ ਕਰਿ ਤਾਸ॥*
*ਗਿਰੰਬਾਰੀ ਅਰ ਸਾਹਿਬੀ ਤਨ ਮਨ ਪਿੰਡ ਪ੍ਰਾਨ॥*
*ਪ੍ਰਸਾਦ ਖਾਲਸਹਿ ਕਰਿ ਮਿਲਯੋ ਦਾਨ ਮਾਨ ਸਨਮਾਨ॥*
*ਕ੍ਰਿਪਾਵੰਤ ਖਾਲਸਾ ਸਗਲ ਤਹਿ ਪ੍ਰਸਾਦ ਭਯੋ ਗੌਰਿ॥*
*ਮੁਹਿ ਸੈ ਰੰਕ ਅਨਾਥ ਜਗ ਭਟਕਤ ਫਿਰਤ ਕਰੋਰਿ॥*
*ਸੇਵ ਖਾਲਸਹਿ ਕੀ ਸਫਲ ਪੂਜਾ ਸਤਵਨ ਅਰਘ ਪਾਦ॥*
*ਦਾਨ ਮਾਨ ਸਨਮਾਨ ਕਰਿ ਖੋੜਸ ਬਿਧਿ ਕਹੁ ਸਵਾਦ॥*
*ਆਨ ਸੇਵ ਨਹਿ ਸਫਲ ਕਛ ਈਤ ਊਤ ਪਰਲੋਕ॥*
*ਨਿਹਫਲ ਸੇਵਾ ਤਿਸ ਬਿਨਾ ਕਬੀ ਹਰਖ ਕਬਿ ਸੋਕ॥*[146]

---

143 *ਖਾਲਸਾ ਮੇਰੋ ਸਤਿਗੁਰ ਪੂਰਾ॥ ਸ੍ਰੀ ਸਰਬਲੋਹ ਗ੍ਰੰਥ* (ਭਾਗ ਦੂਜਾ), ਪੰਨਾ 531.
144 *ਪ੍ਰੇਮ ਸੁਮਾਰਗ ਗ੍ਰੰਥ*, ਪੰਨਾ 1.
145 *ਸ੍ਰੀ ਸਰਬਲੋਹ ਗ੍ਰੰਥ* (ਭਾਗ ਦੂਜਾ), ਪੰਨਾ 531.
146 *ਉਹੀ*, ਪੰਨਾ 532.

ਪਰਮਾਤਮਾ, ਗੁਰੂ ਗੋਬਿੰਦ ਸਿੰਘ ਅਤੇ ਖਾਲਸੇ ਵਿਚ ਰੰਚਕ ਮਾਤਰ ਭੇਦ ਨਹੀਂ, ਤਿੰਨੇ ਇਕ ਰੂਪ ਹੀ ਹਨ:

*ਆਤਮ ਰਸ ਜੇ ਜਾਨਹੀ ਸੋ ਹੈ ਖਾਲਸ ਦੇਵ॥*

*ਪ੍ਰਭ ਮੋ ਮਹਿ ਤਾਸ ਮਹਿ ਰੰਚਕ ਨਾਹਿਨ ਭੇਵ॥*[147]

ਅਠਾਰਵੀਂ ਸਦੀ ਵਿਚ ਸੰਕਟ ਵੇਲੇ ਪੰਥ ਦੇ ਅਹਿਮ ਫੈਸਲੇ ਗੁਰਮਤੇ ਦੇ ਰੂਪ ਵਿਚ ਹੁੰਦੇ ਰਹੇ ਹਨ। ਗੁਰਮਤੇ ਦੀ ਇਹ ਪਰੰਪਰਾ ਪੰਥ ਨੇ ਗੁਰੂ ਦੀ ਹੈਸੀਅਤ ਵਿਚ ਸ਼ੁਰੂ ਕੀਤੀ ਸੀ। ਗੁਰਮਤੇ ਦਾ ਅਰਥ ਹੀ ਗੁਰੂ ਦਾ ਮਤਾ ਭਾਵ ਗੁਰੂ ਦਾ ਫੈਸਲਾ ਹੈ।[148] ਇਤਿਹਾਸਿਕ ਤੌਰ ’ਤੇ ਗੁਰਮਤੇ ਦੀ ਸੰਸਥਾ ਹੀ ਸਿੱਖੀ ਦੇ ਅਤਿ ਬਿਖੜੇ ਦੌਰ ਵਿਚ ਖਾਲਸੇ ਦੀ ਜਥੇਬੰਦਕ ਸ਼ਕਤੀ ਨੂੰ ਦ੍ਰਿੜ੍ਹਤਾ ਪ੍ਰਦਾਨ ਕਰਦੀ ਰਹੀ ਹੈ।

### 5.4.2 ਪੰਥ ਗੁਰੂ ਦੀ ਬਣਤਰ

ਪੰਥ ਗੁਰੂ ਖਾਲਸੇ ਦੀ ਸੰਪੂਰਨ ਜਥੇਬੰਦੀ ਹੈ, ਜਿਸ ਵਿਚ ਅਧਿਆਤਮਕ ਅਤੇ ਸੰਸਾਰਕ ਸਾਰੇ ਪਖ ਸ਼ਾਮਿਲ ਹਨ। ਇਸ ਵਿਚ ਊਚ-ਨੀਚ, ਜਾਤ-ਪਾਤ, ਰੰਗ, ਨਸਲ, ਲਿੰਗ, ਬੋਲੀ, ਇਲਾਕੇ ਆਦਿ ਦਾ ਕੋਈ ਭੇਦ-ਭਾਵ ਨਹੀਂ ਅਤੇ ਨਾ ਹੀ ਇਸ ਵਿਚ ਵਿਅਕਤੀ-ਵਿਸ਼ੇਸ਼ ਨੂੰ ਕੋਈ ਮਹਤਤਾ ਦਿਤੀ ਜਾਂਦੀ ਹੈ। ਗੁਰੂ-ਪੰਥ ਵਿਚ ਦਾਖਲ ਹੋਣ ਲਈ ਪਹਿਲੀ ਸ਼ਰਤ ਖੰਡੇ-ਬਾਟੇ ਦੀ ਪਾਹੁਲ ਲੈਣਾ ਅਥਵਾ ਅੰਮ੍ਰਿਤ ਛਕਣਾ ਹੈ। ਇਸ ਤੋਂ ਬਿਨਾਂ ਕੋਈ ਵੀ ਵਿਅਕਤੀ ਗੁਰੂ-ਪੰਥ ਦਾ ਮੈਂਬਰ ਨਹੀਂ ਬਣ ਸਕਦਾ। *ਸਿੱਖ ਰਹਿਤ ਮਰਯਾਦਾ* ਅਨੁਸਾਰ ਪੰਜ ਪਿਆਰੇ ਹੀ ਪਾਹੁਲ ਦੇਣ ਦੇ ਅਧਿਕਾਰੀ ਹਨ, ਕੋਈ ਵਿਅਕਤੀ ਵਿਸ਼ੇਸ਼ ਨਹੀਂ। ਗੁਰੂ-ਪੰਥ ਦਾ ਕੋਈ ਵੀ ਤਿਆਰ ਬਰ ਤਿਆਰ ਸਿੰਘ ਇਨ੍ਹਾਂ ਪੰਜਾਂ ਵਿਚ ਸ਼ਾਮਿਲ ਹੋ ਸਕਦਾ ਹੈ, ਬਸ਼ਰਤੇ ਉਹ ਤਨਖਾਹੀਆ ਜਾਂ ਅੰਗਹੀਣ ਨਾ ਹੋਵੇ।[149] ਹਰ ਦੇਸ਼, ਮਜ਼ਹਬ, ਜਾਤ, ਇਲਾਕੇ ਦੇ ਵਾਸੀ ਨੂੰ ਗੁਰੂ-ਪੰਥ ਵਿਚ ਸ਼ਾਮਿਲ ਹੋਣ ਦਾ ਅਧਿਕਾਰ ਹੈ, ਜੋ ਵੀ ਗੁਰੂ ਮਿਸ਼ਨ ਨੂੰ ਅਪਨਾਉਣ ਅਤੇ ਗੁਰੂ-ਪੰਥ ਦੁਆਰਾ ਨਿਯਤ ਕੀਤੀ ਰਹਿਤ ਮਰਯਾਦਾ ’ਤੇ ਚਲਣ ਦਾ ਪ੍ਰਣ ਕਰਦਾ ਹੈ। *ਸਿੱਖ ਰਹਿਤ ਮਰਯਾਦਾ*[150] ਨੂੰ

---

[147] *ਸ੍ਰੀ ਸਰਬਲੋਹ ਗ੍ਰੰਥ* (ਭਾਗ ਦੂਜਾ), ਪੰਨਾ 533.

[148] ਪੁਰਾਣੇ ਸਿੰਘ ਸੰਸਾਰ ਅਤੇ ਧਰਮ ਦੇ ਕੰਮਾਂ ਨੂੰ ਆਰੰਭ ਕਰਨ ਤੋਂ ਪਹਿਲਾਂ ਦੀਵਾਨ ਵਿਚ ਸਲਾਹ ਕਰਦੇ ਸਨ, ਜੋ ਗੁਰੁ ਨਿਯਮਾਂ ਅਨੁਸਾਰ ਸਾਰੇ ਦੀਵਾਨ ਦੀ ਸੰਮਤੀ ਹੋਈ, ਉਸ ਦਾ ਨਾਉਂ ਗੁਰਮਤਾ ਕਿਹਾ ਜਾਂਦਾ। *ਮਹਾਨ ਕੋਸ਼,* ਪੰਨਾ 420.

[149] *ਸਿੱਖ ਰਹਿਤ ਮਰਯਾਦਾ,* ਪੰਨੇ 27-8.

[150] ਇਸ ਨੂੰ ਗੁਰੂ-ਪੰਥ ਨੇ ਬੜੇ ਲੰਬੇ ਵਿਚਾਰ-ਵਟਾਂਦਰੇ ਤੋਂ ਬਾਅਦ ਪ੍ਰਵਾਨ ਕਰਕੇ *ਸਿੱਖ ਰਹਿਤ ਮਰਯਾਦਾ* ਸਿਰਲੇਖ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਪਾਸੋਂ ਪ੍ਰਕਾਸ਼ਤ ਕਰਵਾਇਆ ਹੈ।

ਗੁਰੂ-ਪੰਥ ਦਾ ਅਮਲੀ ਵਿਧਾਨ ਮੰਨਿਆ ਗਿਆ ਹੈ, ਜਿਹੜੀ ਕਿ ਸਮੂਹ ਖਾਲਸੇ ਨੂੰ ਏਕਤਾ ਅਤੇ ਅਨੁਸ਼ਾਸਨ ਵਿਚ ਬੰਨ੍ਹਦੀ ਹੈ। ਜਿਕਰਯੋਗ ਹੈ ਕਿ *ਸਿੱਖ ਰਹਿਤ ਮਰਯਾਦਾ* ਗੁਰਬਾਣੀ ਅਤੇ ਇਤਿਹਾਸ ਦੀ ਸੇਧ ਵਿਚ ਤਿਆਰ ਕੀਤੀ ਗਈ ਸੀ। ਇਸ ਵਿਧਾਨ ਵਿਚ ਤਬਦੀਲੀ ਕਰਨ ਦਾ ਅਧਿਕਾਰ ਕੇਵਲ ਗੁਰੂ-ਪੰਥ ਕੋਲ ਹੈ, ਭਾਵ ਗੁਰੂ-ਪੰਥ ਨਾਲ ਸੰਬੰਧਿਤ ਕੋਈ ਵੀ ਨਿਰਣਾ (ਗੁਰੂ ਗ੍ਰੰਥ ਸਾਹਿਬ ਦੀ ਤਾਬਿਆਂ) ਪੰਥ ਹੀ ਲੈ ਸਕਦਾ ਹੈ, ਕਿਸੇ ਵਿਅਕਤੀ-ਵਿਸ਼ੇਸ਼ ਨੂੰ ਇਹ ਅਧਿਕਾਰ ਨਹੀਂ ਹੈ।

ਉਪਰੋਕਤ ਸਮੁਚੀ ਵਿਚਾਰ ਤੋਂ ਸਪਸ਼ਟ ਹੈ ਕਿ ਗੁਰੂ-ਸੰਸਥਾ ਨੂੰ ਸਿਧਾਂਤਕ ਪਰਿਪੇਖ ਵਿਚ ਗੁਰਬਾਣੀ, ਦਸਮ ਗ੍ਰੰਥ ਸਾਹਿਬ, ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਜੀ ਤੋਂ ਇਲਾਵਾ ਸਿੱਖ ਸਾਹਿਤ ਨੇ ਬੜੇ ਭਾਵ-ਪੂਰਤ ਸ਼ਬਦਾਂ ਵਿਚ ਬਿਆਨ ਕੀਤਾ ਹੈ। ਇਸ ਅਧਿਐਨ ਵਿਚ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ-ਸੰਸਥਾ 'ਗ੍ਰੰਥ-ਪੰਥ' ਤਕ ਨਿਰੰਤਰ ਤੇ ਨਿਰਵਿਘਨ ਵਹਿਨ ਹੈ। ਗੁਰੂ-ਸੰਸਥਾ ਦਾ ਦੈਵੀ ਪ੍ਰਯੋਜਨ 'ਗ੍ਰੰਥ-ਪੰਥ' ਦੀ ਸਦੀਵ ਕਾਲ ਲਈ ਸਥਾਪਤੀ ਉਤੇ ਸਮਾਪਤ ਹੁੰਦਾ ਹੈ।

**ਸਾਰ** ਵਜੋਂ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਅਨੁਸਾਰ ਗੁਰੂ-ਸੰਸਥਾ ਦੇ ਤਿੰਨ ਪਖ ਹਨ: ਜੋਤਿ, ਜੁਗਤਿ ਤੇ ਕਾਇਆ।[151] ਜੋਤਿ ਤੋਂ ਭਾਵ ਸਚ ਦਾ ਪ੍ਰਕਾਸ਼ ਜਾਂ ਸਿਧਾਂਤ ਹੈ, ਜੁਗਤਿ ਉਹ ਰਹਿਤ ਤੇ ਨੀਤੀ ਹੈ, ਜਿਸ ਦੁਆਰਾ ਸਚ ਬਾਰੇ ਮਿਲੇ ਪ੍ਰਕਾਸ਼ ਜਾਂ ਸਿਧਾਂਤ ਨੂੰ ਜੀਵਨ ਵਿਚ ਜਿਉਣਾ ਹੈ ਅਤੇ ਕਾਇਆ ਉਹ ਮਾਧਿਅਮ ਹੈ, ਜਿਸ ਦੀ ਸਹਾਇਤਾ ਨਾਲ ਜੋਤਿ ਦੀ ਜੁਗਤਿ ਧਾਰਨ ਕੀਤੀ ਜਾਂਦੀ ਹੈ। ਗੁਰਿਆਈ ਦੇ ਉਕਤ ਤਿੰਨੇ ਪਖ ਸਦਾ ਕਾਇਮ ਰਹੇ ਹਨ, ਭਾਵੇਂ ਇਨ੍ਹਾਂ ਦੇ ਨਾਮ ਤੇ ਰੂਪ ਬਦਲਦੇ ਰਹੇ ਹਨ। ਸੋ, ਕਿਹਾ ਜਾ ਸਕਦਾ ਹੈ ਕਿ ਹਰੇਕ ਗੁਰੂ ਸਾਹਿਬ ਵਿਚ ਜੋਤਿ, ਜੁਗਤਿ ਤੇ ਕਾਇਆ ਦੇ ਤਿੰਨੋ ਪਖ ਮੌਜੂਦ ਸਨ। ਗੁਰਬਾਣੀ ਜਾਂ ਸਬਦ ਉਨ੍ਹਾਂ ਦੀ ਜੋਤਿ ਦਾ ਪ੍ਰਕਾਸ਼ ਹੈ, ਉਨ੍ਹਾਂ ਦੁਆਰਾ ਕੀਤੀ ਨਾਮ ਭਗਤੀ/ਸੇਵਾ ਤੇ ਹੋਰ ਕਾਰਜ, ਉਨ੍ਹਾਂ ਦੀ ਜੁਗਤਿ ਦਾ ਅੰਗ ਹੈ ਅਤੇ ਕਾਇਆ ਪਲਟ ਕੇ ਗੁਰ-ਸਿੱਖ/ਗੁਰੂ-ਪੰਥ, ਸੰਗਤ ਜਾਂ ਖਾਲਸਾ ਵਿਚ ਆ ਗਈ ਹੈ।

---

[151] *ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥* ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਕੀ ਵਾਰ, ੯੬੬.

# ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ ***ਸਿੱਖ ਧਰਮ ਵਿਚ ਗੁਰੂ-ਸੰਸਥਾ: ਸਿਧਾਂਤਕ ਤੇ ਇਤਿਹਾਸਕ ਪਰਿਪੇਖ*** ਵਿਸ਼ੇ ਉਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿਤਾ ਗਿਆ ਹੋਵੇ।

ਡਾ. ਦਰਸ਼ਨ ਸਿੰਘ
(ਰਿਟਾ. ਪ੍ਰੋ.)

ਤੇਜਿੰਦਰ ਪਾਲ ਸਿੰਘ
(ਖੋਜਾਰਥੀ)

## ਤਤਕਰਾ


ਪੰਨਾ

**ਭੂਮਿਕਾ** - i - xv

**ਅਧਿਆਇ ਪਹਿਲਾ** - 1-30

**ਗੁਰੂ: ਅਰਥ, ਪਰਿਭਾਸ਼ਾ ਤੇ ਸਰੂਪ**

**1.1 ਗੁਰੂ: ਅਰਥ** - 4-14

1.1.1 ਗੁਰੂ: ਵਿਆਕਰਨਕ ਰੂਪ

(ੳ) ਗੁਰੂ

(ਅ) ਸਤਿਗੁਰੂ

1.1.2 ਗੁਰੂ: ਸਮਾਨਰਥਕ ਸ਼ਬਦ

(ੳ) ਗੁਰੂ: ਵਿਵਿਧ ਰੂਪ

1.1.3 ਗੁਰੂ: ਸਮਾਸੀ ਤੇ ਵਿਆਕਰਨਕ ਰੂਪ

**1.2 ਗੁਰੂ: ਪਰਿਭਾਸ਼ਾ** - 14-19

**1.3 ਗੁਰੂ: ਸਰੂਪ** - 19-30

1.3.1 ਗੁਰੂ ਨਾਨਕ ਦੇਵ ਜੀ ਦਾ ਗੁਰੂ

1.3.2 ਗੁਰੂ ਨਾਨਕ ਦੇਵ: ਅਵਤਾਰ/ ਮਨੁਖ

**ਅਧਿਆਇ ਦੂਜਾ**

**ਗੁਰੂ-ਸੰਸਥਾ: ਅਰਥ ਤੇ ਸਰੂਪ** - 31-63

**2.1 ਗੁਰੂ-ਸੰਸਥਾ: ਅਰਥ** - 31-38

2.1.1 ਸੰਸਥਾ: ਅਰਥ

2.1.2 ਸੰਸਥਾ: ਪਰਿਭਾਸ਼ਾ

(ੳ) ਸੰਪਰਦਾਇ

(ਅ) ਵਿਸ਼ਵਾਸ ਤੇ ਸਿਧਾਂਤ

(ੲ) ਸੰਗਠਨ

2.1.3 ਗੁਰੂ-ਸੰਸਥਾ

2.1.4 ਗੁਰੂ-ਸੰਸਥਾ: ਅਰਥ

**2.2 ਗੁਰੂ-ਸੰਸਥਾ: ਸਰੂਪ** - 38-63

2.2.1 ਗੁਰੂ-ਸੰਸਥਾ: ਉਦੇਸ਼

2.2.2 ਗੁਰਿਆਈ: ਨੈਤਿਕ ਅਧਾਰ

2.2.3 ਗੁਰਿਆਈ: ਅਧਿਕਾਰੀ

2.2.4 ਗੁਰਿਆਈ: ਕਸਵਟੀ

2.2.5 ਗੁਰਿਆਈ: ਪ੍ਰਕ੍ਰਿਆ

2.2.6 ਗੁਰੂ-ਸੰਸਥਾ ਦੀ ਕੜੀ: ਜੋਤਿ

2.2.7 ਗੁਰੂ-ਜੋਤਿ ਦਾ ਅੰਗ: 'ਨਾਨਕ' ਪਦ

2.2.8 ਗੁਰੂ-ਜੋਤਿ ਦਾ ਅੰਗ: 'ਮਹਲ'

(ੳ) ਮਹਲ: ਰੂਪ

(ਅ) ਮਹਲ: ਗੁਰੂ-ਸਰੂਪ

**ਅਧਿਆਇ ਤੀਜਾ**

**ਗੁਰੂ-ਸੰਸਥਾ: ਸਿਧਾਂਤਕ ਪਰਿਪੇਖ** - 64-97

**3.1. ਗੁਰੂ-ਸੰਸਥਾ: ਨਾਮਕਰਨ** - 65

**3.2. ਗੁਰਬਾਣੀ ਪਰਿਪੇਖ** - 65-73

3.2.1 ਰਾਮਕਲੀ ਕੀ ਵਾਰ

3.2.2 ਭਟ-ਬਾਣੀ

**3.3 ਸਿੱਖ ਸਾਹਿਤ ਪਰਿਪੇਖ** - 73-83

**3.3.1 ਸਮਕਾਲੀ**

(ੳ) ਭਾਈ ਗੁਰਦਾਸ

(ਅ) ਸ੍ਰੀ ਦਸਮ ਗ੍ਰੰਥ ਸਾਹਿਬ

(ੲ) ਭਾਈ ਨੰਦ ਲਾਲ

**3.3.2. 17-19ਵੀਂ ਸਦੀ ਦੇ ਸਰੋਤ** - 83-97

**ਅਧਿਆਇ ਚੌਥਾ**

**ਗੁਰੂ-ਸੰਸਥਾ: ਇਤਿਹਾਸਕ ਪਰਿਪੇਖ** - 98-155

**4.1 ਗੁਰੂ ਨਾਨਕ ਦੇਵ ਜੀ** - 100-09

4.1.1 ਸੰਗਤ

4.1.2 ਧਰਮਸਾਲ

4.1.3 ਲੰਗਰ

**4.2 ਦੂਜੀ ਨਾਨਕ-ਜੋਤਿ: ਗੁਰੂ ਅੰਗਦ ਦੇਵ ਜੀ** - 109-16

4.2.1 ਗੁਰਮੁਖੀ ਲਿਪੀ

**4.3 ਤੀਜੀ ਨਾਨਕ-ਜੋਤਿ: ਗੁਰੂ ਅਮਰ ਦਾਸ ਜੀ** - 116-22

4.3.1 ਮੰਜੀ ਸੰਸਥਾ

4.3.2 ਬਾਉਲੀ ਦਾ ਨਿਰਮਾਣ

**4.4 ਚੌਥੀ ਨਾਨਕ-ਜੋਤਿ: ਗੁਰੂ ਰਾਮ ਦਾਸ ਜੀ** - 122-25

4.4.1 ਅੰਮ੍ਰਿਤ ਸਰੋਵਰ

4.4.2 ਅੰਮ੍ਰਿਤਸਰ ਨਗਰ

**4.5 ਪੰਜਵੀਂ ਨਾਨਕ-ਜੋਤਿ: ਗੁਰੂ ਅਰਜਨ ਦੇਵ ਜੀ** - 125-35

4.5.1 ਮਸੰਦ ਪ੍ਰਥਾ

4.5.2 ਅੰਮ੍ਰਿਤਸਰ ਸਰੋਵਰ

4.5.3 ਹਰਿਮੰਦਰ ਸਾਹਿਬ

4.5.4 ਆਦਿ ਗ੍ਰੰਥ ਸੰਪਾਦਨਾ

4.5.5 ਸ਼ਹਾਦਤ

**4.6 ਛੇਵੀਂ ਨਾਨਕ-ਜੋਤਿ: ਗੁਰੂ ਹਰਿਗੋਬਿੰਦ ਜੀ** - 136-42

4.6.1 ਮੀਰੀ-ਪੀਰੀ

4.6.2 ਅਕਾਲ ਤਖ਼ਤ ਦੀ ਸਿਰਜਣਾ

4.6.3 ਜੰਗਾਂ

**4.7 ਸਤਵੀਂ ਨਾਨਕ-ਜੋਤਿ: ਗੁਰੂ ਹਰਿਰਾਇ ਜੀ** - 142-45
4.7.1 ਲੰਗਰ ਪ੍ਰਬੰਧ
4.7.2 ਫੁਟਕਲ
**4.8 ਅਠਵੀਂ ਨਾਨਕ-ਜੋਤਿ: ਗੁਰੂ ਹਰਿ ਕ੍ਰਿਸ਼ਨ ਜੀ** - 145-47
4.8.1 ਗੁਰਿਆਈ ਭੇਦ
**4.9 ਨੌਵੀਂ ਨਾਨਕ-ਜੋਤਿ: ਗੁਰੂ ਤੇਗ ਬਹਾਦਰ ਜੀ** - 147-49
4.9.1 ਗੁਰੂ-ਪਛਾਣ
4.9.2 ਸ਼ਹਾਦਤ
**4.10 ਦਸਵੀਂ ਨਾਨਕ-ਜੋਤਿ: ਗੁਰੂ ਗੋਬਿੰਦ ਸਿੰਘ ਜੀ** - 149-55
4.10.1 ਜੰਗਾਂ
4.10.2 ਖਾਲਸਾ ਸਿਰਜਣਾ
**ਅਧਿਆਇ ਪੰਜਵਾਂ**
**ਗੁਰੂ-ਸੰਸਥਾ: ਗ੍ਰੰਥ-ਪੰਥ** - 156-98
**5.1 ਸਬਦ: ਸੰਸਥਾਗਤ ਰੂਪ** - 156-66
5.1.1 ਸਬਦ: ਅਰਥ
5.1.2 ਸਬਦ: ਵਿਆਕਰਨਕ ਰੂਪ
5.1.3 ਸਬਦ: ਪਰਿਭਾਸ਼ਾ
**5.2 ਗ੍ਰੰਥ ਗੁਰੂ** - 166-77
**5.3 ਸ੍ਰੀ ਗੁਰੂ ਗ੍ਰੰਥ ਸਾਹਿਬ: ਰੁਤਬਾ** - 177-86
5.3.1 ਚਰਨ-ਪਾਹੁਲ/ਖੰਡੇ ਦੀ ਪਾਹੁਲ
**5.4 ਪੰਥ-ਗੁਰੂ** - 187-98
5.4.1 ਪੰਥ ਗੁਰੂ ਦਾ ਸੰਕਲਨ
5.4.2 ਪੰਥ ਗੁਰੂ ਦੀ ਬਣਤਰ
**ਸਾਰ** - 199-04
**ਅੰਤਿਕਾ**
**ਸਿੱਖ ਸਰੋਤਾਂ ਦੀ ਜਾਣ-ਪਛਾਣ** - 205-14
**ਸੰਦਰਭ ਗ੍ਰੰਥ ਸੂਚੀ** - 215-27

# ਭੂਮਿਕਾ

ਸਿੱਖ ਧਰਮ ਵਿਚ 'ਗੁਰੂ' ਦਾ ਕੇਂਦਰੀ ਸਥਾਨ ਹੈ। ਇਸ ਦੇ ਸਿਧਾਂਤਕ ਅਤੇ ਵਿਹਾਰਕ ਪਖ ਦਾ ਮਹਤਵਪੂਰਨ ਅੰਗ 'ਗੁਰੂ' ਹੈ। ਇਸ ਤੋਂ ਬਿਨਾਂ ਸਿੱਖ ਧਰਮ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗੁਰਮਤਿ ਅਨੁਸਾਰ 'ਗੁਰੂ', ਸਮੇਂ-ਸਥਾਨ ਅਤੇ ਕਾਰਨ-ਕਾਰਜ ਵਿਚ ਬਝਾ ਕੋਈ ਸੰਸਾਰਕ ਵਿਅਕਤੀ ਨਹੀਂ, ਬਲਕਿ ਉਹ ਤਾਂ ਪਰਮਾਤਮਾ ਦੀ 'ਜੋਤਿ' ਦਾ ਪ੍ਰਗਟ ਰੂਪ ਹੈ, ਇਕ ਰਬੀ ਕਰਾਮਾਤ ਹੈ। ਸਿੱਖ ਧਰਮ ਦਾ ਸਮੁਚਾ ਦਰਸ਼ਨ, ਆਸਥਾ, ਇਤਿਹਾਸ, ਰਹਿਤ, ਸਭਿਆਚਾਰ, ਭਾਵ ਹਰੇਕ ਸੰਕਲਪ, ਸਿਧਾਂਤ ਅਤੇ ਵਿਹਾਰ ਗੁਰੂ-ਸੰਸਥਾ 'ਤੇ ਹੀ ਅਧਾਰਿਤ ਹੈ। ਹਥਲਾ ਕਾਰਜ ਗੁਰੂ ਨੂੰ ਸੰਸਥਾਈ ਸੰਦਰਭ ਵਿਚ ਦੇਖਣ ਨਾਲ ਸੰਬੰਧਿਤ ਹੈ। ਇਸ ਜਤਨ ਵਿਚ ਗੁਰੂ-ਸੰਸਥਾ ਦਾ ਸਿਧਾਂਤਕ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ। ਇਹ ਖੋਜ-ਕਾਰਜ ਪਹੁੰਚ (approach) ਵਜੋਂ ਨਿਰੋਲ ਸਿਧਾਂਤਕ ਹੈ, ਪਰ ਸਰੂਪ (nature) ਵਜੋਂ ਸਿਧਾਂਤ ਦੇ ਨਾਲ-ਨਾਲ ਇਤਿਹਾਸ, ਵਿਹਾਰ ਅਤੇ ਹੋਰ ਪਸਾਰਾਂ ਵਲ ਵੀ ਫੈਲਦਾ ਹੈ। ਬੁਨਿਆਦੀ ਰੂਪ ਵਿਚ ਇਸ ਖੋਜ-ਕਾਰਜ ਰਾਹੀਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਗੁਰੂ-ਸੰਸਥਾ ਦਾ ਸਿੱਖ ਧਰਮ ਵਿਚ ਸਰੂਪ, ਪ੍ਰਭਾਵ, ਸਥਾਨ ਅਤੇ ਉਦੇਸ਼ ਆਦਿ ਕੀ ਹੈ? ਇਹ ਜਾਣਕਾਰੀ ਇਸ ਲਈ ਜਰੂਰੀ ਹੈ ਕਿਉਂਕਿ ਗੁਰੂ-ਸੰਸਥਾ ਮੁਢਲੀ ਸੰਸਥਾ ਹੈ, ਇਸ ਦੀ ਠੀਕ ਸਮਝ ਨਾਲ ਹੀ ਬਾਕੀ ਅਧਿਐਨ ਦੇ ਰੁਝਾਨਾਂ ਨੂੰ ਸਹੀ ਰੂਪ ਵਿਚ ਸਮਝਿਆ ਜਾ ਸਕਦਾ ਹੈ। ਇਸ ਦਾ ਇਕ ਕਾਰਨ ਇਹ ਹੈ ਕਿ ਗੁਰੂ-ਸੰਸਥਾ, ਬਾਕੀ ਸਾਰੀਆਂ ਸੰਸਥਾਵਾਂ ਦੀ ਅਧਾਰ-ਸ਼ਿਲਾ ਹੈ। ਇਸ ਕਾਰਜ ਅੰਦਰ ਪੁਰਜ਼ੋਰ ਕੋਸ਼ਿਸ਼ ਰਹੀ ਹੈ ਕਿ ਹਰੇਕ ਤਥ ਅਤੇ ਕਥ ਨੂੰ ਮੁਢਲੀਆਂ ਪ੍ਰਮਾਣਿਕ ਲਿਖਤਾਂ ਦੇ ਹਵਾਲੇ ਨਾਲ ਪੇਸ਼ ਕੀਤਾ ਜਾਵੇ।

**II**

ਸਿੱਖ ਅਧਿਐਨ ਦੀ ਸ਼ਾਇਦ ਹੀ ਕੋਈ ਐਸੀ ਲਿਖਤ ਹੋਵੇ, ਜਿਸ ਵਿਚ ਗੁਰੂ-ਸੰਸਥਾ ਦੇ ਕਿਸੇ ਨਾ ਕਿਸੇ ਪਖ ਨੂੰ ਨਾ ਛੁਹਿਆ ਗਿਆ ਹੋਵੇ। ਦਸ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ, ਗੁਰੂ-ਜੋਤਿ, ਗੁਰੂ ਪਦ ਨਿਰਣਯ ਆਦਿ ਦੇ ਹਵਾਲੇ ਨਾਲ ਮਿਲਦੀਆਂ ਲਿਖਤਾਂ ਦੀ ਗਿਣਤੀ ਸੈਂਕੜਿਆਂ ਵਿਚ ਹੋਵੇਗੀ। ਐਨਾ ਕੁਝ ਹੋਣ ਦੇ ਬਾਵਜੂਦ ਵੀ ਗੁਰੂ-ਸੰਸਥਾ ਦੇ ਸਰੂਪ ਨੂੰ ਇਕ ਇਕਾਈ ਵਜੋਂ ਸਮਝਣ ਦਾ ਕੋਈ ਅਕਾਦਮਿਕ ਜਤਨ ਸਾਡੇ ਧਿਆਨ ਵਿਚ ਨਹੀਂ ਆਇਆ। ਕੁਝ-ਕੁ ਲਿਖਤਾਂ ਜਿਹੜੀਆਂ ਹਥਲੇ ਕਾਰਜ ਦੇ ਕੁਝ ਵਿਸ਼ੇਸ਼ ਪਖਾਂ ਨਾਲ

ਸੰਬੰਧਿਤ ਹਨ, ਉਨ੍ਹਾਂ ਵਿਚੋਂ ਬਹੁਤੀਆਂ ਲਿਖਤਾਂ ਉਹ ਹਨ, ਜਿਹੜੀਆਂ ਸ਼ਬਦ ਗੁਰੂ ਦੇ ਸਿਧਾਂਤ ਅਤੇ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਚਲੀ ਗੁਰਿਆਈ ਅਤੇ ਗੁਰੂ-ਪਦ ਦੀ ਬਹਿਸ ਵਿਚੋਂ ਨਿਕਲੀਆਂ ਹਨ। ਕੁਝ-ਇਕ ਕਾਰਜ ਉਹ ਹਨ, ਜਿਹੜੇ ਉਪਾਧੀ ਸਾਪੇਖ ਹਨ। ਇਸ ਤੋਂ ਬਿਨਾਂ ਕੁਝ ਵਿਸ਼ੇਸ਼ ਸੈਮੀਨਾਰਾਂ ਦੇ ਸੰਗ੍ਰਹਿ, ਖੋਜ-ਪਤ੍ਰਿਕਾਵਾਂ ਦੇ ਵਿਸ਼ੇਸ਼ ਅੰਕ ਆਦਿ ਮਿਲਦੇ ਹਨ। ਇਨ੍ਹਾਂ ਸਭ ਕਾਰਜਾਂ ਦੀ ਮੁਢਲੀ ਜਾਣਕਾਰੀ ਅਗਲੇ ਪੰਨਿਆਂ ਉਤੇ ਦਿਤੀ ਜਾ ਰਹੀ ਹੈ।

ਇਸ ਖੇਤਰ ਦੀ ਚਰਚਿਤ ਪੁਸਤਕ ਗਿ. ਊਧਮ ਸਿੰਘ ਦੀ *ਸੱਚਾ ਗੁਰੂ* ਹੈ, ਜਿਹੜੀ ਸਿੰਘ ਬ੍ਰਦਰਜ਼, ਅੰਮ੍ਰਿਤਸਰ ਨੇ ਪਹਿਲੀ ਵਾਰ 1954 ਵਿਚ ਪ੍ਰਕਾਸ਼ਿਤ ਕੀਤੀ। ਅਸੀਂ ਆਪਣੇ ਖੋਜ-ਕਾਰਜ ਵਿਚ ਇਸ ਦੀ ਸਤਵੀਂ ਅਡੀਸ਼ਨ (2005) ਨੂੰ ਵਾਚਿਆ ਹੈ। ਪੁਸਤਕ ਦਾ ਮੁਖ-ਬੰਦ ਭਾਈ ਵੀਰ ਸਿੰਘ ਨੇ ਲਿਖਿਆ ਹੈ, ਜਿਸ ਵਿਚ ਉਹ ਇਸ ਪੁਸਤਕ ਨੂੰ 'ਚੰਗੀ ਖੋਜ' ਦਸਦੇ ਹਨ। ਪੁਸਤਕ ਵਿਚ ਗੁਰੂ ਬਾਰੇ ਮੁਢਲੀ ਜਾਣਕਾਰੀ ਦੇਣ ਉਪਰੰਤ, ਗੁਰੂ ਦੀ ਲੋੜ ਦਰਸਾਉਂਦਾ ਲੇਖਕ ਗੁਰੂ ਨਾਨਕ ਦੇਵ ਜੀ ਦੇ ਆਗਮਨ ਬਾਰੇ ਜ਼ਿਕਰ ਕਰਦਾ ਹੈ। ਗੁਰੂ ਦੇ ਕੁਝ-ਕੁ ਪਖਾਂ ਉਤੇ ਵਿਚਾਰ ਕਰ ਕੇ ਕਰਤਾ ਸਬਦ-ਗੁਰੂ ਦੀ ਸਥਾਪਨਾ ਦ੍ਰਿੜ ਕਰਵਾਉਂਦਾ ਹੈ। ਪੁਸਤਕ ਵਿਚ ਆਮ ਸਿੱਖ-ਸੰਗਤ ਨੂੰ ਜਾਗ੍ਰਿਤ ਕਰਨ ਹਿਤ ਤਵਾਰੀਖੀ ਗਵਾਹੀਆਂ ਨਾਲ ਸਬਦ-ਗੁਰੂ ਦੀ ਗੁਰਿਆਈ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਦ੍ਰਿੜ ਕਰਵਾਈ ਗਈ ਹੈ। ਅੰਤ ਵਿਚ ਸਚੇ ਗੁਰੂ ਦੀਆਂ 22 ਨਿਸ਼ਾਨੀਆਂ ਦਸੀਆਂ ਗਈਆਂ ਹਨ। ਬੁਨਿਆਦੀ ਰੂਪ ਵਿਚ ਇਹ ਪੁਸਤਕ ਗੁਰੂ-ਸੰਸਥਾ ਪ੍ਰਤੀ ਮਨ-ਮਤੀਆਂ ਦੁਆਰਾ ਫੈਲਾਏ ਗਏ ਭਰਮ ਜਾਲ ਤੋਂ ਸੁਚੇਤ ਕਰਨ ਹਿਤ ਲਿਖੀ ਗਈ ਸੀ।

ਇਸ ਲੜੀ ਦੀ ਅਗਲੀ ਪੁਸਤਕ ਇੰਦਰ ਸਿੰਘ ਦੁਆਰਾ ਲਿਖਤ *ਸਤਿਗੁਰ ਮਤਿ* ਹੈ, ਜਿਹੜੀ ਲੇਖਕ ਨੇ ਖੁਦ 1981 ਵਿਚ ਪ੍ਰਕਾਸ਼ਿਤ ਕਰਵਾਈ। ਇਹ ਪੁਸਤਕ ਅਸਲ ਵਿਚ ਨਿਰੰਕਾਰੀ ਅਤੇ ਨਾਮਧਾਰੀ ਲਹਿਰ ਦੇ ਪ੍ਰਭਾਵ ਵਿਚੋਂ ਸਿੱਖਾਂ ਨੂੰ ਸਬਦ-ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਪਛਾਣ ਕਰਵਾਉਣ ਹਿਤ ਲਿਖੀ ਗਈ ਹੈ। ਪੁਸਤਕ ਵਿਚ ਕਰਤਾ ਨੇ ਸਬਦ-ਗੁਰੂ ਦੇ ਸਿਧਾਂਤ ਦੀ ਗੁਰਬਾਣੀ ਦੇ ਹਵਾਲਿਆਂ ਨਾਲ ਵਿਚਾਰ ਕੀਤੀ ਹੈ। ਦੇਹਧਾਰੀ ਗੁਰੂ ਬਨਾਮ ਸਬਦ ਗੁਰੂ ਦਾ ਸੰਵਾਦ ਕਰਤਾ ਨੇ ਬਾਖੂਬੀ ਪੇਸ਼ ਕੀਤਾ ਹੈ। ਗੁਰੂ ਨਾਨਕ ਦੇਵ

ਜੀ ਦੁਆਰਾ 'ਨਿਰੰਜਨੀ ਜੋਤਿ' ਰੂਪ ਵਿਚ ਪ੍ਰਗਟ ਹੋ ਕੇ ਦਸ ਜਾਮੇ ਬਦਲਣ ਬਾਰੇ ਕਰਤਾ ਨੇ ਵਿਚਾਰ ਕਰ ਕੇ ਪਰਮਾਤਮਾ ਨਾਲ ਮਿਲਾਪ ਦੀ ਗਲ ਕੀਤੀ ਹੈ। ਪੁਸਤਕ ਦਾ ਮੂਲ ਮਨੋਰਥ ਅਣ-ਮਤੀਆਂ ਦੇ ਪ੍ਰਚਾਰ ਦਾ ਜਵਾਬ ਦੇਣਾ ਹੈ।

ਇਸ ਲੜੀ ਦੀ ਅਗਲੀ ਪੁਸਤਕ ਗਿ. ਈਸ਼ਰ ਸਿੰਘ ਨਾਰਾ ਦੀ *ਪੰਥਕ ਮੁਕਦਮਾ* ਹੈ, ਜਿਹੜੀ 1984 ਵਿਚ ਲੇਖਕ ਨੇ ਖੁਦ ਪ੍ਰਕਾਸ਼ਿਤ ਕਰਵਾਈ। ਪ੍ਰਸ਼ਨੋਤਰੀ ਸ਼ੈਲੀ ਵਿਚ ਲਿਖੀ ਗਈ ਇਹ ਪੁਸਤਕ ਇਕ ਨਾਮਧਾਰੀ ਸੰਪਰਦਾ ਦੇ ਲਿਖਾਰੀ ਮਿਹਰ ਸਿੰਘ ਦੁਆਰਾ ਲਿਖੀ ਪੁਸਤਕ *ਪੁਰਖ ਗੁਰੂ* ਦਾ ਜਵਾਬ ਹੈ। ਕਰਤਾ ਪੁਸਤਕ ਵਿਚ ਪੁਰਖ/ਦੇਹਧਾਰੀ ਗੁਰੂ ਦਾ ਖੰਡਨ ਕਰਦੇ ਹੋਏ ਸਬਦ ਗੁਰੂ ਦੇ ਸਿਧਾਂਤ ਦੀ ਸਥਾਪਤੀ ਕਰਦਾ ਹੈ। ਲੇਖਕ ਨੇ ਇਸ ਹਵਾਲੇ ਵਿਚ ਗੁਰਸਿਖੀ ਦੇ ਬੁਨਿਆਦੀ ਸਿਧਾਂਤ, ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਤੇ ਗੁਰੂ-ਪੰਥ ਦੀ ਅਗਵਾਈ ਲਈ ਤਵਾਰੀਖੀ ਅਤੇ ਸਿਧਾਂਤਕ ਪ੍ਰਮਾਣ ਪੇਸ਼ ਕੀਤੇ ਹਨ। ਇਸੇ ਤਰ੍ਹਾਂ ਭਾਗਵੰਤ ਅਤਰ ਸਿੰਘ ਕਸ਼ਮੀਰ ਵਾਲਿਆਂ ਦੀ ਪੁਸਤਕ *ਵਾਹਿਦ ਗੁਰੂ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਹੈ, ਜਿਹੜੀ ਚੰਡੀਗੜ੍ਹ ਦੀ ਸੰਸਥਾ ਗੁਰਬਾਣੀ ਇਸੁ ਜਗ ਮਹਿ ਚਾਨਣੁ ਦੁਆਰਾ 1995 ਵਿਚ ਪ੍ਰਕਾਸ਼ਿਤ ਕਰਵਾਈ ਗਈ। ਇਹ ਪੁਸਤਕ ਦੀ ਅਸਲ ਵਿਚ ਨਾਮਧਾਰੀ ਲਹਿਰ ਦੇ ਵਿਰੋਧ ਵਿਚ ਲਿਖੀ ਗਈ ਸੀ। ਪੁਸਤਕ ਵਿਚ ਕਰਤਾ ਨੇ ਤਵਾਰੀਖੀ ਹਵਾਲਿਆਂ ਨਾਲ ਸਿਧ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿਤੀ ਸੀ।

ਗਿ. ਹਰਿਬੰਸ ਸਿੰਘ ਦੁਆਰਾ ਲਿਖੀ *ਸਮਰਥ ਗੁਰੂ* ਇਸ ਲੜੀ ਦੀ ਅਗਲੀ ਪੁਸਤਕ ਹੈ, ਜਿਹੜੀ ਗੁਰਬਾਣੀ ਸੇਵਾ ਪ੍ਰਕਾਸ਼ਨ, ਪਟਿਆਲਾ ਵਲੋਂ 1998 ਵਿਚ ਪ੍ਰਕਾਸ਼ਿਤ ਹੋਈ। ਪੁਸਤਕ ਵਿਚ ਕਰਤਾ ਨੇ ਦਸ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਸਾਖੀਆਂ ਦਾ ਵਿਸਤਾਰ ਵਿਚ ਜ਼ਿਕਰ ਕੀਤਾ ਹੈ। ਕਰਤਾ ਨੇ ਪੁਸਤਕ ਦਾ ਸਿਰਲੇਖ ਗੁਰੂ ਅਰਜਨ ਦੇਵ ਜੀ ਦੇ ਸਬਦ 'ਸਤਿਗੁਰੁ ਮੇਰਾ ਵਡ ਸਮਰਥਾ' ਵਿਚੋਂ ਰਖਿਆ ਹੈ। ਉਸ ਦੀ ਭਾਵਨਾ ਹੈ ਕਿ 'ਗੁਰੂ' ਸਥੂਲ ਨੇਤਰਾਂ ਦਾ ਵਿਸ਼ਾ ਨਹੀਂ, ਬਲਕਿ ਇਹ ਨਿਰੋਲ ਰੂਪ ਵਿਚ ਦੈਵੀ ਹੈ। ਕਰਤਾ ਅਨੁਸਾਰ ਸਮਰਥ ਗੁਰੂ ਦੀਆਂ ਬਰਕਤਾਂ ਦਾ ਸਹੀ ਅਰਥਾਂ ਵਿਚ ਰੰਗ-ਰਹਸ ਉਸ ਸਮੇਂ ਅਨੁਭਵ ਹੁੰਦਾ ਹੈ ਜਦੋਂ ਜਗਿਆਸੂ ਸਮਰਥ ਗੁਰੂ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਦਾ ਹੈ। ਮੂਲ ਰੂਪ ਵਿਚ ਇਹ ਪੁਸਤਕ ਵਖ-ਵਖ ਸਮੇਂ ਲਿਖੇ ਟ੍ਰੈਕਟਾਂ ਦਾ ਸੰਗ੍ਰਹਿ ਹੈ, ਜਿਸ

ਵਿਚ ਕੁਝ ਵਾਧੇ ਕਰ ਕੇ ਕਰਤਾ ਨੇ ਪ੍ਰਕਾਸ਼ਿਤ ਕਰਵਾਇਆ। ਬੁਨਿਆਦੀ ਰੂਪ ਵਿਚ ਇਹ ਪੁਸਤਕ ਗੁਰੂ-ਪਿਆਰ ਵਿਚ ਲਿਖੀ ਗਈ ਹੈ। ਗਿ. ਇਕਬਾਲ ਸਿੰਘ ਦੀ *ਸ਼ਬਦ-ਗੁਰੂ: ਸਿਧਾਂਤ ਵਿਚਾਰ* ਪੁਸਤਕ ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ ਵਲੋਂ 2004 ਵਿਚ ਪ੍ਰਕਾਸ਼ਿਤ ਹੋਈ। ਇਹ ਅਸਲ ਵਿਚ 2004 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਸੀ। ਜ਼ਿਕਰਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ 300 ਸਾਲਾ ਅਤੇ 400 ਸਾਲਾ ਗੁਰਿਆਈ ਦਿਵਸ ਮੌਕੇ ਅਜਿਹੀਆਂ ਕਈ ਪੁਸਤਕਾਂ ਸ਼ਬਦ-ਗੁਰੂ ਦਾ ਸਿਧਾਂਤ ਪੇਸ਼ ਕਰਨ ਹਿਤ ਲਿਖੀਆਂ ਗਈਆਂ ਸਨ। ਇਸ ਲੜੀ ਵਿਚ ਗਿ. ਇਕਬਾਲ ਸਿੰਘ ਦੀ ਇਹ ਪੁਸਤਕ ਸ਼ਬਦ-ਗੁਰੂ ਦੇ ਸਿਧਾਂਤ ਦੀ ਵਿਆਖਿਆ ਕਰਨ ਦਾ ਜਤਨ ਹੈ, ਜਿਸ ਵਿਚ ਕਰਤਾ ਨੇ ਵਖੋ-ਵਖ ਧਰਮਾਂ ਅੰਦਰ ਪਾਏ ਜਾਂਦੇ ਸ਼ਬਦ ਦੇ ਸਿਧਾਂਤ ਦੇ ਕੇ ਸਿੱਖ ਧਰਮ ਦੀ ਵਿਲਖਣਤਾ ਦਰਸਾਈ ਹੈ।

ਉਪਰੋਕਤ ਪੁਸਤਕਾਂ ਜਿਥੇ ਸੁਭਾਅ ਵਜੋਂ ਪ੍ਰਚਾਰਾਤਮਕ ਹਨ, ਉਥੇ ਡਾ. ਗੰਡਾ ਸਿੰਘ ਨੇ ਆਪਣੀ ਪੁਸਤਕ *Guru Gobind Singh's Death at Nanded: An Examination of Succession Theories* ਖੋਜ-ਭਰਪੂਰ ਕਾਰਜ ਕੀਤਾ ਹੈ। ਇਹ ਪੁਸਤਕ ਪਹਿਲੀ ਵਾਰ 1971 ਵਿਚ ਗੁਰੂ ਨਾਨਕ ਫਾਊਂਡੇਸ਼ਨ, ਬਠਿੰਡਾ ਦੁਆਰਾ ਪ੍ਰਕਾਸ਼ਿਤ ਹੋਈ। ਇਸ ਵਿਚ ਕਰਤਾ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਮਿਲਣ ਦੇ ਤਵਾਰੀਖੀ ਹਵਾਲੇ ਪੇਸ਼ ਕੀਤੇ ਹਨ। ਕਰਤਾ ਨੇ ਗੁਰੂ ਗੋਬਿੰਦ ਸਿੰਘ ਦੁਆਰਾ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ। ਖੂਬਸੂਰਤੀ ਦੀ ਗਲ ਇਹ ਹੈ ਕਿ ਡਾ. ਗੰਡਾ ਸਿੰਘ ਨੇ ਫਾਰਸੀ ਸਰੋਤਾਂ ਦੇ ਹਵਾਲਿਆਂ ਨਾਲ ਗੁਰੂ ਗੋਬਿੰਦ ਸਿਘ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਮਿਲਣ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਬਿਨਾਂ ਕਰਤਾ ਨੇ ਬਾਬਾ ਬਾਲਕ ਸਿੰਘ ਅਤੇ ਅਜੈ ਪਾਲ ਸਿੰਘ ਨੂੰ ਗੁਰਿਆਈ ਮਿਲਣ ਦੇ ਝੂਠੇ ਦਾਅਵੇ ਵੀ ਹਵਾਲਿਆਂ ਨਾਲ ਰਦ ਕੀਤੇ ਹਨ। ਕੁਲ ਮਿਲਾ ਕੇ ਇਹ ਪੁਸਤਕ ਇਸ ਖੇਤਰ ਦੀ ਇਕੋ-ਇਕ ਖੋਜ-ਭਰਪੂਰ ਪੁਸਤਕ ਹੈ, ਜਿਸ ਵਿਚ ਤਥ-ਮੂਲਕ ਵੇਰਵੇ ਦਿਤੇ ਗਏ ਹਨ। ਉਪਰੋਕਤ ਤੋਂ ਇਲਾਵਾ ਇਸ ਖੇਤਰ ਵਿਚ ਅਨੇਕ ਪੁਸਤਕਾਂ ਮਿਲਦੀਆਂ ਹਨ। ਪਛਮੀ ਵਿਦਵਾਨ W.O. Cole ਦੀ *The Guru in Sikhism* ਪੁਸਤਕ 1982 ਵਿਚ Darton, Longman & Todd Ltd. ਦੁਆਰਾ ਪ੍ਰਕਾਸ਼ਿਤ ਹੋਈ। ਪੁਸਤਕ ਵਿਚ ਕਰਤਾ ਨੇ ਭਾਰਤੀ ਪਰੰਪਰਾ ਵਿਚ ਗੁਰੂ ਦੀ ਸਥਿਤੀ ਬਿਆਨ ਕਰ ਕੇ ਗੁਰੂ

ਨਾਨਕ ਦੇਵ ਜੀ ਦੇ ਆਗਮਨ ਦੀ ਗਲ ਕੀਤੀ ਹੈ। ਗੁਰੂ-ਸੰਸਥਾ ਦੇ ਵਿਗਾਸ ਦੀ ਪੜਚੋਲ ਕਰਦਾ ਹੋਇਆ ਵਿਦਵਾਨ ਲੇਖਕ ਗੁਰੂ-ਗ੍ਰੰਥ-ਪੰਥ ਦੀ ਸਥਾਪਤੀ ਦਰਸਾ ਕੇ ਇਸ ਸੰਦਰਭ ਵਿਚ ਮੌਜੂਦਾ ਸਥਿਤੀ (ਗੁਰੂ ਦੇ ਪ੍ਰਸੰਗ ਵਿਚ) ਵੀ ਬਿਆਨ ਕਰਦਾ ਹੈ।

ਉਕਤ ਕੁਝ ਮੁਖ ਕਾਰਜਾਂ ਤੋਂ ਇਲਾਵਾ ਗੁਰੂ-ਸੰਸਥਾ ਬਾਰੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਸ਼ੇ ਸੰਬੰਧੀ ਖੋਜ-ਗ੍ਰੰਥਾਂ, ਗੁਰੂ ਨਾਨਕ ਦੇਵ ਜੀ ਸੰਬੰਧੀ ਲਿਖੀਆਂ ਕੁਝ-ਕੁ ਪੁਸਤਕਾਂ ਵਿਚ ਗੁਰੂ-ਸੰਕਲਪ ਦੇ ਕੁਝ ਇਕ ਪਖਾਂ ਬਾਰੇ ਸਰਸਰੀ ਜਿਹੀ ਜਾਣਕਾਰੀ ਮਿਲਦੀ ਹੈ। ਇਨ੍ਹਾਂ ਕਿਤਾਬਾਂ ਵਿਚੋਂ ਭਾਈ ਜੋਧ ਸਿੰਘ ਦੁਆਰਾ ਲਿਖਿਤ *ਗੁਰਮਤਿ ਨਿਰਣਯ* (1932); ਡਾ. ਸ਼ੇਰ ਸਿੰਘ ਦੁਆਰਾ ਲਿਖਿਤ *ਗੁਰਮਤਿ ਦਰਸ਼ਨ* (1962); ਡਾ. ਤਾਰਨ ਸਿੰਘ ਦੁਆਰਾ ਲਿਖਿਤ *ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ* (1963); *ਗੁਰੂ ਨਾਨਕ: ਚਿੰਤਨ ਤੇ ਕਲਾ* (1963); ਡਾ. ਰਤਨ ਸਿੰਘ ਜੱਗੀ ਦੁਆਰਾ ਲਿਖਿਤ *ਗੁਰੂ ਨਾਨਕ ਦੀ ਵਿਚਾਰਧਾਰਾ* (1969); *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ* (2008); ਪਿਆਰਾ ਸਿੰਘ ਪਦਮ ਦੁਆਰਾ ਲਿਖਿਤ *ਆਦਿ ਗ੍ਰੰਥ ਦਰਸ਼ਨ* (1989); *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼* (1990); *ਸ੍ਰੀ ਗੁਰੂ ਗ੍ਰੰਥ ਮਹਿਮਾ ਕੋਸ਼* (1991); ਭਗਤ ਸਿੰਘ ਹੀਰਾ ਦੁਆਰਾ ਲਿਖਿਤ *ਗੁਰੂ ਮਾਨਿਯੋ ਗ੍ਰੰਥ* (1992); ਪ੍ਰਿੰ. ਗੰਗਾ ਸਿੰਘ ਦੁਆਰਾ ਲਿਖਿਤ *ਸਿੱਖ ਧਰਮ ਫਿਲਾਸਫੀ* (1998); ਪ੍ਰੋ. ਸਾਹਿਬ ਸਿੰਘ ਦੁਆਰਾ ਲਿਖਿਤ *ਗੁਰਬਾਣੀ ਤੇ ਇਤਿਹਾਸ ਬਾਰੇ* (2002); ਡਾ. ਸੁਖਦਿਆਲ ਸਿੰਘ ਦੁਆਰਾ ਲਿਖਿਤ *ਇਤਿਹਾਸ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2004); ਜੋਗਿੰਦਰ ਸਿੰਘ ਤਲਵਾੜਾ ਦੁਆਰਾ ਲਿਖਿਤ *ਗੁਰੂ ਅੰਗਦ ਦੀਅਉ ਨਿਧਾਨੁ* (2004) ਆਦਿ ਪੁਸਤਕਾਂ ਉਲੇਖਯੋਗ ਹਨ।

ਉਕਤ ਪੁਸਤਕਾਂ ਤੋਂ ਬਿਨਾਂ ਗੁਰੂ-ਸੰਸਥਾ ਦੇ ਸੰਬੰਧ ਵਿਚ ਕੁਝ-ਕੁ ਉਪਾਧੀ-ਸਾਪੇਖ ਖੋਜ-ਕਾਰਜ ਹੋਏ ਹਨ, ਜਿਨ੍ਹਾਂ ਵਿਚ ਸਭ ਤੋਂ ਮੁਢਲਾ ਕਾਰਜ ਦਰਸ਼ਨ ਸਿੰਘ ਦਾ ਹੈ। ਇਸ ਖੋਜ-ਪ੍ਰਬੰਧ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ* ਨਾਂ ਹੇਠ ਪ੍ਰਕਾਸ਼ਿਤ ਕੀਤਾ। ਇਸ ਦੇ ਤੀਜੇ ਸੰਸਕਰਨ (1999) ਨੂੰ ਅਸੀਂ ਵਾਚਿਆ ਹੈ। ਇਸ ਕਾਰਜ ਵਿਚ ਦਰਸ਼ਨ ਸਿੰਘ ਨੇ ਭਾਰਤੀ ਪਰੰਪਰਾ ਵਿਚ ਮਿਲਦੇ ਗੁਰੂ ਦੇ ਸੰਕਲਪ ਬਾਰੇ ਚਰਚਾ ਕਰ ਕੇ ਗੁਰੂ ਗ੍ਰੰਥ ਬਾਣੀ ਵਿਚ ਮਿਲਦੇ ਗੁਰੂ ਦੇ ਸੰਕਲਪ ਦੀ ਵਿਆਖਿਆ ਕੀਤੀ ਹੈ। ਗੁਰੂ ਦੇ ਤਿੰਨ ਰੂਪਾਂ (ਪਰਮਾਤਮਾ, ਮਨੁਖ ਤੇ ਸਬਦ) ਦਾ ਵਰਨਣ ਕਰਦੇ ਹੋਏ

ਕਰਤਾ ਸਬਦ-ਰੂਪ ਦੀ ਵਿਸਤ੍ਰਿਤ ਵਿਆਖਿਆ ਕਰਦਾ ਹੈ। ਇਸ ਸਮੁਚੇ ਕਾਰਜ ਵਿਚ ਕਰਤਾ ਦਾ ਵਧੇਰੇ ਜੋਰ ਇਹ ਸਿਧ ਕਰਨ ਉਤੇ ਹੈ ਕਿ ਸਿੱਖ ਧਰਮ ਵਿਚ ਸਬਦ ਦੇ ਨਾਲ-ਨਾਲ ਸਰੀਰ ਦੀ ਵੀ ਮਹਤਤਾ ਹੈ। ਇਸ ਪ੍ਰਥਾਇ ਗਵਾਹੀ ਦੇ ਰੂਪ ਵਿਚ ਸੁਖਬੀਰ ਸਿੰਘ ਨੇ ਆਪਣੀ ਪੁਸਤਕ *ਤੇਜ ਧਾਰਕ ਗੁਰੂ ਖਾਲਸਾ ਪੰਥ* (ਗੁਰੁ ਦੀਪਕ ਪ੍ਰਕਾਸ਼ਨ, ਪਟਿਆਲਾ, 1986) ਵਿਚ ਉਕਤ ਕਾਰਜ ਦੀ ਅਸਲੀਅਤ ਪੇਸ਼ ਕੀਤੀ ਹੈ (ਪੰਨੇ 26-7)।

ਉਪਾਧੀ-ਸਾਪੇਖ ਖੋਜ-ਕਾਰਜਾਂ ਦੀ ਲੜੀ ਵਿਚ ਅਗਲਾ ਕਾਰਜ ਜਸਮੇਲ ਸਿੰਘ (*ਗੁਰ ਦਾ ਸੰਕਲਪ*, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011) ਦਾ ਹੈ। ਕਰਤਾ ਨੇ ਇਸ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਵਿਚ ਮਿਲਦੇ ਗੁਰੂ ਦੇ ਸੰਕਲਪ ਦਾ ਵਰਨਣ ਕੀਤਾ ਹੈ। ਇਸ ਪੁਸਤਕ ਵਿਚ ਗੁਰਬਾਣੀ ਦੇ ਅਧਾਰ ਉਤੇ ਗੁਰੂ-ਸੰਕਲਪ ਦੀ ਵਿਆਖਿਆ ਕੀਤੀ ਗਈ ਹੈ।

ਗੁਲਜ਼ਾਰ ਸਿੰਘ ਕੰਗ ਦੇ ਖੋਜ-ਕਾਰਜ ਦਾ ਪ੍ਰਕਾਸ਼ਿਤ ਰੂਪ *ਸ਼ਬਦ: ਅਨੁਭਵ ਅਤੇ ਦਰਸ਼ਨ* ਹੈ, ਜਿਹੜਾ ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ ਵਲੋਂ ਇਸ ਸਾਲ (2014) ਪ੍ਰਕਾਸ਼ਿਤ ਹੋਇਆ ਹੈ। ਕਰਤਾ ਪਰੰਪਰਿਕ ਮਤਾਂ ਨਾਲ ਗੁਰਬਾਣੀ ਵਿਚਲੇ 'ਸਬਦ' ਦੀ ਵਿਆਖਿਆ ਕਰਦਿਆਂ ਇਸ ਨਤੀਜੇ ਉਤੇ ਪਹੁੰਚਦਾ ਹੈ ਕਿ ਗੁਰਮਤਿ ਵਿਚ ਸਬਦ ਸਾਧਨਾ ਦਾ ਮਾਧਿਅਮ ਵੀ ਹੈ ਤੇ ਪ੍ਰਾਪਤੀ ਦੀ ਮੰਜਿਲ ਵੀ। ਕਰਤਾ ਦਾ ਮਤ ਹੈ ਕਿ ਸਿੱਖ ਧਰਮ ਚਿੰਤਨ ਵਿਚ ਮਿਲਦਾ ਸਬਦ ਦਾ ਸਰੂਪ ਤੇ ਸਥਾਨ ਬਾਕੀ ਸਭ ਮਤਾਂ ਨਾਲੋਂ ਨਿਵੇਕਲਾ ਹੈ।

ਖੋਜ-ਭਰਪੂਰ ਕਾਰਜਾਂ ਦੀ ਲੜੀ ਵਿਚ ਅਗਲਾ ਕਾਰਜ ਡਾ. ਬਲਕਾਰ ਸਿੰਘ ਦਾ ਹੈ, ਜਿਹੜਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 2012 ਵਿਚ *ਸ਼ਬਦ-ਗੁਰੂ ਦਾ ਸਿੱਖ ਸਿਧਾਂਤ* ਨਾਂ ਹੇਠ ਪ੍ਰਕਾਸ਼ਿਤ ਕਰਵਾਇਆ। ਇਸ ਪੁਸਤਕ ਵਿਚ ਕਰਤਾ ਨੇ ਸ਼ਬਦ-ਗੁਰੂ ਦੇ ਸਿੱਖ ਸਿਧਾਂਤ ਦੀ ਵਿਸਤਾਰ ਵਿਚ ਵਿਆਖਿਆ ਕੀਤੀ ਹੈ । ਸ਼ਬਦ ਦਾ ਬਾਣੀ ਰੂਪ ਪ੍ਰਸਤੁਤ ਕਰਦੇ ਹੋਏ ਕਰਤਾ ਨੇ ਬਾਣੀ ਤੇ ਸ਼ਬਦ ਦੀ ਸਮਰੂਪਤਾ ਪੇਸ਼ ਕੀਤੀ ਹੈ।

ਗੁਰੂ-ਸੰਸਥਾ ਦੇ ਸੰਦਰਭ ਵਿਚ ਵਖ-ਵਖ ਪਤ੍ਰਿਕਾਵਾਂ ਵਿਚ ਸਮੇਂ-ਸਮੇਂ ਉਤੇ ਲੇਖ ਛਪਦੇ ਰਹੇ ਹਨ। ਇਨ੍ਹਾਂ ਵਿਚੋਂ ਕੁਝ-ਕੁ ਵਿਸ਼ੇਸ਼ ਅੰਕ ਹਨ, ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 300 ਜਾਂ 400 ਸਾਲਾ ਗੁਰਿਆਈ ਦਿਵਸ ਮੌਕੇ ਪ੍ਰਕਾਸ਼ਿਤ ਹੋਏ। ਇਨ੍ਹਾਂ ਵਿਚ *ਪੰਜਾਬੀ ਦੁਨੀਆਂ* ਦਾ *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ* (ਜਨਵਰੀ-ਮਾਰਚ 1988; 2004; 2003); *ਨਾਨਕ*

*ਪ੍ਰਕਾਸ਼ ਪਤ੍ਰਿਕਾ* (ਦਸੰਬਰ 1976; ਜੂਨ 2008); *ਪੰਜਾਬ ਸੌਰਭ* (ਨਵੰਬਰ-ਫਰਵਰੀ 2004; ਅਗਸਤ-ਅਕਤੂਬਰ 2008); *ਸਚਖੰਡ ਪੱਤਰ* (ਅਕਤੂਬਰ 2006) *ਵਿਸ਼ੇਸ਼ ਅੰਕ ਸ੍ਰੀ ਗੁਰੂ ਗ੍ਰੰਥ ਸਾਹਿਬ* ; *ਗੁਰਦੁਆਰਾ ਗਜ਼ਟ* (ਸਤੰਬਰ 2011; ਅਕਤੂਬਰ 2011) ਅਤੇ *ਸੋਵੀਨਰ* (SGPC) ਅਕਤੂਬਰ 2008) ਆਦਿ ਸ਼ਾਮਿਲ ਹਨ। ਇਨ੍ਹਾਂ ਤੋਂ ਇਲਾਵਾ ਜਵੱਦੀ ਟਕਸਾਲ, ਲੁਧਿਆਣਾ ਵਲੋਂ ਕਰਵਾਏ ਸੈਮੀਨਾਰਾਂ ਦਾ ਪ੍ਰਕਾਸ਼ਿਤ ਰੂਪ (*ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁਖਤਾ ਨੂੰ ਦੇਣ,* 1994); *ਸ਼ਬਦ*, 1993 ਵੀ ਸ਼ਾਮਿਲ ਹੈ।

ਉਕਤ ਸਾਰੇ ਕਾਰਜ ਗੁਰੂ ਦੇ ਕਿਸੇ ਨਾ ਕਿਸੇ ਪਖ ਬਾਰੇ ਜਿਥੇ ਆਪਣੇ ਵਿਚਾਰ ਦਿੰਦੇ ਹਨ, ਉਥੇ ਵਧੇਰੇ ਕਰ ਕੇ ਵਿਸ਼ੇਸ਼ ਅੰਕਾਂ ਦਾ ਕੇਂਦਰੀ ਵਿਸ਼ਾ ਗੁਰਬਾਣੀ ਸੰਕਲਪਾਂ ਦੀ ਵਿਆਖਿਆ ਨੂੰ ਸਮਰਪਿਤ ਹੈ। ਉਪਰੋਕਤ ਤੋਂ ਬਿਨਾਂ ਵਖੋ-ਵਖ *ਕੋਸ਼ਾਂ* ਵਿਚ ਅੰਦਰਾਜ਼, ਟਿਪਣੀਆਂ, ਟ੍ਰੈਕਟ ਆਦਿ ਕਾਫੀ ਮਾਤਰਾ ਵਿਚ ਗੁਰੂ-ਸੰਸਥਾ ਦੇ ਸੰਦਰਭ ਵਿਚ ਸਮਗਰੀ ਉਪਲਬਧ ਹੈ।

ਕਹਿਣ ਦਾ ਸਾਰ ਭਾਵ ਇਹ ਹੈ ਕਿ ਗੁਰੂ-ਸੰਸਥਾ ਬਾਰੇ ਜੋ ਕੁਝ ਵੀ ਸਿਧੇ ਰੂਪ ਵਿਚ ਮਿਲਦਾ ਹੈ, ਉਹ ਗੁਰੂ-ਸੰਸਥਾ ਦੇ ਕਿਸੇ ਇਕ ਪਖ ਤੋਂ ਅਤੇ ਬਹੁਤਾ ਕਰ ਕੇ ਕਿਸੇ ਪ੍ਰਸਿਥਤੀ ਦੀ ਉਪਜ ਹੈ। ਪ੍ਰਕ੍ਰਿਤੀ ਵਜੋਂ ਹਥਲਾ ਕਾਰਜ ਜਿਥੇ ਉਕਤ ਸਾਰੇ ਕਾਰਜਾਂ ਤੋਂ ਭਿੰਨ ਹੈ, ਉਥੇ ਆਕਾਰ ਵਜੋਂ ਉਕਤ ਸਭ ਨਾਲੋਂ ਵਿਸਤਾਰ ਵਾਲਾ ਵੀ ਹੈ। ਫਿਰ ਵੀ ਉਕਤ ਸਾਰੇ ਕਾਰਜ ਹਥਲੇ ਕਾਰਜ ਦੀ ਉਸਾਰੀ ਵਿਚ ਬੇਹਦ ਯੋਗਦਾਨ ਪਾਉਂਦੇ ਹਨ।

## III

ਆਪਣੇ ਖੋਜ-ਵਿਸ਼ੇ **'ਸਿੱਖ ਧਰਮ ਵਿਚ ਗੁਰੂ-ਸੰਸਥਾ: ਸਿਧਾਂਤਕ ਤੇ ਇਤਿਹਾਸਕ ਪਰਿਪੇਖ'** ਨੂੰ ਸੁਵਿਧਾ, ਲੋੜ ਅਤੇ ਸਥਿਤੀ ਅਨੁਸਾਰ ਮੁਖ ਰੂਪ ਵਿਚ ਪੰਜ ਅਧਿਆਇਆਂ ਵਿਚ ਵੰਡਿਆ ਹੈ। ਇਹ ਹਨ:

1. ਗੁਰੂ : ਅਰਥ, ਪਰਿਭਾਸ਼ਾ ਤੇ ਸਰੂਪ
2. ਗੁਰੂ-ਸੰਸਥਾ : ਅਰਥ ਤੇ ਸਰੂਪ
3. ਗੁਰੂ-ਸੰਸਥਾ : ਸਿਧਾਂਤਕ ਪਰਿਪੇਖ
4. ਗੁਰੂ-ਸੰਸਥਾ : ਇਤਿਹਾਸਕ ਪਰਿਪੇਖ
5. ਗੁਰੂ-ਸੰਸਥਾ : ਗੁਰੂ ਗ੍ਰੰਥ-ਪੰਥ

ਸਿੱਖ ਧਰਮ ਵਿਚ 'ਗੁਰੂ' ਦਾ ਕੇਂਦਰੀ ਸਥਾਨ ਹੈ। ਇਸ ਦੇ ਸਿਧਾਂਤਕ ਅਤੇ ਵਿਹਾਰਕ ਪਖ ਦਾ ਮਹਤਵਪੂਰਨ ਅੰਗ 'ਗੁਰੂ' ਹੈ। ਇਸ ਤੋਂ ਬਿਨਾਂ ਸਿੱਖ ਧਰਮ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗੁਰਮਤਿ ਅਨੁਸਾਰ 'ਗੁਰੂ', ਸਮੇਂ-ਸਥਾਨ ਅਤੇ ਕਾਰਨ-ਕਾਰਜ ਵਿਚ ਬਝਾ ਕੋਈ ਸੰਸਾਰਕ ਵਿਅਕਤੀ ਨਹੀਂ, ਬਲਕਿ ਉਹ ਤਾਂ ਪਰਮਾਤਮਾ ਦੀ 'ਜੋਤਿ' ਦਾ ਪ੍ਰਗਟ ਰੂਪ ਹੈ, ਇਕ ਰਬੀ ਕਰਾਮਾਤ ਹੈ। 'ਗੁਰੂ' ਐਨਾ ਮਹਾਨ ਹੈ ਕਿ ਪਰਮਾਤਮਾ ਦੀਆਂ ਸਾਰੀਆਂ ਦੈਵੀ ਸ਼ਕਤੀਆਂ ਇਸ ਵਿਚ ਸ਼ਾਮਿਲ ਹਨ। ਇਸੇ ਲਈ ਸਿੱਖ ਵਿਚਾਰਧਾਰਾ ਅਨੁਸਾਰ ਸਭ ਸ਼ਕਤੀਆਂ ਦਾ ਪ੍ਰਤੀਨਿਧ 'ਗੁਰੂ' ਹੀ ਹੈ। 'ਗੁਰੂ' ਰਬੀ ਅਜ਼ਮਤ ਹੋਣ ਕਾਰਨ, ਇਸ ਨੂੰ ਸਮਝਣਾ ਬਹੁਤ ਮੁਸ਼ਕਿਲ ਕਾਰਜ ਹੈ।

ਪਹਿਲਾ ਅਧਿਆਇ ***ਗੁਰੂ: ਅਰਥ, ਪਰਿਭਾਸ਼ਾ ਤੇ ਸਰੂਪ,*** ਵਿਚ 'ਗੁਰੂ' ਪਦ ਦੇ ਅਰਥ, ਗੁਰਬਾਣੀ ਦੀ ਰੌਸ਼ਨੀ ਵਿਚ ਵਖੋ-ਵਖ ਵਿਦਵਾਨਾਂ ਦੁਆਰਾ 'ਗੁਰੂ' ਦੀ ਦਿਤੀ ਪਰਿਭਾਸ਼ਾ ਅਤੇ ਗੁਰੂ-ਸਰੂਪ ਦਾ ਵਰਨਣ ਗੁਰੂ ਦੇ ਸਿਧਾਂਤਕ ਪਿਛੋਕੜ ਦੀ ਉਸਾਰੀ ਹਿਤ ਕੀਤਾ ਗਿਆ ਹੈ। ਇਸ ਤਹਿਤ ਸਿੱਖ ਧਰਮ ਵਿਚ ਗੁਰੂ ਦੇ ਸਰੂਪ ਨੂੰ ਜਾਣਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁਚੀ ਬਾਣੀ ਵਿਚੋਂ ਸੰਬੰਧਿਤ ਹਵਾਲੇ ਦਸਤੀ (manual) ਰੂਪ ਵਿਚ ਤਲਾਸ਼ੇ ਗਏ ਹਨ। ਇਨ੍ਹਾਂ ਰੂਪਾਂ ਨੂੰ ਤਿੰਨ ਭਾਗਾਂ ਵਿਚ (ਵਿਆਕਰਨਕ, ਸਮਾਨਅਰਥੀ, ਸਮਾਸੀ) ਵਰਗੀਕ੍ਰਿਤ ਕਰ ਕੇ ਇਹ ਤਥ ਸਾਹਮਣੇ ਆਇਆ ਹੈ ਕਿ ਸਿਧਾਂਤਕ ਦ੍ਰਿਸ਼ਟੀ ਤੋਂ ਸਿੱਖ ਧਰਮ ਵਿਚ ਗੁਰੂ 'ਸਬਦ' ਹੈ। ਇਸ ਦੀ ਪੇਸ਼ਕਾਰੀ ਲਈ ਬੇਅੰਤ ਰੂਪਕ/ਪ੍ਰਤੀਕ/ਬਿੰਬ ਅਤੇ ਹੋਰ ਸੰਕੇਤਕ ਪਦ ਵਰਤੇ ਗਏ ਹਨ। ਸਿੱਖ ਧਰਮ ਦੇ ਸਥਾਪਿਤ ਵਿਦਵਾਨਾਂ ਦੇ ਹਵਾਲਿਆਂ ਨਾਲ ਗੁਰੂ-ਸਰੂਪ ਨੂੰ ਸਮਝਣ ਦਾ ਜਤਨ ਕੀਤਾ ਗਿਆ ਹੈ।

ਗੁਰੂ ਨਾਨਕ ਦੇਵ ਜੀ ਦਾ ਗੁਰੂ 'ਸਬਦ' ਅਥਵਾ 'ਪਾਰਬ੍ਰਹਮ' ਸੀ। ਗੁਰੂ ਨਾਨਕ ਦੇਵ ਜੀ ਪਰਮਾਤਮਾ ਦੀ ਜੋਤਿ-ਸਰੂਪ ਸਨ ਅਤੇ ਉਹ ਸੰਸਾਰ ਵਿਚ ਪਰਮਾਤਮਾ ਦਾ ਨਾਮ ਦ੍ਰਿੜ ਕਰਵਾਉਣ ਹਿਤ ਅਵਤਰੇ ਸਨ। ਇਸ ਤਥ ਦੀ ਪੁਸ਼ਟੀ ਲਈ ਗੁਰਬਾਣੀ, ਦਸਮ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਤੋਂ ਇਲਾਵਾ ਮੁਢਲੇ ਸਿੱਖ ਸਾਹਿਤ (*ਜਨਮਸਾਖੀਆਂ*, *ਮਹਿਮਾ ਪ੍ਰਕਾਸ਼*, *ਗੁਰਬਿਲਾਸ ਪਾ: ੬* ਅਤੇ *ਪੰਥ ਪ੍ਰਕਾਸ਼* ਆਦਿ) ਤੋਂ ਖੁਲ੍ਹੀ ਮਦਦ ਲਈ ਗਈ ਹੈ। ਇਸ ਸਮੁਚੀ ਵਿਚਾਰ ਵਿਚ ਸਿਧ ਕੀਤਾ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ

ਕੋਈ ਅਵਤਾਰ ਨਹੀਂ ਸਨ, ਜਿਹਾ ਕਿ ਬਹੁਤੇ ਵਿਦਵਾਨ ਜਾਂ ਪ੍ਰਚਾਰਕ ਸ਼੍ਰੇਣੀ ਮੰਨਦੀ ਹੈ, ਨਾ ਹੀ ਗੁਰੂ ਸਾਹਿਬ ਕੋਈ ਆਮ ਮਨੁਖ ਸਨ, ਬਲਕਿ ਉਹ ਤਾਂ ਧੁਰੋਂ ਪਠਾਏ 'ਗੁਰੂ' ਸਨ, ਜਿਹੜੇ ਦੈਵੀ ਹੁਕਮ ਅਨੁਸਾਰ 'ਪ੍ਰਗਟ' ਹੋਏ ਸਨ। ਅਧਿਆਇ ਦਾ ਸਿਟਾ ਇਹ ਕਢਿਆ ਹੈ ਕਿ 'ਗੁਰੂ' ਮੂਲ ਰੂਪ ਵਿਚ ਅਬੁਝ ਅਤੇ ਦੈਵੀ ਵਰਤਾਰਾ ਹੈ, ਜਿਸ ਦੀ ਸਥਾਪਨਾ ਹਿਤ ਦਸ ਗੁਰੂ ਸਾਹਿਬਾਨ ਸੰਸਾਰ ਵਿਚ 'ਪ੍ਰਗਟ' ਹੁੰਦੇ ਹਨ।

ਦੂਜਾ ਅਧਿਆਇ ***ਗੁਰੂ-ਸੰਸਥਾ: ਅਰਥ ਤੇ ਸਰੂਪ,*** ਗੁਰੂ-ਸੰਸਥਾ ਦੇ ਸਰੂਪ ਨੂੰ ਸਮਝਣ ਹਿਤ ਸਮਰਪਿਤ ਹੈ, ਜਿਸ ਵਿਚ ਗੁਰੂ-ਸੰਸਥਾ ਦੇ ਸਰੂਪ, ਉਦੇਸ਼ ਤੇ ਜੋਤਿ ਆਦਿ ਦੇ ਸਿਧਾਂਤਕ ਮਸਲੇ ਨੂੰ ਸਮਝਣ ਦਾ ਜਤਨ ਕੀਤਾ ਹੈ। ਇਸ ਦੀ ਪਿਠ-ਭੂਮੀ ਵਜੋਂ ਪਹਿਲਾਂ ਸੰਸਥਾ ਸ਼ਬਦ ਦੇ ਅਰਥ ਅਤੇ ਪਰਿਭਾਸ਼ਾ ਸਮਝੀ ਗਈ ਹੈ। ਗੁਰੂ-ਸੰਸਥਾ ਦੀ ਰਮਜ਼ ਨੂੰ ਜਾਣਨ ਲਈ ਸੰਸਥਾਈਕਰਨ ਦੀ ਪ੍ਰਕ੍ਰਿਆ ਨੂੰ ਵਾਚਿਆ ਗਿਆ ਹੈ, ਉਪਰੰਤ ਗੁਰੂ-ਸੰਸਥਾ ਦੇ ਅਰਥ ਦਿਤੇ ਗਏ ਹਨ। ਅਧਿਆਇ ਅੰਦਰ ਮੁਖ ਰੂਪ ਵਿਚ ਪਹਿਲਾ ਬਿੰਦੂ ਗੁਰੂ-ਸੰਸਥਾ ਦਾ ਉਦੇਸ਼ ਸਮਝਣਾ ਹੈ, ਕਿਉਂਕਿ ਉਦੇਸ਼ ਜਾਣ ਕੇ ਹੀ ਉਸ ਦੇ ਵਰਤਾਰੇ ਨੂੰ ਸਮਝਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਗੁਰੂ-ਸੰਸਥਾ ਦੇ ਉਦੇਸ਼ ਨੂੰ ਸਮਝਣ ਵਿਚ ਆਧੁਨਿਕ ਇਤਿਹਾਸਕਾਰਾਂ ਦੁਆਰਾ ਬਹੁਤ ਸਾਰੀਆਂ ਗਲਤ-ਫਹਿਮੀਆਂ ਪੈਦਾ ਕੀਤੀਆਂ ਹੋਈਆਂ ਹਨ। ਅਸੀਂ ਗੁਰੂ-ਸੰਸਥਾ ਦਾ ਉਦੇਸ਼ ਗੁਰਬਾਣੀ ਅਤੇ ਸਿੱਖ ਸਾਹਿਤ ਦੁਆਰਾ ਸਮਝਦਿਆਂ ਇਹ ਸਾਹਮਣੇ ਲਿਆਂਦਾ ਹੈ ਕਿ ਗੁਰੂ ਸਾਹਿਬਾਨ ਦਾ ਪ੍ਰਯੋਜਨ ਬੁਨਿਆਦੀ ਰੂਪ ਵਿਚ ਦੈਵੀ ਹੈ, ਜਿਸ ਵਿਚ ਮਨੁਖ ਦੀ ਮੁਕੰਮਲ ਅਜ਼ਾਦੀ ਸ਼ਾਮਿਲ ਹੈ। ਗੁਰੂ-ਸੰਸਥਾ ਦਾ ਉਦੇਸ਼ ਮੂਲ ਰੂਪ ਵਿਚ ਜਗਤ ਉਧਾਰਨ ਦਾ ਸੀ। ਇਸ ਤਥ ਦੀ ਪੁਸ਼ਟੀ ਲਈ ਕੁਝ ਵਿਸ਼ੇਸ਼ ਨੁਕਤੇ ਵਿਚਾਰੇ ਗਏ ਹਨ, ਜਿਨ੍ਹਾਂ ਤਹਿਤ ਦਰਸਾਇਆ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਆਗਮਨ ਇਲਾਹੀ ਦਾਤਿ ਸੀ। ਗੁਰੂ ਸਾਹਿਬ ਨੇ ਵਖ-ਵਖ ਸਮੇਂ ਉਤੇ, ਦਸ ਜਾਮਿਆਂ ਰਾਹੀਂ ਆਪਣਾ 'ਅਨੁਭਵ' ਪ੍ਰਗਟ ਕੀਤਾ, ਜਿਸ ਨੂੰ ਲਗਪਗ 239 ਸਾਲ ਦਾ ਸਮਾਂ ਲਗਿਆ। ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਮਿਸ਼ਨ ਦਾ ਸੰਪੂਰਨ ਪ੍ਰਗਟਾਵਾ ਦਸਵੇਂ ਜਾਮੇਂ ਵਿਚ 1699 ਈ. ਦੀ ਵਿਸਾਖੀ ਵੇਲੇ ਹੋਇਆ।

ਦੂਜਾ ਬਿੰਦੂ, ਗੁਰੂ-ਸੰਸਥਾ ਦੀ ਉਸ ਸਾਂਝੀ ਕੜੀ ਦੇ ਸਰੂਪ ਨੂੰ ਸਮਝਣ ਦਾ ਸੀ, ਜਿਸ ਦੀ ਨਾ-ਸਮਝੀ ਕਾਰਨ ਇਤਿਹਾਸਕਾਰਾਂ ਨੂੰ ਗੁਰੂ ਨਾਨਕ ਦੇਵ, ਗੁਰੂ ਹਰਿਗੋਬਿੰਦ ਸਾਹਿਬ ਅਤੇ

ਗੁਰੂ ਗੋਬਿੰਦ ਸਿੰਘ ਵਖ-ਵਖ ਨਜ਼ਰ ਆਏ। ਗੋਕਲ ਚੰਦ ਨਾਰੰਗ ਜਾਂ ਬੈਨਰਜੀ ਦੀ ਨਜ਼ਰ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ ਨਵੀਂ ਨੀਤੀ ਨਹੀਂ ਸੀ, ਬਲਕਿ ਉਸੇ ਕੜੀ ਦਾ ਹਿਸਾ ਸੀ ਜਿਹੜੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਈ। ਸਿੱਖ ਸ਼ਬਦਾਵਲੀ ਵਿਚ ਇਸ ਨੂੰ 'ਜੋਤਿ' ਅਤੇ 'ਜੁਗਤਿ' ਕਿਹਾ ਗਿਆ ਹੈ। ਇਸ ਭਾਗ ਵਿਚ ਅਸੀਂ ਇਹ ਸਪਸ਼ਟ ਕੀਤਾ ਹੈ ਕਿ ਗੁਰੂ-ਸੰਸਥਾ ਇਕੋ ਜੋਤਿ-ਜੁਗਤਿ ਦੀ ਧਾਰਨੀ ਹੈ, ਜਿਸ ਦੇ 'ਨਾਨਕੁ' ਤੇ 'ਮਹਲੁ' ਪਦ ਪ੍ਰਮੁਖ ਚਿਹਨ ਹਨ। ਗੁਰਬਾਣੀ ਅਧਾਰਿਤ ਇਨ੍ਹਾਂ ਦੋਨੋਂ ਪਦਾਂ ਦੀ ਵਿਸਤ੍ਰਿਤ ਵਿਆਖਿਆ ਕੀਤੀ ਗਈ ਹੈ। ਇਸ ਦੇ ਨਾਲ ਹੀ ਇਸੇ ਕੜੀ ਦਾ ਇਕ ਹੋਰ ਅੰਗ 'ਗੁਰਿਆਈ' ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ। ਇਸ ਵਿਚ ਗੁਰਿਆਈ ਦੇ ਅਧਿਕਾਰੀ, ਕਸਵਟੀ ਅਤੇ ਗੁਰਿਆਈ ਦੇਣ ਦੀ ਪ੍ਰਕ੍ਰਿਆ ਨੂੰ ਵਿਸ਼ਲੇਸ਼ਿਤ ਕੀਤਾ ਹੈ। ਅਸੀਂ ਸਪਸ਼ਟ ਕੀਤਾ ਹੈ ਕਿ ਗੁਰਿਆਈ 'ਬਖਸ਼ਿਸ਼' ਹੈ, ਇਹ ਸੇਵਕ ਦੀ 'ਵਸਤ' ਹੈ, ਇਹ ਦੈਵੀ ਹੈ, ਦੁਨਿਆਵੀ ਨਹੀਂ। ਇਸ ਦੀ ਇਕ ਪ੍ਰਮੁਖ ਕਸਵਟੀ 'ਸੇਵਾ' ਹੈ। ਇਸ ਪ੍ਰਕ੍ਰਿਆ ਵਿਚ ਉਸ ਇਤਿਹਾਸਕ ਬ੍ਰਿਤਾਂਤ ਦਾ ਸਹਾਰਾ ਲਿਆ ਹੈ, ਜਿਸ ਤਹਿਤ ਗੁਰਿਆਈ ਇਕ ਗੁਰੂ ਤੋਂ ਦੂਜੇ ਗੁਰੂ ਸਾਹਿਬ ਤਕ ਜਾਂਦੀ ਹੈ।

ਤੀਜੇ ਅਧਿਆਇ, ***ਗੁਰੂ-ਸੰਸਥਾ: ਸਿਧਾਂਤਕ ਪਰਿਪੇਖ*** ਵਿਚ ਗੁਰੂ-ਸੰਸਥਾ ਦੇ ਸਿਧਾਂਤਕ ਪਰਿਪੇਖ ਵਿਚ ਗੁਰੂ-ਜੋਤਿ ਦੀ ਨਿਰੰਤਰਤਾ ਨੂੰ ਵਖੋ-ਵਖਰੀਆਂ ਸੰਭਵ ਦ੍ਰਿਸ਼ਟੀਆਂ ਤੋਂ ਦੇਖਿਆ ਹੈ। ਜ਼ਿਕਰਯੋਗ ਹੈ ਕਿ ਸਾਡੇ ਇਸ ਖੋਜ-ਕਾਰਜ ਦੇ ਤੀਜਾ ਅਤੇ ਚੌਥਾ ਅਧਿਆਇ ਥੀਮ ਭਾਗ ਹਨ। ਜੇਕਰ ਪਹਿਲੇ ਦੋ ਅਧਿਆਇ ਹਥਲੇ ਖੋਜ-ਕਾਰਜ ਦਾ ਪਿਛੋਕੜ ਤੇ ਨੀਂਹ ਹਨ, ਤਾਂ ਇਹ ਦੋਵੇਂ ਅਧਿਆਇ ਸਿਖਰ ਤੇ ਉਸਾਰ ਹਨ। ਇਸ ਪ੍ਰਗਟਾਵੇ ਵਿਚ ਸਭ ਤੋਂ ਪਹਿਲਾਂ *ਰਾਮਕਲੀ ਕੀ ਵਾਰ* ਦੇ ਹਵਾਲੇ ਨਾਲ ਗੁਰੂ ਸਾਹਿਬ ਦੁਆਰਾ ਭਾਈ ਲਹਣਾ ਜੀ ਦੇ ਸਿਰ ਉਤੇ ਗੁਰਿਆਈ ਦਾ ਛਤਰ ਧਰ ਕੇ ਗੁਰੂ-ਸੰਸਥਾ ਦਾ ਮੁਢ ਬੰਨਣ ਬਾਰੇ ਵਿਚਾਰ ਕੀਤੀ ਹੈ। ਇਸ ਵਾਰ ਵਿਚ ਗੁਰੂ-ਸੰਸਥਾ ਬਾਰੇ ਵਡਮੁਲੀ ਵਿਆਖਿਆ ਕੀਤੀ ਗਈ ਹੈ। ਭਾਈ ਸਤਾ ਅਤੇ ਬਲਵੰਡਿ ਦੁਆਰਾ ਰਚੀ ਇਸ ਵਾਰ ਦਾ ਮੁਖ ਵਿਸ਼ਾ ਹੀ ਗੁਰੂ-ਜੋਤਿ ਦੀ ਏਕਤਾ ਦ੍ਰਿੜ ਕਰਵਾਉਣਾ ਹੈ। ਵਾਰ ਅੰਦਰ ਮਿਲਦਾ ਉਲੇਖ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ' ਇਸ ਖੋਜ-ਕਾਰਜ ਦਾ ਅਧਾਰ ਬਣਿਆ ਹੈ।

ਗੁਰੂ-ਸੰਸਥਾ ਦੇ ਸਿਧਾਂਤਕ ਪਖ ਦਾ ਖੂਬਸੂਰਤ ਬ੍ਰਿਤਾਂਤ ਸਾਨੂੰ ਭਟ ਸਾਹਿਬਾਨ ਦੀ ਬਾਣੀ ਵਿਚੋਂ ਮਿਲਦਾ ਹੈ। ਭਟ ਸਾਹਿਬ ਇਤਿਹਾਸਕ ਤੌਰ ਉਤੇ ਗੁਰੂ-ਸੰਸਥਾ ਦੇ ਸਮਕਾਲੀ ਸਾਖੀ

ਹਨ। ਉਨ੍ਹਾਂ ਨੇ ਬੜੇ ਵਿਸਤਾਰ ਨਾਲ ਗੁਰੂ-ਸੰਸਥਾ ਦੀ ਸਾਂਝੀ ਕੜੀ ਗੁਰੂ-ਜੋਤਿ ਅਤੇ ਜੁਗਤਿ ਦਾ ਵਰਨਣ ਕਰਦਿਆਂ ਦਰਸਾਇਆ ਹੈ ਕਿ ਸਾਰੇ ਗੁਰੂ ਸਾਹਿਬਾਨ ਜੋਤਿ ਦੇ ਪਧਰ ਉਤੇ ਇਕ ਸਨ, ਕਾਇਆ ਪਧਰ ਉਤੇ ਬੇਸ਼ਕ ਉਹ ਭਿੰਨ ਸਨ। ਗੁਰੂ-ਸੰਸਥਾ ਦੀ ਦਿਬਤਾ (Divineness), ਸਥਾਪਨਾ, ਵਿਗਾਸ ਅਤੇ ਉਸ ਵਿਚਲੀ ਸਾਂਝੀ ਕੜੀ ਬਾਰੇ ਭਟ ਸਾਹਿਬਾਨ ਦੁਆਰਾ ਭਰਪੂਰ ਪ੍ਰਕਾਸ਼ ਪਾਇਆ ਗਿਆ ਹੈ। ਭਟ ਸਾਹਿਬਾਨ ਜਿੰਨੇ ਵੀ ਰੂਪਕ, ਦ੍ਰਿਸ਼ਟਾਂਤ ਜਾਂ ਸ਼ਬਦਾਵਲੀ ਵਰਤਦੇ ਹਨ, ਉਨ੍ਹਾਂ ਦਾ ਸੰਬੰਧ ਗੁਰੂ-ਸੰਸਥਾ ਦੇ ਅਧਿਆਤਮਕ/ਦੈਵੀ ਸਰੂਪ ਨਾਲ ਹੈ। ਉਹ ਗੁਰਿਆਈ ਨੂੰ ਸਦਾ ਥਿਰ ਰਹਿਣ ਵਾਲਾ ਰਾਜ ਜੋਗ ਦਾ ਤਖਤ ਕਹਿੰਦੇ ਹਨ, ਜਿਸ ਦੀ ਕੇਂਦਰੀ ਕੜੀ ਆਤਮਿਕ ਜੋਤਿ ਹੈ। ਭਾਵ, ਕਲਿਜੁਗਿ ਵਿਚ ਗੁਰੂ-ਸੰਸਥਾ ਇਕ ਅਜਿਹੇ 'ਰਾਜੁ ਜੋਗੁ' ਦਾ ਤਖਤ ਹੈ, ਜਿਸ ਦੇ ਪਹਿਲੇ 'ਪ੍ਰਮਾਣੁ' ਗੁਰੂ ਨਾਨਕ ਦੇਵ ਜੀ ਹਨ, ਜਿਹੜੇ ਆਪ ਹੀ ਗੁਰੂ ਅੰਗਦ ਦੇਵ ਜਾਂ ਗੁਰੂ ਅਮਰਦਾਸ ਜੀ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ।

ਗੁਰੂ-ਸੰਸਥਾ ਦੇ ਸਿਧਾਂਤਕ ਵਰਤਾਰੇ ਦੀ ਪੁਸ਼ਟੀ ਸਿੱਖ ਸਾਹਿਤ ਵਿਚੋਂ ਵੀ ਹੁੰਦੀ ਹੈ, ਜਿਸ ਨੂੰ ਦੋ ਭਾਗਾਂ ਵਿਚ ਵਰਗੀਕ੍ਰਿਤ ਕੀਤਾ ਗਿਆ ਹੈ। ਪਹਿਲੇ ਭਾਗ ਵਿਚ ਭਾਈ ਗੁਰਦਾਸ, ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਵਿਚੋਂ ਗੁਰੂ-ਸੰਸਥਾ ਦੇ ਉਕਤ ਵਰਤਾਰੇ ਨੂੰ ਦੇਖਣ ਦਾ ਜਤਨ ਕੀਤਾ ਗਿਆ ਹੈ। ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ, ਜਿਹੜੇ ਗੁਰੂ ਸਾਹਿਬਾਨ ਦੇ ਸਮਕਾਲੀ ਸਨ, ਨੇ ਇਸ ਵਰਤਾਰੇ ਦਾ ਵਿਸਤਾਰ ਸਹਿਤ ਵਰਨਣ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਗੁਰੂ-ਜੋਤਿ ਦੀ ਏਕਤਾ ਬਾਖੂਬੀ ਪੇਸ਼ ਕੀਤੀ ਹੈ। ਉਨ੍ਹਾਂ ਅਨੁਸਾਰ ਸਿੱਖ ਧਰਮ ਵਿਚ ਇਕ ਹੀ ਗੁਰੂ ਹੋਇਆ ਹੈ, ਜਿਸ ਦੀ ਜੋਤਿ ਅਤੇ ਜੁਗਤਿ ਦਸਾਂ ਜਾਮਿਆਂ ਵਿਚ ਸਮੇਂ-ਸਮੇਂ 'ਤੇ ਪ੍ਰਗਟ ਹੋਈ। ਅਧਿਆਇ ਦੇ ਦੂਜੇ ਭਾਗ ਵਿਚ 17-19$^{ਵੀਂ}$ ਸਦੀ ਦੇ ਸਰੋਤਾਂ ਵਿਚ ਮਿਲਦੀ ਗੁਰੂ-ਸੰਸਥਾ ਦੇ ਸਿਧਾਂਤਕ ਪਖ ਦੀ ਵਿਆਖਿਆ ਪੇਸ਼ ਕੀਤੀ ਗਈ ਹੈ।

ਚੌਥਾ ਅਧਿਆਇ ***ਗੁਰੂ-ਸੰਸਥਾ: ਇਤਿਹਾਸਕ ਪਰਿਪੇਖ***, ਗੁਰੂ-ਸੰਸਥਾ ਦੇ ਇਤਿਹਾਸਕ ਪਖ ਨਾਲ ਸੰਬੰਧਿਤ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਦੇ ਵੇਰਵੇ ਦਿਤੇ ਗਏ ਹਨ। ਅਧਿਆਇ ਦਾ ਮੁਖ ਉਦੇਸ਼ ਦਸ ਗੁਰੂ ਸਾਹਿਬਾਨ ਦੇ ਉਸ ਇਤਿਹਾਸਕ ਪਰਿਪੇਖ ਨਾਲ ਹੈ, ਜਿਸ ਰਾਹੀਂ ਉਹ ਗੁਰਿਆਈ ਕਾਲ-ਖੰਡ ਵਿਚ ਵਖੋ-ਵਖਰੀਆਂ ਸੰਸਥਾਵਾਂ ਦੀ ਸਿਰਜਣਾ ਕਰਦੇ, ਨਗਰ ਵਸਾਉਂਦੇ ਅਤੇ ਹੋਰ ਕਈ ਪ੍ਰਕਾਰ

ਦੇ ਕਾਰਜ ਕਰਦੇ ਹਨ। 'ਜੋਤਿ' ਦਾ ਪਾਸਾਰ ਕਿਸ 'ਜੁਗਤਿ' ਰਾਹੀਂ ਹੁੰਦਾ ਹੈ, ਇਸ ਅਧਿਆਇ ਦਾ ਕੇਂਦਰੀ ਨੁਕਤਾ ਹੈ। ਗੁਰੂ-ਸੰਸਥਾ ਦੁਆਰਾ ਇਸ ਮੌਕੇ ਜਿੰਨੇ ਵੀ ਕਾਰਜ ਕੀਤੇ ਗਏ, ਉਨ੍ਹਾਂ ਦੇ ਕੇਂਦਰ ਵਿਚ ਗੁਰੂ ਦਾ ਰੋਲ ਹੀ ਅਦਾ ਹੁੰਦਾ ਰਿਹਾ ਹੈ। ਸੰਗਤ-ਪੰਗਤ, ਧਰਮਸਾਲ, ਮੰਜੀ ਪ੍ਰਥਾ, ਮਸੰਦ ਪ੍ਰਥਾ, ਮੀਰੀ-ਪੀਰੀ, ਅਕਾਲ ਤਖਤ, ਖਾਲਸਾ ਅਤੇ ਗੁਰਮਤਾ ਆਦਿ ਸੰਸਥਾਵਾਂ ਦੇ ਕੇਂਦਰ ਵਿਚ ਗੁਰੂ ਦੀ ਜੁਗਤਿ ਹੀ ਵਰਤ ਰਹੀ ਹੈ। ਇਸ ਸਮੁਚੇ ਅਧਿਆਇ ਦਾ ਅਧਾਰ ਅਠਾਰਵੀਂ-ਉਨੀਵੀਂ ਸਦੀ ਦੇ ਸਿੱਖ ਸਾਹਿਤ ਦੇ ਮੁਢਲੇ ਸਰੋਤਾਂ ਨੂੰ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਗੁਰਬਾਣੀ ਅਤੇ ਵਿਦਵਾਨਾਂ ਦੇ ਹਵਾਲੇ ਨਾਲ ਤਥਾਂ ਦੀ ਪੁਸ਼ਟੀ ਕੀਤੀ ਗਈ ਹੈ।

ਪੰਜਵਾਂ ਅਧਿਆਇ, ***ਗੁਰੂ-ਸੰਸਥਾ: ਗੁਰੂ ਗ੍ਰੰਥ-ਪੰਥ*** 'ਸਬਦ-ਗੁਰੂ' ਨੂੰ ਸਮਰਪਿਤ ਹੈ, ਜਿਸ ਵਿਚ ਗੁਰਬਾਣੀ ਅਧਾਰਿਤ ਸਬਦ-ਗੁਰੂ ਦੀ ਵਿਆਖਿਆ ਕਰਦਿਆਂ ਸਥਾਪਿਤ ਕੀਤਾ ਹੈ ਕਿ ਗੁਰਬਾਣੀ ਵਿਚ 'ਸਬਦ' ਪਾਰਬ੍ਰਹਮ ਦਾ ਵਾਚੀ ਹੈ, ਉਹ ਹੀ ਗੁਰੂ ਹੈ, ਜਿਹੜਾ ਘਟ-ਘਟ ਸਮਾਇਆ ਹੋਇਆ ਹੈ। ਇਸ ਵਿਚ ਸਬਦ ਦੇ ਸ਼ਾਬਦਿਕ ਅਰਥਾਂ ਤੋਂ ਲੈ ਕੇ ਗੁਰਬਾਣੀ ਵਿਚ ਮਿਲਦੀ ਸਬਦ ਦੀ ਪਰਿਭਾਸ਼ਾ ਕਰਦਿਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਸਥਾਗਤ ਰੂਪ ਵਿਚ ਸਥਾਪਨਾ ਕਰਨ ਤਕ ਦੇ ਵੇਰਵੇ ਦਿਤੇ ਗਏ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ 1604 ਈ. ਵਿਚ 'ਆਦਿ ਗ੍ਰੰਥ' ਦੀ ਸੰਪਾਦਨਾ ਕਰਨ ਨਾਲ ਧਰਮ-ਗ੍ਰੰਥਾਂ ਦੇ ਇਤਿਹਾਸ ਵਿਚ ਇਕ ਨਵਾਂ ਅਧਿਆਇ ਸ਼ੁਰੂ ਹੁੰਦਾ ਹੈ। ਸਿੱਖ ਸਿਧਾਂਤ ਅਨੁਸਾਰ 'ਆਦਿ ਗ੍ਰੰਥ' ਦੀ ਬਾਣੀ ਧੁਰੋਂ ਆਈ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਅੰਤਲੇ ਦਿਨਾਂ ਬਾਰੇ ਜਿਨ੍ਹਾਂ ਇਤਿਹਾਸਕਾਰਾਂ ਨੇ ਜਰਾ ਵੀ ਵਿਸਤਾਰ ਨਾਲ ਵਰਣਨ ਕੀਤਾ ਹੈ, ਇਸ ਤਥ ਨਾਲ ਸਹਿਮਤ ਹਨ ਕਿ ਗੁਰੂ ਸਾਹਿਬ ਨੇ ਦਖਣ ਵਿਚ ਨਾਂਦੇੜ ਦੇ ਅਸਥਾਨ 'ਤੇ 7 ਅਕਤੂਬਰ, ਸੰਨ 1708 ਈ. ਨੂੰ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਰਸਮੀ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ (ਜਿਸ ਵਿਚ 'ਸਬਦ' ਸਮਾਇਆ ਹੈ), ਨੂੰ ਦਸਾਂ ਪਾਤਸ਼ਾਹੀਆਂ ਤੋਂ ਬਾਅਦ ਸਿੱਖਾਂ ਦਾ ਸਦੀਵੀ ਗੁਰੂ ਥਾਪ ਕੇ ਗੁਰਿਆਈ ਬਖਸ਼ੀ।

ਗੁਰਿਆਈ ਸੰਬੰਧੀ ਵਿਚਾਰ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮਕਾਲੀ ਸਮਾਜ ਵਿਚ ਰੁਤਬੇ ਬਾਰੇ ਵਿਚਾਰ ਕੀਤੀ ਗਈ ਹੈ। ਸਿੱਖ ਪਰੰਪਰਾ ਵਿਚ ਗੁਰੂ ਗ੍ਰੰਥ ਸਾਹਿਬ ਆਪਣੇ ਗੁਰਿਆਈ ਕਾਲ ਤੋਂ ਲੈ ਕੇ ਮੌਜੂਦਾ ਸਮੇਂ ਤਕ 'ਪ੍ਰਗਟ ਗੁਰਾਂ ਦੀ ਦੇਹ' ਕਰ ਕੇ ਸਤਿਕਾਰੇ

ਜਾਂਦੇ ਹਨ। ਜ਼ਿਕਰਯੋਗ ਹੈ ਕਿ ਸਿੱਖਾਂ ਦੇ ਜੀਵਨ ਦਾ ਹਰ ਪਹਿਲੂ-ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਗੁਰੂ ਗ੍ਰੰਥ ਸਾਹਿਬ ਨਾਲ ਜੁੜਿਆ ਹੋਇਆ ਹੈ। ਸਿੱਖ ਦੇ ਜਨਮ ਤੋਂ ਮਰਨ ਤਕ ਜਿੰਨੇ ਵੀ ਸੰਸਕਾਰ ਨਿਭਾਏ ਜਾਂਦੇ ਹਨ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਹੁੰਦੇ ਹਨ। ਇਸ ਦੇ ਨਾਲ ਹੀ ਸਿੱਖ ਪਰੰਪਰਾ ਵਿਚ ਪ੍ਰਚਲਤ ਗੁਰੂ ਧਾਰਨ ਕਰਨ ਦੀ ਮਰਯਾਦਾ, ਚਰਨ-ਪਾਹੁਲ ਤੋਂ ਖੰਡੇ ਦੀ ਪਾਹੁਲ ਵਿਚ ਕਿਵੇਂ ਤਬਦੀਲ ਹੋਈ, ਦਾ ਜਿਕਰ ਵੀ ਕੀਤਾ ਗਿਆ ਹੈ। ਉਪਰੰਤ ਸਿੱਖ ਸਮਾਜ ਵਿਚ ਗੁਰੂ ਗ੍ਰੰਥ ਸਾਹਿਬ ਪ੍ਰਥਾਇ ਪ੍ਰਚਲਤ ਸਤਿਕਾਰਤ ਸ਼ਬਦਾਵਲੀ ਵੀ ਦਿਤੀ ਗਈ ਹੈ। ਅਧਿਆਇ ਦਾ ਮਹਤਵਪੂਰਨ ਭਾਗ ਗੁਰੂ ਪੰਥ ਨੂੰ ਗੁਰਿਆਈ ਦੇਣ ਦੇ ਇਤਿਹਾਸਕ ਵੇਰਵੇ ਨਾਲ ਹੈ। ਪੰਥ ਗੁਰੂ ਦੀ ਗੁਰਿਆਈ ਸਿਧ ਕਰਨ ਤੋਂ ਪਹਿਲਾਂ ਇਸ ਦੇ ਸੰਕਲਨ ਬਾਰੇ ਵਿਚਾਰ ਕੀਤੀ ਗਈ ਹੈ। ਅਧਿਆਇ ਦੇ ਅੰਤ ਵਿਚ ਗੁਰੂ ਗ੍ਰੰਥ-ਪੰਥ ਦੀ ਸਥਾਪਤੀ ਹਿਤ ਅਸੀਂ ਉਹ ਹਰ ਸੰਭਵ ਮੁਢਲਾ ਸੰਕੇਤ ਤਲਾਸ਼ਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿਚ ਗੁਰੂ ਗ੍ਰੰਥ-ਪੰਥ ਦੀ ਗੁਰਿਆਈ ਦੇ ਹਵਾਲੇ ਉਪਲਬਧ ਹਨ।

ਅੰਤ ਵਿਚ ਸਾਰ ਰਾਹੀਂ ਸਮੁਚੇ ਕਾਰਜ ਦੀਆਂ ਉਪਲਬਧੀਆਂ ਪੇਸ਼ ਕੀਤੀਆਂ ਹਨ। ਅੰਤਿਕਾ ਵਿਚ ਖੋਜ-ਕਾਰਜ ਵਿਚ ਵਰਤੇ ਮੁਢਲੇ ਸਿੱਖ ਸਰੋਤਾਂ ਦਾ ਜਾਣਕਾਰੀ ਦਿਤੀ ਗਈ ਹੈ। ਇਸ ਦੇ ਨਾਲ ਹੀ ਸਮੁਚੇ ਕਾਰਜ ਵਿਚ ਵਰਤੇ ਗਏ ਹਵਾਲਿਆਂ ਦਾ ਵੇਰਵਾ ਅੰਤ ਵਿਚ ਲਗੀ ਸੰਦਰਭ ਗ੍ਰੰਥ ਸੂਚੀ ਵਿਚ ਦਿਤਾ ਗਿਆ ਹੈ।

## IV

ਧਰਮ ਅਧਿਐਨ ਦੇ ਯਥਾਰਥ ਮੂਲ ਦਾ ਮੁਲੰਕਣ ਕਰਨ ਵਾਲੀ ਧਰਮਸ਼ਾਸਤਰੀ ਵਿਧੀ (theological approach) ਵਿਸ਼ਵ ਭਰ ਦੇ ਧਰਮ ਚਿੰਤਕਾਂ ਵਲੋਂ ਪ੍ਰਵਾਨਿਤ ਹੈ। ਇਸੇ ਪਹੁੰਚ ਦੀਆਂ ਮਾਣਤਾਵਾਂ ਤਹਿਤ ਅਸੀਂ ਆਪਣੇ ਖੋਜ-ਵਿਸ਼ੇ ਨੂੰ ਜਾਂਚਿਆ-ਪਰਖਿਆ ਹੈ। 'ਗੁਰੂ' ਦਾ ਸੰਸਥਾਈ ਰੂਪ ਪੇਸ਼ ਕਰਨਾ ਸਾਡੇ ਖੋਜ-ਵਿਸ਼ੇ ਦਾ ਮੁਖ ਉਦੇਸ਼ ਸੀ। ਇਸ ਲਈ 'ਗੁਰੂ' ਦਾ ਸੰਸਥਾਈ ਪਖ ਪੇਸ਼ ਕਰਦਿਆਂ ਸਮਾਜ-ਵਿਗਿਆਨੀ ਵਿਧੀ ਦਾ ਸਹਾਰਾ ਵੀ ਲਿਆ ਹੈ। ਖੋਜ-ਕਾਰਜ ਵਿਚ ਵਰਤੀਆਂ ਗਈਆਂ ਦੋਹਾਂ ਵਿਧੀਆਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

ਭਾਰਤੀ ਪਰੰਪਰਾ ਵਿਚ 'ਧਰਮ ਸ਼ਾਸਤਰ' ਅਤੇ 'ਮੀਮਾਂਸਾ' ਨੂੰ ਸਮਾਨਾਰਥੀ ਸਮਝਿਆ ਜਾਂਦਾ ਹੈ। ਪਛਮੀ ਸੰਸਾਰ ਵਿਚ 'ਧਰਮ ਸ਼ਾਸਤਰ' ਦਾ ਸਮਾਨਾਰਥੀ ਸ਼ਬਦ 'ਥਿਉਲੋਜੀ' ਹੈ। ਅੰਗਰੇਜ਼ੀ ਦਾ ਸ਼ਬਦ Theology ਆਪਣੇ ਨਿਰੁਕਤੀ-ਮੂਲਕ ਅਰਥਾਂ ਵਿਚ ਦੋ ਯੂਨਾਨੀ ਸ਼ਬਦਾਂ Theos ਅਤੇ

Logos ਤੋਂ ਬਣਿਆ ਹੈ, ਜਿਨ੍ਹਾਂ ਦੇ ਕ੍ਰਮਵਾਰ ਅਰਥ: ਦੇਵਤਾ (God) ਅਤੇ ਸ਼ਬਦ ਜਾਂ ਬਾਣੀ (utterance reasoning) ਹਨ। ਆਪਣੇ ਸਰੂਪ ਕਰਕੇ ਇਹ ਵਿਸ਼ਾ 'ਧਰਮ' ਤੇ 'ਦਰਸ਼ਨ' ਜਾਂ 'ਵਿਸ਼ਵਾਸ' ਤੇ 'ਤਰਕ' ਵਿਚਕਾਰ ਮੇਲ ਸਥਾਪਿਤ ਕਰਨ ਦਾ ਕੰਮ ਕਰਦਾ ਹੈ। ਧਰਮ-ਮੀਮਾਂਸਾ (Theology), ਧਰਮ-ਵਿਸ਼ਵਾਸਾਂ ਜਾਂ ਅਨੁਭਵ ਦੀ ਤਾਰਕਿਕ ਵਿਆਖਿਆ ਨਾਲ ਸਬੰਧਿਤ ਹੈ। ਇਹ ਯਥਾਰਥ ਨੂੰ ਪਰਮਾਰਥ ਦੇ ਦ੍ਰਿਸ਼ਟੀਕੋਣ ਤੋਂ ਸਮਝਣ ਦਾ ਵਲ ਸਿਖਾਉਂਦਾ ਹੈ। ਇਹ ਧਾਰਮਿਕ ਵਰਤਾਰਿਆਂ ਅਤੇ ਵਿਵਹਾਰ ਨੂੰ ਪ੍ਰਾਭੌਤਿਕ ਜਾਂ ਪ੍ਰਾਲੌਕਿਕ (metaphysical) ਸੰਦਰਭ (context) ਵਿਚ ਮਨੁਖੀ ਹੋਂਦ ਦੇ ਜੀਵੰਤ ਮਸਲਿਆਂ ਨੂੰ ਲੈਂਦਾ ਹੈ।

ਧਰਮ ਮਨੁਖ ਦੇ ਸਮਾਜਿਕ ਜੀਵਨ ਦਾ ਅਨਿਖੜਵਾਂ ਅੰਗ ਹੈ। ਸਮਾਜ ਵਿਗਿਆਨ ਅਨੁਸਾਰ ਧਰਮ ਦਾ ਆਰੰਭ ਜੀਵਨ ਦੇ ਨਾਲ-ਨਾਲ ਸਮਾਜ ਵਿਚ ਧਰਮ ਦਾ ਕਾਰਜ (function) ਕਰਨ ਨਾਲ ਹੋਇਆ। ਸਮਾਜ-ਵਿਗਿਆਨਕ ਵਿਧੀ ਵਿਅਕਤੀ ਨੂੰ ਕਿਸੇ-ਨਾ-ਕਿਸੇ ਭਾਈਚਾਰੇ ਜਾਂ ਸਮੂਹ ਦਾ ਮੈਂਬਰ ਮੰਨ ਕੇ, ਉਸ ਨੂੰ ਮਨੁਖੀ ਅੰਤਰ-ਸਬੰਧਾਂ ਦੇ ਸੰਦਰਭ ਵਿਚ ਕਰਮਸ਼ੀਲ ਹੋਇਆ ਦੇਖਦੀ ਹੈ। ਇਸ ਦਾ ਉਚੇਚਾ ਧਿਆਨ ਸਮਾਜਕ ਜੀਵ ਦੇ ਉਨ੍ਹਾਂ ਵਰਤਾਰਿਆਂ ਤੇ ਪ੍ਰਗਟਾਵਿਆਂ ਉਤੇ ਕੇਂਦਰਿਤ ਹੁੰਦਾ ਹੈ, ਜਿਨ੍ਹਾਂ ਦੁਆਰਾ ਉਹ ਆਪਣੀ ਸਹੂਲਤ ਹਿਤ ਨਵੀਆਂ ਪਿਰਤਾਂ ਪਾਉਂਦਾ ਹੈ, ਸੰਸਥਾਵਾਂ ਕਾਇਮ ਕਰਦਾ ਹੈ, ਸਭਿਆਚਾਰਕ ਸੰਪਰਕ ਵਿਚ ਆਉਂਦਾ ਹੈ। ਮਨੁਖ ਦੀਆਂ ਇਨ੍ਹਾਂ ਕ੍ਰਿਆਵਾਂ ਤੇ ਕਾਰਵਾਈਆਂ ਵਿਚ ਧਾਰਮਿਕ ਜੀਵਨ ਦੇ ਸਮਾਜਿਕ ਪਖ ਆਵਸ਼ ਸ਼ਾਮਿਲ ਹਨ। ਮਨੁਖੀ ਸਮਾਜ ਆਪਣੇ ਇਤਿਹਾਸਕ ਵਿਕਾਸ ਵਿਚ ਧਰਮ ਨਾਲ ਸੰਬੰਧਿਤ ਸੰਸਥਾਵਾਂ ਕਾਇਮ ਕਰਦਾ ਆਇਆ ਹੈ, ਜਿਨ੍ਹਾਂ ਦੀ ਪ੍ਰੇਰਨਾ ਅਧੀਨ ਉਸ ਨੇ ਸਮੇਂ-ਸਮੇਂ ਆਪਣੇ ਜੀਵਨ ਨੂੰ ਸੇਧ ਦਿਤੀ ਹੈ।

ਇਸ ਖੋਜ-ਕਾਰਜ ਲਈ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੂਲ ਅਧਾਰ ਮੰਨਿਆ ਹੈ, ਜਿਸ ਲਈ ੧੪੩੦ ਅੰਗਾਂ ਵਾਲੇ ਪ੍ਰਮਾਣਿਕ ਸਰੂਪ ਦੀ ਵਰਤੋਂ ਕੀਤੀ ਗਈ ਹੈ। ਹਵਾਲੇ ਦੀ ਪੁਸ਼ਟੀ ਲਈ ਭਾਈ ਗੁਰਦਾਸ, ਭਾਈ ਨੰਦ ਲਾਲ, ਭਾਈ ਮਨੀ ਸਿੰਘ, ਭਾਈ ਸੰਤੋਖ ਸਿੰਘ, ਗਿਆਨੀ ਬਦਨ ਸਿੰਘ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਭਾਈ ਜੋਧ ਸਿੰਘ, ਡਾ. ਤਾਰਨ ਸਿੰਘ, ਪਿਆਰਾ ਸਿੰਘ ਪਦਮ, ਪ੍ਰੀਤਮ ਸਿੰਘ, ਡਾ. ਹਰਿਭਜਨ ਸਿੰਘ (ਦਿੱਲੀ ਵਾਲੇ) ਆਦਿ ਸਿੱਖ ਅਧਿਐਨ ਦੇ ਪ੍ਰਸਿਧ ਵਿਦਵਾਨਾਂ ਨੂੰ ਵਰਤਿਆ ਹੈ। ਗੁਰਬਾਣੀ ਤੋਂ ਇਲਾਵਾ ਸਾਰੇ ਸਰੋਤਾਂ ਨੂੰ ਕਾਲ-ਕ੍ਰਮ ਵਿਚ ਰਖਿਆ ਗਿਆ ਹੈ, ਜਿਸ ਵਿਚ ਸ੍ਰੀ ਦਸਮ ਗ੍ਰੰਥ ਸਾਹਿਬ

ਵੀ ਸ਼ਾਮਿਲ ਹੈ। ਖੋਜ-ਕਾਰਜ ਵਿਚ ਵਰਤੇ ਸਰੋਤਾਂ ਦੀ ਪ੍ਰਕਿਰਤੀ ਇਕੋ ਜਿਹੀ ਹੋਣ ਕਾਰਨ, ਦੁਹਰਾਅ ਤੋਂ ਬਚਿਆ ਨਹੀਂ ਜਾ ਸਕਿਆ।

ਖੋਜ-ਕਾਰਜ ਵਿਚ ਅਸੀਸ ਫੌਂਟ ਨਾਲ, ਡੇਢ ਸਪੇਸ ਵਿਚ, ਏ-4 ਸਾਈਜ਼ ਪੇਜ ਉਤੇ ਅਧਿਐਨ-ਵਸਤੂ ਪੇਸ਼ ਕੀਤੀ ਗਈ ਹੈ, ਜਿਸ ਦੀਆਂ ਪਦ-ਟਿਪਣੀਆਂ ਪੈਰ੍ਹਾਂ ਵਿਚ ਹਨ। ਇਹ ਪਦ ਸੰਕੇਤ ਅੰਕ ਪੂਰੇ ਅਧਿਆਇ ਤਕ ਲਗਾਤਾਰ ਚਲਦੇ ਹਨ। ਟਿਪਣੀਆਂ ਜਾਂ ਹਵਾਲੇ ਲਈ ਨਾਂ ਅਤੇ ਪੰਨਾ ਸੰਕੇਤਿਆ ਹੈ, ਪੂਰੇ ਪ੍ਰਕਾਸ਼ਨ ਦੇ ਹਵਾਲੇ ਪੁਸਤਕ ਸੂਚੀ ਵਿਚ ਦਿਤੇ ਹਨ। ਵਿਸ਼ਾ-ਵਿਸਤਾਰ ਲਈ ਅੰਕਣ-ਵਿਧੀ ਦਾ ਪ੍ਰਯੋਗ ਕੀਤਾ ਹੈ ਅਤੇ ਲੋੜੀਂਦੀ ਥਾਂ ਸਿਰਲੇਖ ਅਤੇ ਉਪ-ਸਿਰਲੇਖ ਵੀ ਦਿਤੇ ਹਨ। ਅੰਕਾਂ ਦਾ ਵਿਸਤਾਰ ਉਥੇ ਤਕ ਚਲਦਾ ਹੈ, ਜਿਥੇ ਤਕ ਇਕ ਸੰਕਲਪ ਵਿਸ਼ੇਸ਼ ਦੀ ਵਿਆਖਿਆ ਪੂਰੀ ਨਹੀਂ ਹੋ ਜਾਂਦੀ ।

**V**

**ਅੰ**ਤ ਵਿਚ ਕਿਹਾ ਜਾ ਸਕਦਾ ਹੈ ਕਿ ਮੇਰੇ ਪੀਐਚ.ਡੀ. ਖੋਜ-ਪ੍ਰਬੰਧ ਦਾ ਇਹ ਵਿਸ਼ਾ ਜਿਥੇ ਸਿੱਖ-ਅਧਿਐਨ ਵਿਚ ਕਿਣਕਾ ਮਾਤਰ ਯੋਗਦਾਨ ਪਾਵੇਗਾ, ਉਥੇ ਪ੍ਰਚਾਰ ਦੇ ਖੇਤਰ ਵਿਚ ਸੇਵਾ ਨਿਭਾਅ ਰਹੇ ਪ੍ਰਚਾਰਕਾਂ ਨੂੰ ਵੀ ਇਸ ਤੋਂ ਲਾਭ ਮਿਲੇਗਾ । ਸਮੁਚਾ ਕਾਰਜ ਅਕਾਲਪੁਰਖ ਵਾਹਿਗੁਰੂ ਦੀ ਬਖਸ਼ਿਸ਼ ਨਾਲ ਹੀ ਨੇਪਰੇ ਚੜ੍ਹ ਸਕਿਆ ਹੈ। ਮੇਰੇ ਧੰਨਵਾਦ ਦੇ ਵਿਸ਼ੇਸ਼ ਪਾਤਰ ਡਾ. ਦਰਸ਼ਨ ਸਿੰਘ ਜੀ ਹਨ, ਜੋ ਨਾ ਕੇਵਲ ਮੇਰੇ ਨਿਗਰਾਨ ਹੀ ਹਨ, ਬਲਕਿ ਰਾਹ ਦਸੇਰੇ ਵੀ ਹਨ। ਵਿਭਾਗ ਦੇ ਮੁਖੀ ਡਾ. ਰਾਜਿੰਦਰ ਕੌਰ ਰੋਹੀ ਦਾ ਵੀ ਧੰਨਵਾਦ ਹੈ। ਮੇਰੇ ਮਾਤਾ-ਪਿਤਾ, ਜਿਨ੍ਹਾਂ ਦੁਆਰਾ ਦਿਤਾ ਪਿਆਰ ਤੇ ਸਹਿਯੋਗ ਕਿਸੇ ਪ੍ਰਕਾਰ ਵੀ ਭੁਲਾਇਆ ਨਹੀਂ ਜਾ ਸਕਦਾ, ਦਾ ਵੀ ਵਿਸ਼ੇਸ਼ ਧੰਨਵਾਦ ਹੈ। ਮੇਰੀ ਸੁਪਤਨੀ, ਜਿਸ ਨੇ ਮੇਰੀ ਖੋਜ-ਕਾਰਜ ਦੌਰਾਨ ਹੌਂਸਲਾ ਅਫਜ਼ਾਈ ਕੀਤੀ, ਦਾ ਵੀ ਧੰਨਵਾਦ ਹੈ। ਨਾਲ ਹੀ ਮੈਂ ਆਪਣੀ ਬੇਟੀ ਹਰਨੂਰ ਕੌਰ, ਜਿਸ ਨੂੰ ਉਸ ਦੇ ਬਚਪਨ ਦਾ ਅਨਮੋਲ ਸਮਾਂ, ਇਸ ਕਾਰਜ ਕਾਰਨ ਨਹੀਂ ਦੇ ਸਕਿਆ, ਤੋਂ ਖਿਮਾਂ ਦਾ ਜਾਚਕ ਹਾਂ। ਮੇਰੇ ਮਿਤਰ ਡਾ. ਗੁਰਮੇਲ ਸਿੰਘ (ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਜਿਨ੍ਹਾਂ ਨੇ ਵਡਮੁਲੀਆਂ ਸਲਾਹਾਂ ਦਿਤੀਆਂ, ਦਾ ਵੀ ਧੰਨਵਾਦ ਹੈ। ਹੋਰ ਅਨੇਕਾਂ ਸਜਣਾਂ ਜਿਨ੍ਹਾਂ ਤੋਂ ਸਹਾਇਤਾ ਜਾਂ ਸਮਗਰੀ ਲਈ ਗਈ ਹੈ, ਸਭ ਦਾ ਧੰਨਵਾਦ ਹੈ।

**ਅਗਸਤ, 2014** **ਤੇਜਿੰਦਰ ਪਾਲ ਸਿੰਘ**

# ਸਾਰ

## I

ਆਪਣੇ ਖੋਜ-ਵਿਸ਼ੇ **'ਸਿੱਖ ਧਰਮ ਵਿਚ ਗੁਰੂ-ਸੰਸਥਾ: ਸਿਧਾਂਤਕ ਤੇ ਇਤਿਹਾਸਕ ਪਰਿਪੇਖ'** ਦੇ ਵਿਭਿੰਨ ਪਖਾਂ ਉਤੇ ਵਿਸ਼ਲੇਸ਼ਨ ਕਰਨ ਲਈ ਇਸ ਨੂੰ ਮੁਖ ਪੰਜ ਅਧਿਆਇਆਂ ਵਿਚ ਵੰਡਿਆ ਹੈ। ਇਹ ਹਨ:

1. ਗੁਰੂ : ਅਰਥ, ਪਰਿਭਾਸ਼ਾ ਤੇ ਸਰੂਪ
2. ਗੁਰੂ-ਸੰਸਥਾ : ਅਰਥ ਤੇ ਸਰੂਪ
3. ਗੁਰੂ-ਸੰਸਥਾ : ਸਿਧਾਂਤਕ ਪਰਿਪੇਖ
4. ਗੁਰੂ-ਸੰਸਥਾ : ਇਤਿਹਾਸਕ ਪਰਿਪੇਖ
5. ਗੁਰੂ-ਸੰਸਥਾ : ਗ੍ਰੰਥ-ਪੰਥ

ਇਨ੍ਹਾਂ ਵਿਚ ਮੁਢਲੇ ਬਿੰਦੂ ਉਤੇ ਗੁਰੂ ਦੇ ਸ਼ਾਬਦਿਕ ਅਰਥਾਂ ਤੋਂ ਸ਼ੁਰੂ ਕਰ ਕੇ ਇਸ ਦੀ ਪਰਿਭਾਸ਼ਾ ਅਤੇ ਸਰੂਪ ਨੂੰ ਸਮਝਿਆ ਗਿਆ ਹੈ। ਉਪਰੰਤ ਗੁਰੂ-ਸੰਸਥਾ ਦਾ ਸਰੂਪ ਜਾਣ ਕੇ ਇਸ ਦੇ ਸਿਧਾਂਤਕ ਪਰਿਪੇਖ ਨੂੰ ਕਈ ਪਖਾਂ ਤੋਂ ਵਿਚਾਰਦੇ ਹੋਏ ਜਾਣਿਆ ਹੈ ਕਿ ਦਸ ਗੁਰੂ ਸਾਹਿਬਾਨ ਦੇ ਸਮੇਂ ਦੌਰਾਨ ਵਰਤਿਆ ਦੈਵੀ ਵਰਤਾਰਾ ਅਸਲ ਵਿਚ ਇਕ-ਰੂਪ ਸੀ। ਦਸ ਗੁਰੂ ਸਾਹਿਬਾਨ ਵਿਚ ਵਿਆਪਕ ਇਕ ਜੋਤਿ ਨੇ ਆਪਣੀ ਜੁਗਤਿ ਇਤਿਹਾਸ ਵਿਚ ਕਿਵੇਂ ਵਰਤਾਈ, ਇਸ ਦੀ ਵਿਚਾਰ ਚੌਥੇ ਅਧਿਆਇ ਵਿਚ ਕੀਤੀ ਗਈ ਹੈ। ਅੰਤ ਪੰਜਵੇਂ ਅਧਿਆਇ ਵਿਚ ਗੁਰੂ-ਸੰਸਥਾ ਦੀ ਗੁਰੂ ਗ੍ਰੰਥ-ਪੰਥ ਦੀ ਸਥਾਪਤੀ ਦਰਜ ਕੀਤੀ ਗਈ ਹੈ।

## II

ਖੋਜ-ਕਾਰਜ ਕਰਦਿਆਂ ਜਿਹੜੀਆਂ ਉਪਲਬਧੀਆਂ ਸਾਹਮਣੇ ਆਈਆਂ, ਉਹ ਹਨ:

ਸਿੱਖ ਧਰਮ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਸ਼ੁਰੂ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਆਪਣੇ ਸੰਪੂਰਨ ਵਿਗਾਸ ਵਿਚ ਆਇਆ। ਇਹ ਧਰਮ ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੇਠ ਆਪਣੇ ਸਦੀਵਕਾਲੀ ਸੁਭਾਅ ਅਨੁਸਾਰ ਜਗਤ-ਜਲੰਦੇ ਨੂੰ 'ਗੁਰਬਾਣੀ' ਰਾਹੀਂ ਰੌਸ਼ਨੀ ਦੇ ਰਿਹਾ ਹੈ। ਸਿੱਖ ਧਰਮ ਵਿਚ 'ਗੁਰੂ' ਦਾ ਕੇਂਦਰੀ ਸਥਾਨ ਹੈ। ਸਿੱਖ ਦੇ ਜੀਵਨ ਦਾ ਹਰੇਕ ਪਹਿਲੂ, ਕਿਸੇ ਨਾ ਕਿਸੇ ਰੂਪ ਵਿਚ ਗੁਰੂ ਨਾਲ ਜੁੜਿਆ ਹੋਇਆ ਹੈ। ਦੂਜੇ ਸ਼ਬਦਾਂ ਵਿਚ ਸਿੱਖ ਧਰਮ ਦੇ ਸਿਧਾਂਤਕ ਅਤੇ ਵਿਹਾਰਕ ਪਖ ਦਾ ਮਹਤਵਪੂਰਨ ਅੰਗ 'ਗੁਰੂ' ਹੈ। ਇਸ ਤੋਂ ਬਿਨਾਂ ਸਿੱਖ ਧਰਮ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਗੁਰਮਤਿ ਅਨੁਸਾਰ 'ਗੁਰੂ' ਕੋਈ ਸੰਸਾਰਕ ਵਿਅਕਤੀ ਨਹੀਂ, ਬਲਕਿ ਉਹ ਤਾਂ ਪਰਮਾਤਮਾ ਦੀ 'ਜੋਤਿ' ਦਾ ਪ੍ਰਗਟ ਰੂਪ ਹੈ, ਇਕ ਰਬੀ ਕਰਾਮਾਤ ਹੈ। 'ਗੁਰੂ' ਐਨਾ ਮਹਾਨ ਹੈ ਕਿ ਪਰਮਾਤਮਾ ਦੀਆਂ ਸਾਰੀਆਂ ਦੈਵੀ ਸ਼ਕਤੀਆਂ ਇਸ ਵਿਚ ਸ਼ਾਮਿਲ ਹਨ। ਇਸੇ ਲਈ ਸਿੱਖ ਵਿਚਾਰਧਾਰਾ ਅਨੁਸਾਰ ਸਭ ਸ਼ਕਤੀਆਂ ਦਾ ਪ੍ਰਤੀਨਿਧ 'ਗੁਰੂ' ਹੀ ਹੈ। ਇਸ ਕਾਰਨ ਹੀ ਸਰੀਰਕ ਗੁਰਿਆਈ ਖਤਮ ਕਰ ਕੇ 'ਗ੍ਰੰਥ-ਪੰਥ' ਨੂੰ ਗੁਰਿਆਈ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਨੂੰ 'ਮੁਕਤੀ' ਦਾ ਇਕ ਨਵਾਂ ਸਥਾਈ ਤੇ ਵਿਵਸਥਿਤ ਰਾਹ ਦਿਖਾਇਆ। ਗੁਰਿਆਈ ਸਿੱਖ ਧਰਮ ਵਿਚਲੀ ਨਿਰੰਤਰ ਪ੍ਰਕ੍ਰਿਆ ਹੈ। ਇਸ ਖੋਜ-ਕਾਰਜ ਵਿਚ 'ਗੁਰੂ', 'ਗੁਰੂ-ਸੰਸਥਾ' ਦੇ ਰੂਪ ਵਿਚ ਵਿਆਖਿਆਇਆ ਗਿਆ ਹੈ, ਸੰਕਲਪ ਵਜੋਂ ਨਹੀਂ। 'ਗੁਰੂ' ਮੂਲ ਰੂਪ ਵਿਚ ਅਬੁਝ ਅਤੇ ਦੈਵੀ ਵਰਤਾਰਾ ਹੈ, ਜਿਸ ਦੀ ਸਥਾਪਨਾ ਹਿਤ ਦਸ ਗੁਰੂ ਸਾਹਿਬਾਨ ਸੰਸਾਰ ਵਿਚ 'ਪ੍ਰਗਟ' ਹੁੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਅਨੁਸਾਰ ਗੁਰੂ-ਸੰਸਥਾ ਦੇ ਤਿੰਨ ਪਖ ਹਨ: ਜੋਤਿ, ਜੁਗਤਿ ਤੇ ਕਾਇਆ, ਜਿਹੜੇ ਗੁਰੂ ਸਾਹਿਬ ਦੇ ਫੁਰਮਾਣ *ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ* ਵਿਚ ਸਮੋਏ ਹੋਏ ਹਨ। ਜੋਤਿ ਤੋਂ ਭਾਵ ਸਚ ਦਾ ਪ੍ਰਕਾਸ਼ ਜਾਂ ਸਿਧਾਂਤ ਹੈ, ਜੁਗਤਿ ਉਹ ਰਹਿਤ ਤੇ ਨੀਤੀ ਹੈ, ਜਿਸ ਦੁਆਰਾ ਸਚ ਬਾਰੇ ਮਿਲੇ ਪ੍ਰਕਾਸ਼ ਜਾਂ ਸਿਧਾਂਤ ਨੂੰ ਜੀਵਨ ਵਿਚ ਜਿਉਣਾ ਹੈ ਅਤੇ ਕਾਇਆ ਉਹ ਮਾਧਿਅਮ ਹੈ, ਜਿਸ ਦੀ ਸਹਾਇਤਾ ਨਾਲ ਜੋਤਿ ਦੀ ਜੁਗਤਿ ਧਾਰਨ ਕੀਤੀ ਜਾਂਦੀ ਹੈ। ਗੁਰਿਆਈ ਦੇ ਉਕਤ ਤਿੰਨੇ ਪਖ ਸਦਾ ਕਾਇਮ ਰਹੇ ਹਨ, ਭਾਵੇਂ ਇਨ੍ਹਾਂ ਦੇ ਨਾਮ ਤੇ ਰੂਪ ਬਦਲਦੇ ਰਹੇ ਹਨ। ਹਰੇਕ ਗੁਰੂ ਸਾਹਿਬ ਵਿਚ ਜੋਤਿ, ਜੁਗਤਿ ਤੇ ਕਾਇਆ ਦੇ ਤਿੰਨੋ ਪਖ ਮੌਜੂਦ ਸਨ। ਗੁਰਬਾਣੀ ਜਾਂ ਸਬਦ ਉਨ੍ਹਾਂ ਦੀ ਜੋਤਿ ਦਾ ਪ੍ਰਕਾਸ਼ ਹੈ, ਉਨ੍ਹਾਂ ਦੁਆਰਾ ਕੀਤੀ ਨਾਮ ਭਗਤੀ/ਸੇਵਾ ਤੇ ਹੋਰ ਕਾਰਜ, ਉਨ੍ਹਾਂ ਦੀ ਜੁਗਤਿ ਦਾ ਅੰਗ ਹੈ ਅਤੇ ਕਾਇਆ ਪਲਟ ਕੇ ਗੁਰੂ ਗ੍ਰੰਥ-ਪੰਥ, ਸੰਗਤ ਜਾਂ ਖਾਲਸਾ ਵਿਚ ਆ ਗਈ ਹੈ।

ਸਿੱਖ ਅਧਿਐਨ ਦਾ ਸਮੁਚਾ ਪਸਾਰ ਵੀ ਗੁਰੂ-ਅਧਿਐਨ ਦੀ ਛਤਰ-ਛਾਇਆ ਹੇਠ ਸੰਭਵ ਹੈ। ਹਥਲੇ ਕਾਰਜ ਰਾਹੀਂ ਅਸੀਂ ਦੇਖਿਆ ਹੈ ਕਿ ਸਿੱਖ ਪੰਥ ਸਮੁਚੇ ਰੂਪ ਵਿਚ ਗੁਰੂ ਕੇਂਦਰਿਤ ਹੈ। ਸ਼ਾਇਦ ਇਸੇ ਕਰ ਕੇ ਭਾਈ ਗੁਰਦਾਸ ਜੀ ਨੇ ਇਸ ਨੂੰ 'ਗੁਰਮੁਖਿ' ਪੰਥ ਕਿਹਾ ਹੈ, ਜਿਸ ਤੋਂ ਸਪਸ਼ਟ ਭਾਵ ਗੁਰੂ ਵਲ ਮੁਖ ਹੋਣਾ ਹੈ। ਸਿੱਖ ਧਰਮ ਅੰਦਰ ਗੁਰੂ ਦਾ

ਫਲਾਅ ਵਿਆਪਕ ਰੂਪ ਵਿਚ ਦੇਖਣ ਨੂੰ ਮਿਲਦਾ ਹੈ, ਮਿਸਾਲ ਵਜੋਂ, ਸਿੱਖ ਫਲਸਫੇ ਦਾ ਨਾਂ ਵੀ 'ਗੁਰਮਤਿ' ਹੈ। ਸਿੱਖ ਪੰਥ ਦੀ ਮੁਖ ਸੰਸਥਾ– ਧਰਮਸਾਲ (ਗੁਰਦੁਆਰਾ) ਵੀ ਗੁਰੂ ਦਾ ਦੁਆਰ ਹੈ। ਸਿੱਖ ਸਾਧਨਾ ਮਾਰਗ ਦਾ ਮੰਤ੍ਰ ਵੀ ਗੁਰੂ ਦੀ ਅਸਚਰਜਤਾ (ਵਾਹਿਗੁਰੂ) ਹੈ। ਸੋ ਸਿੱਖ ਪੰਥ ਵਿਚਲੀ ਹਰੇਕ ਚੀਜ਼ ਗੁਰੂ ਕੇਂਦਰਿਤ ਹੈ।

ਗੁਰੂ–ਸੰਸਥਾ ਦੇ ਉਦੇਸ਼ ਨੂੰ ਸਮਝਣ ਵਿਚ ਆਧੁਨਿਕ ਇਤਿਹਾਸਕਾਰਾਂ ਦੁਆਰਾ ਬਹੁਤ ਸਾਰੀਆਂ ਗਲਤ–ਫਹਿਮੀਆਂ ਪੈਦਾ ਕੀਤੀਆਂ ਹੋਈਆਂ ਹਨ। ਅਸੀਂ ਗੁਰੂ–ਸੰਸਥਾ ਦਾ ਉਦੇਸ਼, ਗੁਰਬਾਣੀ ਅਤੇ ਸਿੱਖ ਸਾਹਿਤ ਦੁਆਰਾ ਸਮਝਦਿਆਂ ਇਹ ਸਾਹਮਣੇ ਲਿਆਂਦਾ ਹੈ ਕਿ ਗੁਰੂ ਸਾਹਿਬਾਨ ਦਾ ਪ੍ਰਯੋਜਨ ਬੁਨਿਆਦੀ ਰੂਪ ਵਿਚ ਦੈਵੀ ਹੈ, ਜਿਸ ਵਿਚ ਮਨੁਖ ਦੀ ਮੁਕੰਮਲ ਅਜ਼ਾਦੀ ਸ਼ਾਮਿਲ ਹੈ। ਗੁਰੂ–ਸੰਸਥਾ ਦਾ ਉਦੇਸ਼ ਮੂਲ ਰੂਪ ਵਿਚ ਜਗਤ–ਉਧਾਰ ਸੀ। ਇਸ ਤਥ ਦੀ ਪੁਸ਼ਟੀ ਲਈ ਕੁਝ ਵਿਸ਼ੇਸ਼ ਨੁਕਤੇ ਵਿਚਾਰੇ ਗਏ ਹਨ, ਜਿਨ੍ਹਾਂ ਤਹਿਤ ਦਰਸਾਇਆ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਆਗਮਨ ਇਲਾਹੀ ਦਾਤਿ ਸੀ। ਗੁਰੂ ਸਾਹਿਬ ਨੇ ਵਖ–ਵਖ ਸਮੇਂ ਉਤੇ, ਦਸ ਜਾਮਿਆਂ ਰਾਹੀਂ ਆਪਣਾ 'ਅਨੁਭਵ' ਪ੍ਰਗਟ ਕੀਤਾ, ਜਿਸ ਨੂੰ ਲਗਪਗ 239 ਸਾਲ ਦਾ ਸਮਾਂ ਲਗਿਆ।

ਗੁਰੂ–ਸੰਸਥਾ ਦੀ ਆਪਸੀ ਸਾਂਝ ਦੀ ਨਾ–ਸਮਝੀ ਕਾਰਨ ਇਤਿਹਾਸਕਾਰਾਂ ਨੂੰ ਗੁਰੂ ਨਾਨਕ ਦੇਵ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਵਖ–ਵਖ ਨਜ਼ਰ ਆਏ। ਗੋਕਲ ਚੰਦ ਨਾਰੰਗ ਜਾਂ ਬੈਨਰਜੀ ਦੀ ਨਜ਼ਰ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ ਨਵੀਂ ਨੀਤੀ ਨਹੀਂ ਸੀ, ਬਲਕਿ ਉਸੇ ਕੜੀ ਦਾ ਹਿਸਾ ਸੀ ਜਿਹੜੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਈ। ਸਿੱਖ ਸ਼ਬਦਾਵਲੀ ਵਿਚ ਇਸ ਨੂੰ 'ਜੋਤਿ' ਅਤੇ 'ਜੁਗਤਿ' ਕਿਹਾ ਗਿਆ ਹੈ। ਅਸੀਂ ਇਹ ਸਪਸ਼ਟ ਕੀਤਾ ਹੈ ਕਿ ਗੁਰੂ–ਸੰਸਥਾ ਇਕੋ ਜੋਤਿ–ਜੁਗਤਿ ਦੀ ਧਾਰਨੀ ਹੈ, ਜਿਸ ਦੇ 'ਨਾਨਕੁ' ਤੇ 'ਮਹਲੁ' ਪਦ ਪ੍ਰਮੁਖ ਚਿਹਨ ਹਨ।

ਗੁਰੂ–ਸੰਸਥਾ ਦੀ ਏਕਤਾ ਤੇ ਨਿਰੰਤਰਤਾ ਵਿਚਲੇ ਸਿਧਾਂਤਕ ਪਹਿਲੂਆਂ ਨੂੰ ਗੁਰਬਾਣੀ ਤੋਂ ਇਲਾਵਾ ਮੁਢਲਾ ਸਿੱਖ ਸਾਹਿਤ ਜੋਰਦਾਰ ਤਰੀਕੇ ਨਾਲ ਵਡੇ ਪਧਰ ਉਤੇ ਪੁਸ਼ਟ ਕਰਦਾ ਹੈ। ਇਸ ਸਾਹਿਤ ਨੇ ਗੁਰੂ–ਜੋਤਿ ਦੀ ਨਿਰੰਤਰਤਾ ਨੂੰ ਬੜੀ ਸ਼ਿਦਤ ਨਾਲ ਪੇਸ਼ ਕੀਤਾ ਹੈ। ਖੂਬਸੂਰਤੀ ਦੀ ਗਲ ਇਹ ਹੈ ਕਿ ਗੁਰੂ–ਸੰਸਥਾ ਦਾ ਸਿਧਾਂਤਕ ਪਹਿਲੂ ਪੇਸ਼ ਕਰਦੇ ਹੋਏ ਸਿੱਖ

ਸਾਹਿਤ ਨੇ ਲਗਪਗ ਇਕੋ ਜਿਹੇ ਰੂਪਕ ਵਰਤ ਕੇ ਗੁਰੂ-ਸੰਸਥਾ ਦੇ ਰਹਸਮਈ ਵਰਤਾਰੇ ਨੂੰ ਬਿਆਨ ਕੀਤਾ ਹੈ।

ਨਿਰਸੰਦੇਹ ਵਿਦਵਾਨਾਂ ਨੇ ਗੁਰੂ ਦੇ ਇਸ ਸੰਸਥਾਈ ਪਖ ਬਾਰੇ ਕੁਝ-ਨਾ-ਕੁਝ ਕਾਰਜ ਕੀਤੇ ਹਨ, ਪਰ ਇਨ੍ਹਾਂ ਵਿਚਲਾ ਵਧੇਰੇ ਕਾਰਜ ਗੁਰੂ ਦੇ ਅਧਿਆਤਮਕ ਪਖ ਨੂੰ ਉਲੀਕਣ ਦਾ ਹੀ ਰਿਹਾ ਹੈ। ਸਮਾਜ ਦਾ ਇਕ ਮੈਂਬਰ ਹੋਣ ਨਾਤੇ ਦਸ ਗੁਰੂ ਸਾਹਿਬਾਨ ਨੇ ਸਮਕਾਲੀ ਸਮਾਜ ਨੂੰ 'ਤੀਸਰ ਪੰਥ' ਦਾ ਇਕ ਨਵਾਂ ਰਾਹ ਦਿਖਾ ਕੇ ਸਦੀਆਂ ਤੋਂ ਗੁਲਾਮ ਮਾਨਸਿਕਤਾ ਨੂੰ ਅਜ਼ਾਦ ਹੋਣ ਦਾ ਵਲ ਸਿਖਾਇਆ। ਇਨ੍ਹਾਂ ਸੂਖਮਤਾਈਆਂ ਨੂੰ ਕੁਝ ਇਸ਼ਾਰੇ ਮਾਤਰ ਸਮਝਣ ਦੀ ਕੋਸ਼ਿਸ਼ ਵੀ ਇਸ ਕਾਰਜ ਰਾਹੀਂ ਹੋਈ ਹੈ।

ਗੁਰੂ, ਦਸ ਗੁਰੂ ਸਾਹਿਬਾਨ, ਗੁਰੂ-ਸੰਸਥਾ, ਸਿੱਖ ਧਰਮ ਵਿਚਲੀਆਂ ਹੋਰ ਸੰਸਥਾਵਾਂ ਆਦਿ ਨੂੰ ਇਕ ਇਕਾਈ ਵਜੋਂ ਸਮਝਣ ਦਾ ਸੂਤਰਬਧ ਸਿਧਾਂਤ ਹਥਲੇ ਕਾਰਜ ਰਾਹੀਂ ਆਪਣੇ ਰਾਹ ਪਿਆ ਹੈ। ਦੂਜੇ ਸ਼ਬਦਾਂ ਵਿਚ ਇਸ ਕਾਰਜ ਰਾਹੀਂ ਇਹ ਸਪਸ਼ਟ ਹੋਇਆ ਹੈ ਕਿ ਸਿੱਖੀ ਦੀਆਂ ਸਮੁਚੀਆਂ ਸੰਸਥਾਵਾਂ ਨੂੰ ਵਖੋ-ਵਖ ਰੂਪ ਵਿਚ ਵੰਡ ਕੇ ਦੇਖਣ ਨਾਲ, ਇਸ ਦੀ ਮੂਲ ਭਾਵਨਾ ਨੂੰ ਨਹੀਂ ਸਮਝਿਆ ਜਾ ਸਕਦਾ। ਸਿੱਖ ਪੰਥ ਇਕ ਅਵੰਡ ਇਕਾਈ ਹੈ, ਜਿਸ ਦੇ ਹਰ ਸਰੀਰ ਵਿਚ ਗੁਰੂ ਇਕ ਧੜਕਣ ਬਣ ਕੇ ਸਮਾਇਆ ਹੋਇਆ ਹੈ।

ਇਸ ਖੋਜ-ਕਾਰਜ ਰਾਹੀਂ, ਸਿੱਖ ਚਿੰਤਨ ਦੀਆਂ ਮੁਢਲੀਆਂ ਸਮਸਿਆਵਾਂ ਵਿਚੋਂ, ਕੁਝ ਦੇ ਹਲ ਕਰਨ ਦੀ ਆਸ ਵੀ ਬਣੇਗੀ, ਜਿਨ੍ਹਾਂ ਵਿਚ ਇਹ ਸਥਾਪਨਾ ਸਾਹਮਣੇ ਆਉਂਦੀ ਹੈ ਕਿ ਸਿੱਖ ਚਿੰਤਨ ਦਾ ਹਰ ਅੰਗ ਦੈਵੀ ਵਰਤਾਰਾ ਹੈ। ਸਿੱਖ ਚਿੰਤਨ ਦੀ ਇਕ ਸਮਸਿਆ ਇਹ ਹੈ ਕਿ ਇਸ ਨੂੰ ਬਹੁਤਾ ਕਰ ਕੇ ਇਤਿਹਾਸਕ ਦ੍ਰਿਸ਼ਟੀ ਤੋਂ ਵੇਖਿਆ ਗਿਆ ਹੈ, ਜਦੋਂ ਕਿ ਲੋੜ ਇਤਿਹਾਸ ਤੇ ਧਰਮ ਵਿਚ ਸਮਤੋਲ ਪੈਦਾ ਕਰਨ ਦੀ ਹੈ।

ਹਥਲੇ ਜਤਨ ਰਾਹੀਂ ਬਹੁਤ ਸਾਰੇ ਸੰਕਲਪਾਤਮਕ ਮਸਲੇ ਵੀ ਹਲ ਹੋਏ ਹਨ, ਜਿਵੇਂ ਜਦੋਂ ਅਸੀਂ 'ਦਸ ਗੁਰੂ ਸਾਹਿਬਾਨ' ਕਹਿੰਦੇ ਹਾਂ ਤਾਂ ਇਹ ਇਤਿਹਾਸਕ ਉਕਤੀ ਹੈ, ਜੋ ਸਿਧਾਂਤਕ ਤੌਰ 'ਤੇ ਠੀਕ ਨਹੀਂ। ਸਿਧਾਂਤਕ ਤੌਰ 'ਤੇ 'ਗੁਰੂ' ਇਕ ਹੀ ਹੈ, ਦਸ ਨਹੀਂ।

ਵਿਦਵਾਨ ਸਜਣ ਦਸ ਗੁਰੂ ਸਾਹਿਬਾਨ ਦੇ ਸਿਧਾਂਤਕ ਪਖ ਉਤੇ ਜ਼ਿਆਦਾ ਕੇਂਦਰਿਤ ਰਹੇ ਹਨ, ਬਜਾਇ ਕਿ ਗੁਰੂ ਦੇ ਇਤਿਹਾਸਕ ਪਖ ਤੋਂ। ਗੁਰਮਤਿ ਦੀ ਲਗਪਗ ਹਰੇਕ ਪੁਸਤਕ ਵਿਚ

ਗੁਰੂ-ਸੰਕਲਪ ਨੂੰ ਕਿਸੇ ਨਾ ਕਿਸੇ ਰੂਪ ਵਿਚ ਛੁਹਿਆ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਦੇ ਨਾਲ ਹੀ ਇਹ ਗਲ ਵੀ ਸਾਹਮਣੇ ਆਉਂਦੀ ਹੈ ਕਿ ਜਿਆਦਾਤਰ ਪੁਸਤਕਾਂ ਵਿਚ ਦੁਹਰਾਅ ਹੀ ਹੈ। ਗੁਰੂ ਨਾਲ ਸੰਬੰਧਿਤ ਗੁਰਬਾਣੀ ਵਿਚੋਂ ਕੁਝ ਤੁਕਾਂ ਲੈ ਕੇ ਵਿਆਖਿਆ ਕਰਨ ਦਾ ਰੁਝਾਣ ਵਧੇਰੇ ਪ੍ਰਚਲਤ ਰਿਹਾ ਹੈ। ਇਸ ਦਾ ਇਕ ਹੋਰ ਅਹਿਮ ਪਖ ਇਹ ਵੀ ਹੈ ਕਿ ਸਬਦ ਗੁਰੂ ਦਾ ਸਿੱਖ ਧਰਮ ਵਿਚ ਕੇਂਦਰੀ ਸਥਾਨ ਹੈ। ਸਿੱਖ ਚਿੰਤਨ ਨੇ ਗੁਰੂ ਦੇ ਤਿੰਨ ਰੂਪਾਂ (ਨਿਰਗੁਣ, ਸਰਗੁਣ ਤੇ ਸਬਦ) ਨੂੰ ਪ੍ਰਵਾਨ ਕਰ ਕੇ, ਕੇਵਲ ਇਸ ਪਖ ਤੋਂ ਹੀ ਵਿਆਖਿਆ ਕਰਨੀ ਠੀਕ ਸਮਝੀ ਹੈ।

ਗੁਰੂ ਦੇ ਕੇਵਲ ਸੰਸਥਾਈ ਪਖ ਨੂੰ ਇਕ ਵਿਧੀਬਧ ਰੂਪ ਵਿਚ ਵੇਖਣ ਦੇ ਹਥਲੇ ਜਤਨ ਤੋਂ ਪਹਿਲਾਂ ਕੁਝ ਵਿਕਲੋਤਰੇ ਲੇਖ ਜਾਂ ਟਿਪਣੀਆਂ ਤਾਂ ਉਪਲਬਧ ਹਨ, ਪਰ ਕੋਈ ਮੌਲਿਕ ਖੋਜ ਭਰਿਆ ਚਿੰਤਨ ਪ੍ਰਾਪਤ ਨਹੀਂ।

ਗੁਰੂ, ਗੁਰੂ-ਸੰਸਥਾ, ਗੁਰੂ ਸਾਹਿਬਾਨ ਨੂੰ ਇਕ ਇਕਾਈ ਵਜੋਂ ਸਮਝਣਾ ਬੇਹਦ ਜੋਖਮ ਭਰਿਆ ਅਤੇ ਵਿਸਤ੍ਰਿਤ ਵਿਸ਼ਾ ਹੈ। ਇਸ ਲਈ ਗੁਰੂ ਸੰਸਥਾ ਦੇ ਕੁਝ-ਕੁ ਵਿਸ਼ੇਸ਼ ਪਖਾਂ ਨੂੰ ਹੀ ਦੇਖਣ ਦਾ ਜਤਨ ਸੰਭਵ ਹੋ ਸਕਿਆ ਹੈ।

ਗੁਰੂ-ਸੰਸਥਾ ਦੇ ਸਰੂਪ ਨੂੰ ਬਿਆਨ ਕਰਨਾ ਅਕਥ ਨੂੰ ਕਥਨ ਦੇ ਬਰਾਬਰ ਹੈ। ਇਸ ਸਦਾ-ਥਿਰ ਵਰਤਾਰੇ ਦੇ ਤਿੰਨ ਪਖ ਦ੍ਰਿਸ਼ਟੀਗੋਚਰ ਹੁੰਦੇ ਹਨ। ਪਹਿਲਾ, ਗੁਰੂ-ਸੰਸਥਾ ਦਾ ਪਾਸਾਰ 'ਇਕ ਜੋਤਿ' ਦਾ ਹੈ। ਦੂਜਾ, ਗੁਰੂ-ਸੰਸਥਾ ਦੀ ਜੁਗਤਿ ਇਕੋ ਹੈ। ਤੀਜਾ, ਗੁਰੂ-ਸੰਸਥਾ ਦਾ ਸਰੂਪ ਸਦਾ-ਥਿਰ ਹੈ। ਇਨ੍ਹਾਂ ਤਿੰਨਾਂ ਪਖਾਂ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ-ਸੰਸਥਾ ਨੂੰ ਦੁਨਿਆਵੀ ਪਖ ਤੋਂ ਨਹੀਂ ਸਮਝਿਆ ਜਾ ਸਕਦਾ। ਇਹ ਇਤਿਹਾਸ ਵਿਚ ਤਾਂ ਭਾਵੇਂ ਵਾਪਰਦੀ ਹੈ, ਪਰ ਇਸ ਦੀ ਹੋਂਦ ਸਦੀਵ-ਕਾਲੀ ਹੈ।

'ਗੁਰੂ' ਵਿਸ਼ੇ ਉਤੇ ਦਸਤੀ (manual) ਰੂਪ ਵਿਚ ਕੰਮ ਕਰਨ ਨਾਲ ਇਹ ਤਥ ਉਭਰ ਕੇ ਸਾਹਮਣੇ ਆਇਆ ਹੈ ਕਿ ਕੰਪਿਊਟਰ ਦੀ ਮਦਦ ਨਾਲ ਸੰਬੰਧਿਤ ਸੰਕਲਪ ਦੇ ਸੰਭਵ ਸਾਰੇ ਪਖ ਸਾਹਮਣੇ ਨਹੀਂ ਆ ਸਕਦੇ, ਜਿਹਾ ਕਿ ਜਿਆਦਾਤਰ ਖੋਜਾਰਥੀ/ਵਿਦਵਾਨ ਸੋਚਦੇ ਹਨ। ਉਨ੍ਹਾਂ ਦੀ ਇਹ ਧਾਰਨਾ ਕਿਤੇ ਨਾ ਕਿਤੇ ਗਲਤ ਸਾਬਿਤ ਹੁੰਦੀ ਲਗਦੀ ਹੈ, ਕਿਉਂਕਿ ਮਸ਼ੀਨ ਨੇ ਤਾਂ ਮਸ਼ੀਨ ਵਾਲਾ ਹੀ ਕੰਮ ਕਰਨਾ ਹੈ, ਮਿਸਾਲ ਵਜੋਂ, ਜੇਕਰ ਗੁਰੂ ਗ੍ਰੰਥ ਸਾਹਿਬ ਵਿਚੋਂ

'ਜਲ' ਸ਼ਬਦ ਲਭਣਾ ਹੋਵੇ ਤਾਂ ਕੰਪਿਊਟਰ ਸਿਰਫ ਉਹੀ ਪੰਕਤੀਆਂ ਸਾਹਮਣੇ ਲਿਆਵੇਗਾ ਜਿਹੜੀਆਂ ਜਲ ਪ੍ਰਥਾਇ ਹੋਣਗੀਆਂ। ਕੰਪਿਊਟਰ ਨੂੰ ਇਹ ਨਹੀਂ ਪਤਾ ਕਿ ਜਲ ਦੇ ਹੋਰ ਕਿਹੜੇ ਸੰਦਰਭ ਹਨ।

## III

ਖੋਜ-ਕਾਰਜ ਕਰਦਿਆਂ ਅਸੀਂ ਵਧੇਰੇ ਕਰ ਕੇ ਗੁਰੂ-ਸੰਸਥਾ ਦੇ ਬੁਨਿਆਦੀ ਸਰੂਪ 'ਜੋਤਿ' ਅਤੇ ਉਸ ਦੇ ਇਤਿਹਾਸਕ ਪ੍ਰਗਟਾਅ 'ਜੁਗਤਿ' ਉਤੇ ਕੇਂਦਰਿਤ ਰਹੇ। ਇਸ ਲਈ ਸਹਾਇਕ ਮੁਦੇ, ਵਿਸ਼ੇ ਅਤੇ ਸੰਸਥਾਵਾਂ ਨੂੰ ਸਿਰਫ ਲੋੜੀਂਦੀ ਸਥਿਤੀ ਵਿਚ ਹੀ ਵਿਚਾਰਿਆ ਜਾ ਸਕਿਆ ਹੈ। ਗੁਰੂ ਸੰਬੰਧਿਤ ਇਹ ਸੰਸਥਾਵਾਂ, ਜਿਨ੍ਹਾਂ ਨੂੰ ਅਸੀਂ ਉਪ ਸੰਸਥਾਵਾਂ ਕਹਿ ਸਕਦੇ ਹਾਂ, ਸਿਧਾਂਤਕ ਅਤੇ ਇਤਿਹਾਸਕ ਪ੍ਰਗਟਾਅ ਦੇ ਬੜੇ ਸੂਖਮ ਅਤੇ ਬੁਨਿਆਦੀ ਕਿਸਮ ਦੇ ਮਸਲੇ ਹਨ, ਜਿਨ੍ਹਾਂ ਉਤੇ ਸੁਤੰਤਰ ਖੋਜ ਕਰਨ ਦੀ ਸੰਭਾਵਨਾ ਹੈ।

ਇਸ ਕਾਰਜ ਵਿਚ ਸਾਡਾ ਜਿਆਦਾਤਰ ਸੰਬੰਧ ਵਧੇਰੇ ਕਰ ਕੇ ਗੁਰਮੁਖੀ ਸਰੋਤਾਂ ਉਤੇ ਕੇਂਦਰਿਤ ਰਿਹਾ, ਕਿਉਂਕਿ ਇਹੋ ਸਾਹਿਤ ਸਿੱਖ ਸਾਹਿਤ ਅਖਵਾਉਂਦਾ ਹੈ। ਇਸ ਪ੍ਰਸੰਗ ਵਿਚ ਦੂਜੀਆਂ ਪਰੰਪਰਾਵਾਂ ਅਤੇ ਹੋਰ ਸਾਹਿਤ (ਫਾਰਸੀ ਅਤੇ ਅੰਗਰੇਜ਼ੀ) ਨੇ ਗੁਰੂ-ਸੰਸਥਾ ਦੇ ਇਸ ਵਰਤਾਰੇ ਨੂੰ ਕਿਵੇਂ ਸਮਝਿਆ ਹੈ, ਨੂੰ ਵੀ ਸੁਤੰਤਰ ਰੂਪ ਵਿਚ ਖੋਜ ਅਧੀਨ ਕੀਤਾ ਜਾ ਸਕਦਾ ਹੈ। ਸੋ, ਆਸ ਕੀਤੀ ਜਾ ਸਕਦੀ ਹੈ ਕਿ ਹਥਲਾ ਖੋਜ-ਕਾਰਜ ਭਵਿਖ ਵਿਚ ਹੋਣ ਵਾਲੇ ਕਾਰਜਾਂ ਲਈ ਸਹਾਈ ਹੋਵੇਗਾ।